# ਪੌਣੀ ਸਦੀ ਦਾ ਸਫ਼ਰ



ਕਿਰਪਾਲ ਸਿੰਘ ਕਸੇਲ

# ਪੌਣੀ ਸਦੀ ਦਾ ਸਫ਼ਰ

ਕਿਰਪਾਲ ਸਿੰਘ ਕਸੇਲ

Sri Satguru Jagjit Singh Ji eLibrary NamdhariElibrary@gmail.com

ਪੌਣੀ ਸਦੀ ਦਾ ਸਫ਼ਰ
(ਸੰਖੇਪ ਸ੍ਵੈ-ਜੀਵਨੀ)

ਕਰਤਾ
ਪ੍ਰੋ. ਕਿਰਪਾਲ ਸਿੰਘ ਕਸੇਲ

* © ਕਰਤਾ

* ਸੰਸਕਰਣ : 2004

* ਮੁੱਲ : 200 ਰੁਪਏ

PUNJABI PUBLICATIONS
412/7, Saifa Badi Gate, Patiala
Ph.: 2202740

ਪ੍ਰਕਾਸ਼ਕ : ਅਜੀਤ ਸਿੰਘ ਲਾਂਬਾ,
ਪੰਜਾਬੀ ਪਬਲੀਕੇਸ਼ਨ, 412/7 ਸੈਫ਼ਾਬਾਦੀ ਗੇਟ,
ਪਟਿਆਲਾ। ਫੋਨ : 2202740

ਮੁੱਖ ਵਿਕਰੇਤਾ : ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ।

ਕੰਪਿਊਟਰ ਸੈਟਿੰਗ : ਸਵੀਨੀ ਕੰਪਿਊਟਰਜ਼, ਪਟਿਆਲਾ। ਫ਼ੋਨ : 2228216

ਛਾਪਕ : ਸ਼੍ਰੀ ਤਾਜ ਪ੍ਰੈਸ, ਪਟਿਆਲਾ । ਫ਼ੋਨ : 2302751

Sri Satguru Jagjit Singh Ji eLibrary NamdhariElibrary@gmail.com

## ਸ਼ਹੀਦ ਮਾਸਟਰ ਊਧਮ ਸਿੰਘ ਕਸੇਲ ਜੀ ਦਾ ਚਿੱਤਰ



Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਅਮਰ ਸ਼ਹੀਦ
ਮਾਸਟਰ ਊਧਮ ਸਿੰਘ ਕਸੇਲ ਜੀ
ਨੂੰ

Sri Satguru Jagjit Singh Ji eLibrary NamdhariElibrary@gmail.com

# ਤਤਕਰਾ


1. ਦੋ ਸ਼ਬਦ :
ਸੰਘਰਸ਼, ਸਾਹਸ ਅਤੇ ਆਸਥਾ ਦਾ ਪ੍ਰਤੱਖ ਸਰੂਪ- ਡਾ. ਗੁਰਬਚਨ ਸਿੰਘ ਰਾਹੀ/6
2. ਆਦਿ ਕਥਨ : ਪ੍ਰੋ. ਕਿਰਪਾਲ ਸਿੰਘ ਕਸੇਲ/9
3. ਜਨਮ ਸਥਾਨ, ਕੁਲ ਤੇ ਬੰਸ/13
4. ਸਾਹਿਤ ਅਤੇ ਕਲਾ ਦੇ ਕੁਦਰਤੀ ਸੋਮੇਂ/22
5. ਰਾਜਨੀਤਕ ਚੇਤਨਤਾ/29
6. ਕੁਝ ਰਿਸ਼ਤੇਦਾਰੀਆਂ/36
7. ਕਾਲਜ ਦੇ ਦਿਨਾਂ ਦੀਆਂ ਯਾਦਾਂ/38
8. ਯੋਲ ਕੈਂਪ ਵਿਚ ਨਜ਼ਰਬੰਦੀ/47
9. ਐਮ.ਏ.ਪੰਜਾਬੀ ਦੀ ਪਹਿਲੀ ਕਲਾਸ ਵਿਚ ਦਾਖਲਾ ਲੈਣਾ/48
10. ਕਾਲਜ ਅਧਿਆਪਨ ਵਜੋਂ ਮੇਰੀ ਪਹਿਲੀ ਨਿਯੁਕਤੀ/55
11. ਇਕ ਫ਼ਰਿਸ਼ਤਾ ਪ੍ਰਿੰਸੀਪਲ/64
12. 1964 ਤੱਕ ਦਾ ਸਾਹਿਤਕ ਯੋਗਦਾਨ/72
13. ਨੇਤਰਹੀਣ ਅਵਸਥਾ ਵਿਚ ਸਾਹਿਤਕ ਸਿਰਜਣਾ/75
14. ਮੇਰਾ ਪਰਿਵਾਰਕ ਜੀਵਨ/81
15. ਨੇਤਰਹੀਣਤਾ/87
16. ਭਾਸ਼ਾ ਵਿਭਾਗ ਵਿਚ ਨਿਯੁਕਤੀ/99
17. ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੀ ਸੇਵਾ/102
18. ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧ/104
19. ਮੇਰੇ ਕੁਝ ਹੋਰ ਸਾਹਿਤਕ ਕਾਰਜ/109
20. ਨੇਤਰਹੀਣਤਾ ਤੇ ਪੁਨਰਵਾਸ/111
21. ਪ੍ਰਸ਼ੰਸਾ ਤੇ ਮਾਨਤਾ/118
22. ਵੱਖ-ਵੱਖ ਸੰਸਥਾਵਾਂ ਵਲੋਂ ਮਿਲੇ ਪੁਰਸਕਾਰ/123
23. ਸਾਹਿਤਕ ਤੇ ਸਮਾਜਕ ਸੰਸਥਾਵਾਂ ਨਾਲ ਸੰਬੰਧ/129
24. ਮੇਰਾ ਸਭ ਤੋਂ ਵੱਡਾ ਸਨਮਾਨ/135
25. ਮੇਰਾ ਸ਼ਿਸ਼ ਮੰਡਲ/137
26. ਜੀਵਨ ਦੇ ਹੋਰ ਰਹਿਬਰ ਤੇ ਨਿਘੇ ਹਮਦਰਦ/141
27. ਕਲਮ ਦੀ ਨੋਕ ਤੋਂ/144
28. ਨੇਤਰਹੀਣ ਅਵਸਥਾ ਤੋਂ ਪਿਛੋਂ ਦੀਆਂ ਰਚਨਾਵਾਂ/151
29. ਮੁੰਦਾਵਨੀ/157
30. ਸ਼੍ਰੀ ਭੈਣੀ ਸਾਹਿਬ ਵਿਖੇ ਅਭਿਨੰਦਨ ਸਮਾਰੋਹ/159
31. ਸਾਹਿਤ ਰਤਨ ਪੁਰਸਕਾਰ/184
32. ਕਵਿਤਾ ਰਾਹੀਂ ਕ੍ਰਿਤੱਗਤਾ ਦਾ ਧੰਨਵਾਦ-ਪੱਤਰ/187
33. ਪ੍ਰੋ. ਕਿਰਪਾਲ ਸਿੰਘ ਕਸੇਲ ਦੀਆਂ
ਸਾਹਿਤਕ ਰਚਨਾਵਾਂ ਦਾ ਵੇਰਵਾ/190




Sri Satguru Jagjit Singh Ji eLibrary NamdhariElibrary@gmail.com

# ਸੰਘਰਸ਼, ਸਾਹਸ ਅਤੇ ਆਸਥਾ ਦਾ ਪ੍ਰਤੱਖ ਸਰੂਪ

- ਗੁਰਬਚਨ ਸਿੰਘ ਰਾਹੀ (ਡਾ.)

ਪ੍ਰੋ. ਕਿਰਪਾਲ ਸਿੰਘ ਕਸੇਲ, ਪੰਜਾਬੀ ਦੇ ਉਨ੍ਹਾਂ ਸਿਰਮੌਰ ਸਾਹਿਤਕਾਰਾਂ ਵਿਚੋਂ ਹਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਸਿਰਜਨਾਤਮਕ ਅਤੇ ਗੁਣਾਤਮਕ ਪੱਖ ਤੋਂ ਸ਼ਕਤੀਸ਼ਾਲੀ ਅਤੇ ਸਮਰੱਥ ਬਣਾਉਣ ਵਿਚ ਇਕ ਨਿਗਰ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ ਇਹ ਸਪਸ਼ਟ ਕਰ ਵਿਖਾਇਆ ਹੈ ਕਿ ਪੰਜਾਬੀ ਭਾਸ਼ਾ ਕੋਈ ਸਾਧਾਰਣ ਭਾਸ਼ਾ ਨਹੀਂ ਹੈ। ਇਹ ਇਕ ਬਲਵਾਨ ਭਾਸ਼ਾ ਹੈ ਤੇ ਇਹ ਸੂਖਮ ਤੋਂ ਅਤਿ ਸੂਖਮ ਵਿਚਾਰਾਂ ਦਾ ਸੰਚਾਰ ਕਰਨ ਦੀ ਸਮਰੱਥਾ ਰਖਦੀ ਹੈ। ਇਸ ਭਾਸ਼ਾ ਵਿਚ ਕੇਵਲ ਅਧਿਆਤਮਕ ਸਮੱਗਰੀ ਹੀ ਉਪਲੱਬਧ ਨਹੀਂ ਹੈ ਸਗੋਂ ਇਹ ਅਜੋਕੀ ਵਿਗਿਆਨਿਕ ਸੋਚ ਤੇ ਮੇਚ ਦੀ ਸ਼ਬਦਾਵਲੀ ਦਾ ਭਰਪੂਰ ਖ਼ਜ਼ਾਨਾ ਮੁਹੱਈਆ ਕਰਵਾਉਣ ਦੀ ਸ਼ਕਤੀ ਰਖਦੀ ਹੈ।

ਇਸ ਮਹਾਨ ਲੇਖਕ ਵਲੋਂ ਆਪਣੇ ਜੀਵਨ ਦੇ ਪੰਜਤਰ ਸਾਲ ਪੂਰੇ ਕਰਨ ਤੇ ਲਿਖੀ "ਪੌਣੀ ਸਦੀ ਦਾ ਸਫ਼ਰ" ਉਸ ਦੀ ਸ੍ਵੈ-ਜੀਵਨੀ ਹੈ, ਜਿਸ ਵਿਚ ਉਸ ਨੇ ਆਪਣੇ ਹੁਣ ਤਕ ਬਿਤਾਏ ਜੀਵਨ ਦਾ ਇਕ ਸੱਚਾ ਸੁੱਚਾ ਚਿੱਠਾ ਪੇਸ਼ ਕੀਤਾ ਹੈ। ਇਸ ਰਚਨਾ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਉਸਦਾ ਜੀਵਨ ਸੱਚਮੁੱਚ ਹੀ ਇਕ ਸੰਘਰਸ਼ ਦਾ ਜੀਵਨ ਹੈ। ਜਨਮ ਤੋਂ ਹੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ। ਅਜੇ ਮਾਂ ਦੀ ਗੋਦ ਵਿਚ ਹੀ ਸਨ ਕਿ ਪਿਤਾ ਪਿਆਰ ਤੋਂ ਵੰਚਿਤ ਹੋ ਗਏ। ਗੱਲ ਕੀ ਜੀਵਨ ਸੰਘਰਸ਼ ਸ਼ੁਰੂ ਹੋ ਗਿਆ। ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਵੀ ਯਥਾ-ਸ਼ਕਤ ਹਿੱਸਾ ਪਾਇਆ, ਜੇਲ੍ਹਾਂ ਕੱਟੀਆਂ, ਤਸੀਹੇ ਸਹੇ ਪਰ ਮਾਂ ਬੋਲੀ ਦੇ ਪਿਆਰ ਨੂੰ ਮਨੋਂ ਨਹੀਂ ਵਿਸਾਰਿਆ, ਆਪਣੀ ਪੜ੍ਹਾਈ ਜਾਰੀ ਰਖੀ ਤੇ ਸਾਹਿਤ ਸਿਰਜਣਾ ਦਾ ਕਾਰਜ ਵੀ ਨਾਲੋ ਨਾਲ ਤੋਰਿਆ। ਪ੍ਰੋ. ਕਸੇਲ ਨੇ ਆਪਣੀ ਇਸ



Sri Satguru Jagjit Singh Ji eLibrary NamdhariElibrary@gmail.com

ਕੁਰਬਾਨੀ ਦਾ ਕੋਈ ਰਾਜਨੀਤਕ ਲਾਭ ਪ੍ਰਾਪਤ ਨਹੀਂ ਕੀਤਾ। ਉਨ੍ਹਾਂ ਦੀ ਅਕਾਦਮਿਕ, ਸਾਹਿਤਕ ਅਤੇ ਸਮਾਜਿਕ ਜੀਵਨ ਵਿਚ ਜੋ ਪਛਾਣ ਬਣੀ ਹੈ, ਉਹ ਉਨ੍ਹਾਂ ਦੀ ਨਿੱਜੀ ਘਾਲ ਦਾ ਹੀ ਸਿੱਟਾ ਹੈ।

ਉਨ੍ਹਾਂ ਨੇ ਸਾਹਿਤ ਦੇ ਹਰੇਕ ਰੂਪ ਵਿਚ ਰਚਨਾ ਕਰਕੇ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ ਹਨ। ਕਵਿਤਾ ਲਿਖੀ, ਨਾਵਲ ਲਿਖੇ, ਨਿਬੰਧ ਲਿਖੇ, ਸੰਪਾਦਨਾ ਕੀਤੀ, ਅਨੁਵਾਦ ਕੀਤੇ ਅਤੇ ਆਲੋਚਨਾ ਕੀਤੀ, ਪਰ ਉਨ੍ਹਾਂ ਦੀ ਪਛਾਣ ਉਘੇ ਰੂਪ ਵਿਚ ਇਕ ਆਲੋਚਕ ਵਜੋਂ ਹੀ ਸਥਾਪਿਤ ਹੋਈ ਹੈ। ਇਹ ਬੜੀ ਵਿਲੱਖਣ ਤੇ ਹੈਰਾਨੀ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਹੁਣ ਤਕ ਦੀ ਕੀਤੀ ਸਾਹਿਤ ਰਚਨਾ ਵਿਚੋਂ ਬਹੁਤੀ ਸਾਹਿਤ ਰਚਨਾ ਉਨ੍ਹਾਂ ਦੇ ਜੋਤਹੀਣ ਹੋ ਜਾਣ ਤੋਂ ਬਾਅਦ ਦੇ ਸਮੇਂ ਵਿਚ ਹੀ ਹੋਈ ਹੈ। ਇਸ ਸਮੁੱਚੀ ਰਚਨਾ ਵਿਚੋਂ ਵਿਲੱਖਣ ਰੂਪ ਉਨ੍ਹਾਂ ਦੁਆਰਾ ਪ੍ਰੋ. ਪੂਰਨ ਸਿੰਘ ਦੇ ਅੰਗ੍ਰੇਜ਼ੀ ਵਿਚ ਲਿਖੇ ਸਾਹਿਤ ਨੂੰ ਪੰਜਾਬੀ ਰੂਪ ਵਿਚ ਅਨੁਵਾਦ ਕਰਨਾ ਹੈ। ਪ੍ਰੋ. ਪੂਰਨ ਸਿੰਘ ਨੂੰ ਕਸੇਲ ਨੇ ਵਰਤਮਾਨ ਕਾਲ ਦਾ ਸਭ ਤੋਂ ਵੱਡਾ ਪ੍ਰਭਾਵਸ਼ਾਲੀ ਵਿਦਵਾਨ ਮੰਨਿਆ ਹੈ। ਪ੍ਰੋ. ਕਸੇਲ ਨੂੰ ਇਸ ਗੱਲ ਦਾ ਵੀ ਗਿਲਾ ਹੈ ਕਿ ਪ੍ਰੋ. ਪੂਰਨ ਸਿੰਘ ਵਰਗੀ ਪ੍ਰਤਿਭਾ ਨੂੰ ਅਜੇ ਤਕ ਅਸਾਂ ਪੰਜਾਬੀਆਂ ਨੇ ਨਾ ਤਾਂ ਪਛਾਣਿਆ ਹੈ ਤੇ ਨਾ ਹੀ ਉਸ ਦਾ ਮੁੱਲ ਪਾਇਆ ਹੈ।

"ਪੌਣੀ ਸਦੀ ਦਾ ਸਫ਼ਰ" ਵਿਚ ਪ੍ਰੋ. ਕਸੇਲ ਨੇ ਆਪਣੇ ਜੀਵਨ ਵਿਚ ਵਾਪਰੀਆਂ ਸਭ ਘਟਨਾਵਾਂ ਦਾ ਸਵਿਸਥਾਰ ਜ਼ਿਕਰ ਕੀਤਾ ਹੈ। ਆਪਣੀ ਨੇਤਰਹੀਣਤਾ ਦਾ ਪਿਛੋਕੜ ਅਤੇ ਕਾਰਨ ਦੱਸਦਿਆਂ ਹੋਇਆਂ ਉਹ ਭਾਵੇਂ ਆਰੰਭ ਵਿਚ ਭਾਵੁਕ ਹੋਏ ਹਨ, ਜੋ ਕਿ ਅਜਿਹੇ ਹਾਲਾਤ ਦਾ ਇਕ ਸੁਭਾਵਿਕ ਪ੍ਰਤਿਕਰਮ ਹੁੰਦਾ ਹੈ, ਪਰੰਤੂ ਉਨ੍ਹਾਂ ਝੱਟ ਹੀ ਹਾਲਾਤ ਨਾਲ ਸਮਝੌਤਾ ਕਰਕੇ ਆਪਣੇ ਅੰਦਰ ਆਸ਼ਾ ਦੀ ਜੋਤ ਪ੍ਰਜ੍ਵੱਲਿਤ ਕਰ ਲਈ। ਇਸ ਜੋਤ ਨੂੰ ਜਗਾਈ ਰੱਖਣ ਵਿਚ ਉਨ੍ਹਾਂ ਨੂੰ ਜਿਥੇ ਕ੍ਰਿਸਚੀਅਨ ਮੈਡੀਕਲ ਕਾਲਜ, ਲੁਧਿਆਣਾ ਦੇ ਸੁਹਿਰਦ ਡਾਕਟਰਾਂ ਵਲੋਂ ਹੱਲਾਸ਼ੇਰੀ ਪ੍ਰਾਪਤ ਹੋਈ, ਉਥੇ ਉਨ੍ਹਾਂ ਦੀ ਇਸ ਜੋਤ ਨੂੰ ਜਗਾਈ ਰੱਖਣ ਵਿਚ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਿਹਰ ਭਰਿਆ ਹੱਥ ਵੀ ਹੈ। ਉਹ ਈਸਾਈ ਧਰਮ ਨਾਲ ਸਬੰਧਿਤ ਡਾਕਟਰਾਂ ਦੇ ਮਾਨਵਤਾਵਾਦੀ ਸਨੇਹ ਤੇ ਪਿਆਰ ਤੋਂ ਵੀ ਬੜੇ ਪ੍ਰਭਾਵਿਤ ਹੋਏ ਹਨ।

ਉਨ੍ਹਾਂ ਦੀ ਇਸ ਜੀਵਨ ਗਾਥਾ ਨੂੰ ਪੜ੍ਹ ਕੇ ਇਹ ਗੱਲ ਵੀ ਪ੍ਰਤੱਖ ਹੁੰਦੀ ਹੈ ਕਿ ਉਨ੍ਹਾਂ ਨੂੰ ਆਪਣੇ ਇਸ਼ਟ ਉਤੇ ਪੂਰਾ ਵਿਸ਼ਵਾਸ ਤੇ ਆਸਥਾ ਹੈ। ਉਹ ਆਪਣੇ ਗੁਰੂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਾਖਸ਼ਾਤ ਰੱਬ ਦਾ ਰੂਪ ਸਮਝਦੇ ਹਨ। ਆਪਣੇ ਵਲੋਂ ਕੀਤਾ ਜਾਂਦਾ ਹਰੇਕ ਕਾਰਜ ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਦਾ ਫਲ ਹੀ ਸਮਝਦੇ ਹਨ। ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਜਦੋਂ ਵੀ ਉਨ੍ਹਾਂ ਉਤੇ ਕੋਈ



Sri Satguru Jagjit Singh Ji eLibrary NamdhariElibrary@gmail.com

ਔਕੜ ਆਈ ਹੈ, ਸਤਿਗੁਰੂ ਜੀ ਨੇ ਉਨ੍ਹਾਂ ਦੀ ਪ੍ਰਤੱਖ ਰੂਪ ਵਿਚ ਸਹਾਇਤਾ ਕੀਤੀ ਹੈ। ਬਾਬਾ ਫਰੀਦ ਦੇ ਇਹ ਬੋਲ ਉਨ੍ਹਾਂ ਦੀ ਗੁਰੂ-ਭਗਤੀ ਦੀ ਭਾਵਨਾ ਦੀ ਪ੍ਰੋੜਤਾ ਕਰਦੇ ਹਨ -

*ਬੋਲੀਐ ਸਚੁ ਧਰਮੁ ਝੂਠ ਨ ਬੋਲੀਐ॥*
*ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ॥*

ਪ੍ਰੋ. ਕਸੇਲ ਆਪਣੀ ਗੰਭੀਰ ਤੋਂ ਗੰਭੀਰ ਪ੍ਰਸਥਿਤੀ ਵਿਚ ਵੀ ਵਿਚਲਿਤ ਨਹੀਂ ਹੋਏ। ਉਹ ਸਾਬਿਤ ਕਦਮ ਆਪਣੇ ਰਾਹ ਉਤੇ ਗਾਮਜ਼ਨ ਰਹੇ ਹਨ। ਕਸੇਲ ਸਾਹਿਬ ਨਾਲ ਮੇਰੀ ਸਾਂਝ ਪਿਛਲੇ 35 ਸਾਲਾਂ ਤੋਂ ਵੱਧ ਸਮੇਂ ਤੋਂ ਬਣੀ ਹੋਈ ਹੈ। ਭਾਸ਼ਾ ਵਿਭਾਗ ਤੋਂ ਲੈ ਕੇ ਮਹਿੰਦਰਾ ਕਾਲਜ ਤੋਂ ਰੀਟਾਇਰ ਹੋਣ ਤਕ ਅਸੀਂ ਸਹਿਕਰਮੀ ਰਹੇ ਹਾਂ। ਐੱਮ.ਏ. ਦੀਆਂ ਕਲਾਸਾਂ ਇਕੱਠੇ ਹੀ ਪੜ੍ਹਾਉਂਦੇ ਰਹੇ ਹਾਂ। ਸਾਡੀ ਇਹ ਸਾਂਝ ਅਜੇ ਤਕ ਤੁਰੀ ਆ ਰਹੀ ਹੈ। ਮੈਂ ਇਸ ਲੰਮੇ ਸਮੇਂ ਦੀ ਸਾਂਝ ਦੇ ਦੌਰਾਨ ਕਸੇਲ ਸਾਹਿਬ ਨੂੰ ਕਦੇ ਵੀ ਉਦਾਸੀ ਜਾਂ ਨਿਰਾਸ਼ਾ ਦੇ ਆਲਮ ਵਿਚ ਨਹੀਂ ਵੇਖਿਆ। ਹਰੇਕ ਨੂੰ ਹੱਸ ਕੇ ਮਿਲਣਾ ਤੇ ਅਪਣੱਤ ਵਿਖਾਉਣੀ, ਉਨ੍ਹਾਂ ਦੇ ਵਿਅਕਤਿਤਵ ਦੇ ਵਿਸ਼ੇਸ਼ ਗੁਣ ਹਨ। ਨੇਤਰਹੀਣਤਾ ਵਰਗੀ ਗੰਭੀਰ ਸਰੀਰਕ ਨਿਰਬਲਤਾ ਦੇ ਬਾਵਜੂਦ ਆਪਣੇ ਲਕਸ਼ ਵਲ ਵਧੀ ਜਾਣਾ ਤੇ ਨਿਰੰਤਰ ਸਾਹਿਤ ਸਿਰਜਨਾ ਕਰੀ ਜਾਣਾ, ਕੇਵਲ ਇਸ ਮਹਾਨ ਵਿਅਕਤੀ ਦੇ ਹਿੱਸੇ ਹੀ ਆਇਆ ਹੈ।

ਸਹੀ ਅਰਥਾਂ ਵਿਚ ਉਹ ਚੜ੍ਹਦੀਕਲਾ ਦੀ ਜਿਉਂਦੀ ਜਾਗਦੀ ਤਸਵੀਰ ਹਨ। ਉਨ੍ਹਾਂ ਦਾ ਜੀਵਨ ਸਾਡੇ ਸਾਰਿਆਂ ਲਈ ਇਕ ਮ੍ਹਹਾਨ ਪ੍ਰੇਰਨਾ-ਸ੍ਰੋਤ ਹੈ। ਮੈਂ ਅਕਾਲ ਪੁਰਖ ਅਗੇ ਅਰਦਾਸ ਕਰਦਾ ਹਾਂ ਕਿ ਉਹ ਇਨ੍ਹਾਂ ਨੂੰ ਨਿਰੋਈ ਸਿਹਤ ਤੇ ਦੀਰਘ ਆਯੂ ਬਖ਼ਸ਼ੇ ਤੇ ਉਨ੍ਹਾਂ ਦੀ ਕਲਮ ਨੂੰ ਸ਼ਕਤੀ ਪ੍ਰਦਾਨ ਕਰੇ ਤਾਂ ਜੋ ਉਹ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਹੋਰ ਸੇਵਾ ਕਰ ਸਕਣ।



Sri Satguru Jagjit Singh Ji eLibrary NamdhariElibrary@gmail.com

# ਆਦਿ ਕਥਨ

"ਪੌਣੀ ਸਦੀ ਦਾ ਸਫ਼ਰ" ਜੋ ਮੇਰੀ ਅੰਸ਼ਿਕ ਸ੍ਵੈ-ਜੀਵਨੀ ਹੈ, ਦੀ ਰਚਨਾ ਤਾਂ ਇਕ ਝੂੰਗੇ ਵਜੋਂ ਹੀ ਹੋਈ ਹੈ। ਕਾਫੀ ਚਿਰ ਤੋਂ ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ ਕਿ ਪੰਜਾਬੀ ਦਾ ਸਾਹਿਤਕ ਜਗਤ ਮੇਰੀ ਸਾਹਿਤਕ ਸਿਰਜਣਾ ਦੇ ਵਧੇਰੇ ਭਾਗ ਤੋਂ ਅਣਜਾਣ ਹੈ, ਪਰ ਉਹ ਭਾਗ ਹੀ ਮੇਰੀ ਸਾਹਿਤਕ ਸਿਰਜਣਾ ਦਾ ਵੱਡਮੁੱਲਾ ਗੌਰਵ ਸੀ। ਮੇਰੇ ਪਰਮ ਸ਼ਿਸ਼ ਸਤਿੰਦਰ ਸਿੰਘ ਨੰਦਾ ਦੇ ਸੁਝਾ ਉਤੇ ਅਭਿਨੰਦਨ ਗ੍ਰੰਥ ਦੀ ਯੋਜਨਾ ਤਿਆਰ ਕੀਤੀ ਗਈ, ਜਿਸ ਨੂੰ ਮੇਰੇ 75ਵੇਂ ਜਨਮ ਦਿਵਸ 19 ਮਾਰਚ 2003 ਨੂੰ ਭੇਟ ਕਰਨ ਦੀ ਯੋਜਨਾ ਬਣਾਈ ਗਈ। ਇਸ ਪੁਸਤਕ ਦੇ ਸੰਪਾਦਨ ਦੀ ਜ਼ਿੰਮੇਵਾਰੀ ਸ. ਸਤਿੰਦਰ ਸਿੰਘ ਨੰਦਾ ਨੇ ਆਪਣੇ ਜ਼ਿੰਮੇ ਲਈ ਅਤੇ ਇਸ ਕਾਰਜ ਨੂੰ ਸਫ਼ਲਤਾ ਸਹਿਤ ਸੰਪੂਰਨ ਵੀ ਕੀਤਾ। ਨੰਦਾ ਜੀ ਦੇ ਕਹਿਣ ਉਤੇ ਹੀ ਇਸ ਅਭਿਨੰਦਨ ਗ੍ਰੰਥ ਵਿਚ ਮੇਰੀ ਸ੍ਵੈ-ਜੀਵਨੀ ਨੂੰ ਸ਼ਾਮਲ ਕਰਨ ਦਾ ਵਿਚਾਰ ਬਣਿਆ। ਸੋ ਇਹ ਹਥਲੀ ਸੰਖੇਪ ਸ੍ਵੈ-ਜੀਵਨੀ ਕੁਝ ਦਿਨਾਂ ਵਿਚ ਹੀ ਲਿਖੀ ਗਈ। ਇਸ ਦੀ ਕੋਈ ਗੰਭੀਰ ਵਿਉਂਤਬੰਦੀ ਨਹੀਂ ਸੀ ਬਣਾਈ ਗਈ ਸਗੋਂ ਸਹਿਜ ਸੁਭਾ ਰੂਪ ਵਿਚ ਹੀ ਜਿਹੜੀਆਂ ਗੱਲਾਂ ਤੇ ਘਟਨਾਵਾਂ ਮੈਨੂੰ ਆਪਣੇ ਬਚਪਨ ਤੋਂ ਲੈ ਕੇ ਹੁਣ ਤੱਕ ਦੀਆਂ ਯਾਦ ਆਈਆਂ, ਉਨ੍ਹਾਂ ਨੂੰ ਮੈਂ ਨਿਰਉਚੇਚ ਲਿਖ ਦਿੱਤਾ। ਇਸ ਪੁਸਤਕ ਵਿਚ ਮੇਰੇ ਨਿੱਜੀ ਜੀਵਨ ਦੇ ਕਈ ਪੱਖ ਪਾਠਕਾਂ ਦੇ ਸਨਮੁੱਖ ਰੱਖੇ ਗਏ ਹਨ, ਜਿਨ੍ਹਾਂ ਤੋਂ ਮੇਰੇ ਸਮੁੱਚੇ ਵਿਅਕਤੀਤਵ ਬਾਰੇ ਕੁਝ ਹੱਦ ਤੱਕ ਯਥਾਰਥਕ ਅਨੁਮਾਨ ਲਗਾਇਆ ਜਾ ਸਕਦਾ ਹੈ। ਮੈਂ ਤਾਂ ਸਮਝਦਾ ਸਾਂ ਕਿ ਇਕ ਸਾਧਾਰਨ ਕਾਲਜ ਦੇ ਅਧਿਆਪਕ ਦੇ ਜੀਵਨ ਵਿਚ ਕਿਹੜੀ ਕੋਈ ਗੱਲ



Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ ਹੋ ਸਕਦੀ ਹੈ, ਜੋ ਦੂਜਿਆਂ ਦੇ ਮਨੋਰੰਜਨ ਜਾਂ ਰਸਿਕ ਸਾਹਿਤਕ ਸੁਹਜ ਸਵਾਦ ਦੀ ਤ੍ਰਿਪਤੀ ਕਰ ਸਕੇ। ਫਿਰ ਵੀ ਮੈਂ ਅਨੁਭਵ ਕਰਦਾ ਹਾਂ ਕਿ ਪਾਠਕ ਜਨ ਇਸ ਰਚਨਾ ਵਿਚੋਂ ਕੁਝ ਸਾਹਿਤਕ ਗੁਣਾਂ ਦੀ ਝਲਕ ਵੀ ਵੇਖ ਤੇ ਮਾਣ ਸਕਦੇ ਹਨ।

ਬਚਪਨ ਵਿਚ ਗ਼ਦਰੀ ਬਾਬਿਆਂ ਦੀ ਸੰਗਤ ਅਤੇ ਪਰਿਵਾਰ ਦੀਆਂ ਵਿਧਵਾ ਇਸਤਰੀਆਂ ਦੇ ਸੰਤਾਪ ਨੇ ਮੇਰੇ ਅੰਦਰ ਦੋ ਪ੍ਰਵਿਰਤੀਆਂ ਨੂੰ ਵਿਸ਼ੇਸ਼ ਤੌਰ ਤੇ ਜਾਗਰੂਪ ਕੀਤਾ। ਪਹਿਲੀ ਸੀ ਮਨੁੱਖੀ ਸੁਤੰਤਰਤਾ ਅਤੇ ਦੂਜੀ ਇਸਤਰੀ ਜਾਤੀ ਦੀ ਪੁਰਸ਼ਾਂ ਸਮਾਨ ਬਰਾਬਰੀ ਦੀ ਭਾਵਨਾ। ਵਿਅਕਤੀਗਤ ਸੁਤੰਤਰਤਾ ਹੀ ਰਾਸ਼ਟਰੀ ਸੁਤੰਤਰਤਾ ਦੀ ਭਾਵਨਾ ਨੂੰ ਉਤਪੰਨ ਕਰਦੀ ਹੈ ਅਤੇ ਸਮੂਹ ਮਨੁੱਖਤਾ ਨਾਲ ਸਾਂਝ ਅਤੇ ਪ੍ਰੇਮ ਦੀ ਭਾਵਨਾ ਅਰਥਾਤ ਅੰਤਰਰਾਸ਼ਟਰੀ ਮਾਨਵਵਾਦ ਦੇ ਆਦਰਸ਼ਾਂ ਨੂੰ ਜਨਮ ਦਿੰਦੀ ਹੈ। ਮਨੁੱਖਤਾ ਦੇ ਸਮੁੱਚੇ ਦੁੱਖਾਂ-ਦਰਦਾਂ ਦਾ ਹੱਲ ਤਾਂ ਕੇਵਲ ਸਮਾਜਵਾਦ ਵਰਗੇ ਆਦਰਸ਼ ਸਮਾਜ ਵਿਚ ਹੀ ਹੋ ਸਕਦਾ ਹੈ, ਜਿਸ ਵਿਚ ਜਾਤ ਬਰਾਦਰੀ, ਲਿੰਗ ਭੇਦ ਅਤੇ ਧਾਰਮਿਕ ਵਿਖਰੇਵਿਆਂ ਤੋਂ ਉਪਰ ਉਠ ਕੇ ਮਨੁੱਖ ਸਾਰਥਕ ਕਿਰਤ ਕਮਾਈ ਦੇ ਸਾਧਨ ਨੂੰ ਉਪਜੀਵਕਾ ਵਜੋਂ ਪ੍ਰਾਪਤ ਕਰਕੇ ਸ਼ੋਸ਼ਣ ਰਹਿਤ ਸਮਾਜ ਦੀ ਸਿਰਜਣਾ ਕਰ ਸਕਦਾ ਹੈ। ਇਹ ਭਾਵੇਂ ਇਕ ਪ੍ਰਕਾਰ ਦਾ ਆਦਰਸ਼ਵਾਦ ਹੀ ਹੈ, ਪਰ ਜੇ ਇਸ ਆਦਰਸ਼ਵਾਦ ਨੂੰ ਸਮਾਜਕ ਯਥਾਰਥ ਨਾਲ ਜੋੜ ਦਿੱਤਾ ਜਾਵੇ ਤਾਂ ਇਹ ਇਕ ਉਨਤ ਸਮਾਜ ਦੀ ਵਿਵਹਾਰਕ ਯੁਗਤ ਬਣ ਸਕਦਾ ਹੈ, ਜਿਵੇਂ ਪੰਜਾਬੀ ਦੇ ਉੱਘੇ ਕਵੀ ਪ੍ਰੀਤਮ ਸਿੰਘ ਸਫ਼ੀਰ ਦਾ ਕਥਨ ਹੈ :

ਆਸ਼ਾ ਭਰੀ ਯੁਗ ਗਰਦੀ ਆਵੇ
ਵੰਡ ਰਹੇ ਨਾ ਕਾਣੀ
ਹਰ ਇਕ ਬੰਦਾ ਸ਼ਾਹ ਦੁਨੀਆਂ ਦਾ
ਹਰ ਇਕ ਤੀਵੀਂ ਰਾਣੀ

ਅਸੀਂ ਵੀ ਉਸ ਆਸ਼ਾ ਭਰੀ ਯੁਗ ਗਰਦੀ ਜਾਂ ਸਮਾਜਕ ਇਨਕਲਾਬ ਦੀ ਉਡੀਕ ਇਸ 21ਵੀਂ ਸਦੀ ਵਿਚ ਵੀ ਕਰ ਰਹੇ ਹਾਂ, ਜਿਸ ਵਿਚ ਸਾਰਾ ਵਿਸ਼ਵ, ਸਾਂਝੀਵਾਲਤਾ ਦੀ ਭਰਾਤ੍ਰੀਅਤਾ ਵਿਚ ਬੱਝ ਜਾਵੇਗਾ ਅਤੇ ਜੰਗ ਰਹਿਤ ਅਮਨ ਦੇ ਯੁੱਗ ਵਿਚ ਹਰ ਮਨੁੱਖ ਆਪਣੇ ਆਪਣੇ ਸਮਾਜ ਨੂੰ ਹੋਰ ਚੰਗੇਰਾ ਤੇ ਸੁਹਣੇਰਾ ਬਣਾਉਣ ਵਿਚ ਸਹਾਈ ਹੋਵੇਗਾ।

ਅਜਿਹੇ ਆਦਰਸ਼ ਦੀ ਪ੍ਰਾਪਤੀ ਲਈ ਮਾਨਵਤਾ ਦਾ ਸੰਘਰਸ਼ ਜਾਰੀ ਹੈ।



Sri Satguru Jagjit Singh Ji eLibrary NamdhariElibrary@gmail.com

ਇਸ ਵਿਚ ਆਪਣੀ ਸਮਝ ਅਤੇ ਵਿਤ ਅਨੁਸਾਰ ਹਰ ਵਿਅਕਤੀ ਵਲੋਂ ਯੋਗ ਹਿੱਸਾ ਪਾਉਣਾ ਉਚਿਤ ਪ੍ਰਤੀਤ ਹੁੰਦਾ ਹੈ, ਤਾਂ ਹੀ ਹਰ ਵਿਅਕਤੀ ਦੀ ਜੀਵਨ ਘਾਲ ਸਫ਼ਲ ਹੋਵੇਗੀ ਅਤੇ ਇਕ ਸੁਖਾਵੇਂ ਤੇ ਸਭ ਲਈ ਸਨਮਾਨਯੋਗ ਸਮਾਜ ਦੀ ਸਥਾਪਨਾ ਹੋ ਸਕੇਗੀ। ਇੱਥੇ ਇਕ ਹੋਰ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਅਜਿਹਾ ਸਮਾਜ ਮਨੁੱਖਤਾ ਦੇ ਪ੍ਰਗਤੀਸ਼ੀਲ ਸੰਘਰਸ਼ ਦੁਆਰਾ ਹੀ ਹੋਂਦ ਵਿਚ ਆ ਸਕਦਾ ਹੈ। ਇਸ ਲਈ ਹਰ ਸੁਚੇਤ ਮਨੁੱਖ ਨੂੰ ਅਜਿਹੇ ਆਦਰਸ਼-ਸਮਾਜ ਦੀ ਸਿਰਜਣਾ ਕਰਨ ਵਿਚ ਸਾਰਥਕ ਹਿੱਸਾ ਪਾਉਣਾ ਚਾਹੀਦਾ ਹੈ। ਇਹੀ ਅੱਜ ਦੇ ਮਨੁੱਖ ਦਾ ਸਭ ਤੋਂ ਵੱਡਾ ਧਰਮ ਤੇ ਕਰਮ ਹੈ। ਅੱਜ ਦੇ ਸੁਚੇਤ ਮਨੁੱਖ ਦਾ ਦੂਜਾ ਕਰਤੱਵ ਇਹ ਬਣਦਾ ਹੈ ਕਿ ਨਾ ਤਾਂ ਉਹ ਆਪ ਕਿਸੇ ਦੇ ਸ਼ੋਸ਼ਣ ਦਾ ਭਾਗੀ ਬਣੇ ਅਤੇ ਨਾ ਹੀ ਉਹ ਆਪ ਕਿਸੇ ਦਾ ਸ਼ੋਸ਼ਣ ਕਰੇ। ਮਨੁੱਖੀ ਦਰਦ ਤੇ ਪ੍ਰੇਮ ਦੀ ਭਾਵਨਾ ਵਿਚ ਭਿੱਜ ਕੇ ਉਹ ਅਜਿਹੇ ਆਦਰਸ਼-ਸਮਾਜ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦਾ ਹੈ। ਮੈਂ ਅਜਿਹੇ ਜੀਵਨ ਲਖ਼ਸ਼ਾਂ ਨੂੰ ਮਨ ਵਿਚ ਲੈ ਕੇ ਹੀ ਜੀਵਨ ਦਾ ਆਰੰਭ ਕੀਤਾ ਸੀ ਤੇ ਹੁਣ ਵੀ ਇਸੇ ਆਸ ਤੇ ਵਿਸ਼ਵਾਸ ਉਤੇ ਆਪਣੇ ਜੀਵਨ ਪੰਧ ਨੂੰ ਤੋਰਨ ਦਾ ਜਤਨ ਕਰ ਰਿਹਾ ਹਾਂ।

ਜੈ ਮਨੁੱਖਤਾ ! ਜੈ ਅਮਨ !! ਜੈ ਸਾਂਝੀਵਾਲਤਾ ਦੇ ਆਦਰਸ਼ ਸਮਾਜ!!!

**ਪਟਿਆਲਾ** **ਕਿਰਪਾਲ ਸਿੰਘ ਕਸੇਲ**

**1 ਮਈ, 2003**



Sri Satguru Jagjit Singh Ji eLibrary NamdhariElibrary@gmail.com

# ਪੌਣੀ ਸਦੀ ਦਾ ਸਫ਼ਰ



Sri Satguru Jagjit Singh Ji eLibrary NamdhariElibrary@gmail.com

*ਕਸੇਲ ਦੀਵਾਨਾ ਜੰਮਿਆ ਚੇਤੰਨਤਾ ਦੀ ਕੁਖ,*
*ਜੜ੍ਹਤਾ ਦੇ ਅੰਧਕੂਪ ਵਿਚ ਲਟਕੇ ਚੰਦਨ ਰੁੱਖ।*

## ਜਨਮ-ਸਥਾਨ, ਕੁਲ ਤੇ ਬੰਸ

ਮੇਰਾ ਜਨਮ 19 ਮਾਰਚ 1928 - 7 ਚੇਤ 1985 ਬਿਕਰਮੀ ਸੋਮਵਾਰ ਵਾਲੇ ਦਿਨ ਉਸ ਸਮੇਂ ਦੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਹੋਇਆ ਸੀ, ਪਰ ਸਰਕਾਰੀ ਕਾਗ਼ਜ਼ਾਂ ਵਿਚ ਮੇਰੀ ਜਨਮ ਤਿਥੀ 24 ਅਪਰੈਲ 1928 ਦੀ ਲਿਖੀ ਹੈ। ਮੇਰਾ ਬੰਸਗਤ ਸੰਬੰਧ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਮਸ਼ਹੂਰ ਪਿੰਡ ਕਸੇਲ ਨਾਲ ਹੈ, ਜੋ ਅੰਮ੍ਰਿਤਸਰ ਤੋਂ ਦਖਣ ਪੂਰਬ ਦੀ ਦਿਸ਼ਾ ਵਲ 15 ਕਿ. ਮੀ. ਦੀ ਦੂਰੀ ਤੇ ਹੈ। ਪਿੰਡ ਕਸੇਲ ਮਾਝੇ ਦੇ ਉਸ ਇਲਾਕੇ ਵਿਚ ਸਥਿਤ ਹੈ, ਜਿਸ ਦੇ ਆਲੇ ਦੁਆਲੇ ਗੁਰੂ ਸਾਹਿਬਾਨ ਦੀਆਂ ਇਤਿਹਾਸਿਕ ਯਾਦਾਂ ਤੋਂ ਬਿਨਾਂ ਪੁਰਾਤਨ ਇਤਿਹਾਸਿਕ ਕਾਲ ਦੀ ਸੰਸਕ੍ਰਿਤੀ ਦੇ ਵੀ ਕਈ ਚਿੰਨ੍ਹ ਮੌਜੂਦ ਹਨ। ਸਾਡੇ ਪਿੰਡ ਨਾਲ ਢੰਡ ਨਾਂ ਦਾ ਇਕ ਹੋਰ ਗ੍ਰਾਮ ਹੈ। ਦੋਹਾਂ ਪਿੰਡਾਂ ਨੂੰ ਢੰਡ ਕਸੇਲ ਕਹਿ ਕੇ ਹੀ ਬੁਲਾਉਂਦੇ ਹਨ। ਜੇ ਛੇਹਰਟਾ ਸਹਿਬ ਤੇ ਬੀੜ ਬਾਬਾ ਬੁੱਢਾ ਸਾਹਿਬ ਵਾਲੀ ਸੜਕ ਉਤੇ ਜਾਈਏ, ਜਿਸ ਨੂੰ ਕਿ 30 ਕੁ ਸਾਲ ਪਹਿਲਾਂ ਸ਼੍ਰੀ ਮਾਨ ਸੰਤ ਮਹਾਂਪੁਰਸ਼ ਬਾਬਾ ਖੜਕ ਸਿੰਘ ਜੀ ਨੇ ਆਮ ਲੋਕਾਂ ਦੀ ਸੇਵਾ ਨਾਲ ਬਣਾਇਆ ਸੀ, ਜਿਸ ਕਰਕੇ ਇਸ ਇਲਾਕੇ ਦੀ ਇਤਿਹਾਸਿਕ ਮਹੱਤਤਾ ਹੋਰ ਵੀ ਉਜਾਗਰ ਹੋ ਜਾਂਦੀ ਹੈ। ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਗੁਰੂ ਕੀ ਵਡਾਲੀ ਵਿਖੇ ਹੋਇਆ ਸੀ, ਜਿਥੋਂ ਕਿ ਇਸ ਸੜਕ ਦਾ ਆਰੰਭ ਹੁੰਦਾ ਹੈ। ਗੁਰਦੁਆਰਾ ਛੇਹਰਟਾ ਸਾਹਿਬ ਵੀ ਗੁਰੂ ਅਰਜਨ ਦੇਵ ਜੀ ਦੀ ਦੇਣ ਹੈ, ਜਿਸ ਨੂੰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜਨਮ ਸਮੇਂ ਛੇਹਰਟਾ ਵਾਲੇ ਖੂਹ



Sri Satguru Jagjit Singh Ji eLibrary NamdhariElibrary@gmail.com

ਉਤੇ ਸਥਾਪਿਤ ਕੀਤਾ ਗਿਆ ਸੀ।

ਇਸੇ ਸੜਕ ਉਤੇ ਜੇ ਅਗੇ ਵਧੀਏ, ਤਾਂ 4-5 ਕਿ. ਮੀ. ਦੀ ਦੂਰੀ ਉਤੇ ਗੁਰਦੁਆਰਾ ਸੰਨ ਸਾਹਿਬ ਆ ਜਾਂਦਾ ਹੈ ਜੋ ਸ਼੍ਰੀ ਗੁਰੂ ਅਮਰਦਾਸ ਜੀ ਦੀ ਉਸ ਯਾਦ ਨੂੰ ਜਦੋਂ ਆਪ ਪਿੰਡ ਬਾਸਰਕੇ ਗਿਲਾਂ ਦੇ ਇਕ ਖੂਹ ਉੱਤੇ ਕੋਠੇ ਵਿਚ ਆ ਕੇ ਸਾਰੀ ਸੰਗਤ ਤੋਂ ਲੁਕ ਛਿਪ ਕੇ ਆ ਗਏ ਸਨ ਤੇ ਨਾਮ ਸਿਮਰਨ ਵਿਚ ਲੀਨ ਗੁਰੂ ਅਮਰਦਾਸ ਜੀ ਨੂੰ ਬਾਬਾ ਬੁੱਢਾ ਜੀ ਤੇ ਹੋਰ ਸੰਗਤ ਨੇ ਆ ਕੇ ਭਾਲ ਲਿਆ ਸੀ। ਕੋਠੇ ਦੇ ਬੂਹੇ ਉਤੇ ਲਿਖਿਆ ਹੋਇਆ ਸੀ, ਕੋਈ ਦਰਵਾਜ਼ੇ ਰਾਹੀਂ ਅੰਦਰ ਨਾ ਆਵੇ। ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਨੇ ਜਟਾਂ ਵਾਲੀ ਜੁਗਤ ਵਰਤ ਕੇ ਕੋਠੇ ਦੇ ਪਿਛਲੇ ਬੰਨਿਉ ਸੰਨ ਲਾ ਕੇ ਪਾੜ ਵਿਚੋਂ ਗੁਰੂ ਜੀ ਦੇ ਦਰਸ਼ਨ ਕਰ ਲਏ ਸਨ। ਇਹੋ ਪਿੰਡ ਬਾਸਰਕੇ ਗਿਲਾਂ ਹੀ ਗੁਰੂ ਅਮਰਦਾਸ ਜੀ ਅਤੇ ਭਾਈ ਗੁਰਦਾਸ ਜੀ ਦਾ ਜਨਮ ਸਥਾਨ ਹੈ। ਇਸੇ ਪਿੰਡ ਵਿਚ ਹੀ ਗੁਰੂ ਅੰਗਦ ਦੇਵ ਜੀ ਦੀ ਸੁਪੁਤਰੀ ਬੀਬੀ ਅਮਰੋ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਗਈ ਸੀ। ਉਸ ਤੋਂ ਹੀ ਅੰਮ੍ਰਿਤ ਵੇਲੇ ਜਪੁਜੀ ਸਹਿਬ ਦਾ ਪਾਠ ਕਰਦਿਆਂ ਹੋਇਆਂ ਗੁਰੂ ਅਮਰਦਾਸ ਜੀ ਨੂੰ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਉਤੇ ਬਿਰਾਜਮਾਨ ਗੁਰੂ ਅੰਗਦ ਦੇਵ ਜੀ ਬਾਰੇ ਜਾਣਕਾਰੀ ਮਿਲੀ ਸੀ ਤੇ ਆਪ ਖਡੂਰ ਜਾ ਕੇ ਹਜ਼ੂਰ ਦੀ ਸੇਵਾ ਵਿਚ ਲਗ ਗਏ ਸਨ, ਬਾਸਰਕੇ ਗਿਲਾਂ ਤੋਂ ਅਗੇ ਉਸੇ ਦਿਸ਼ਾ ਵਲ ਜਾਈਏ ਤਾਂ 3-4 ਕਿ. ਮੀ. ਦੀ ਦੂਰੀ ਉਤੇ ਪਿੰਡ ਢੰਡ ਵਸਿਆ ਹੈ ਜਿਥੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਇਸੇ ਸੜਕ ਤੋਂ ਅਗੇ ਜਾਂਦਿਆਂ ਹੋਇਆਂ ਡੇਢ ਕਿ. ਮੀ. ਦੀ ਦੂਰੀ ਉਤੇ ਪਛਮ ਵੱਲ ਸੱਜੇ ਬੰਨੇ ਮੇਰਾ ਪਿੰਡ ਕਸੇਲ ਦਿਖਾਈ ਦੇਂਦਾ ਹੈ ਜੋ ਉਚੇ ਥੇਹ ਉਤੇ ਵਸਿਆ ਹੋਇਆ ਹੈ ਅਤੇ ਚਾਰ ਚੁਫ਼ੇਰੇ ਤੋਂ ਦੂਰੋਂ ਹੀ ਦਿਖਾਈ ਦੇਣ ਲਗ ਪੈਂਦਾ ਹੈ। ਇਸ ਤੋਂ ਅਗੇ 3-4 ਕਿ. ਮੀ. ਦੀ ਦੂਰੀ ਉਤੇ ਝਬਾਲ ਨੂੰ ਜਾਂਦੀ ਸੜਕ ਉਤੇ ਬੀੜ ਬਾਬਾ ਬੁੱਢਾ ਸਾਹਿਬ ਦਾ ਇਤਿਹਾਸਿਕ ਸਥਾਨ ਆ ਜਾਂਦਾ ਹੈ, ਜਿਸ ਦਾ ਇਤਿਹਾਸ, ਪੰਜਾਬ ਦੇ ਇਤਿਹਾਸ ਦੀਆਂ ਕਈ ਉਘੀਆਂ ਯਾਦਾਂ ਆਪਣੇ ਸੀਨੇ ਵਿਚ ਸਮੋਈ ਬੈਠਾ ਹੈ। ਸਾਡੇ ਪਿੰਡ ਦੇ ਉੱਤਰ ਪਛੱਮ ਵੱਲ 4 ਕਿ. ਮੀ. ਦੀ ਦੂਰੀ ਉਤੇ ਪਿੰਡ ਭਕਨਾ ਵਸਿਆ ਹੈ, ਜਿਥੋਂ ਦੇ ਪ੍ਰਸਿਧ ਦੇਸ਼ ਭਗਤ ਬਾਬਾ ਸੋਹਣ ਸਿੰਘ ਜੀ ਭਕਨਾ ਭਾਰਤ ਦੇ ਕੌਮੀ ਇਤਿਹਾਸ ਵਿਸ਼ੇਸ਼ ਕਰ ਕੇ ਗ਼ਦਰ ਪਾਰਟੀ ਵਰਗੀ ਕੌਮੀ ਜਥੇਬੰਦੀ ਦੇ ਪਹਿਲੇ ਪ੍ਰਧਾਨ ਸਨ। ਉਨ੍ਹਾਂ ਦੇ ਹੀ ਗ਼ਦਰ ਪਾਰਟੀ ਦੇ ਇਕ ਹੋਰ ਪ੍ਰਸਿਧ ਸਾਥੀ ਤੇ ਦੇਸ਼ ਭਗਤ ਯੋਧੇ ਮਾਸਟਰ ਊਧਮ ਸਿੰਘ ਜੀ ਕਸੇਲ ਸਨ, ਜਿਨ੍ਹਾਂ ਦਾ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਉਘਾ



Sri Satguru Jagjit Singh Ji eLibrary NamdhariElibrary@gmail.com

ਯੋਗਦਾਨ ਹੈ। ਸਾਡੇ ਪਿੰਡ ਦੇ ਪੂਰਬ ਵਲ 1 ਕਿ. ਮੀ. ਦੀ ਦੂਰੀ ਉਤੇ ਇਕ ਹੋਰ ਪ੍ਰਾਚੀਨ ਸਥਾਨ ਹੈ, ਜਿਸ ਨੂੰ ਆਮ ਪਿੰਡਾਂ ਵਾਲੇ ਭਾਬੜਆਣੀ ਕਰਕੇ ਜਾਣਦੇ ਹਨ। ਇਹ ਪੁਰਾਤਨ ਸਮੇਂ ਜੈਨ ਧਰਮ ਦਾ ਕੇਂਦਰ ਸੀ। ਸਾਡੇ ਪਿੰਡ ਦੇ ਪੂਰਬ ਵਲ ਇਕ ਵਡਾ ਸ਼ਿਵ ਮੰਦਿਰ ਹੈ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕੁਝ ਜਾਗੀਰ ਉਸ ਸਮੇਂ ਲਗਾ ਦਿਤੀ ਸੀ, ਜਦੋਂ ਲਾਗਲੇ ਪਿੰਡ ਮੀਆਂਪੁਰ ਵਿਚ ਇਕ ਕਤਲ ਦੇ ਸੰਬੰਧ ਵਿਚ ਮਹਾਰਾਜਾ ਸਾਹਿਬ ਆ ਕੇ ਇਸ ਮੰਦਿਰ ਦੇ ਬਾਹਰਵਾਰ ਠਹਿਰਿਆ ਸੀ। ਇਸ ਮੰਦਿਰ ਦੇ ਨਾਲ ਹੀ ਇਕ ਪੁਰਾਤਨ ਸਰੋਵਰ ਅਤੇ ਬਾਰਾਂਦਰੀ ਸੀ, ਜੋ ਹੁਣ ਭਾਵੇਂ ਢੱਠ ਗਈ ਹੈ। ਪਿੰਡ ਦੇ ਦੋਹੀਂ ਬੰਨੀ ਉਤਰ ਤੇ ਦੱਖਣ ਵਲ ਵੱਡੀਆਂ-ਵੱਡੀਆਂ ਢਾਬਾਂ ਸਨ। ਸਾਡੇ ਪਿੰਡ ਤੋਂ 4 ਕਿ. ਮੀ. ਦੱਖਣ ਵਲ ਉਹ ਜਰਨੈਲੀ ਸੜਕ ਹੈ, ਜੋ ਪੁਰਾਣੇ ਸਮੇਂ ਲਾਹੌਰ ਤੋਂ ਦਿੱਲੀ ਵਲ ਜਾਂਦੀ ਸੀ। ਇਸੇ ਸੜਕ ਉਤੇ ਹੀ ਮਧਕਾਲ ਵਿਚ ਮੁਗ਼ਲਾਂ ਤੇ ਪਿਛੋਂ 18ਵੀਂ ਸਦੀ ਵਿਚ ਪਠਾਣਾਂ ਦੇ ਕਈ ਦਲ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੀ ਅਗਵਾਈ ਵਿਚ ਮਾਰੋ ਮਾਰ ਕਰਦੇ ਹੋਏ ਇਥੋਂ ਦੀ ਲੰਘਦੇ ਰਹੇ ਸਨ। ਪਿਛੋਂ ਜਦੋਂ ਸਿੰਘਾਂ ਨੇ ਦਲ ਖ਼ਾਲਸੇ ਦੇ ਰੂਪ ਵਿਚ ਹੋਸ਼ ਸੰਭਾਲੀ ਤੇ ਦੁਸ਼ਮਣਾਂ ਨਾਲ ਦੋ ਹੱਥ ਕਰਨੇ ਸ਼ੁਰੂ ਕੀਤੇ ਤਾਂ ਸਿਖ ਮਿਸਲਾਂ ਵਿਚੋਂ ਸਿਰਕੱਢ ਭੰਗੀ ਮਿਸਲ ਦਾ ਸੰਬੰਧ ਵੀ ਇਸੇ ਇਲਾਕੇ ਨਾਲ ਹੀ ਹੈ। ਜੇ ਹੋਰ ਪੁਰਾਣੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਮਾਈ ਭਾਗੋ ਜਿਸ ਨੇ ਖਦਰਾਣੇ ਦੀ ਢਾਬ ਉਤੇ ਜਾ ਕੇ ਮਾਝੇ ਦੇ ਸਿੰਘਾਂ ਨੂੰ ਨਾਲ ਲੈ ਕੇ ਮੁਕਤਸਰ ਦੀ ਲੜਾਈ ਵਿਚ ਸ਼ਾਮਲ ਹੋ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਤੋਂ ਉਹ ਬੇਦਾਵਾ ਪੜਵਾਇਆ ਸੀ, ਜੋ ਮਾਝੇ ਦੇ ਸਿੰਘ ਅਨੰਦਪੁਰ ਵਿਖੇ 1704 ਵਿਚ ਗੁਰੂ ਜੀ ਨੂੰ ਲਿਖ ਕੇ ਦੇ ਆਏ ਸਨ। ਸਾਡੇ ਪਿੰਡ ਦੇ ਬਜ਼ੁਰਗ ਦੱਸਦੇ ਹਨ ਕਿ ਜਦੋਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਪਿੰਡ ਦੇ ਕੋਲੋਂ ਦੀ ਲੰਘੇ ਸਨ ਤਾਂ ਪਿੰਡ ਵਾਸੀਆਂ ਨੇ ਉਨ੍ਹਾਂ ਦੇ ਘੋੜੇ ਨੂੰ ਰੋਕਿਆ ਨਹੀਂ ਸੀ ਅਤੇ ਢੰਡ ਵਿਚ ਜਾ ਕੇ ਉਨ੍ਹਾਂ ਨੇ ਡੇਰਾ ਕੀਤਾ ਸੀ, ਪਿੰਡ ਦੇ ਲੋਕਾਂ ਦਾ ਖ਼ਿਆਲ ਸੀ ਕਿ ਢੰਡਾਂ ਨੂੰ ਗੁਰੂ ਸਾਹਿਬ ਸਰਦਾਰੀਆਂ ਬਖ਼ਸ਼ ਗਏ ਸਨ। ਜਦੋਂ ਅਕਾਲੀ ਮੋਰਚਿਆਂ ਸਮੇਂ 500 ਸਿੰਘਾਂ ਦਾ ਜਥਾ ਜੈਤੋ ਨੂੰ ਜਾਂਦਾ ਹੋਇਆ ਇਸ ਪਿੰਡ ਵਿਚੋਂ ਲੰਘਿਆ ਤਾਂ ਪਿੰਡ ਵਾਸੀਆਂ ਨੇ ਉਨ੍ਹਾਂ ਦੀ ਖ਼ੂਬ ਸੇਵਾ ਕੀਤੀ ਅਤੇ ਪੁਰਾਣੀ ਭੁਲ ਨੂੰ ਬਖ਼ਸ਼ਾਇਆ, ਉਦੋਂ ਤੋਂ ਇਸ ਪਿੰਡ ਵਿਚ ਵੀ ਸਰਦਾਰੀਆਂ ਦਾ ਪਹਿਰਾ ਹੋ ਗਿਆ। ਮੇਰਾ ਪਿੰਡ ਬਾਰਾਂ ਪੱਤੀਆਂ ਵਾਲਾ ਵੱਡਾ ਪਿੰਡ ਹੈ, ਜਿਸ ਦੀ ਆਬਾਦੀ ਦੇਸ਼ ਵੰਡ ਤੋਂ ਪਹਿਲਾਂ 5000 ਦੇ ਕਰੀਬ ਸੀ। ਇਸ ਪਿੰਡ ਦੇ ਵਾਸੀ ਹੋਣ ਦਾ, ਜਿਥੇ ਮੈਂ ਆਪਣੇ ਬਚਪਨ ਦੇ ਆਰੰਭਿਕ 15-16 ਸਾਲ ਗੁਜ਼ਾਰੇ ਸਨ, ਮੈਨੂੰ ਬੜਾ ਮਾਣ ਹੈ। ਇਹ ਇਕ ਸਾਂਝੇ ਸਭਿਆਚਾਰ



Sri Satguru Jagjit Singh Ji eLibrary NamdhariElibrary@gmail.com

ਵਾਲਾ ਪਿੰਡ ਸੀ, ਜਿਥੇ ਹਿੰਦੂ, ਮੁਸਲਮਾਨ, ਸਿਖ, ਈਸਾਈ ਸਾਰੇ ਮਿਲ ਜੁਲ ਕੇ ਰਹਿੰਦੇ ਸਨ ਅਤੇ ਜਿਥੋਂ ਤਕ ਮੈਨੂੰ ਯਾਦ ਹੈ, ਮੇਰੇ ਪਿੰਡ ਵਾਸੀਆਂ ਨੇ ਪਿਛਲੇ ਦੋਹਾਂ ਵੱਡੇ ਸੰਸਾਰ ਯੁੱਧਾਂ ਵਿਚ ਅੰਗਰੇਜ਼ਾਂ ਦੀ ਸੈਨਾ ਵਿਚ ਭਰਤੀ ਹੋ ਕੇ ਕਈ ਮੋਰਚਿਆਂ ਉਤੇ ਮਾਅਰਕੇ ਮਾਰੇ ਸਨ। ਪਿਛਲੀ ਇਕ ਸਦੀ ਤੋਂ ਵੀ ਵਧੇਰੇ ਸਮੇਂ ਤੋਂ ਇਸ ਪਿੰਡ ਵਿਚ ਤਿੰਨ ਦਿਨਾਂ ਦਾ ਧਾਰਮਿਕ ਦੀਵਾਨ ਸੱਜਦਾ ਹੈ ਅਤੇ ਸਿੰਘ ਸਭਾ ਅਤੇ ਅਕਾਲੀ ਲਹਿਰ ਦੇ ਪ੍ਰਭਾਵ ਕਾਰਨ ਗੁਰਪੁਰਬ ਬੜੀ ਧੂਮ ਧਾਮ ਨਾਲ ਮਨਾਏ ਜਾਂਦੇ ਹਨ। ਹੁਣ ਭਾਵੇਂ ਸਾਡੇ ਪਿੰਡ ਵਿਚ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਅਤੇ 2-3 ਪ੍ਰਾਇਮਰੀ ਸਕੂਲ; ਇਕ ਚੀਫ਼ ਖ਼ਾਲਸਾ ਦੀਵਾਨ ਵਲੋਂ ਮਾਡਲ ਸਕੂਲ ਚਲਾਏ ਜਾ ਰਹੇ ਹਨ, ਪਰ ਮੇਰੇ ਬਚਪਨ ਵਿਚ ਇਕੋ ਪ੍ਰਾਇਮਰੀ ਸਕੂਲ ਹੁੰਦਾ ਸੀ ਜਿਥੋਂ ਮੈਂ ਪਹਿਲੀਆਂ ਚਾਰ ਜਮਾਤਾਂ ਪਾਸ ਕੀਤੀਆਂ ਸਨ। ਫਿਰ ਢੰਡ ਦੇ ਮਿਡਲ ਸਕੂਲ ਤੋਂ ਅਠਵੀਂ ਦਾ ਇਮਤਿਹਾਨ ਪਾਸ ਕੀਤਾ ਸੀ। ਸਾਡੇ ਪਿੰਡ ਦੇ ਲੋਕਾਂ ਨੇ ਵੀਹਵੀਂ ਸਦੀ ਵਿਚ ਚਲੀ ਹਰ ਲਹਿਰ ਵਿਚ ਭਾਵੇਂ ਉਹ ਅਜ਼ਾਦੀ ਦੀ ਲਹਿਰ ਹੋਵੇ ਜਾਂ ਕਿਸਾਨ ਮੋਰਚੇ ਜਾਂ ਅਕਾਲੀ ਲਹਿਰ ਅਤੇ ਪੰਜਾਬੀ ਸੂਬੇ ਦੇ ਮੋਰਚੇ ਦੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਹੈ। ਇਸ ਨੂੰ ਰਾਜਸੀ ਤੌਰ ਤੇ ਜਾਗਰੂਪ ਪਿੰਡ ਕਹਿਣਾ ਹੀ ਵਧੇਰੇ ਉਚਿਤ ਪ੍ਰਤੀਤ ਹੁੰਦਾ ਹੈ।

ਇਸ ਪਿੰਡ ਦੇ ਵਾਤਾਵਰਨ ਅਤੇ ਜੀਵਨ ਪ੍ਰਵਾਹ ਦੀਆਂ ਅਨੇਕ ਤਰੰਗਾਂ ਮੇਰੇ ਮਨ ਮਸਤਕ ਉਤੇ ਗੂੜ੍ਹੀ ਛਾਪ ਲਾਈ ਬੈਠੀਆਂ ਹਨ। ਮੇਰੇ ਬਾਬੇ ਪੰਜ ਭਰਾ ਸਨ ਜੋ ਢਿੱਲੋਂ ਗੋਤ ਵਿਚੋਂ ਸਨ ਅਤੇ ਕਿਰਸਾਨੀ ਦੀ ਵਾਹੀ ਜੋਤੀ ਦੀ ਕਿਰਤ ਵਿਰਤ ਨਾਲ ਆਪਣਾ ਜੀਵਨ ਨਿਰਬਾਹ ਕਰਦੇ ਸਨ। ਸਾਡੇ ਬਜ਼ੁਰਗਾਂ ਵਿਚੋਂ ਕੁਝ ਫ਼ੌਜ ਵਿਚ ਵੀ ਭਰਤੀ ਸਨ। ਮੇਰਾ ਬਾਬਾ ਸ. ਮਾਨ ਸਿੰਘ ਵੀ ਨਾਮ ਕਟਾ ਫ਼ੌਜੀ ਸੀ ਅਤੇ ਪੰਜਾਂ ਭਰਾਵਾਂ ਵਿਚੋਂ ਸਭ ਤੋਂ ਛੋਟਾ ਸੀ। ਮੇਰੀ ਦਾਦੀ ਲਛਮਣ ਕੌਰ ਵਡੇ ਸਰਦਾਰਾਂ ਦੀ ਧੀ ਸੀ। ਉਸ ਦੀਆਂ ਦੂਜੀਆਂ ਭੈਣਾਂ, ਜੋ ਵੱਡੇ ਵੱਡੇ ਸਰਦਾਰਾਂ ਦੇ ਖ਼ਾਨਦਾਨਾਂ ਵਿਚ ਵਿਆਹੀਆਂ ਹੋਈਆਂ ਸਨ, ਦੀ ਅਸੁਖਾਵੀਂ ਹਾਲਤ ਨੂੰ ਵੇਖ ਕੇ ਉਨ੍ਹਾਂ ਨੇ ਮੇਰੀ ਦਾਦੀ ਦਾ ਵਿਆਹ ਸਾਧਾਰਨ ਜ਼ਿਮੀਦਾਰ ਪਰਿਵਾਰ ਵਿਚ ਹੀ ਕਰ ਦਿਤਾ ਸੀ। ਮੇਰੇ ਪਿਤਾ ਸ. ਗੰਗਾ ਸਿੰਘ ਦਾ ਜਨਮ 1901 ਵਿਚ ਹੋਇਆ, ਉਸ ਦੀ ਇਕ ਵੱਡੀ ਭੈਣ ਬਲਵੰਤ ਕੌਰ ਸੀ, ਜਿਸ ਨੂੰ ਸਾਡੇ ਬਜ਼ੁਰਗ ਬੀਬੀ ਬੰਤੋ ਕਹਿ ਕੇ ਹੀ ਸੱਦਦੇ ਸਨ। 1903 ਵਿਚ ਮੇਰੇ ਬਾਬੇ ਦੀ ਦੇਸ਼ ਵਿਚ ਪਈ ਮਹਾਂਮਾਰੀ ਕਾਰਨ ਮ੍ਰਿਤੂ ਹੋ ਗਈ। ਜਟਾਂ ਦੇ ਸ਼ਰੀਕੇ ਦੀਆਂ ਤੰਗੀਆਂ ਤੁਰਸ਼ੀਆਂ ਨੂੰ ਵੇਖ ਕੇ ਮੇਰੀ ਦਾਦੀ ਆਪਣੀ ਸੰਤਾਨ ਨੂੰ ਲੈ ਕੇ ਲਾਹੌਰ ਵਿਖੇ ਸ. ਧੰਨਾ ਸਿੰਘ ਮਲਵਈ ਦੇ ਪੋਤਰਿਆਂ ਦੇ ਖ਼ਾਨਦਾਨ



Sri Satguru Jagjit Singh Ji eLibrary NamdhariElibrary@gmail.com

ਵਿਚ ਆ ਸ਼ਰਨਾਗਤ ਹੋਈ। ਇਥੇ ਹੀ ਮੇਰੇ ਇਹ ਵਡੇਰੇ ਸੰਨ 1928 ਤਕ ਰਹੇ। ਲਾਹੌਰ ਵਿਚ ਹੀ ਮੇਰੇ ਪਿਤਾ ਜੀ ਨੇ ਪੜ੍ਹਾਈ ਕੀਤੀ ਅਤੇ ਸੈਨਿਕ ਮਹਿਕਮੇ ਦੇ ਲੇਖਾਕਾਰ ਦੇ ਦਫ਼ਤਰ ਵਿਚ ਮੁਲਾਜ਼ਮ ਹੋ ਗਏ।

ਮੇਰਾ ਜਨਮ 19 ਮਾਰਚ 1928 ਨੂੰ ਲਾਹੌਰ ਵਿਖੇ ਹੀ ਹੋਇਆ, ਪਰ ਮੇਰੇ ਪਰਿਵਾਰ ਨੂੰ ਬਹੁਤ ਸਮਾਂ ਲਾਹੌਰ ਵਿਚ ਰਹਿਣਾ ਨਸੀਬ ਨਾ ਹੋਇਆ। ਮੇਰੇ ਜਨਮ ਤੋਂ ਤਿੰਨ ਮਹਿਨੇ ਪਿਛੋਂ ਮੇਰੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਉਸ ਸਮੇਂ ਤਪਦਿਕ ਦਾ ਰੋਗ ਲਗ ਗਿਆ ਜੋ ਉਸ ਸਮੇਂ ਲਾਇਲਾਜ ਸਮਝਿਆ ਜਾਂਦਾ ਸੀ। ਇਹ ਜੋਤਸ਼ੀਆਂ ਵਲੋਂ ਪਾਇਆ ਗਿਆ ਵਹਿਮ ਸੀ ਜਾਂ ਸਚੀ ਭਵਿਖਬਾਣੀ ਅਸੀਂ ਦੋਵੇਂ ਪਿਉ ਪੁੱਤ ਇਕ ਦੂਜੇ ਦੇ ਮੱਥੇ ਨਾ ਲਗ ਸਕੇ, ਗਰਮੀਆਂ ਦੇ ਸ਼ੁਰੂ ਵਿਚ ਹੀ ਮੇਰੀ ਦਾਦੀ ਤੇ ਕੁਝ ਹੋਰ ਰਿਸ਼ਤੇਦਾਰ ਉਨ੍ਹਾਂ ਨੂੰ ਕੋਹਮਰੀ ਲੈ ਗਏ ਸਨ, ਜਿਥੇ ਉਨ੍ਹਾਂ ਦਾ ਦੇਹਾਂਤ 20 ਜੂਨ 1928 ਨੂੰ ਹੋ ਗਿਆ। ਉਸ ਸਮੇਂ ਮੇਰੀ ਮਾਤਾ ਮਹਿੰਦਰ ਕੌਰ ਦੀ ਉਮਰ 18-19 ਸਾਲ ਦੀ ਹੀ ਸੀ। ਜਵਾਨੀ ਦੇ ਚੜ੍ਹਦੇ ਸਮੇਂ ਮੇਰੀ ਮਾਤਾ ਵਿਧਵਾ ਹੋ ਗਈ, ਪਰ ਕੁਝ ਵਰ੍ਹਿਆਂ ਦੇ ਵਿਆਹੁਤਾ ਜੀਵਨ ਪਿਛੋਂ ਉਸ ਨੂੰ ਮੇਰੇ ਰੂਪ ਵਿਚ ਇਕਲੌਤਾ ਪੁਤਰ ਮਿਲ ਗਿਆ, ਜਿਸ ਦੀ ਵੱਡੇ ਹੋਣ ਦੀ ਆਸ ਉਤੇ ਉਸ ਨੇ ਆਪਣਾ ਸਾਰਾ ਜੀਵਨ ਬੜੇ ਦ੍ਰਿੜ ਇਰਾਦੇ ਨਾਲ ਘਰੋਗੀ ਕੰਮ ਕਾਰ ਵਿਚ ਗੁਜ਼ਾਰਿਆ। ਸਾਡੇ ਪਿੰਡ ਤੋਂ 5 ਕੋਹ ਦੀ ਦੂਰੀ ਉਤੇ ਮੇਰਾ ਨਾਨਕਾ ਪਿੰਡ ਘਰਿੰਡਾ ਸੀ, ਜੋ ਹੁਣ ਅੰਮ੍ਰਿਤਸਰ ਲਾਹੌਰ ਵਾਲੀ ਜਰਨੈਲੀ ਸੜਕ ਉਤੇ ਅੰਮ੍ਰਿਤਸਰ ਵਲੋਂ ਬਾਰਵੇਂ ਮੀਲ ਉਤੇ ਵਾਕਿਆ ਹੈ। ਆਪਣੇ ਮਾਪਿਆਂ ਵਲੋਂ ਵੀ ਮੇਰੀ ਮਾਂ ਨੂੰ ਬਹੁਤੇ ਸੁਖ ਪ੍ਰਾਪਤ ਨਹੀਂ ਸਨ ਹੋਏ। ਮੇਰੇ ਨਾਨਾ ਨਾਨੀ ਉਸ ਦੇ ਬਚਪਨ ਵਿਚ ਹੀ ਗੁਜ਼ਰ ਚੁੱਕੇ ਸਨ ਅਤੇ ਤਿੰਨਾਂ ਯਤੀਮ ਭੈਣ ਭਰਾਵਾਂ ਨੂੰ ਉਨ੍ਹਾਂ ਦੇ ਚਾਚੇ ਜ਼ੈਲਦਾਰ ਸ਼ੇਰ ਸਿੰਘ ਨੇ ਪਾਲਿਆ ਪੋਸਿਆ ਸੀ। ਮੇਰੇ ਨਾਨਕੇ ਪਰਿਵਾਰ ਵਲੋਂ ਸਾਨੂੰ ਬਹੁਤ ਸਨੇਹ ਤੇ ਪਿਆਰ ਮਿਲਿਆ।

ਚੰਗੇ ਭਾਗਾਂ ਨੂੰ ਮੇਰੇ ਪਿਤਾ ਜੀ ਆਪਣੀ ਥੋੜੇ ਸਮੇਂ ਦੀ ਨੌਕਰੀ ਵੇਲੇ ਪਿੰਡ ਵਿਚ ਇਕ ਪੱਕਾ ਦੋ ਮੰਜ਼ਿਲਾ ਮਕਾਨ ਬਣਾ ਗਏ ਸਨ। ਪਿਤਾ ਜੀ ਦੇ ਦੇਹਾਂਤ ਪਿਛੋਂ ਸਾਡਾ ਪਰਿਵਾਰ ਪਿੰਡ ਕਸੇਲ ਵਿਚ ਆ ਗਿਆ। ਸੈਨਿਕ ਮਹਿਕਮੇ ਦੇ ਯਤਨਾਂ ਸਦਕਾ ਮੇਰੀ ਮਾਤਾ ਜੀ ਨੂੰ ਮਾਸਿਕ ਪੈਨਸ਼ਨ ਜੋ ਉਸ ਸਮੇਂ 25 ਰੁਪਏ ਸੀ, ਮਿਲਣੀ ਸ਼ੁਰੂ ਹੋ ਗਈ ਅਤੇ 18 ਸਾਲ ਦੀ ਆਯੂ ਤੱਕ ਮੈਨੂੰ ਵੀ 5 ਰੁਪਏ ਮਹੀਨਾ ਮਿਲਦੇ ਰਹੇ। ਮੇਰੀ ਭੂਆ ਬਲਵੰਤ ਕੌਰ ਪਿੰਡ ਜਵੰਦੇ ਵਿਆਹੀ ਹੋਈ ਸੀ। ਉਸ ਦੀਆਂ ਚਾਰ ਬੇਟੀਆਂ ਸਨ, ਪਰ ਮੇਰੇ ਪਿਤਾ ਜੀ ਦੇ ਦੇਹਾਂਤ ਤੋਂ 9 ਮਹੀਨੇ ਪਿਛੋਂ ਮੇਰੇ ਫ਼ੁਫੜ ਸ.



Sri Satguru Jagjit Singh Ji eLibrary NamdhariElibrary@gmail.com

ਜੀਵਨ ਸਿੰਘ ਦਾ ਵੀ ਦੇਹਾਂਤ ਹੋ ਗਿਆ। ਆਪਣੇ ਬਚਪਨ ਵਿਚ ਮੈਨੂੰ ਤਿੰਨ ਵਿਧਵਾ ਇਸਤਰੀਆਂ ਆਪਣੀ ਦਾਦੀ ਲਛਮਣ ਕੌਰ (ਲਛਮੀ), ਉਸ ਦੀ ਧੀ ਬਲਵੰਤ ਕੌਰ (ਬੰਤੋ) ਅਤੇ ਮੇਰੀ ਮਾਤਾ ਮਹਿੰਦਰ ਕੌਰ ਦੇ ਜੀਵਨ ਦੀਆਂ ਮੁਸ਼ਕਲਾਂ ਨੂੰ ਵੇਖਣ ਤੇ ਜਾਣਨ ਦਾ ਮੌਕਾ ਮਿਲਿਆ। ਭਾਵੇਂ ਇਨ੍ਹਾਂ ਸਭ ਵਲੋਂ ਮੇਰੇ ਨਾਨਕੇ ਤੇ ਦਾਦਕੇ ਪਰਿਵਾਰਾਂ ਤੋਂ ਮੈਨੂੰ ਬੜਾ ਲਾਡ ਪਿਆਰ ਮਿਲਿਆ, ਪਰ ਇਨ੍ਹਾਂ ਵਿਧਵਾ ਇਸਤਰੀਆਂ ਦੀ ਮਾਨਸਿਕ ਪੀੜਾ ਬਾਰੇ ਮੈਨੂੰ ਬਹੁਤਾ ਅਹਿਸਾਸ ਨਹੀਂ ਸੀ। ਭਾਵੇਂ ਬਚਪਨ ਵਿਚ ਇਨ੍ਹਾਂ ਦਾ ਅਚੇਤ ਪ੍ਰਭਾਵ ਮੇਰੇ ਮਨ ਉਤੇ ਜ਼ਰੂਰ ਪੈਂਦਾ ਰਿਹਾ ਹੈ। ਪਿੰਡ ਕਸੇਲ ਵਿਚ ਹੀ ਮੇਰੀ ਮਾਂ ਦੀ ਸਕੀ ਭੂਆ ਵਿਆਹੀ ਹੋਈ ਸੀ, ਜੋ ਭਾਵੇਂ ਨਿਰਸੰਤਾਨ ਸੀ, ਪਰ ਦੂਜਿਆਂ ਪ੍ਰਤੀ ਉਹ ਮੋਹ ਮਮਤਾ ਅਤੇ ਸਨੇਹ ਦਾ ਸਾਕਾਰ ਸਰੂਪ ਸੀ। ਸਾਰੇ ਉਸ ਨੂੰ ਨਿਕੀ ਮਾਂ ਕਹਿ ਕੇ ਬੁਲਾਉਂਦੇ ਸਨ, ਮੇਰੇ ਬਾਬੇ ਤੇ ਮੇਰੀ ਮਾਤਾ ਦੀ ਭੂਆ ਦਾ ਪਰਿਵਾਰ ਪੜਦਾਦਿਆਂ ਦੀ ਸਾਂਝ ਤੋਂ ਇਕ ਦੂਜੇ ਨਾਲ ਜੁੜਿਆ ਹੋਇਆ ਸੀ ਅਤੇ ਮੇਰੇ ਬਚਪਨ ਵਿਚ ਸਾਡੇ ਟੱਬਰ ਦੇ ਪੰਜ ਪਰਿਵਾਰ ਅਤੇ ਦੂਜੇ ਪੜਦਾਦਿਆਂ ਦੇ ਚਾਰ ਪਰਿਵਾਰ ਇਕ ਦੂਜੇ ਦੇ ਨਾਲ-ਨਾਲ ਰਹਿੰਦੇ ਸਨ , ਜਿਸ ਕਰਕੇ ਦੋਹਾਂ ਟੱਬਰਾਂ ਦੇ ਘਰਾਂ ਵਿਚ ਬੜੀਆਂ ਰੌਣਕਾਂ ਤੇ ਗਹਿਮਾ ਗਹਿਮੀ ਹੁੰਦੀ ਸੀ। ਸਾਡੇ ਦੋਹਾਂ ਟੱਬਰਾਂ ਵਿਚੋਂ ਕੋਈ ਟਾਵਾਂ-ਟਾਵਾਂ ਹੀ ਪੜ੍ਹਿਆ ਲਿਖਿਆ ਸੀ। ਮੇਰੀ ਦਾਦੀ ਤੇ ਮੇਰੀ ਮਾਤਾ ਨੇ ਕਈ ਸਾਲ ਲਾਹੌਰ ਵਿਚ ਰਈਸ ਸਰਦਾਰਾਂ ਦੇ ਨਾਲ ਗੁਜ਼ਾਰੇ ਸਨ, ਇਸ ਲਈ ਉਨ੍ਹਾਂ ਵਿਚ ਕੁਝ ਸ਼ਹਿਰੀ ਸਮਾਜ ਵਾਲੀ ਸੂਝ ਆ ਗਈ ਸੀ। ਇਸੇ ਕਰਕੇ ਸਾਰੇ ਲੋਕ ਉਨ੍ਹਾਂ ਦਾ ਵਿਸ਼ੇਸ਼ ਤੌਰ ਤੇ ਸਤਿਕਾਰ ਕਰਦੇ ਸਨ। ਮੇਰੇ ਪਿਤਾ ਜੀ ਵੀ ਕਿਉਂ ਜੋ ਪੜ੍ਹੇ ਲਿਖੇ ਸਰਕਾਰੀ ਮੁਲਾਜ਼ਮ ਸਨ ਅਤੇ ਮੇਰੀ ਮਾਤਾ ਪੈਨਸ਼ਨ ਯਾਫ਼ਤਾ ਹੋ ਗਈ ਸੀ, ਇਸ ਲਈ ਸ਼ੁਰੂ ਤੋਂ ਹੀ ਮੇਰੀ ਮਾਤਾ ਦੇ ਮਨ ਵਿਚ ਦੂਜੇ ਪਰਿਵਾਰਾਂ ਦੇ ਅਨਪੜ੍ਹ ਲਾਣੇ ਨਾਲੋਂ ਮੈਨੂੰ ਪੜ੍ਹਾਉਣ ਤੇ ਉੱਚ ਸਿਖਿਆ ਦਿਵਾਉਣ ਲਈ ਵਧੇਰੇ ਚਿੰਤਾ ਸੀ ਅਤੇ ਸਚ ਪੁਛੋਂ ਤਾਂ ਮੇਰੀ ਪੜ੍ਹਾਈ ਤੇ ਜ਼ਿੰਦਗੀ ਵਿਚ ਕੁਝ ਬਣ ਸਕਣ ਦੀ ਇਸ ਆਸ ਨੇ ਹੀ ਮੇਰੇ ਮਨ ਵਿਚ ਅਚੇਤ ਹੀ ਵਿਦਿਆ ਲਈ ਲਗਨ ਤੇ ਉਤਸ਼ਾਹ ਪੈਦਾ ਕਰ ਦਿਤਾ ਸੀ। ਜਿਉਂ-ਜਿਉਂ ਮੈਂ ਵੱਡਾ ਹੋਇਆ, ਮੇਰੀ ਬੁੱਧੀ ਵੀ ਵਧੇਰੇ ਤੀਖਣ ਤੇ ਪ੍ਰਚੰਡ ਹੁੰਦੀ ਗਈ।

ਬਾਲ ਵਰੇਸ ਦੀਆਂ ਕਈ ਘਟਨਾਵਾਂ ਮੇਰੇ ਲਈ ਹੁਣ ਤਕ ਵੀ ਅਭੁੱਲ ਯਾਦਾਂ ਬਣੀਆਂ ਹੋਈਆਂ ਹਨ, ਮੇਰੇ ਨਾਨੇ ਦੀ ਇਕ ਚੀਨੀ ਘੋੜੀ ਸੀ, ਜਿਸ ਉਤੇ ਸਵਾਰ ਹੋ ਕੇ ਮੇਰੀ ਮਾਂ ਤੇ ਮੈਂ ਨਾਨਕੇ ਤੋਂ ਦਾਦਕੇ ਤੇ ਦਾਦਕੇ ਤੋਂ ਨਾਨਕੇ ਆਉਂਦੇ ਜਾਉਂਦੇ ਸਾਂ। ਆਮ ਤੌਰ ਤੇ ਮੇਰੇ ਦੋਹਾਂ ਮਾਮਿਆਂ ਵਿਚੋਂ ਕੋਈ ਇਕ ਸਾਨੂੰ ਲੈਣ ਜਾਂ ਛੱਡਣ



Sri Satguru Jagjit Singh Ji eLibrary NamdhariElibrary@gmail.com

ਆਉਂਦਾ। ਅਸੀਂ ਮਾਂ ਪੁੱਤ ਘੋੜੀ ਤੇ ਸਵਾਰ ਹੁੰਦੇ ਤੇ ਮੇਰਾ ਮਾਮਾ ਘੋੜੀ ਦੇ ਅੱਗੇ ਜਾਂ ਪਿਛੇ ਨਾਲ- ਨਾਲ ਛੁਹਲੇ ਕਦਮੀਂ ਤੁਰਿਆ ਜਾਂਦਾ। ਕਈ ਵਾਰ ਆਉਂਦਿਆਂ ਜਾਂਦਿਆਂ ਬਾਬੇ ਭਕਨੇ ਦੀ ਬਣਾਈ ਹੋਈ ਪੱਕੀ ਖੂਹੀ ਉਤੇ ਕੁਝ ਸਮੇਂ ਲਈ ਰੁੱਕ ਜਾਂਦੇ। ਬਾਬਾ ਸੋਹਣ ਸਿੰਘ ਭਕਨਾ ਦਾ ਆਸ਼ਰਮ ਤਰਨ ਤਾਰਨ ਤੋਂ ਆਉਂਦੀ ਸੜਕ ਉਤੇ ਵਾਕਿਆ ਸੀ, ਜੋ ਘਰੇਡੇ ਦੇ ਥਾਣੇ ਕੋਲ ਆ ਕੇ ਅੰਮ੍ਰਿਤਸਰ ਲਾਹੌਰ ਵਾਲੀ ਜਰਨੈਲੀ ਸੜਕ ਨਾਲ ਮਿਲ ਜਾਂਦੀ ਹੈ। ਮੇਰੇ ਨਾਨਕੇ ਪਿੰਡ ਦੇ ਦੋਹੀਂ ਪਾਸੀਂ ਉਤਰ ਵਲ ਜਰਨੈਲੀ ਸੜਕ ਤੇ ਦਖਣ ਵਲ ਅੰਮ੍ਰਿਤਸਰ ਲਾਹੌਰ ਵਾਲੀ ਮੁਖ ਰੇਲਵੇ ਲਾਈਨ ਸੀ, ਆਉਂਦਿਆਂ ਜਾਂਦਿਆਂ ਗੱਡੀਆਂ ਤੇ ਮੋਟਰਾਂ ਨੂੰ ਦੇਖਣਾ ਮੇਰੇ ਬਚਪਨ ਦਾ ਖ਼ਾਸ ਸ਼ੌਕ ਸੀ। ਇਕ ਵਾਰ ਮੇਰੇ ਨਾਨੇ ਦੀ ਘੋੜੀ ਕਿਤੇ ਹੋਰ ਥਾਂ ਗਈ ਹੋਈ ਸੀ ਤੇ ਅਸੀਂ ਮਾਂ ਪੁੱਤ ਦੋਵੇਂ ਨਾਨਕੇ ਤੋਂ ਆਪਣੇ ਪਿੰਡ ਵਲ ਆ ਰਹੇ ਸਾਂ ਕਿ ਬਾਬੇ ਭਕਨੇ ਦੇ ਆਸ਼ਰਮ ਤੋਂ ਥੋੜ੍ਹਾ ਅੱਗੇ ਜਾ ਕੇ ਜਦੋਂ ਅਸੀਂ ਸੜਕ ਤੋਂ ਪਿੰਡ ਵਾਲੀ ਡੰਡੀ ਨੂੰ ਮੁੜੇ ਤਾਂ ਪੀਰ ਧੂਰੀ ਦੇ ਸਥਾਨ ਤੋਂ ਜਿਥੇ ਹਲਕੇ ਕੁੱਤਿਆਂ ਦੇ ਵੱਢਣ ਵਾਲੇ ਮਰੀਜ਼ਾਂ ਨੂੰ ਰੋਟੀ ਦਾ ਟੁਕ ਪ੍ਰਸ਼ਾਦ ਵਜੋਂ ਦਿੰਦੇ ਹਨ ਅਤੇ ਇਹ ਮੰਨਤ ਆਮ ਹੈ ਕਿ ਕੁੱਤੇ ਦਾ ਜ਼ਹਿਰ ਨਹੀਂ ਚੜ੍ਹਦਾ, ਇਥੇ ਕੱਲਰ ਵਿਚੋਂ ਜਦੋਂ ਅਸੀਂ ਲੰਘ ਰਹੇ ਸਾਂ ਤਾਂ ਮੇਰੀ ਮਾਂ ਨੇ ਪਹੇ ਕੰਡੇ ਦੇ ਇਕ ਅੱਕ ਨਾਲੋਂ ਕਰੂਮਲੀਆਂ ਤੋੜ ਕੇ ਮੂੰਹ 'ਚ ਪਾਉਣ ਦਾ ਯਤਨ ਕੀਤਾ। ਮੈਂ ਆਪਣੀ ਮਾਂ ਦੀ ਉਂਗਲੀ ਫ਼ੜੀ ਹੋਈ ਸੀ। ਮੈਨੂੰ ਪਤਾ ਸੀ ਕਿ ਅੱਕ ਜ਼ਹਿਰ ਹੁੰਦਾ ਹੈ। ਮੈਂ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ। ਉਸ ਨੇ ਅੱਕ ਦੀ ਕਰੂਮਲੀ ਮੂੰਹ ਵਿਚ ਪਾ ਕੇ ਥੁੱਕ ਦਿਤੀ ਤੇ ਮੇਰੇ ਮੋਢਿਆਂ ਨੂੰ ਥਾਪੜ ਕੇ ਅੱਗੇ ਤੁਰ ਪਈ।

ਮੇਰੀ ਦਾਦੀ ਬੜੀ ਭਲੀ ਇਸਤਰੀ ਸੀ। ਅੰਮ੍ਰਿਤ ਵੇਲੇ ਗੁਰਦੁਆਰੇ ਜਾ ਕੇ ਮੱਥਾ ਟੇਕਣਾ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਨਾ, ਉਸ ਦਾ ਨਿਤ ਦਾ ਨੇਮ ਸੀ। ਮੇਰੀ ਮਾਂ ਸਵੇਰੇ ਉਠ ਕੇ ਦੁੱਧ ਰਿੜਕਣਾ ਪਾ ਦਿੰਦੀ ਅਤੇ ਨਾਲ ਨਾਲ ਉਚੀ ਮਿੱਠੀ ਸੁਰ ਵਿਚ ਜਪੁਜੀ ਸਾਹਿਬ ਦਾ ਪਾਠ ਕਰਦੀ। ਜਦੋਂ ਕਦੀ ਮੇਰੀ ਭੂਆ ਸਾਨੂੰ ਮਿਲਣ ਆਉਂਦੀ ਤਾਂ ਦੋਵੇਂ ਨਨਾਣ ਭਰਜਾਈ ਮਿਲ ਕੇ ਕਈ ਗੀਤ ਗਾਉਂਦੀਆਂ। ਸਾਡੇ ਘਰ ਦੇ ਉਤਲੇ ਚੁਬਾਰੇ ਦੀਆਂ ਬਾਰੀਆਂ ਲਹਿੰਦੇ ਵਲ ਖੁਲ੍ਹਦੀਆਂ ਸਨ ਤੇ ਉਥੋਂ ਦੂਰ.ਤਕ ਦੀਆਂ ਪੈਲੀਆਂ, ਵੱਖ ਵੱਖ ਫ਼ਸਲਾਂ ਤੇ ਬਾਗ ਦਿਖਾਈ ਦਿੰਦੇ ਸਨ, ਜੋ ਵੇਖਣ ਨੂੰ ਬੜੇ ਚੰਗੇ ਲਗਦੇ ਸਨ। ਰਾਤ ਨੂੰ ਜਦੋਂ ਉਪਰਲੀ ਛੱਤ ਤੇ ਖਲੋ ਕੇ ਹਨੇਰੀ ਰਾਤ ਵਿਚ ਵੇਖਦੇ ਤਾਂ ਇਕ ਬੰਨੇ ਲਾਹੌਰ ਤੇ ਦੂਜੇ ਬੰਨੇ ਅੰਮ੍ਰਿਤਸਰ ਦੀਆਂ ਬੱਤੀਆਂ ਦਾ ਨਿੰਮ੍ਹਾ ਜਿਹਾ ਚਾਨਣ ਦਿਖਾਈ ਦਿੰਦਾ ਸੀ। ਪਿੰਡ ਦੇ ਮੁੰਡੇ ਕੁੜੀਆਂ ਦਾ ਆਪਸ ਵਿਚ ਭੈਣ ਭਾਰਾਵਾਂ ਵਾਲਾ ਡੂੰਘਾ ਪਿਆਰ ਸੀ। ਸੱਥ ਵਿਚ ਲਕੜਾਂ ਉੱਤੇ ਜਾਂ



Sri Satguru Jagjit Singh Ji eLibrary NamdhariElibrary@gmail.com

ਤਖ਼ਤਪੋਸ਼ ਉਤੇ ਪਿੰਡ ਦੇ ਬੰਦੇ ਬੈਠਦੇ ਤੇ ਭਾਂਤ ਭਾਂਤ ਦੀਆਂ ਗੱਲਾਂ ਕਰਦੇ। ਸਾਡੇ ਲਈ ਇਹ ਵਡਾ ਸੂਚਨਾ ਕੇਂਦਰ ਸੀ। ਕਦੀ ਕਦੀ ਡੰਗਰ ਚਾਰਨ ਤੁਰ ਜਾਣਾ ਜਾਂ ਵਗਦੇ ਖੂਹ ਦੀ ਗਾਧੀ ਉਤੇ ਬੈਠ ਕੇ ਬਲਦਾਂ ਨੂੰ ਹਿਕਣਾ, ਖ਼ਰਾਸ ਉਤੇ ਆਟਾ ਭਿਹਾਉਣਾ, ਵਡਿਆਂ ਨਾਲ ਮਿਲ ਕੇ ਤਰਨ ਤਾਰਨ ਸਾਹਿਬ ਦੀ ਮਸਿਆ ਨਹਾਉਣ ਜਾਣਾ, ਕਦੀ ਕਦੀ ਅੰਮ੍ਰਿਤਸਰ ਦੇ ਦਰਸ਼ਨ ਕਰਨੇ। ਬਹੁਤੀ ਵਾਰੀ ਇਹ ਸਫ਼ਰ ਪੈਦਲ ਹੀ ਕਰਨਾ ਪੈਂਦਾ ਸੀ। ਸਵੇਰ ਸਾਰ ਹੀ ਰੋਟੀ ਪੱਲੇ ਬੰਨ੍ਹ ਕੇ ਜਿਥੇ ਜਾਣਾ ਹੁੰਦਾ, ਲੋਕ ਆਪਣੀ ਮੰਜ਼ਿਲ ਵੱਲ ਪੈਦਲ ਹੀ ਤੁਰ ਪੈਂਦੇ ਸਨ।

ਤਿੰਨ ਦਿਨਾਂ ਦਾ ਚੇਤ ਵਿਚ ਲਗਦਾ ਧਾਰਮਿਕ ਦੀਵਾਨ ਵੱਡੀ ਖਿੱਚ ਦਾ ਕਾਰਨ ਹੁੰਦਾ ਸੀ। ਉਸ ਤੋਂ ਕੁਝ ਦਿਨ ਪਹਿਲਾਂ ਸ਼ਿਵ ਚੌਦੇ ਦਾ ਮੇਲਾ ਲਗਦਾ ਸੀ, ਜੋ ਬਹੁਤ ਭਰਦਾ ਤੇ ਕਈ ਕਈ ਦਿਨ ਦੁਕਾਨਾਂ ਲਗੀਆਂ ਰਹਿੰਦੀਆਂ। ਹਾੜ ਨੂੰ ਇਕ ਤਕੀਏ ਤੇ ਮੁਸਲਮਾਨ ਪੀਰ ਦਾ ਮੇਲਾ ਵੀ ਲਗਦਾ ਸੀ, ਜੋ ਭਾਵੇਂ ਬਹੁਤ ਮਸ਼ਹੂਰ ਨਹੀਂ ਸੀ, ਪਰ ਉਸ ਉਤੇ ਵੀ ਸਥਾਨਿਕ ਲੋਕਾਂ ਦਾ ਇਕੱਠ ਹੋ ਜਾਂਦਾ ਸੀ। ਉਸ ਸਮੇਂ ਪਿੰਡਾਂ ਦੇ ਜੀਵਨ ਵਿਚ ਕੋਈ ਤੇਜ਼ ਗਤੀ ਦਿਖਾਈ ਨਹੀਂ ਸੀ ਦੇਂਦੀ। ਜੀਵਨ ਦਾ ਸਹਿਜ ਪ੍ਰਵਾਹ ਹੀ ਚਲਦਾ ਰਹਿੰਦਾ ਸੀ, ਜਿਵੇਂ ਇਹ ਕਈ ਸਦੀਆਂ ਤੋਂ ਚਲਦਾ ਆ ਰਿਹਾ ਹੋਵੇ। ਘਰ ਘਰ ਲਵੇਰਾ ਹੁੰਦਾ ਸੀ। ਲੋਕ ਘੋੜੀਆਂ ਉਤੇ ਸਫ਼ਰ ਕਰਦੇ ਸਨ ਅਤੇ ਬੜੇ ਸਿਧੇ ਸਾਦੇ ਖੱਦਰ ਦੇ ਜਾਂ ਹੋਰ ਕਪੜੇ ਪਹਿਨਦੇ ਸਨ। ਵਿਆਹ ਸ਼ਾਦੀਆਂ ਉਤੇ ਜ਼ਰੂਰ ਨਵੇਂ ਕਪੜੇ ਸਵਾਏ ਤੇ ਪਾਏ ਜਾਂਦੇ ਸਨ। ਪਿੰਡ ਦੇ ਮੁੰਡੇ ਕੁੜੀਆਂ ਕਿਸ਼ੋਰ ਉਮਰ ਵਿਚ ਮਿਲ ਬੈਠ ਕੇ ਖੇਡਦੇ ਮਲਦੇ ਸਨ। ਵੱਡੇ ਹੋਣ ਤੇ ਮੁੰਡੇ ਸਹਿਜੇ ਸਹਿਜੇ ਘਰਾਂ ਦੇ ਕੰਮ ਕਾਜ ਵਿਚ ਵੱਡਿਆਂ ਨਾਲ ਲਗ ਜਾਂਦੇ ਸਨ। ਕੁੜੀਆਂ ਨੂੰ ਘਰ ਦਾ ਕੰਮ ਸਿਖਾਇਆ ਜਾਂਦਾ ਸੀ। ਚਰਖ਼ਾ ਕੱਤਣਾ, ਕਸੀਦਾ ਕੱਢਣਾ, ਸੋਹਣੇ ਸੋਹਣੇ ਬਾਗ ਤੇ ਫ਼ੁਲਕਾਰੀਆਂ ਕੱਢਣੇ। ਲੜਕੀਆਂ ਲਈ ਪੜ੍ਹਾਈ ਦਾ ਕੋਈ ਖ਼ਾਸ ਪ੍ਰਬੰਧ ਨਹੀਂ ਸੀ ਹੁੰਦਾ। ਵਿਆਹ ਸ਼ਾਦੀਆਂ ਉਤੇ ਗਾਉਣ ਬਿਠਾਉਣਾਂ, ਸੌਣ ਵਿਚ ਤੀਆਂ ਦਾ ਲਗਣਾ ਤੇ ਵਿਆਹ ਸ਼ਾਦੀਆਂ ਉਤੇ ਗਿੱਧਾ ਪਾਉਣਾ ਆਦਿ ਕੁੜੀਆਂ ਚਿੜੀਆਂ ਦਾ ਖ਼ਾਸ ਮਨ ਪਰਚਾਵਾ ਹੁੰਦਾ ਸੀ। ਕਦੀ ਕਦੀ ਪਿੰਡ ਵਿਚ ਰਾਮ ਲੀਲਾ ਵੀ ਲਗਦੀ ਸੀ। ਜਦੋਂ ਪਿੰਡ ਦੇ ਬਹੁਤ ਸਾਰੇ ਲੋਕ ਰਾਤ ਨੂੰ ਰਾਮ ਲੀਲਾ ਵੇਖਦੇ ਸਨ ਤਾਂ ਰਾਮ ਲੀਲਾ ਦੀ ਸਮਾਪਤੀ ਤੋਂ ਥੋੜ੍ਹਾ ਚਿਰ ਪਹਿਲਾਂ ਇਕ ਨੌਜਵਾਨ ਥਾਲੀ ਵਿਚ ਦੀਵਾ ਰੱਖ ਕੇ ਦਰਸ਼ਕਾਂ ਵਿਚ ਫ਼ੇਰਦਾ ਸੀ। ਜੋ ਕੁਝ ਵੀ ਕਿਸੇ ਕੋਲੋਂ ਸਰਦਾ ਬਣਦਾ ਦੁਆਨੀ, ਚੁਆਨੀ, ਰੁਪਇਆ ਲੋਕ ਆਪਣੀ ਪੁੱਜਤ ਅਨੁਸਾਰ ਥਾਲੀ ਵਿਚ ਪਾ ਦਿੰਦੇ ਸਨ। ਗੁਰਦੁਆਰੇ ਜਾ ਕੇ ਵੀ ਲੋਕ ਨਕਦ ਪੈਸੇ ਨਹੀਂ ਸਨ ਚੜ੍ਹਾਉਂਦੇ , ਸਗੋਂ ਥਾਲੀਆਂ ਵਿਚ



Sri Satguru Jagjit Singh Ji eLibrary NamdhariElibrary@gmail.com

ਆਟਾ ਕਣਕ ਜਾਂ ਹੋਰ ਜਿਨਸਾਂ ਲੈ ਜਾਂਦੇ ਸਨ। ਇਹੋ ਹੀ ਮੱਥਾ ਟੇਕਣ ਸਮੇਂ ਭੇਟਾ ਹੁੰਦੀ ਸੀ। ਪੁੰਨਿਆਂ ਤੇ ਸੰਗਰਾਦ ਨੂੰ ਸੰਗਤ ਜ਼ਰੂਰ ਦੀਵਾਨ ਵਿਚ ਵੱਡੀ ਗਿਣਤੀ ਵਿਚ ਜਾ ਜੁੜਦੀ ਸੀ। ਸਵੇਰੇ ਸ਼ਾਮੀਂ ਗੁਰਦੁਆਰੇ ਦੇ ਭਾਈ ਸੰਖ ਪੂਰਦੇ ਸਨ ਤੇ ਮੁਸਲਮਾਨਾਂ ਦੀਆਂ ਮਸੀਤਾਂ ਵਿਚ ਮੌਲਵੀ ਪੰਜ ਸਮੇਂ ਬਾਂਗ ਦਿੰਦੇ ਸਨ। ਸ਼ਿਵ ਦੁਆਲੇ ਇਕ ਧੌਂਸਾ ਜ਼ਰੂਰ ਪਿਆ ਹੁੰਦਾ ਸੀ, ਪਰ ਅਸੀਂ ਕਦੀ ਉਸ ਦੀ ਆਵਾਜ਼ ਨਹੀਂ ਸੁਣੀ। ਹਾਂ ਜਦੋਂ ਕਦੀ ਮੰਦਿਰ ਜਾਂਦੇ ਸਾਂ ਤਾਂ ਮੰਦਿਰ ਦੇ ਸਾਹਮਣੇ ਬੈਲ ਦੀ ਮੂਰਤੀ ਜ਼ਰੂਰ ਵੇਖੀਦੀ ਸੀ। ਪਿੰਡ ਵਿਚ ਇਕੋ ਮੋਟਰ ਰੋਜ਼ ਸਵੇਰੇ ਅੰਮ੍ਰਿਤਸਰ ਨੂੰ ਸਵਾਰੀਆਂ ਲੈ ਕੇ ਚਲੀ ਜਾਂਦੀ ਸੀ ਤੇ ਸ਼ਾਮ ਨੂੰ ਵਾਪਿਸ ਆ ਜਾਂਦੀ ਸੀ। ਚੰਗੇ ਭਾਗਾਂ ਨੂੰ ਸਾਡੇ ਪਿੰਡ ਵਿਚ ਦੋ ਸਰਕਾਰੀ ਹਸਪਤਾਲ ਮੇਰੇ ਜਨਮ ਦੇ ਨੇੜੇ ਤੇੜੇ ਖੁਲ੍ਹ ਗਏ ਸਨ। ਇਕ ਇਸਤਰੀ ਪੁਰਸ਼ਾਂ ਦੇ ਇਲਾਜ ਲਈ ਸੀ, ਦੂਜਾ ਡੰਗਰਾਂ ਦੇ ਇਲਾਜ ਵਾਸਤੇ। ਇਥੇ ਸ਼ੁਰੂ ਸ਼ੁਰੂ ਵਿਚ ਹੀ ਇਕ ਬੜਾ ਲਾਇਕ ਡਾਕਟਰ ਐਸ਼ੀ ਲਾਲ ਆ ਲਗਾ ਸੀ, ਜਿਸ ਨੇ ਹਸਪਤਾਲ ਵਿਚ ਕਈ ਨਵੇਂ ਵਾਧੇ ਕੀਤੇ। ਕਈ ਨਵੇਂ ਕਮਰੇ ਬਣਵਾਏ ਤੇ ਕਈ ਕਿਸਮ ਦੇ ਦਰਖ਼ਤ ਤੇ ਫ਼ੁੱਲ ਆਦਿ ਲਗਾਏ। ਉਹ ਛੋਟੇ ਮੋਟੇ ਅਪਰੇਸ਼ਨ ਵੀ ਇਥੇ ਹੀ ਕਰਦਾ ਸੀ ਅਤੇ ਉਸ ਦੇ ਕਾਰਨ ਇਹ ਹਸਪਤਾਲ ਦੂਰ ਦੂਰ ਤਕ ਮਸ਼ਹੂਰ ਹੋ ਗਿਆ ਸੀ। ਇਸ ਪਿੰਡ ਦੇ ਵਾਤਾਵਰਨ ਦਾ ਮੇਰੇ ਮਨ ਤੇ ਕਾਫ਼ੀ ਡੂੰਘਾ ਪ੍ਰਭਾਵ ਪਿਆ ਹੈ। ਘਰ ਵਿਚ ਇਕੱਲੀ ਸੰਤਾਨ ਹੋਣ ਕਾਰਨ ਮੇਰਾ ਉਚੇਚਾ ਧਿਆਨ ਰਖਿਆ ਜਾਂਦਾ ਸੀ ਅਤੇ ਬਚਪਨ ਤੋਂ ਹੀ ਖੁੱਲ੍ਹਾ ਖਾਣ ਪੀਣ ਨੂੰ ਦਿਤਾ ਜਾਂਦਾ ਸੀ।



Sri Satguru Jagjit Singh Ji eLibrary NamdhariElibrary@gmail.com

# ਸਾਹਿਤ ਅਤੇ ਕਲਾ ਦੇ ਕੁਦਰਤੀ ਸੋਮੇ

ਮੈਂ ਛੇ ਸਾਲਾਂ ਦਾ ਸਾਂ ਜਦੋਂ ਮੈਨੂੰ ਪਿੰਡ ਦੇ ਡਿਸਟ੍ਰਿਕਟ ਬੋਰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨੇ ਪਾਇਆ ਗਿਆ। ਮੇਰੀ ਜਨਮ ਤਰੀਖ 24 ਅਪ੍ਰੈਲ 1928 ਲਿਖਾ ਦਿਤੀ ਗਈ ਜੋ ਸਰਕਾਰੀ ਕਾਗ਼ਜ਼ਾਂ ਵਿਚ ਮੇਰੇ ਰਿਟਾਇਰ ਹੋਣ ਤਕ ਚਲਦੀ ਰਹੀ ਹੈ। ਉਨ੍ਹਾਂ ਦਿਨਾਂ ਵਿਚ ਪੜ੍ਹਾਈ ਉਰਦੂ ਅੱਖਰਾਂ ਵਿਚ ਹੀ ਹੁੰਦੀ ਸੀ। ਅਲਫ਼ ਬੇ ਪੇ ਨਾਲ ਤਾਂ ਮੇਰੀ ਜਾਣ ਪਛਾਣ ਹੋ ਗਈ, ਪਰ ਗੁਰਮੁਖੀ ਅੱਖਰ ਤਾਂ ਮੈਂ ਪਿੰਡ ਦੇ ਗੁਰਦੁਆਰੇ ਦੇ ਭਾਈ ਕੋਲੋਂ ਹੀ ਸਿਖੇ। ਉਨ੍ਹਾਂ ਦਿਨਾਂ ਵਿਚ ਇਕ ਬੜਾ ਰੰਗਦਾਰ ਤਸਵੀਰਾਂ ਵਾਲਾ ਬਾਲ ਉਪਦੇਸ਼ ਮਿਲਦਾ ਸੀ, ਜਿਸ ਉਤੇ ਗੁਰੂ ਸਾਹਿਬਾਨ ਦੀਆਂ ਸਚਿਤਰਿਤ ਤਸਵੀਰਾਂ ਹੁੰਦੀਆਂ ਸਨ। ਗੁਰਮੁਖੀ ਦੀ ਪੈਂਤੀ, ਭੁਲਾਵੇਂ ਅੱਖਰ ਤੇ ਮੁਹਾਰਣੀ ਮੈਂ ਇਸੇ ਬਾਲ ਉਪਦੇਸ਼ ਤੋਂ ਹੀ ਪੜ੍ਹੇ ਸਨ। ਤੀਜੀ ਜਮਾਤ ਵਿਚ ਸਾਡੀ ਜਾਣ ਪਛਾਣ ਗੁਰਮੁਖੀ ਅੱਖਰਾਂ ਨਾਲ ਵੀ ਕਰਵਾ ਦਿਤੀ ਗਈ ਸੀ। ਵੱਡੇ ਮੁਨਸ਼ੀ ਰਾਮ ਚੰਦ ਤੇ ਛੋਟੇ ਬਲਵੰਤ ਸਿੰਘ ਨੇੜੇ ਨੇੜੇ ਦੇ ਪਿੰਡਾਂ ਤੋਂ ਹੀ ਆਉਂਦੇ ਸਨ। ਉਨ੍ਹਾਂ ਦਿਨਾਂ ਵਿਚ ਸਕੂਲ ਦੀ ਚਾਰਦੀਵਾਰੀ ਨਹੀਂ ਸੀ ਹੁੰਦੀ। ਫਿਰ ਸਾਡੇ ਪੜ੍ਹਦਿਆਂ ਪੜ੍ਹਦਿਆਂ ਹੀ ਪਠਾਣਾਂ ਕੋਲੋਂ ਕੱਚੀਆਂ ਕੰਧਾਂ ਕਰਵਾ ਕੇ ਚਾਰਦੀਵਾਰੀ ਬਣਾ ਦਿਤੀ ਗਈ, ਪਰ ਸਕੂਲ ਦਰਵਾਜ਼ੇ ਤੋਂ ਸੱਖਣਾ ਹੀ ਰਿਹਾ। ਸਕੂਲ ਵਿਚ ਹੀ ਇਕ ਛੋਟੀ ਖੂਹੀ ਸੀ, ਜਿਸ ਉਤੇ ਭੌਣੀ ਅਤੇ ਡੋਲ ਪਿਆ ਹੁੰਦਾ ਸੀ। ਵਿਦਿਆਰਥੀਆਂ ਕੋਲੋਂ ਵਾਰੀ ਅਨੁਸਾਰ ਪਾਣੀ ਕੱਢਣ ਤੇ ਸਕੂਲ ਦੀਆਂ ਕਿਆਰੀਆਂ ਨੂੰ ਦੇਣ ਦੀ ਡਿਊਟੀ ਲਗਾਈ ਜਾਂਦੀ ਸੀ। ਇਸ ਵਿਚ ਵਡੇ ਮੁਨਸ਼ੀ ਨੇ ਕਿਆਰੀਆਂ ਬਣਾ ਕੇ ਮੂਲੀਆਂ, ਗਾਜਰਾਂ ਤੇ ਹੋਰ ਸਬਜ਼ੀਆਂ ਲਾਈਆਂ ਹੋਈਆਂ ਸਨ। ਦਰਵਾਜ਼ੇ ਤੋਂ ਸਿਧਾ ਦੋਹੀਂ ਪਾਸੀਂ ਇਟਾਂ ਜੋੜ ਕੇ ਦੋ ਪਾਰਕ ਬਣਾਏ ਗਏ ਸਨ ਤੇ ਇਕ ਵਿਚ ਵੱਡੇ ਮੁਨਸ਼ੀ ਨੇ ਕੱਚਾ ਥੜ੍ਹਾ ਬਣਾਇਆ ਹੋਇਆ ਸੀ, ਜਿਸ ਉਤੇ ਸਿਆਲ ਵਿਚ ਚਟਾਈ ਵਿਛਾ



Sri Satguru Jagjit Singh Ji eLibrary NamdhariElibrary@gmail.com

ਕੇ ਉਹ ਬੈਠ ਜਾਂਦਾ ਸੀ ਅਤੇ ਹੇਠਾਂ ਤੱਪੜਾਂ ਉਤੇ ਦੂਜੀ ਅਤੇ ਚੌਥੀ ਜਮਾਤ ਬੈਠਦੀ ਸੀ, ਜਿਸ ਨੂੰ ਉਹ ਆਪ ਪੜ੍ਹਾਉਦਾ ਸੀ। ਦੂਜੇ ਬੰਨੇ ਦੇ ਪਾਰਕ ਵਿਚ ਛੋਟਾ ਮੁਨਸ਼ੀ ਕੁਰਸੀ ਡਾਹ ਕੇ ਬੈਠਦਾ ਸੀ, ਜਿਸ ਦੇ ਸਪੁਰਦ ਪਹਿਲੀ ਤੇ ਤੀਜੀ ਦੀ ਪੜ੍ਹਾਈ ਹੁੰਦੀ ਸੀ। ਦੋਵੇਂ ਮੁਨਸ਼ੀ ਨਾਂ ਲੈ ਕੇ ਜਮਾਤਾਂ ਦੀ ਹਾਜ਼ਰੀ ਬੋਲਦੇ ਸਨ ਤੇ ਵਿਦਿਆਰਥੀ ਹਾਜ਼ਿਰ ਜਨਾਬ ਕਹਿ ਕੇ ਆਪਣੀ ਆਪਣੀ ਹਾਜ਼ਰੀ ਲਗਵਾਉਂਦੇ ਸਨ। ਵੱਡੇ ਮੁਨਸ਼ੀ ਨੂੰ ਸੰਗੀਤ ਦਾ ਵੀ ਸ਼ੌਕ ਸੀ ਤੇ ਉਹ ਅੱਧੀ ਛੁੱਟੀ ਵੇਲੇ ਸ਼ਿਵਾਲੇ ਜਾ ਕੇ ਹਾਰਮੋਨੀਅਮ ਉਤੇ ਆਪਣਾ ਗਾਉਣ ਬਜਾਉਣ ਦਾ ਸ਼ੌਕ ਪੂਰਾ ਕਰ ਲੈਂਦਾ ਸੀ। ਛੁੱਟੀ ਤੋਂ ਥੋੜ੍ਹਾ ਚਿਰ ਪਹਿਲਾਂ ਛੋਟੀਆਂ ਜਮਾਤਾਂ ਨੂੰ ਉਚੀ ਉਚੀ ਗਾ ਕੇ ਗਿਣਤੀ ਅਤੇ ਪਹਾੜੇ ਬੁਲਾਏ ਜਾਂਦੇ ਸਨ। ਸਕੂਲ ਵਿਚ ਬਹੁਤੇ ਮੁੰਡੇ ਹੀ ਪੜ੍ਹਦੇ ਸਨ, ਪਰ ਤਿੰਨ ਚਾਰ ਕੁੜੀਆਂ ਜੋ ਪਿੰਡ ਦੇ ਡਾਕਟਰ ਤੇ ਹੋਰ ਪਤਵੰਤਿਆਂ ਦੀਆਂ ਸਨ, ਵੀ ਦਾਖ਼ਲ ਕਰ ਲਈਆਂ ਜਾਂਦੀਆਂ ਸਨ। ਸਕੂਲ ਦੀ ਪਿੰਡ ਵਾਲੀ ਬਾਹੀ ਇਕ ਛੋਟੀ ਰੌੜ ਸੀ, ਜਿਥੇ ਵੱਡਾ ਮੁਨਸ਼ੀ ਸਾਰੀਆਂ ਜਮਾਤਾਂ ਨੂੰ ਕਵਾਇਦ ਕਰਾਉਂਦਾ ਤੇ ਖੇਡਾਂ ਖਿਡਾਉਂਦਾ ਸੀ। ਡਾਕਟਰ ਐਸ਼ੀ ਲਾਲ, ਜਿਸ ਦੀ ਬੇਟੀ ਮੇਰੀ ਜਮਾਤਣ ਸੀ, ਕਦੀ ਕਦੀ ਸਕੂਲ ਆ ਕੇ ਸਾਨੂੰ ਸੁਆਲ ਲਿਖਾਉਂਦਾ ਤੇ ਜਿਹੜਾ ਵਿਦਿਆਰਥੀ ਪਹਿਲਾਂ ਸੁਆਲ ਕੱਢ ਕੇ ਉਸ ਨੂੰ ਵਿਖਾਉਂਦਾ, ਉਸ ਨੂੰ ਉਹ ਦੋ ਜਾਂ ਚਾਰ ਆਨੇ ਇਨਾਮ ਵੀ ਦਿੰਦਾ ਹੁੰਦਾ ਸੀ।

ਸ਼ਿਵ ਚੌਦੇ ਦੇ ਮੇਲੇ ਉਤੇ ਪਿੰਡ ਵਿਚ ਬੜੀ ਰੌਣਕ ਹੁੰਦੀ ਸੀ ਤੇ ਛਿੰਜ ਵੀ ਪੈਂਦੀ ਸੀ। ਭਲਵਾਨਾਂ ਨੂੰ ਰੁਮਾਲੀ ਤੇ ਇਨਾਮ ਵੀ ਦਿਤੇ ਜਾਂਦੇ ਸਨ। ਇਸ ਸਮੇਂ ਢੋਲ ਵੀ ਨਾਲ ਨਾਲ ਵੱਜਦਾ ਰਹਿੰਦਾ ਸੀ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਨ ਪਿੰਡ ਵਿਚ ਸਾਂਝੇ ਤੌਰ ਤੇ ਮਨਾਏ ਜਾਂਦੇ ਸਨ। ਇਨ੍ਹਾਂ ਗੁਰਪੁਰਬਾਂ ਅਤੇ ਤਿੰਨ ਦਿਨ ਲਗਣ ਵਾਲੇ ਸਾਲਾਨਾ ਦੀਵਾਨ ਸਮੇਂ ਨਗਰ ਕੀਰਤਨ ਵੀ ਕੱਢਿਆ ਜਾਂਦਾ ਸੀ, ਜਿਸ ਵਿਚ ਸ਼ਬਦ ਕੀਰਤਨ ਤੋਂ ਬਿਨਾਂ ਰਾਗੀਆਂ ਢਾਡੀਆਂ ਦੇ ਦੀਵਾਨ ਵੀ ਸਜਦੇ ਸਨ। ਪਿੰਡ ਦੇ ਸਾਲਾਨਾ ਦੀਵਾਨ ਉਤੇ ਤਾਂ ਕਾਫ਼ੀ ਰੌਣਕ ਹੋ ਜਾਂਦੀ ਸੀ। ਲਾਗਲੇ ਪਿੰਡਾਂ 'ਚੋਂ ਕਈ ਰਿਸ਼ਤੇਦਾਰ ਤੇ ਹੋਰ ਲੋਕ ਇਸ ਧਾਰਮਿਕ ਦੀਵਾਨ ਵਿਚ ਹੁੰਮ ਹੁੰਮਾ ਕੇ ਆਉਂਦੇ ਸਨ। ਇਹ ਗੁਰਬਾਣੀ ਤੇ ਸ਼ਬਦ ਕੀਰਤਨ ਦਾ ਖੁਲ੍ਹਾ ਪ੍ਰਵਾਹ ਸੀ, ਜਿਸ ਦਾ ਪ੍ਰਭਾਵ ਹਰ ਸੰਵੇਦਨਸ਼ੀਲ ਸਰੋਤੇ ਤੇ ਬੜਾ ਡੂੰਘਾ ਪੈਂਦਾ ਸੀ। ਇਸੇ ਤਰ੍ਹਾਂ ਨਾਲ ਲਗਦੇ ਇਤਿਹਾਸਕ ਗੁਰਦੁਆਰਿਆਂ ਦੇ ਦੀਵਾਨਾਂ ਵਿਚ ਵੀ ਜਾ ਕੇ ਸੰਗਤ ਬੜੀ ਸ਼ਰਧਾ ਨਾਲ ਜੁੜਦੀ ਸੀ। ਪਹਿਲਾਂ ਪਹਿਲ ਇਨ੍ਹਾਂ ਦੀਵਾਨਾਂ ਵਿਚ ਨਿਰੋਲ ਧਾਰਮਿਕ ਮਰਿਯਾਦਾ ਦੀ ਪਾਲਨਾ ਹੀ ਕੀਤੀ ਜਾਂਦੀ ਸੀ, ਪਰ ਸਹਿਜੇ ਸਹਿਜੇ ਇਨ੍ਹਾਂ ਦੀਵਾਨਾਂ ਵਿਚ ਰਾਜਨੀਤਕ ਪਾਰਟੀਆਂ ਦੇ ਆਗੂ ਵੀ ਆਉਣ ਲਗ ਪਏ ਸਨ ਤੇ ਹਿੰਦੁਸਤਾਨ ਦੀ ਗੁਲਾਮੀ ਤੇ ਆਜ਼ਾਦੀ ਦੇ ਨਾਲ ਨਾਲ ਵਿਦੇਸ਼ੀ



Sri Satguru Jagjit Singh Ji eLibrary NamdhariElibrary@gmail.com

ਹਕੂਮਤ ਵਲੋਂ ਕੀਤੀ ਜਾ ਰਹੀ ਦੇਸ਼ ਦੀ ਲੁੱਟ ਖਸੁੱਟ ਤੇ ਜਨਤਾ ਦੀ ਗਰੀਬੀ ਤੇ ਦੁਖਾਂ ਦਾ ਜ਼ਿਕਰ ਕੀਤਾ ਜਾਂਦਾ ਸੀ।

ਮੈਨੂੰ ਯਾਦ ਹੈ, ਜਦੋਂ 1936-37 ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਈਆਂ ਸਨ, ਸਾਡੇ ਹਲਕੇ ਵਿਚ ਇਕ ਬੰਨੇ ਰਾਜਾਸਾਂਸੀ ਦਾ ਸਰਦਾਰ ਰਘਬੀਰ ਸਿੰਘ ਖੜਾ ਸੀ ਅਤੇ ਦੂਜੇ ਬੰਨੇ ਕਾਮਰੇਡ ਸੋਹਣ ਸਿੰਘ ਜੋਸ਼। ਦੇਸ਼ ਦੀ ਆਜ਼ਾਦੀ ਦੀ ਲਹਿਰ ਦਿਨੋ ਦਿਨ ਜ਼ੋਰ ਫੜ ਰਹੀ ਸੀ। 1929 ਦੇ ਲਾਹੌਰ ਕਾਂਗਰਸ ਦੇ ਇਜਲਾਸ ਪਿਛੋਂ ਅਤੇ 1931 ਵਿਚ ਸ. ਭਗਤ ਸਿੰਘ ਅਤੇ ਉਸ ਦੇ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਪਿਛੋਂ ਸਿਆਸੀ ਪਿੜ ਕਾਫ਼ੀ ਗਰਮ ਹੋ ਚੁਕਾ ਸੀ। ਅਸੈਂਬਲੀ ਦੀਆਂ ਉਨ੍ਹਾਂ ਚੋਣਾਂ ਵਿਚ ਸਾਡੇ ਪਿੰਡ ਦੇ ਸੈਂਕੜੇ ਲੋਕ ਢੋਲਕੀ ਛੈਣਿਆਂ ਨਾਲ ਇਹ ਬੋਲ ਬੋਲਦੇ ਤੇ ਗਾਉਂਦੇ ਜਾ ਰਹੇ ਸਨ। *"ਅਸਾਂ ਪਰਚੀ ਜੋਸ਼ ਨੂੰ ਪਾਉਣੀ, ਨਹੀਂ ਸਾਨੂੰ ਡਰ ਸਰਦਾਰੀ ਦਾ।"* ਲਾਗਲੇ ਪਿੰਡ ਗੰਡੀਵਿੰਡ ਵਿਚ ਜਿਥੇ ਵੋਟਾਂ ਪੈ ਰਹੀਆਂ ਸਨ, ਵੋਟਰ ਇਕ ਕਤਾਰ ਵਿਚ ਖੜੇ ਸਨ ਤੇ ਵਾਰੀ ਵਾਰੀ ਅੰਦਰ ਪਰਚੀ ਪਾਉਣ ਜਾ ਰਹੇ ਸਨ। ਇਕ ਲੀਡਰ ਬਾਹਰ ਖਲੋਤਾ ਹਰ ਇਕ ਨੂੰ ਪੁੱਛ ਰਿਹਾ ਸੀ, ਕਿਸ ਮਗਰ ਵੋਟ ਤੇ ਵੋਟਰ ਜਵਾਬ ਦਿੰਦਾ ਸੋਹਣ ਸਿੰਘ ਜੋਸ਼ ਤੇ ਨਾਲ ਹੀ ਜੇਬ 'ਚੋ ਕੱਢ ਕੇ ਇਕ ਰੁਪਇਆ ਉਸ ਲੀਡਰ ਨੂੰ ਦੇ ਦੇਂਦਾ। ਇਸ ਚੋਣ ਵਿਚ ਕਾਮਰੇਡ ਸੋਹਣ ਸਿੰਘ ਜੋਸ਼ ਭਾਰੀ ਗਿਣਤੀ ਨਾਲ ਜਿਤਿਆ ਸੀ।

ਪਿੰਡ ਵਿਚ ਵਿਆਹ ਸ਼ਾਦੀਆਂ ਉਤੇ ਬੜੀ ਰੌਣਕ ਹੁੰਦੀ ਸੀ। ਕਈ ਕਈ ਦਿਨ ਔਰਤਾਂ ਵਿਆਹ ਵਾਲੇ ਘਰ ਜਾ ਕੇ ਅੱਧੀ ਅੱਧੀ ਰਾਤ ਤਕ ਗੌਣ ਗਾਉਂਦੀਆਂ ਰਹਿੰਦੀਆਂ ਸਨ। ਮੁੰਡੇ ਦੇ ਵਿਆਹ ਉਤੇ ਘੋੜੀਆਂ ਅਤੇ ਕੁੜੀਆਂ ਦੇ ਵਿਆਹ ਉਤੇ ਸੁਹਾਗ। ਜਦੋਂ ਜੰਞ ਚੜ੍ਹਦੀ ਤਾਂ ਦਾਦਕੀਆਂ ਅਤੇ ਨਾਨਕੀਆਂ ਰਲ ਕੇ ਗੀਤ ਗਾਉਦੀਆਂ ਜੰਞ ਚੜ੍ਹਾਉਂਦੀਆਂ, ਭੈਣਾਂ ਵਾਗਾਂ ਗੁੰਦਦੀਆਂ ਤੇ ਭਰਜਾਈਆਂ ਲਾੜੇ ਨੂੰ ਸੁਰਮਾ ਪਾਉਂਦੀਆਂ। ਆਮ ਤੌਰ ਤੇ ਜੰਞਾਂ ਘੋੜੀਆਂ ਉਤੇ ਹੀ ਜਾਂਦੀਆਂ ਸਨ। ਲਾੜੇ ਦੇ ਪਿਛੇ ਛੋਟੀ ਉਮਰ ਦੇ ਸਰਬਾਲੇ ਨੂੰ ਬਿਠਾਇਆ ਜਾਂਦਾ ਸੀ। ਜਦੋਂ ਜੰਞ ਤੁਰ ਜਾਂਦੀ ਤਾਂ ਮੇਲਣਾਂ ਕਈ ਕਈ ਘੰਟੇ ਗਿੱਧਾ ਪਾਉਦੀਆਂ ਰਹਿੰਦੀਆਂ। ਨਾਨਕੀਆਂ ਤੇ ਦਾਦਕੀਆਂ ਇਕ ਦੂਜੇ ਨੂੰ ਸਿਠਣੀਆਂ ਦਿੰਦੀਆਂ। ਜੰਞ ਨਾਲ ਵਾਜਾ ਖੜਦੇ ਸਨ। ਜੰਞ ਆਉਣ ਤੋਂ ਪਹਿਲਾਂ ਬਰਾਤ ਲਈ ਮੰਜੇ ਬਿਸਤਰੇ ਇਕੱਠੇ ਕਰਨੇ, ਉਨ੍ਹਾਂ ਦੀਆਂ ਘੋੜੀਆਂ ਲਈ ਪੱਠੇ ਆਦਿ ਦਾ ਪ੍ਰਬੰਧ ਕਰਨਾ ਅਤੇ ਚਾਹ ਪਾਣੀ ਦੀ ਸੇਵਾ ਵਿਚ ਪਿੰਡ ਵਾਲੇ ਵੀ ਬੜੀ ਖ਼ੁਸ਼ੀ ਤੇ ਚਾਅ ਮਹਿਸੂਸ ਕਰਦੇ ਸਨ। ਇਨ੍ਹਾਂ ਵਿਆਹ ਸ਼ਾਦੀਆਂ ਦੇ ਮਾਹੌਲ ਦਾ ਬਾਲ ਮਨਾਂ ਉਤੇ ਵੀ ਬੜਾ ਡੂੰਘਾ ਪ੍ਰਭਾਵ ਪੈਂਦਾ ਸੀ। ਇਹੋ ਹੀ ਉਹ ਸਰੋਤ ਸਨ ਜਿਥੋਂ ਪੁਰਾਤਨ ਸਭਿਆਚਾਰ ਅਤੇ ਲੋਕ ਗੀਤਾਂ ਦੀ ਸਥਾਈ ਛਾਪ ਤੇ ਉਨ੍ਹਾਂ ਦੇ ਗਾਉਣ ਦੇ ਢੰਗ ਤੇ ਤਰਜ਼ਾਂ ਲੋਕਾਂ ਨੂੰ ਜ਼ਬਾਨੀ ਯਾਦ ਹੋ ਜਾਂਦੀਆਂ



Sri Satguru Jagjit Singh Ji eLibrary NamdhariElibrary@gmail.com

ਸਨ, ਢਾਡੀਆਂ ਦੇ ਬੋਲਾਂ ਨੂੰ ਤਾਂ ਲੋਕ ਕਾਫ਼ੀ ਸਮੇਂ ਤਕ ਦੁਹਰਾਉਂਦੇ ਰਹਿੰਦੇ ਸਨ। ਇਸੇ ਤਰ੍ਹਾਂ ਵਾਗੀ ਮੁੰਡੇ ਹਾਲੀ ਤੇ ਪਾਲੀ ਆਪ ਮੁਹਾਰੇ ਹੀ ਲੋਕ ਧੁਨਾਂ ਉਚਾਰਦੇ ਰਹਿੰਦੇ ਸਨ। ਵਿਆਹ ਸ਼ਾਦੀਆਂ ਅਤੇ ਲੋਹੜੀ ਤੇ ਮਾਘੀ ਵਾਲੇ ਦਿਨ ਮਰਾਸੀ ਤੇ ਸਾਂਸੀ ਘਰ ਘਰ ਆ ਕੇ ਕਲਿਆਣ ਕਰਦੇ ਜਨ ਅਤੇ ਹਰ ਘਰ ਦੇ ਵਡੇਰਿਆਂ ਦੀ ਕਈ ਪੀੜ੍ਹੀਆਂ ਤਕ ਵੇਰਵੇ ਜਾ ਕੇ ਦਸ ਦਿੰਦੇ ਸਨ। ਉਨ੍ਹਾਂ ਨੂੰ ਨਕਦ, ਰੋਕ, ਦਾਣੇ ਅਤੇ ਬਸਤਰ, ਰੇਜੇ ਤੇ ਫੁਲਕਾਰੀਆਂ ਦਿਤੀਆਂ ਜਾਂਦੀਆਂ ਸਨ।

ਮੈਂ ਭਾਵੇਂ ਆਪਣੇ ਪਿਤਾ ਦੇ ਦਰਸ਼ਨ ਨਹੀਂ ਸਨ ਕੀਤੇ, ਪਰ ਉਹ ਇਕ ਵਿਸ਼ੇਸ਼ ਰੂਪ ਵਿਚ ਮੈਨੂੰ ਕੁਝ ਆਪਣੇ ਸੰਸਕਾਰ ਵਿਰਸੇ ਵਿਚ ਜ਼ਰੂਰ ਦੇ ਗਏ ਸਨ। ਮੈਂ ਸਮਝਦਾ ਹਾਂ ਕਿ ਮੇਰੀ ਸਹਿਤਕ ਰੁਚੀ ਦੇ ਪਹਿਲੇ ਬੀਜ ਉਨ੍ਹਾਂ ਦੀ ਹੀ ਦੇਣ ਹਨ। ਆਪਣੇ ਲਾਹੌਰ ਵਾਸ ਸਮੇਂ ਜਿਥੇ ਉਨ੍ਹਾਂ ਨੇ ਆਪਣੀ ਪੜ੍ਹਾਈ ਮੁਕੰਮਲ ਕੀਤੀ ਅਤੇ ਕੁਝ ਸਾਲ ਸਰਕਾਰੀ ਨੌਕਰੀ ਵੀ ਕੀਤੀ, ਉਨ੍ਹਾਂ ਨੂੰ ਪੁਸਤਕਾਂ ਪੜ੍ਹਨ ਦੀ ਵੀ ਖ਼ਾਸ ਲਗਨ ਸੀ। ਜਦੋਂ ਉਨ੍ਹਾਂ ਦਾ ਸਾਮਾਨ ਪਿੰਡ ਲਿਆਂਦਾ ਗਿਆ ਤਾਂ ਉਸ ਵਿਚ ਦੋ ਟਰੰਕ ਪੁਸਤਕਾਂ ਦੇ ਵੀ ਸਨ। ਉਦੋਂ ਮੈਨੂੰ ਇਨ੍ਹਾਂ ਪੁਸਤਕਾਂ ਦੇ ਗੋਹਜ-ਖ਼ਜ਼ਾਨੇ ਬਾਰੇ ਕੋਈ ਬਹੁਤਾ ਪਤਾ ਨਹੀਂ ਸੀ, ਪਰ ਜਦੋਂ ਮੈਂ ਕੁਝ ਹੋਸ਼ ਸੰਭਾਲੀ ਤਾਂ ਹੁਣ ਮੈਨੂੰ ਚੇਤੇ ਆਉਂਦਾ ਹੈ ਕਿ ਉਨ੍ਹਾਂ ਪੁਸਤਕਾਂ ਵਿਚ ਉਰਦੂ ਅੱਖਰਾਂ ਵਿਚ ਭਾਈ ਬਾਲੇ ਦੀ ਜਨਮਸਾਖੀ, ਗ਼ਾਲਿਬ ਦਾ ਦੀਵਾਨ ਅਤੇ ਸ਼ੇਕਸਪੀਅਰ ਦੇ ਨਾਟਕਾਂ ਦੀ ਇਕ ਸੁਨਹਿਰੀ ਜਿਲਦ ਵਾਲਾ ਸੰਗ੍ਰਹਿ ਵੀ ਮੌਜੂਦ ਸੀ ਜਿਸ ਵਿਚ ਸ਼ੇਕਸਪੀਅਰ ਦੇ ਪਾਤਰਾਂ ਦੀਆਂ ਕਈ ਸੁੰਦਰ ਤਸਵੀਰਾਂ ਮੌਜੂਦ ਸਨ। ਇਸ ਦੇ ਪਹਿਲੇ ਵਰਕੇ ਉਤੇ ਮੇਰੇ ਪਿਤਾ ਜੀ ਦੇ ਅੰਗਰੇਜ਼ੀ ਵਿਚ ਦਸਤਖ਼ਤ ਸਨ, ਜਿਸ ਵਿਚ ਅੰਗਰੇਜ਼ੀ ਅਖਰਾਂ ਵਿਚ ਲਿਖਿਆ ਹੋਇਆ ਸੀ, 'Ganga Singh, Davis Road, Lahore. (ਇਸ ਪੁਸਤਕ ਵਿਚੋਂ ਹੀ ਮੈਂ ਬੀ. ਏ. ਪੜ੍ਹਦਿਆਂ ਸ਼ੇਕਸਪੀਅਰ ਦੇ ਨਾਟਕ ਪੜ੍ਹੇ ਸਨ। ਇਹ ਪੁਸਤਕ ਹੁਣ ਮੇਰੇ ਲੜਕੇ ਪ੍ਰੋ. ਤੇਜਬੀਰ ਸਿੰਘ ਕੋਲ ਹੈ।) ਗੁਰਮੁਖੀ ਵਿਚ ਛਪੀਆਂ ਤਾਂ ਕਈ ਕਿਤਾਬਾਂ ਸਨ- 'ਪ੍ਰਾਚੀਨ ਪੰਥ ਪ੍ਰਕਾਸ਼', 'ਤਵਾਰੀਖ ਗੁਰੂ ਖ਼ਾਲਸਾ', ਕਰਤਾਰ ਸਿੰਘ ਕਲਾਸਵਾਲੀਆ ਦੇ ਬੈਤਾਂ ਵਿਚ ਰਚੇ ਕਈ ਇਤਿਹਾਸਕ ਗ੍ਰੰਥ, ਬਾਵਾ ਬੁਧ ਸਿੰਘ ਦੀਆਂ ਪੁਸਤਕਾਂ 'ਬੰਬੀਹਾ ਬੋਲ', 'ਹੰਸ ਚੋਗ' ਤੇ 'ਕੋਇਲ ਕੂ'। ਇਕ ਕਿਤਾਬ 'ਖ਼ੂਨੀ ਗ਼ਦਰ' ਤੇ ਦੂਜੀ 'ਸਿਖ ਰਾਜ ਕਿਵੇਂ ਗਿਆ' ਵੀ ਸਨ। ਇਨ੍ਹਾਂ ਪੁਸਤਕਾਂ ਵਿਚੋਂ ਕਈਆਂ ਨੂੰ ਮੈਨੂੰ ਪੜ੍ਹਨ ਦਾ ਮੌਕਾ ਮਿਲਿਆ।

ਹਰ ਸਾਲ ਮੇਰੀ ਮਾਤਾ, ਪਿਤਾ ਜੀ ਦੀ ਯਾਦ ਵਿਚ ਸਾਧਾਰਨ ਪਾਠ ਰਖਵਾਉਂਦੀ ਸੀ। ਪਿੰਡ ਦੇ ਗੁਰਦੁਆਰੇ ਵਿਚ ਨਿਰਮਲੇ ਸਾਧ ਸੇਵਾ ਕਰ ਰਹੇ ਸਨ। ਜਦੋਂ ਇਕ ਵਾਰ ਪਾਠ ਕਰਦਿਆਂ ਉਨ੍ਹਾਂ ਨੂੰ ਮੇਰੇ ਪਿਤਾ ਜੀ ਦੀਆਂ ਇਨ੍ਹਾਂ ਪੁਸਤਕਾਂ



Sri Satguru Jagjit Singh Ji eLibrary NamdhariElibrary@gmail.com

ਦੇ ਖ਼ਜ਼ਾਨੇ ਬਾਰੇ ਪਤਾ ਲਗਾ ਤਾਂ ਉਨ੍ਹਾਂ ਨੇ ਮਾਤਾ ਜੀ ਨੂੰ ਪੁਸਤਕਾਂ ਵਿਖਾਉਣ ਲਈ ਕਿਹਾ। ਫ਼ੋਲਾ ਫ਼ਾਲੀ ਪਿਛੋਂ ਸੰਤਾਂ ਨੇ ਕੁਝ ਪੁਸਤਕਾਂ ਵੱਖ ਕੱਢ ਕੇ ਰਖ ਲਈਆਂ ਅਤੇ ਇਹ ਅਰਦਾਸ ਕਰ ਦਿਤੀ, 'ਮਾਤਾ ਜੀ ਇਹ ਪੁਸਤਕਾਂ ਸੰਤਾਂ ਨੂੰ ਅਰਦਾਸ ਕਰਾਉਂਦੇ ਹਨ।' ਇਉਂ ਇਨ੍ਹਾਂ ਪੁਸਤਕਾਂ ਦਾ ਬਹੁਤ ਸਾਰਾ ਭਾਗ ਸਾਡੇ ਘਰੋਂ ਨਿਰਮਲੇ ਸਾਧਾਂ ਦੇ ਪੇਟੇ ਪੈ ਗਿਆ। ਜੇ ਮੇਰੀ ਮਾਤਾ ਨਿਰਮਲੇ ਸੰਤਾਂ ਦੇ ਆਪਣੇ ਆਪ ਹੀ ਅਰਦਾਸ ਕਰਨ ਦੇ ਫ਼ੰਦੇ ਵਿਚ ਨਾ ਫ਼ਸਦੀ ਤਾਂ ਮੇਰੇ ਲਈ ਇਹ ਹੋਰ ਵੀ ਗੌਰਵ ਦੀ ਗੱਲ ਹੋਣੀ ਸੀ। ਫਿਰ ਵੀ ਮੈਂ ਇਹ ਸਮਝਦਾ ਹਾਂ ਕਿ ਦੋ ਗੱਲਾਂ ਮੇਰੇ ਪਿਤਾ ਜੀ ਮੈਨੂੰ ਵਿਰਸੇ ਵਿਚ ਦੇ ਗਏ ਸਨ, ਇਕ ਪੁਸਤਕਾਂ ਨਾਲ ਪ੍ਰੇਮ, ਦੂਜਾ ਸਫ਼ੈਦ ਬਸਤਰਾਂ ਨਾਲ ਮੋਹ । ਉਨ੍ਹਾਂ ਦੀਆਂ ਤਿੰਨ ਫ਼ੋਟੋਆਂ ਵੀ ਮੇਰੇ ਪਾਸ ਹਨ। ਇਕ ਬਚਪਨ ਦੀ, ਦੋ ਗਰੁਪ ਫ਼ੋਟੋਆਂ। ਇਨ੍ਹਾਂ ਤਿਨਾਂ ਵਿਚ ਉਨ੍ਹਾਂ ਨੇ ਪਗੜੀ ਸਮੇਤ ਸਫ਼ੈਦ ਬਸਤਰ ਪਹਿਨੇ ਹੋਏ ਹਨ। ਸ਼ਾਇਦ ਉਨ੍ਹਾਂ ਸੰਸਕਾਰਾਂ ਦਾ ਹੀ ਇਹ ਅਸਰ ਹੈ ਕਿ ਅੱਜ ਵੀ ਮੈਨੂੰ ਸਫ਼ੈਦ ਕਪੜੇ ਪਹਿਣ ਕੇ ਖ਼ੁਸ਼ੀ ਹੁੰਦੀ ਹੈ। ਭਾਵੇਂ ਇਸ ਵਿਚ ਹੁਣ ਨਾਮਧਾਰੀ ਸਾਧ ਸੰਗਤ ਦੇ ਮੇਲ ਮਿਲਾਪ ਨਾਲ ਇਹ ਰੁਚੀ ਹੋਰ ਵੀ ਪ੍ਰਪਕ ਹੋ ਗਈ ਹੈ। ਮੇਲੇ ਮੁਸਾਬਿਆਂ ਵਿਚੋਂ ਮੈਂ ਕੁਝ ਕਿੱਸੇ ਵੀ ਖ਼ਰੀਦ ਲਿਆਉਂਦਾ ਸਾਂ, ਜੋ ਉਨ੍ਹਾਂ ਦਿਨਾਂ ਵਿਚ ਕੁਝ ਆਨਿਆਂ ਵਿਚ ਹੀ ਮਿਲ ਜਾਂਦੇ ਸਨ ਜੋ ਬਹੁਤੇ ਉਰਦੂ ਵਿਚ ਹੀ ਹੁੰਦੇ ਸਨ। ਪੰਜਾਬੀ ਦੇ ਕਿੱਸੇ ਵੀ ਉਰਦੂ ਅਖਰਾਂ ਵਿਚ ਹੀ ਵਧੇਰੇ ਛਪਦੇ ਹੁੰਦੇ ਸਨ। ਇਨ੍ਹਾਂ ਨੂੰ ਪੜ੍ਹ ਕੇ ਇਕ ਤਰ੍ਹਾਂ ਦਾ ਕਹਾਣੀ ਰਸ ਅਤੇ ਸਾਹਿਤਕ ਭੁਖ ਵੀ ਮਿਟ ਜਾਂਦੀ ਸੀ। ਦੀਵਾਨਾਂ ਵਿਚ ਸੁਣੀਆਂ ਗਈਆਂ ਢਾਡੀਆਂ ਦੀਆਂ ਵਾਰਾਂ ਜਿਥੇ ਪੁਰਾਤਨ ਸਿਖ ਇਤਿਹਾਸ ਬਾਰੇ ਜਾਣਕਾਰੀ ਕਰਵਾਉਂਦੀਆਂ ਸਨ, ਉਥੇ ਢਾਡੀਆਂ ਵਲੋਂ ਢਾਡੀ ਵਾਰਾਂ ਦੇ ਗਾਏ ਗਏ ਬੋਲਾਂ ਨੂੰ ਅਸੀਂ ਉਚੀ ਉਚੀ ਕਈ ਕਈ ਦਿਨ ਗਾਉਂਦੇ ਰਹਿੰਦੇ ਸਾਂ। ਗਿ: ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਉਸ ਸਮੇਂ ਢਾਡੀਆਂ ਵਿਚੋਂ ਸਭ ਤੋਂ ਸਿਰਕੱਢ ਸੀ। ਸੀਤਲ ਜੀ ਨੇ ਆਪ ਕਈ ਢਾਡੀ ਵਾਰਾਂ ਤੇ ਪ੍ਰਸੰਗ ਲਿਖੇ ਸਨ। ਪੰਜੇ ਸਾਹਿਬ ਦਾ ਸ਼ਹੀਦੀ ਸਾਕਾ, ਜੋ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਹੋਇਆ ਸੀ, ਬਾਰੇ ਉਨ੍ਹਾਂ ਦੀ ਰਚੀ ਹੋਈ 'ਗੱਡੀ' ਬੜੀ ਮਸ਼ਹੂਰ ਹੋਈ ਸੀ ਤੇ ਲੋਕ ਵਾਰ ਵਾਰ ਉਸ ਨੂੰ ਸੁਣਨ ਲਈ ਬੇਨਤੀਆਂ ਕਰਦੇ ਸਨ। ਦੂਜਾ ਢਾਡੀ ਜਥਾ ਭਾਈ ਗੋਪਾਲ ਸਿੰਘ ਗੋਹਲਵੜ ਦਾ ਸੀ, ਜਿਸ ਦਾ ਸਾਰੰਗੀ ਵਾਦਕ ਮੁਸਲਮਾਨ ਝੰਡਾ ਭਰਾਈ ਸੀ, ਜੋ ਸਫ਼ੈਦ ਕਪੜਿਆਂ ਵਿਚ ਤੇ ਪੋਚਵੀਂ ਪੱਗ ਵਿਚ ਬੜਾ ਖਿੱਚ ਪਾਉਂਦਾ ਸੀ ਅਤੇ ਸਾਰੰਗੀ ਦੇ ਲਹਿਰੇ ਝੂਮ ਝੂਮ ਕੇ ਵਜਾਇਆ ਕਰਦਾ ਸੀ। ਭਾਈ ਗੋਪਾਲ ਸਿੰਘ ਦਾ ਪੁੱਤਰ ਭਾਈ ਗੁਰਚਰਨ ਸਿੰਘ ਉਸ ਸਮੇਂ ਹਾਲੀ ਨੌਜਵਾਨ ਹੀ ਸੀ ਅਤੇ ਆਪਣੇ ਪਿਤਾ ਦੇ ਦੇਹਾਂਤ ਪਿਛੋਂ ਉਸ ਨੇ ਢਾਡੀ ਪਰੰਪਰਾ ਨੂੰ ਦੋ ਕੁ ਸਾਲ ਪਹਿਲਾਂ ਆਪਣੇ ਅਕਾਲ ਚਲਾਣੇ ਤਕ ਖ਼ੂਬ ਨਿਭਾਇਆ ਹੈ ਤੇ ਮਾਝੇ ਦੀ ਸੰਗਤ ਨੂੰ ਆਪਣੀ ਢਾਡੀ ਕਲਾ ਰਾਹੀਂ ਖ਼ੂਬ ਨਿਹਾਲ



Sri Satguru Jagjit Singh Ji eLibrary NamdhariElibrary@gmail.com

ਕੀਤਾ ਅਤੇ ਆਪਣੀ ਲਿਖੀ ਹੋਈ ਰਚਨਾ ਦਾ ਵੀ ਗਾਇਨ ਕੀਤਾ ਹੈ।

ਕੁਝ ਗੁਰਦੁਆਰੇ ਸਾਹਿਬਾਨ ਦੀਆਂ ਖ਼ਾਸ ਕਰਕੇ ਬੀੜ ਬਾਬਾ ਬੁਢਾ ਸਾਹਿਬ ਦੀਆਂ ਨਵੀਆਂ ਇਮਾਰਤਾਂ ਵੀ ਮੇਰੀ ਹੋਸ਼ ਵਿਚ ਬਣਨੀਆਂ ਸ਼ੁਰੂ ਹੋ ਗਈਆਂ ਸਨ। ਢੰਡਾਂ ਵਾਲੇ ਇਤਿਹਾਸਕ ਗੁਰਦੁਆਰੇ ਦੀ ਇਮਾਰਤ ਵੀ ਮੇਰੇ ਵਿਦਿਆਰਥੀ ਜੀਵਨ ਵਿਚ ਨਵੇਂ ਸਿਰਿਉਂ ਉਸਾਰੀ ਗਈ ਸੀ। ਬੀੜ ਬਾਬਾ ਬੁਢਾ ਸਾਹਿਬ ਦੀ ਕਾਰ ਸੇਵਾ ਲਈ ਪਿੰਡਾਂ ਵਿਚੋਂ ਲੋਕ ਆਉਂਦੇ ਸਨ ਅਤੇ ਵੱਖ ਵੱਖ ਪਿੰਡਾਂ ਨੇ ਸੇਵਾ ਲਈ ਵਾਰੀਆਂ ਬੰਨ੍ਹੀਆਂ ਹੁੰਦੀਆਂ ਸਨ।

ਮੇਰੀ ਭੂਆ ਦੀ ਧੀ ਭੈਣ ਮਹਿੰਦਰ ਸਾਡੇ ਕੋਲ ਹੀ ਰਹਿੰਦੀ ਸੀ। ਮੈਂ ਤੇ ਉਹ ਰਲ ਕੇ ਕਈ ਵਾਰੀ ਬਾਲੋ ਮਾਹੀਏ ਦੇ ਟੱਪੇ ਆਪ ਹੀ ਰਚ ਰਚ ਕੇ ਗਾਉਂਦੇ ਰਹਿੰਦੇ ਸਾਂ। ਮੈਂ ਹਾਲੀ ਛੋਟਾ ਹੀ ਸਾਂ ਕਿ ਪਿੰਡ ਦੇ ਮਜ਼ਹਬੀਆਂ ਦਾ ਮੁੰਡਾ ਜੋ ਉਮਰ ਵਿਚ ਮੈਥੋਂ ਕੁਝ ਸਾਲ ਵੱਡਾ ਸੀ, ਸਾਡੇ ਨਾਲ ਕਾਮਾ ਰਲ ਗਿਆ। ਉਸ ਦਾ ਨਾਂ ਵੱਸਣ ਸਿੰਘ ਸੀ। ਉਹ ਰਤਾ ਉਚੀ ਸੁਣਦਾ ਸੀ ਅਤੇ ਮਧਰੇ ਕਦ ਦਾ ਸੀ, ਪਰ ਉਹਨੂੰ ਸਾਡੇ ਘਰ ਨਾਲ ਇਨਾਂ ਪ੍ਰੇਮ ਹੋ ਗਿਆ ਕਿ ਉਹ ਸਾਰੀ ਉਮਰ ਹੀ ਸਾਡੇ ਨਾਲ ਅਤੇ ਵਿਸ਼ੇਸ਼ ਕਰ ਕੇ ਮਾਤਾ ਜੀ ਦੀ ਸੇਵਾ ਕਰਦਾ ਰਿਹਾ ਅਤੇ ਟੱਬਰ ਦਾ ਇਕ ਜੀਅ ਹੀ ਬਣਿਆ ਰਿਹਾ। ਉਸ ਨੂੰ ਸਾਡੀ ਸਾਰੀ ਰਿਸ਼ਤੇਦਾਰੀ ਦਾ ਪਤਾ ਸੀ ਅਤੇ ਘਰ ਦੀਆਂ ਸਾਰੀਆਂ ਚੀਜ਼ਾਂ ਵਸਤਾਂ ਦੀ ਸੰਭਾਲ ਵਿਚ ਉਸ ਨੇ ਵੱਡੀ ਜ਼ਿੰਮੇਵਾਰੀ ਨੂੰ ਨਿਭਾਇਆ। ਪਤਾ ਨਹੀਂ ਕਦੋਂ ਪਰ ਅਠਵੀਂ ਜਮਾਤ ਤਕ ਪੜ੍ਹਦਿਆਂ ਮੈਨੂੰ ਤੇ ਸਾਡੇ ਗੁਆਂਢੀ ਮੇਰੇ ਤਾਏ ਦੇ ਪੁੱਤਰ ਗੁਰਬਖ਼ਸ਼ ਸਿੰਘ ਨੂੰ ਪਹਿਲਵਾਨੀ ਕਰਨ ਦਾ ਵੀ ਸ਼ੌਕ ਕੁਦਿਆ। ਸ਼ਿਵ ਦੁਆਲੇ ਵਾਲੇ ਵੱਡੇ ਬੋਹੜ ਥਲੇ ਆਖਾੜਾ ਗੋਡਿਆ ਹੁੰਦਾ ਸੀ ਅਤੇ ਆਪਣੇ ਪਿੰਡ ਦੇ ਬਾਬੂ ਪਹਿਲਵਾਨ ਨੂੰ ਅਸੀਂ ਉਸਤਾਦ ਧਾਰਨ ਕੀਤਾ, ਜਿਸ ਦੀ ਨਿਗਰਾਨੀ ਵਿਚ ਅਸੀਂ ਉਸ ਦੇ ਹੋਰ ਸ਼ਾਗਿਰਦਾਂ ਨਬੀ ਬਖ਼ਸ਼ ਦੇ ਨਾਲ ਰਲ ਕੇ ਡੰਡ ਬੈਠਕਾਂ ਮਾਰਦੇ ਤੇ ਜ਼ੋਰ ਵੀ ਕਰਦੇ ਰਹੇ। ਭਾਵੇਂ ਅਸੀਂ ਕਿਸੇ ਵੱਡੀ ਛਿੰਜ ਵਿਚ ਘੁਲੇ ਨਹੀਂ ਸਾਂ, ਪਰ ਬਚਪਨ ਵਿਚ ਸਾਡੇ ਉਸਤਾਦ ਬਾਬੂ ਪਹਿਲਵਾਨ ਨੇ ਸਾਡੇ ਕੰਨ ਜ਼ਰੂਰ ਮਰੋੜੇ ਸਨ। ਕੁਝ ਮਹੀਨਿਆਂ ਵਿਚ ਹੀ ਸਾਡਾ ਇਹ ਪਹਿਲਵਾਨੀ ਦਾ ਸ਼ੌਕ ਮੱਠਾ ਪੈ ਗਿਆ ਅਤੇ ਸਾਡਾ ਧਿਆਨ ਬਹੁਤਾ ਪੜ੍ਹਨ ਲਿਖਣ ਵਲ ਹੋ ਗਿਆ।

ਇਨ੍ਹਾਂ ਦਿਨਾਂ ਦੀਆਂ ਹੀ ਮੈਨੂੰ ਦੋ ਘਟਨਾਵਾਂ ਚੇਤੇ ਹਨ, ਜਿਨ੍ਹਾਂ ਦੀ ਯਾਦ ਮੈਨੂੰ ਬਾਰ ਬਾਰ ਆਉਂਦੀ ਹੈ। ਇਕ ਵਾਰ ਮੈਂ ਕਿਸੇ ਗਲੋਂ ਆਪਣੇ ਘਰਦਿਆਂ ਨਾਲ ਰੁਸ ਪਿਆ ਸਾਂ, ਪਤਾ ਨਹੀਂ ਕਿਹੜੀ ਗਲੋਂ। ਮੈਂ ਰੋਟੀ ਨਾ ਖਾਵਾਂ ਤੇ ਮੇਰੀ ਦਾਦੀ ਤੇ ਘਰ ਵਾਲੇ ਆਪਣੇ ਛਿੰਦੇ ਪੁੱਤ ਨੂੰ ਬਾਰ ਬਾਰ ਮਨਾਉਣ। ਕਹਿਣ ਤੂੰ ਕਿਸ ਨਾਲ ਰੋਟੀ ਖਾਣੀ ਏਂ, ਦਾਲ ਨਾਲ, ਸਬਜ਼ੀ ਨਾਲ, ਦਹੀਂ ਨਾਲ, ਗੁੜ ਨਾਲ, ਅਚਾਰ ਨਾਲ, ਮੈਂ ਹਰ ਗੱਲ ਉਤੇ ਸਿਰ ਫੇਰੀ ਜਾਵਾਂ। ਫਿਰ ਮੇਰੀ ਮਾਂ ਕਹਿਣ ਲਗੀ, ਫਿਰ



Sri Satguru Jagjit Singh Ji eLibrary NamdhariElibrary@gmail.com

ਤੂੰ ਰੋਟੀ ਸੁਆਹ ਨਾਲ ਖਾਣੀ ਏਂ? ਚਲ ਸੁਆਹ ਨਾਲ ਖਾ ਲੈ। ਮੈਂ ਸਿਰ ਹਿਲਾ ਦਿਤਾ। ਮੇਰੀ ਦਾਦੀ ਨੇ ਚੁਲ੍ਹੇ ਤੋਂ ਪੋਟਿਆਂ ਨਾਲ ਸੁਆਹ ਫੜ ਕੇ ਮੇਰੀ ਥਾਲੀ ਵਿਚ ਰਖ ਦਿਤੀ। ਮੇਰੀ ਭੈਣ ਮਹਿੰਦਰ ਸ਼ੀਸ਼ਾ ਲਿਆਈ। ਮੈਨੂੰ ਵਿਖਾ ਕੇ ਕਹਿਣ ਲਗੀ, ਆਪਣਾ ਮੂੰਹ ਵੇਖ, ਮੇਰਾ ਹਾਸਾ ਨਿਕਲ ਗਿਆ ਤੇ ਮੈਂ ਰੋਟੀ ਖਾਣ ਲਗ ਪਿਆ।

ਇਕ ਦਿਨ ਸਕੂਲੇ ਮੈਂ ਘਰੋਂ ਰੋਟੀ ਲੈ ਕੇ ਗਿਆ ਸੀ। ਚਿਟੇ ਪੋਣੇ ਵਿਚ ਪਰੌਂਠੇ ਤੇ ਗਲਗਲ ਦਾ ਆਚਾਰ ਬੰਨ੍ਹਿਆਂ ਹੋਇਆ ਸੀ। ਸਕੂਲੇ ਜਾ ਕੇ ਮੈਂ ਰੋਟੀ ਉਸ ਕਮਰੇ ਦੇ ਕਿਲ ਨਾਲ ਟੰਗ ਦਿਤੀ ਜਿਥੇ ਅਸੀਂ ਰੋਜ਼ ਰੋਟੀਆਂ ਟੰਗਦੇ ਹੁੰਦੇ ਸਾਂ। ਅੱਧੀ ਛੁੱਟੀ ਨੂੰ ਜਦੋਂ ਰੋਟੀ ਖਾਣ ਦਾ ਵੇਲਾ ਹੋਇਆ ਤਾਂ ਮੈਂ ਕਮਰੇ ਚੋਂ ਰੋਟੀ ਲੈ ਕੇ ਬਾਹਰ ਆਇਆ ਹੀ ਸਾਂ ਕਿ ਮੇਰਾ ਜਮਾਤੀ ਇਕ ਈਸਾਈਆਂ ਦਾ ਮੁੰਡਾ ਦਰਸ਼ਨ ਮਸੀਹ ਦੇ ਹੱਥ ਮੇਰੀ ਰੋਟੀ ਨੂੰ ਲਗ ਗਏ। ਮੇਰੇ ਮਨ ਵਿਚ ਭਰਮ ਪੈ ਗਿਆ ਕਿ ਰੋਟੀ ਭਿਟੀ ਗਈ ਹੈ। ਮੈਂ ਉਹ ਰੋਟੀ ਨਾ ਖਾਧੀ ਤੇ ਬਸਤੇ ਵਿਚ ਬੰਨ੍ਹ ਕੇ ਘਰ ਲੈ ਆਇਆ । ਘਰ ਆ ਕੇ ਮਾਂ ਨੇ ਪੁਛਿਆ, ਰੋਟੀ ਕਿਉ ਨਹੀਂ ਖਾਧੀ? ਮੈਂ ਕਿਹਾ ਦਰਸ਼ਨ ਮਸੀਹ ਦਾ ਹੱਥ ਲਗ ਗਿਆ ਸੀ, ਭਿਟੀ ਗਈ ਸੀ। ਇੰਨੇ ਚਿਰ ਨੂੰ ਮੇਰੀ ਮਾਤਾ ਦਾ ਫ਼ੁਫ਼ੜ ਬਾਬਾ ਆਲਾ ਸਿੰਘ ਆ ਗਿਆ। ਉਸ ਨੇ ਗੱਲ ਸੁਣ ਲਈ ਸੀ। ਕਹਿਣ ਲੱਗਾ, 'ਬੰਸੋ ਲਿਆ ਖਾਂ ਵੇਖਾਂ ਰੋਟੀ ਨੂੰ ਕੀ ਲਗਾ ਹੋਇਆ ਏ' (ਬੰਸੋ ਮੇਰੀ ਮਾਂ ਦਾ ਪੇਕਿਆਂ ਦਾ ਨਾਂ ਸੀ ਹਰਬੰਸ। ਮੇਰੀ ਮਾਂ ਦੇ ਭੂਆ ਫੁਫੜ ਉਸ ਨੂੰ ਬੰਸੋ ਕਹਿ ਕੇ ਹੀ ਬੁਲਾਉਦੇ ਸਨ, ਮਹਿੰਦਰ ਕੌਰ ਕਹਿ ਕੇ ਨਹੀਂ।) ਮੇਰੀ ਮਾਂ ਨੇ ਜਿਸ ਨੂੰ ਮੈਂ ਬੀਬੀ ਜੀ ਕਹਿੰਦਾ ਸੀ, ਉਹ ਪਰੌਂਠੇ ਤਾਸੀ ਵਿਚ ਰਖ ਕੇ ਮੰਜੇ ਤੇ ਬੈਠੇ ਆਪਣੇ ਫ਼ੁਫ਼ੜ ਨੂੰ ਦੇ ਦਿਤੇ। ਉਹ ਮਜ਼ੇ ਨਾਲ ਖਾਣ ਲਗ ਪਿਆ। ਕਹਿਣ ਲਗਾ, ਲੈ ਇਸ ਨੂੰ ਤਾਂ ਕੁਝ ਵੀ ਨਹੀਂ ਲਗਾ ਤੇ ਮੈਂ ਵੀ ਉਠ ਕੇ ਬਾਬੇ ਕੋਲੋਂ ਇਕ ਪਰੌਂਠੀ ਉਸੇ ਗਲਗਲ ਦੇ ਆਚਾਰ ਨਾਲ ਖਾਣ ਲਗ ਪਿਆ। ਮੈਂ ਵੀ ਕਿਹਾ, 'ਬਾਬਾ ਸਚੀ ਇਸ ਨੂੰ ਤਾਂ ਕੁਝ ਵੀ ਨਹੀਂ ਲਗਾ। ਇਹ ਤਾਂ ਬੜੇ ਸੁਆਦੀ ਹਨ।' ਨਾਲ ਮਾਂ ਨੇ ਕਾੜ੍ਹਣੀ ਵਿਚੋਂ ਸਾਨੂੰ ਇਕ ਇਕ ਗਲਾਸ ਦੁੱਧ ਦਾ ਮਿੱਠਾ ਪਾ ਕੇ ਦੇ ਦਿਤਾ। ਸਵੇਰ ਦੇ ਭੁਖੇ ਨੂੰ ਇਹ ਭਿਟੀ ਰੋਟੀ ਖਾ ਕੇ ਬੜਾ ਸੁਆਦ ਆਇਆ।



Sri Satguru Jagjit Singh Ji eLibrary NamdhariElibrary@gmail.com

# ਰਾਜਨੀਤਕ ਚੇਤਨਤਾ

ਭਾਰਤ ਦੀਆਂ ਆਜ਼ਾਦੀ ਦੀਆਂ ਲਹਿਰਾਂ ਵਿਚ ਮਾਝੇ ਦਾ ਇਲਾਕਾ ਸਦਾ ਵਧ ਚੜ੍ਹ ਕੇ ਭਾਗ ਲੈਂਦਾ ਰਿਹਾ ਹੈ। ਗ਼ਦਰ ਪਾਰਟੀ ਦੇ ਬਹੁਤ ਸਾਰੇ ਸੂਰਬੀਰ ਆਗੂ ਇਸੇ ਇਲਾਕੇ ਵਿਚੋਂ ਹੀ ਸਨ। ਦੋ ਵੱਡੇ ਗ਼ਦਰੀ ਯੋਧਿਆਂ ਬਾਬਾ ਸੋਹਣ ਸਿੰਘ ਭਕਨਾ ਅਤੇ ਮਾ. ਊਧਮ ਸਿੰਘ ਕਸੇਲ ਦਾ ਜ਼ਿਕਰ ਮੈਂ ਪਹਿਲਾਂ ਵੀ ਕਰ ਆਇਆ ਹਾਂ। ਜਦੋਂ ਮੈਂ ਦੂਜੀ ਤੀਜੀ ਜਮਾਤ ਵਿਚ ਪੜ੍ਹਦਾ ਸਾਂ ਤਾਂ ਮੇਰੇ ਤਾਇਆ ਜੀ ਬਾਬਾ ਹਰਨਾਮ ਸਿੰਘ ਕਸੇਲ ਲਗਪਗ ਤਿੰਨ ਦਹਾਕੇ ਦੇਸੋਂ ਬਾਹਰ ਰਹਿਣ ਪਿਛੋਂ ਪਿੰਡ ਪਰਤ ਆਏ ਸਨ। ਉਹ 1903 ਦੇ ਨੇੜੇ ਤੇੜੇ ਪਹਿਲਾਂ ਮਲਾਇਆ, ਫਿਰ ਹਾਂਗਕਾਂਗ ਤੇ ਫਿਰ ਸ਼ੰਘਾਈ ਰਹੇ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਕੂਲ ਤੋਂ ਦਸਵੀਂ ਪਾਸ ਕਰਕੇ ਰੋਜ਼ਗਾਰ ਦੀ ਭਾਲ ਵਿਚ ਬਾਹਰ ਗਏ ਸਨ। ਉਨ੍ਹਾਂ ਨੂੰ ਬੱਚੇ ਪੜ੍ਹਾਉਣ ਦਾ ਵੀ ਬੜਾ ਸ਼ੌਕ ਸੀ। ਉਹ ਮਲਿਆਈ ਤੇ ਚੀਨੀ ਜ਼ੁਬਾਨ ਬਹੁਤ ਚੰਗੀ ਤਰ੍ਹਾਂ ਬੋਲ ਸਕਦੇ ਸਨ। 1907-08 ਦੇ ਕਰੀਬ ਉਹ ਸ਼ੰਘਾਈ ਵਿਖੇ ਸਫ਼ਾਈ ਮਹਿਕਮੇ ਵਿਚ ਓਵਰਸੀਅਰ ਸਨ। ਜਦੋਂ ਉਥੇ ਪੁਲਿਸ ਦੀ ਬਗ਼ਾਵਤ ਹੋਈ ਤੇ ਕੁਝ ਹਿੰਦੁਸਤਾਨੀਆਂ ਨੂੰ ਸ਼ੱਕ ਵਿਚ ਸ਼ੰਘਾਈ ਤੋਂ ਚਲੇ ਜਾਣ ਲਈ ਕਿਹਾ ਗਿਆ ਤਾਂ ਉਹ ਪ੍ਰੀਤਮ ਸਿੰਘ ਦੇ ਨਾਂ ਥਲੇ ਰਾਹਦਾਰੀ ਬਣਾ ਕੇ ਕਨੇਡਾ ਚਲੇ ਗਏ। ਫ਼ਿਰ ਅਮਰੀਕਾ, ਕੈਲੀਫ਼ੋਰਨੀਆਂ ਪਹੁੰਚ ਗਏ। ਉਥੋਂ ਬਰਕਲੇ ਯੂਨੀਵਰਸਿਟੀ ਵਿਚੋਂ ਬਾਗਬਾਨੀ ਤੇ ਵਿਸ਼ੇਸ਼ ਕਰਕੇ ਫ਼ਲਾਂ ਦੀ ਦੇਖ ਭਾਲ ਵਿਚ ਬੀ. ਐਸਸੀ. ਪਾਸ ਕੀਤੀ ਅਤੇ ਪਿਛੋਂ ਕੁਝ ਹੋਰ ਦੇਸ਼ਵਾਸੀਆਂ ਬਾਬਾ ਚਰਨ ਸਿੰਘ ਭਡਾਣਾ ਨਾਲ ਰਲ ਕੇ ਖੇਤੀਬਾੜੀ ਦਾ ਕੰਮ ਸ਼ੁਰੂ ਕਰ ਦਿਤਾ। ਪੜ੍ਹਾਈ ਸਮੇਂ ਤਿੰਨ ਮਹੀਨੇ ਦੀਆਂ ਛੁਟੀਆਂ ਵਿਚ ਉਹ ਬਾਗਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਆੜ੍ਹ ਤੋੜਨ ਦਾ ਕੰਮ ਕਰਦੇ ਸਨ। ਉਹ ਦਸਦੇ ਹੁੰਦੇ ਸਨ ਕਿ ਸਟਾਕਟਨ ਦੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਸਮੇਂ ਉਨ੍ਹਾਂ ਨੇ ਕੁਝ ਸਮੇਂ ਲਈ ਸਕੱਤਰ ਦੀ ਸੇਵਾ ਵੀ ਨਿਭਾਈ ਸੀ। ਗ਼ਦਰ ਪਾਰਟੀ ਦੀ ਸਥਾਪਨਾ ਦੇ ਪਹਿਲੇ ਦੌਰ 1913-17 ਤਕ ਤਾਂ ਉਹ ਪਾਰਟੀ ਦੀ ਸਹਾਇਤਾ ਚੰਦਾ ਆਦਿ ਦੇ ਕੇ ਕਰਦੇ ਰਹੇ, ਪਰ ਪਿਛੋਂ ਜਦੋਂ 1922-23 ਵਿਚ ਗ਼ਦਰ ਪਾਰਟੀ ਨੂੰ ਨਵੇਂ ਸਿਰਿਉਂ ਜਥੇਬੰਦ ਕੀਤਾ ਗਿਆ ਤਾਂ ਉਹ ਪਾਰਟੀ ਦੇ ਤਿੰਨ ਉਘੇ ਵਰਕਰਾਂ ਭਾਈ ਸੰਤਾ ਸਿੰਘ ਗੰਡੀਵਿੰਡ ਦੇ ਨਾਲ ਰੂਸ ਚਲੇ ਗਏ ਤੇ ਕੁਝ ਚਿਰ ਉਥੇ ਰਾਜਨੀਤਕ ਪੜ੍ਹਾਈ ਕਰਦੇ ਰਹੇ। 1927-28 ਵਿਚ ਚੀਨ ਚਲੇ ਗਏ, ਜਿਥੇ ਉਨ੍ਹਾਂ ਨੂੰ ਅੰਗਰੇਜ਼ਾਂ ਵਿਰੁੱਧ ਭਾਰਤੀ ਫ਼ੌਜੀਆਂ ਵਿਚ ਪ੍ਰਚਾਰ ਕਰਨ ਦਾ ਕੰਮ ਸੌਂਪਿਆ ਗਿਆ ਸੀ। ਕਿਉਂ ਜੋ ਉਨ੍ਹਾਂ ਨੂੰ ਇਹ ਕੰਮ ਸੋਵੀਅਤ ਸਰਕਾਰ ਵਲੋਂ ਭੇਜਿਆ ਗਿਆ ਸੀ। ਇਸ ਲਈ ਰੂਸੀ ਕੌਂਸਲ ਖ਼ਾਨੇ ਨਾਲ ਵੀ ਉਨ੍ਹਾਂ ਦਾ ਨਿਕਟਵਰਤੀ ਸੰਬੰਧ ਰਿਹਾ। ਫਿਰ ਵਾਪਸ ਰੂਸ ਆ ਕੇ ਉਨ੍ਹਾਂ ਨੇ ਕਈ ਫ਼ਾਰਮਾਂ ਵਿਚ ਕੰਮ ਕੀਤਾ। ਰੂਸ ਵਿਚ ਹੀ ਉਨ੍ਹਾਂ ਨੇ ਸ਼ਾਦੀ ਵੀ ਕੀਤੀ। ਉਨ੍ਹਾਂ ਦੀ ਰੂਸੀ ਪਤਨੀ ਦਾ ਨਾਂ ਲੁਧਮੀਲਾ ਕੁਜ਼ਮੀਨੀਚਨਾ ਅਰਲੋਵਾ ਸੀ ਤੇ ਉਨ੍ਹਾਂ ਦਾ ਆਪਣਾ ਰੂਸੀ ਨਾਂ ਲਿਉਨ ਲਿਉਨਾ ਵਿਚ ਅਰਲੋਵ ਸੀ। ਉਨ੍ਹਾਂ ਦੇ ਰੂਸੀ ਬੇਟੇ ਦਾ ਨਾਂ ਯਾਗੋਰ ਅਰਲੋਵ ਸੀ। ਆਪ ਰੂਸੀ ਜਬਾਨ ਚੰਗੀ ਤਰ੍ਹਾਂ ਬੋਲ ਅਤੇ ਲਿਖ ਪੜ੍ਹ ਸਕਦੇ ਸਨ ਅਤੇ ਉਹ ਰੂਸ ਦੀ ਕਮਿਊਨਿਸਟ ਪਾਰਟੀ (C.P.S.U.) ਦੇ ਮੈਂਬਰ ਵੀ ਰਹੇ ਸਨ ਅਤੇ 1935-36 ਦੇ ਲਗਭਗ ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਹਿੰਦੁਸਤਾਨ ਵਿਚ ਆਜ਼ਾਦੀ ਦੀਆਂ ਲਹਿਰਾਂ ਜ਼ੋਰ ਫੜ ਰਹੀਆਂ ਹਨ ਤਾਂ ਉਹ ਬੈਲਜੀਅਮ ਤੇ ਫ਼ਰਾਂਸ ਹੁੰਦੇ ਹੋਏ ਹਿੰਦੁਸਤਾਨ ਆ ਗਏ, ਇਸ ਤੋਂ ਪਹਿਲਾਂ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਪੁੱਛ ਗਿਛ ਲਈ ਨਜ਼ਰਬੰਦ ਰਹੇ। ਅੰਗਰੇਜ਼ੀ ਸਰਕਾਰ ਦੇ ਖ਼ੁਫ਼ੀਆ ਅਧਿਕਾਰੀ ਕਹਿੰਦੇ ਸਨ ਕਿ ਤੇਰਾ ਨਾਂ ਪ੍ਰੀਤਮ ਸਿੰਘ ਹੈ ਤੇ ਤੂੰ ਗ਼ਦਰ ਪਾਰਟੀ ਦਾ ਉੱਘਾ ਵਰਕਰ ਹੈਂ, ਜੋ ਰੂਸ ਤੋਂ ਆਇਆ ਹੈਂ, ਪਰ ਉਹ ਕਹਿੰਦੇ ਸਨ ਮੈਂ ਹਰਨਾਮ ਸਿੰਘ ਹਾਂ। ਕਿਲ੍ਹੇ ਵਿਚੋਂ ਰਿਹਾਈ ਪਿਛੋਂ ਆਪ ਜਦੋਂ ਪਿੰਡ ਆਏ ਤਾਂ ਲੋਕਾਂ ਨੂੰ ਬੜੀ ਹੈਰਾਨੀ ਤੇ ਖ਼ੁਸ਼ੀ ਵੀ ਹੋਈ।

ਇਕ ਦਿਨ ਉਹ ਮੇਰੇ ਇਕ ਹੋਰ ਤਾਇਆ ਜੀ ਸੂਬੇਦਾਰ ਤੇਜਾ ਸਿੰਘ ਨਾਲ ਸੈਰ ਕਰ ਰਹੇ ਸਨ ਤਾਂ ਮੈਨੂੰ ਉਨ੍ਹਾਂ ਨੇ ਵੇਖ ਕੇ ਕਿਹਾ ਕਿ ਇਹ ਕਿਸ ਦਾ ਪੁੱਤਰ ਹੈ? ਸੂਬੇਦਾਰ ਤੇਜਾ ਸਿੰਘ ਨੇ ਦੱਸਿਆ ਕਿ ਇਹ ਸ. ਗੰਗਾ ਸਿੰਘ ਦਾ ਲੜਕਾ ਹੈ।



Sri Satguru Jagjit Singh Ji eLibrary NamdhariElibrary@gmail.com

ਤਾਇਆ ਜੀ ਹਰਨਾਮ ਸਿੰਘ ਦਾ ਆਪਣੀ ਚਾਚੀ ਮੇਰੀ ਦਾਦੀ ਨਾਲ ਬੜਾ ਪ੍ਰੇਮ ਸੀ। ਬਚਪਨ ਵਿਚ ਉਨ੍ਹਾਂ ਦੀ ਮਤਰੇਈ ਮਾਂ ਸੀ, ਜੋ ਮਤਰੇਏ ਦੋਹਾਂ ਭੈਣਾਂ ਭਰਾਵਾਂ ਨੂੰ ਬੜਾ ਤੰਗ ਕਰਦੀ ਹੁੰਦੀ ਸੀ। ਇਸ ਲਈ ਚਾਚੀਆਂ ਤਾਈਆਂ ਦੀ ਹਮਦਰਦੀ ਇਨ੍ਹਾਂ ਮਾਂ ਮਹਿਟਰ ਬਚਿਆਂ ਨਾਲ ਸੀ। ਉਨ੍ਹਾਂ ਨੂੰ ਯਾਦ ਸੀ ਕਿ ਜਦੋਂ ਉਹ ਬਾਹਰ ਗਏ ਸਨ ਤਾਂ ਮੇਰੇ ਪਿਤਾ ਜੀ ਉਸ ਸਮੇਂ 3-4 ਸਾਲ ਦੇ ਸਨ। ਮੇਰੇ ਬਾਬਾ ਮਾਨ ਸਿੰਘ ਦੇ ਕਾਲ ਵਾਸ ਹੋਣ ਦੀ ਖ਼ਬਰ ਬਾਰੇ ਉਨ੍ਹਾਂ ਨੂੰ ਮਲਾਇਆ ਵਿਚ ਚਿੱਠੀ ਰਾਹੀਂ ਹੀ ਪਤਾ ਲਗਾ ਸੀ। ਉਨ੍ਹਾਂ ਨੂੰ ਉਸ ਸਮੇਂ ਤੋਂ ਹੀ ਮੇਰੇ ਨਾਲ ਬਹੁਤ ਪ੍ਰੇਮ ਹੋ ਗਿਆ ਤੇ ਸੱਚ ਪੁੱਛੋ ਤਾਂ ਮੈਨੂੰ ਉਨ੍ਹਾਂ ਵਿਚੋਂ ਆਪਣੇ ਬਾਪ ਵਾਲਾ ਪ੍ਰੇਮ ਹੀ ਮਿਲਿਆ। ਅੰਮ੍ਰਿਤਸਰ ਵਿਚ 1937-38 ਵਿਚ ਇਕ ਵੱਡਾ ਕਿਸਾਨ ਮੁਜਾਹਰਾ ਹੋਇਆ, ਬਹੁਤ ਵੱਡਾ ਜਲੂਸ ਜਲ੍ਹਿਆਂ ਵਾਲੇ ਬਾਗ਼ ਤੋਂ ਤੁਰਿਆ, ਜਿਸ ਨੇ ਡਿਪਟੀ ਕਮਿਸ਼ਨਰ ਨੂੰ ਜਾ ਕੇ ਇਕ ਯਾਦ ਪੱਤਰ ਦੇਣਾ ਸੀ। ਇਸ ਜਲੂਸ ਦੀ ਅਗਵਾਈ ਬਾਬਾ ਹਰਨਾਮ ਸਿੰਘ ਕਸੇਲ ਤੇ ਅਕਾਲੀ ਨੇਤਾ ਜਥੇਦਾਰ ਊਧਮ ਸਿੰਘ ਨਾਗੋਕੇ ਕਰ ਰਹੇ ਸਨ। ਇਸ ਵਿਚ ਬਾਬਾ ਸੋਹਣ ਸਿੰਘ ਭਕਨਾ ਵਰਗੇ ਬਜ਼ੁਰਗ ਨੇਤਾ ਵੀ ਸ਼ਾਮਲ ਸਨ। ਰੇਲਵੇ ਲਾਈਨ ਵਾਲੇ ਉਚੇ ਪੁਲ ਤੇ ਆ ਕੇ ਇਸ ਜਲੂਸ ਨੂੰ ਰੋਕ ਲਿਆ ਗਿਆ ਅਤੇ ਪੁਲਿਸ ਅਫ਼ਸਰਾਂ ਦੇ ਹੁਕਮ ਨਾਲ ਜਲੂਸ ਉਤੇ ਲਾਠੀਚਾਰਜ ਕੀਤਾ ਗਿਆ। ਫਿਰ ਗੱਡੀਆਂ ਵਿਚ ਬਿਠਾ ਕੇ ਪੁਲਿਸ ਵਾਲੇ ਇਨ੍ਹਾਂ ਨੂੰ ਦੂਰ ਦੂਰ ਜਾ ਕੇ ਛਡ ਆਏ। ਇਸ ਤੋਂ ਪਿਛੋਂ ਬਾਬਾ ਹਰਨਾਮ ਸਿੰਘ ਉਤੇ ਇਕ ਪੁਲਿਸ ਦਾ ਸਿਪਾਹੀ ਨਿਗਰਾਨੀ ਲਈ ਭੇਜਿਆ ਗਿਆ ਅਤੇ ਉਨ੍ਹਾਂ ਨੂੰ ਸਾਲ ਲਈ ਪਿੰਡ ਕਸੇਲ ਵਿਚ ਨਜ਼ਰਬੰਦ ਕਰ ਦਿਤਾ ਗਿਆ। ਮੇਰੇ ਲਈ ਉਨ੍ਹਾਂ ਦੀ ਨਜ਼ਰਬੰਦੀ ਵਰ ਸਿਧ ਹੋਈ। ਉਨ੍ਹਾਂ ਨੇ ਮੇਰੀ ਪੜ੍ਹਾਈ ਵਲ ਉਚੇਚਾ ਧਿਆਨ ਦਿੱਤਾ ਅਤੇ ਪਿੰਡ ਦੇ ਗੁਰਦੁਆਰੇ ਦੇ ਇਕ ਕਮਰੇ ਵਿਚ ਉਨ੍ਹਾਂ ਬਲੈਕ ਬੋਰਡ ਬਣਾ ਕੇ ਪਿੰਡ ਦੀਆਂ ਬਚੀਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿਤਾ। ਉਨ੍ਹਾਂ ਦਿਨਾਂ ਵਿਚ ਹੀ ਲਾਹੌਰ ਦਾ ਕਿਸਾਨ ਮੋਰਚਾ ਲਗਿਆ, ਜਿਸ ਵਿਚ ਸਾਡੇ ਪਿੰਡ ਤੋਂ ਬੀਬੀਆਂ ਦਾ ਜਥਾ ਸ਼ਾਮਲ ਹੋਇਆ, ਜਿਸ ਵਿਚ ਉਨ੍ਹਾਂ ਦੀਆਂ ਪੜ੍ਹਾਈਆਂ ਹੋਈਆਂ ਕੁਝ ਬੀਬੀਆਂ ਵੀ ਸ਼ਾਮਲ ਸਨ, ਜਿਨ੍ਹਾਂ ਨੇ ਇਸ ਮੋਰਚੇ ਵਿਚ ਪੰਜਾਬ ਅਸੈਂਬਲੀ ਤਕ ਪਹੁੰਚ ਕੇ ਗ੍ਰਿਫ਼ਤਾਰੀ ਦਿਤੀ ਸੀ ਅਤੇ ਕੁਝ ਮਹੀਨੇ ਕੈਦ ਵੀ ਕਟੀ ਸੀ। ਨਜ਼ਰਬੰਦੀ ਦੇ ਦਿਨਾਂ ਵਿਚ ਉਹ ਰਾਤ ਬਰਾਤੇ ਚੋਰੀ ਛਿਪੇ ਬਾਬਾ ਸੋਹਣ ਸਿੰਘ ਭਕਨਾ ਨੂੰ ਵੀ ਮਿਲ ਆਉਂਦੇ ਸਨ ਅਤੇ ਹੋਰ ਨੇੜੇ ਤੇੜੇ ਦੇ



Sri Satguru Jagjit Singh Ji eLibrary NamdhariElibrary@gmail.com

ਆਗੂਆਂ ਸ. ਕਰਤਾਰ ਸਿੰਘ ਗਿੱਲ ਜੋ ਬਾਸਰਕੇ ਗਿੱਲਾਂ ਦਾ ਰਹਿਣ ਵਾਲਾ ਸੀ ਤੇ ਅਮਰੀਕਾ ਤੋਂ ਆਇਆ ਸੀ, ਨੂੰ ਮਿਲ ਆਉਂਦੇ ਸਨ। ਇਸ ਤਰ੍ਹਾਂ ਕਈ ਹੋਰ ਦੇਸ਼ਭਗਤ ਵੀ ਉਨ੍ਹਾਂ ਨੂੰ ਮਿਲਣ ਆ ਜਾਂਦੇ ਸਨ। ਦੇਸ਼ ਨੂੰ ਵਿਦੇਸ਼ੀ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਉਨ੍ਹਾਂ ਦੇ ਦਿਲੀ ਜਜ਼ਬੇ ਉਸੇ ਤਰ੍ਹਾਂ ਹੀ ਕਾਇਮ ਸਨ। ਨਿਗਰਾਨੀ ਵਾਲੇ ਪੁਲਿਸ ਮੁਲਾਜ਼ਮਾਂ ਦਾ ਤਾਂ ਇਹ ਹਾਲ ਸੀ ਕਿ ਉਨ੍ਹਾਂ ਵਿਚੋਂ ਇਕ ਤਾਂ ਉਨ੍ਹਾਂ ਦੀਆਂ ਆਜ਼ਾਦੀ ਬਾਰੇ ਗੱਲਾਂ ਬਾਤਾਂ ਸੁਣ ਕੇ ਹੀ ਨੌਕਰੀ ਛੱਡ ਗਿਆ ਸੀ ਤੇ ਦੂਜਾ ਮੁਸਲਮਾਨ ਸਿਪਾਹੀ ਫ਼ਰੀਦ ਬਖ਼ਸ਼ ਜੋ ਕਾਫ਼ੀ ਸਮੇਂ ਲਈ ਉਨ੍ਹਾਂ ਦੀ ਨਿਗਰਾਨੀ ਤੇ ਰਿਹਾ, ਉਨ੍ਹਾਂ ਨੂੰ ਪਹਿਲਾਂ ਹੀ ਆਪਣੇ ਵੱਲੋਂ ਲਿਖੀਆਂ ਖ਼ੁਫ਼ੀਆ ਰਿਪੋਰਟਾਂ ਪੜ੍ਹਾ ਜਾਂਦਾ ਸੀ। ਜਦੋਂ ਥੋੜ੍ਹੀ ਜਿਹੀ ਖੁੱਲ੍ਹ ਹੋਈ ਤਾਂ ਉਹ ਸਿਪਾਹੀ ਉਨ੍ਹਾਂ ਦੇ ਪਿੱਛੇ-ਪਿੱਛੇ ਹੁੰਦਾ, ਪਰ ਜਦੋਂ ਅੰਮ੍ਰਿਤਸਰ ਆਦਿ ਲੰਘ ਜਾਂਦੇ ਤਾਂ ਫਿਰ ਉਹ ਉਨ੍ਹਾਂ ਨਾਲ ਹੀ ਆ ਰਲਦਾ ਤੇ ਰਿਸ਼ਤੇਦਾਰੀ ਵਿਚ ਉਨ੍ਹਾਂ ਨਾਲ ਹੀ ਠਹਿਰਦਾ। ਬਾਬਾ ਜੀ ਵੀ ਜਦੋਂ ਫ਼ਰੀਦ ਬਖ਼ਸ਼ ਦੇ ਰਿਸ਼ਤੇਦਾਰਾਂ ਦੇ ਪਿੰਡੋਂ ਲੰਘਦੇ ਤਾਂ ਉਨ੍ਹਾਂ ਦੇ ਘਰ ਚਲੇ ਜਾਂਦੇ। ਇਹ ਸਿਪਾਹੀ ਨਿਗਰਾਨੀ ਤਾਂ ਕੀ ਕਰਦਾ, ਉਨ੍ਹਾਂ ਦਾ ਹਮਦਰਦ ਸਹਾਇਕ ਬਣ ਗਿਆ ਸੀ। ਉਨ੍ਹਾਂ ਦੀ ਸੰਗਤ ਅਤੇ ਦੇਖ-ਰੇਖ ਤੋਂ ਬਚਪਨ ਵਿਚ ਹੀ ਮੇਰੇ ਅੰਦਰ ਰਾਜਨੀਤਿਕ ਚੇਤਨਤਾ ਜਾਗ ਪਈ ਅਤੇ ਭਾਰਤ ਦੀਆਂ ਆਜ਼ਾਦੀ ਦੀਆਂ ਲਹਿਰਾਂ ਬਾਰੇ ਮੇਰੀ ਰੁਚੀ ਵੱਧ ਗਈ। ਉਨ੍ਹਾਂ ਦੇ ਪ੍ਰਭਾਵ ਸਦਕਾ ਹੀ ਪਿੰਡ ਦੇ ਹੋਰ ਕਈ ਸਾਥੀ ਪਹਿਲਾਂ ਕਿਰਤੀ ਪਾਰਟੀ ਤੇ ਫਿਰ ਕਮਿਊਨਿਸਟ ਪਾਰਟੀ ਦੇ ਮੈਂਬਰ ਤੇ ਹਮਦਰਦ ਬਣ ਗਏ ਅਤੇ ਕਿਸਾਨ ਸਭਾਵਾਂ ਵਿਚ ਵੀ ਕੰਮ ਕਰਨ ਲਗੇ।

ਮੈਨੂੰ ਯਾਦ ਹੈ ਕਿ ਮੇਰੀ ਦਾਦੀ ਜੀ ਦਾ ਦੇਹਾਂਤ ਵੀ ਉਨ੍ਹਾਂ ਦੀ ਹਾਜ਼ਰੀ ਵਿਚ ਹੀ ਹੋਇਆ ਸੀ। ਜਦੋਂ ਮਰਨ ਸਮੇਂ ਮੇਰੀ ਦਾਦੀ ਦਾ ਘੋਰੜ ਵੱਜ ਰਿਹਾ ਸੀ ਤਾਂ ਉਨ੍ਹਾਂ ਨੇ ਚਮਚੇ ਨਾਲ ਉਸ ਦੇ ਮੂੰਹ ਵਿਚ ਪਾਣੀ ਪਾਇਆ ਸੀ ਤੇ ਛੇਤੀ ਹੀ ਮੇਰੀ ਦਾਦੀ ਨੇ ਪ੍ਰਾਣ ਤਿਆਗ ਦਿੱਤੇ ਸਨ।

ਪੰਜਵੀਂ ਜਮਾਤ ਵਿਚ ਮੈਨੂੰ ਉਨ੍ਹਾਂ ਨੇ ਹੀ ਢੰਡਾਂ ਦੇ ਮਿਡਲ ਸਕੂਲ ਵਿਚ ਦਾਖ਼ਲ ਕਰਵਾਇਆ ਸੀ। ਸਕੂਲ ਦਾ ਹੈਡਮਾਸਟਰ ਮੋਹਕਮ ਚੰਦ ਜੋ ਖੱਦਰ ਦੇ ਚਿੱਟੇ ਕਪੜੇ ਪਹਿਨਦਾ ਸੀ ਅਤੇ ਸਿਰ ਤੇ ਖੱਦਰ ਦੀ ਚਿੱਟੀ ਪਗੜੀ ਬੰਨ੍ਹਦਾ ਸੀ। ਸ਼ਾਇਦ ਇਸੇ ਲਈ ਮੈਨੂੰ ਪਿਆਰ ਕਰਦਾ ਸੀ ਕਿ ਮੈਨੂੰ ਇਕ ਦੇਸ਼ ਭਗਤ, ਸਕੂਲ ਵਿਚ ਦਾਖ਼ਲ ਕਰਵਾ ਕੇ ਗਿਆ ਸੀ। 1939 ਦੀ ਵੱਡੀ ਜੰਗ ਸ਼ੁਰੂ ਹੋ ਗਈ। ਬਾਬਾ



Sri Satguru Jagjit Singh Ji eLibrary NamdhariElibrary@gmail.com

ਹਰਨਾਮ ਸਿੰਘ ਨੇ ਸ਼ੇਖ਼ੂਪੁਰੇ ਜਾ ਕੇ ਇਕ ਕਿਸਾਨ ਜਲਸੇ ਵਿਚ ਤਕਰੀਰ ਕੀਤੀ ਸੀ, ਜਿਸ ਦੀ ਬਿਨਾ ਉਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ 9 ਮਹੀਨੇ ਦੀ ਕੈਦ ਹੋਈ। ਪਿੱਛੋਂ ਜੰਗੀ ਕੈਦੀ ਬਣਾ ਕੇ ਦਿਓਲੀ ਜੇਲ੍ਹ ਵਿਚ ਭੇਜਿਆ ਗਿਆ ਅਤੇ 1945 ਵਿਚ ਹੀ ਦੁਬਾਰਾ ਰਿਹਾਈ ਹੋਈ ਤੇ ਫਿਰ ਇਹ ਪਾਬੰਦੀ ਲਗਾਈ ਗਈ ਕਿ ਉਹ ਹਰ ਐਤਵਾਰ ਥਾਣੇ ਜਾ ਕੇ ਇਤਲਾਹ ਦਿਆ ਕਰਨ।

ਮੈਂ 1942 ਵਿਚ ਮਿਡਲ ਪਾਸ ਕਰ ਲਿਆ। ਹੁਣ ਮੈਟ੍ਰਿਕ ਦੀ ਪੜ੍ਹਾਈ ਕਰਨ ਲਈ ਕਿਸੇ ਸਕੂਲ ਵਿਚ ਦਾਖ਼ਲ ਹੋਣਾ ਸੀ। ਮੈਂ ਕੁਝ ਮਹੀਨੇ ਨਾਨਕੇ ਪਿੰਡ ਜਾ ਕੇ ਅਟਾਰੀ ਦੇ ਹਾਈ ਸਕੂਲ ਵਿਚ ਪੜ੍ਹਨਾ ਸ਼ੁਰੂ ਕੀਤਾ, ਪਰ ਰੋਜ਼ ਦਾ ਸਾਈਕਲ ਉਤੇ ਆਣਾ-ਜਾਣਾ ਰਾਸ ਨਾ ਆਇਆ। ਮਾਮਿਆਂ ਤੇ ਨਾਨਿਆਂ ਦੇ ਘਰਾਂ ਵਿਚੋਂ ਕਿਸ ਨਾਲ ਰਹਾਂ, ਇਹ ਵੀ ਮੇਰੀ ਸਮੱਸਿਆ ਸੀ। ਜਦੋਂ ਬਾਬਾ ਜੀ ਨੂੰ ਜੇਲ੍ਹ ਵਿਚ ਚਿੱਠੀ ਲਿਖੀ ਤਾਂ ਸਪੈਸ਼ਲ ਜੇਲ੍ਹ ਗੁਜਰਾਤ ਵਿਚੋਂ ਉਨ੍ਹਾਂ ਮੈਨੂੰ ਖ਼ਾਲਸਾ ਹਾਈ ਸਕੂਲ, ਸਿਰਹਾਲੀ ਵਿਚ ਜਾ ਕੇ ਦਾਖ਼ਲ ਹੋਣ ਅਤੇ ਹੋਸਟਲ ਵਿਚ ਰਹਿਣ ਲਈ ਲਿਖ ਭੇਜਿਆ। ਸਿਰਹਾਲੀ ਸਕੂਲ ਦੇ ਮਾਸਟਰ ਸੁਜਾਨ ਸਿੰਘ ਉਨ੍ਹਾਂ ਨੂੰ ਜਾਣਦੇ ਸਨ ਤੇ ਬਾਬਾ ਜੀ ਨੇ ਉਨ੍ਹਾਂ ਨੂੰ ਵੀ ਮੇਰੇ ਬਾਰੇ ਚਿੱਠੀ ਲਿਖ ਦਿੱਤੀ ਸੀ। ਮੈਂ ਮੈਟ੍ਰਿਕ ਦੀ ਪੜ੍ਹਾਈ ਕਰਨ ਲਈ ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ ਸਿਰਹਾਲੀ ਵਿਚ ਦਾਖ਼ਲ ਹੋ ਗਿਆ। ਮੇਰੀ ਮਾਤਾ ਮੇਰੇ ਨਾਲ ਜਾ ਕੇ ਮੈਨੂੰ ਉਥੇ ਦਾਖ਼ਲ ਕਰਵਾ ਆਈ।

ਉਸ ਸਮੇਂ ਇਸ ਸਕੂਲ ਦਾ ਨਾਂ ਸਾਰੇ ਜ਼ਿਲ੍ਹੇ ਵਿਚ ਬੜਾ ਉੱਘਾ ਸੀ। ਇੱਥੋਂ ਦਾ ਵਾਤਾਵਰਨ ਬੜਾ ਚੰਗਾ ਸੀ ਤੇ ਅਧਿਆਪਕ ਬੜੇ ਲਾਇਕ ਸਨ। ਹੈਡਮਾਸਟਰ ਸ. ਮੋਹਨ ਸਿੰਘ, ਸੈਕਿੰਡ ਮਾ. ਸ਼ੇਰ ਸਿੰਘ ਅਤੇ ਮਾ. ਸੁਜਾਨ ਸਿੰਘ ਤਿੰਨਾਂ ਦਾ ਬੜਾ ਮੇਲ-ਮਿਲਾਪ ਸੀ, ਤਿੰਨੇ ਇਕੱਠੇ ਹੀ ਇਸ ਸਕੂਲ ਵਿਚ ਆਏ ਸਨ ਅਤੇ ਇਨ੍ਹਾਂ ਨੇ ਆਪਣੀ ਸਾਰੀ ਉਮਰ ਇਸ ਸਕੂਲ ਦੇ ਹੀ ਲੇਖੇ ਲਾ ਦਿੱਤੀ ਸੀ। ਸਕੂਲ ਬਾਬਾ ਕਿਹਰ ਸਿੰਘ ਬੁਰਜਵਾਲਿਆਂ ਦੇ ਉਦਮ ਨਾਲ ਬਣਿਆਂ ਸੀ ਅਤੇ ਪਿੰਡ ਵਾਲਿਆਂ ਨੇ 50-60 ਵਿੱਘੇ ਜ਼ਮੀਨ ਸਕੂਲ ਨੂੰ ਦੇ ਦਿੱਤੀ ਸੀ। ਸਕੂਲ ਵਿਚ ਹੀ ਬੋਰਡਿੰਗ, ਹੋਸਟਲ ਤੇ ਅਧਿਆਪਕਾਂ ਦੇ ਕੁਆਟਰ ਜੋ ਭਾਂਵੇਂ ਕੱਚੇ ਹੀ ਸਨ, ਇਕ ਸ਼ਾਨਦਾਰ ਗੁਰਦੁਆਰਾ, ਖੇਡਣ ਲਈ ਮੈਦਾਨ ਅਤੇ ਨਹਾਉਣ-ਧੋਣ ਲਈ ਹਲਟੀ ਤੇ ਟੂਟੀਆਂ ਸਨ। ਹਲਟੀ ਸੰਡਾ ਜੋੜ ਕੇ ਚਲਾ ਦਿੱਤੀ ਜਾਂਦੀ ਸੀ ਤੇ ਟੂਟੀਆਂ ਤੋਂ ਵਾਧੂ ਪਾਣੀ ਖੇਤਾਂ ਨੂੰ ਲਾ ਦਿੱਤਾ ਜਾਂਦਾ ਸੀ। ਇਸ ਸਕੂਲ ਦਾ ਵਰਣਨ ਮੈਂ ਬੱਚਿਆਂ



Sri Satguru Jagjit Singh Ji eLibrary NamdhariElibrary@gmail.com

ਲਈ ਲਿਖੇ ਗਏ ਇਕ ਲਘੂ ਨਾਵਲ 'ਆਦਰਸ਼-ਸਕੂਲ' ਵਿਚ ਬਿਆਨ ਕੀਤਾ ਹੈ, ਜੋ ਭਾਸ਼ਾ ਵਿਭਾਗ ਪੰਜਾਬ ਵੱਲੋਂ ਛਾਪਿਆ ਗਿਆ ਸੀ। ਸੱਚਮੁਚ ਇਹ ਇਕ ਆਦਰਸ਼ ਸਕੂਲ ਸੀ, ਜਿੱਥੋਂ ਦੋ ਸਾਲ ਪੜ੍ਹਾਈ ਕਰਕੇ ਮੈਂ ਬਹੁਤ ਕੁਝ ਪ੍ਰਾਪਤ ਕੀਤਾ।

ਸਿੱਖੀ ਜੀਵਨ ਦੀ ਜਾਚ ਗੁਰਦੁਆਰੇ ਸਾਹਿਬ ਵਿਚ ਹਾਜ਼ਰੀ ਭਰ ਕੇ ਸਿੱਖੀ। ਗੁਰੂ ਗ੍ਰੰਥ ਸਾਹਿਬ ਦਾ ਪਹਿਲੇ ਸਹਿਜ ਤੇ ਫਿਰ ਅਖੰਡ ਪਾਠ ਕਰਨਾ ਸ਼ੁਰੂ ਕੀਤਾ। ਹੈਡ ਮਾਸਟਰ ਸ. ਮੋਹਨ ਸਿੰਘ ਤੋਂ ਸਾਇੰਸ ਤੇ ਫ਼ਿਜਿਓਲੋਜੀ ਹਾਈਜੀਨ ਪੜ੍ਹੀ। ਇਨ੍ਹਾਂ ਵਿਸ਼ਿਆਂ ਦਾ ਮਾਧਿਅਮ ਅੰਗਰੇਜ਼ੀ ਸੀ। ਉਨ੍ਹਾਂ ਨੇ ਜਿਸ ਤਰ੍ਹਾਂ ਇਹ ਵਿਸ਼ੇ ਪੜ੍ਹਾਏ, ਅਜਿਹਾ ਆਦਰਸ਼ ਅਧਿਆਪਕ ਮੁੜ ਕੇ ਸਾਨੂੰ ਕਾਲਜ ਵਿਚ ਵੀ ਨਾ ਪ੍ਰਾਪਤ ਹੋਇਆ। ਇਸ ਤਰ੍ਹਾਂ ਦੂਜੇ ਅਧਿਆਪਕ ਬੜੇ ਸਮਰਪਿਤ ਵਿਅਕਤੀ ਸਨ। ਸਕੂਲ ਵਿਚ ਤਿੰਨ ਸ਼ਿਫ਼ਟਾਂ ਰਾਹੀਂ ਪੜ੍ਹਾਈ ਹੁੰਦੀ ਸੀ। ਗਰਮੀਆਂ ਵਿਚ ਤੀਜੀ ਸ਼ਿਫ਼ਟ ਸਕੂਲ ਦੇ ਦਿੱਤੇ ਕੰਮ ਕਰਨ ਲਈ ਹੁੰਦੀ ਸੀ, ਜੋ ਅਧਿਆਪਕਾਂ ਦੀ ਨਿਗਰਾਨੀ ਵਿਚ ਕੀਤਾ ਜਾਂਦਾ ਸੀ। ਸਿਆਲ ਨੂੰ ਦਸਵੀਂ ਦੇ ਸਾਰੇ ਵਿਦਿਆਰਥੀ ਹੋਸਟਲ ਵਿਚ ਹੁੰਦੇ ਸਨ ਅਤੇ ਰਾਤ ਨੂੰ ਕਲਾਸਾਂ ਵਿਚ ਗੈਸ ਜਗਾ ਕੇ ਪੜ੍ਹਾਈ ਕਰਵਾਈ ਜਾਂਦੀ ਸੀ। ਹੋਸਟਲ ਦੇ ਵਿਦਿਆਰਥੀਆਂ ਨੂੰ ਸਵੇਰੇ 5 ਵਜੇ ਹੀ ਹੋਸਟਲ ਦੇ ਸੁਪਰਡੈਂਟ ਗਿਆਨੀ ਭਗਤ ਸਿੰਘ ਜੀ ਕਮਰੇ-ਕਮਰੀ ਜਾ ਕੇ ਜਗਾ ਦਿੰਦੇ ਅਤੇ ਪੜ੍ਹਨ ਲਈ ਕਹਿੰਦੇ ਸਨ। ਹੋਸਟਲ ਦੇ ਲੰਗਰ ਵਿਚ ਇਕ ਕੁੱਬਾ ਲਾਂਗਰੀ ਸੋਹਣ ਸਿੰਘ ਸੀ, ਜਿਸ ਨੂੰ ਸਾਰੇ 'ਬੇਬੇ' ਕਹਿ ਕੇ ਬੁਲਾਉਂਦੇ ਸਨ। ਮੁੰਡੇ ਘਿਉ ਪਿੰਡਾਂ ਤੋਂ ਲੈ ਆਉਂਦੇ ਸਨ ਅਤੇ ਆਟਾ ਲਿਆ ਕੇ ਲੰਗਰ ਵਿਚ ਜਮ੍ਹਾ ਕਰ ਦਿੰਦੇ। ਦੁੱਧ ਸਕੂਲ ਦੀ ਦੁਕਾਨ ਤੋਂ ਮਿਲ ਜਾਂਦਾ ਸੀ। ਸਸਤਾ ਹੋਣ ਕਰਕੇ ਸਾਰਾ ਖ਼ਰਚਾ ਕਦੇ ਵੀ 5 ਰੁਪਏ ਮਹੀਨੇ ਤੋਂ ਨਹੀਂ ਸੀ ਵਧਿਆ। ਇਸ ਸਕੂਲ ਨੇ ਜਿੱਥੇ ਕਈ ਵਿਦਵਾਨ ਤੇ ਉੱਚੇ ਅਫ਼ਸਰ ਬਣਾਏ, ਉਥੇ ਕੁਝ ਅੰਤਰ-ਰਾਸ਼ਟਰੀ ਪੱਧਰ ਦੇ ਹਾਕੀ ਦੇ ਖਿਡਾਰੀ ਵੀ ਇਸੇ ਸਕੂਲ ਦੀ ਦੇਣ ਸਨ।

ਮੈਨੂੰ ਯਾਦ ਹੈ ਜਦੋਂ ਮੈਂ ਦਸਵੀਂ ਵਿਚ ਹੋਇਆ ਤਾਂ ਇਕ ਹੋਰ ਆਪਣੇ ਜਮਾਤੀ ਜੋਗਾ ਸਿੰਘ ਨਾਲ ਰਲ ਕੇ ਕਾਮਰੇਡ ਤੇਜਾ ਸਿੰਘ ਸੁਤੰਤਰ ਦਾ ਤਿੰਨ ਦਿਨਾਂ ਲਈ ਲਗਾ ਸਿਰਹਾਲੀ ਦੇ ਇਕ ਗੁਰਦੁਆਰੇ ਵਿਚ ਸਟੱਡੀ ਸਰਕਲ ਸੁਣਿਆਂ ਸੀ। ਮੈਂ ਤੇ ਜੋਗਾ ਸਿੰਘ (ਜੋ ਸਕੂਲ ਦੇ ਗੁਰਦੁਆਰੇ ਦਾ ਜਥੇਦਾਰ ਵੀ ਸੀ) ਦੇਸ਼ ਭਗਤਾਂ ਤੇ ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਾਂ ਵਿਚੋਂ ਸਾਂ। ਉਨ੍ਹਾਂ ਦਿਨਾਂ ਵਿਚ



Sri Satguru Jagjit Singh Ji eLibrary NamdhariElibrary@gmail.com

ਹੀ ਭਕਨਾ ਵਿਖੇ ਆਲ ਇੰਡੀਆ ਕਿਸਾਨ ਸਭਾ ਦੀ ਇਕ ਵੱਡੀ ਕਾਨਫ਼ਰੰਸ ਹੋਈ ਸੀ, ਜਿਸ ਵਿਚ ਮੈਂ ਤੇ ਜੋਗਾ ਸਿੰਘ ਅਸੀਂ ਦੋਵੇਂ ਪ੍ਰਸਿੱਧ ਦੇਸ਼ ਭਗਤ ਸੰਤ ਬਾਬਾ ਵਸਾਖਾ ਸਿੰਘ ਜੀ ਦੇ ਪਿੰਡ ਦਦੇਹਰ ਤੋਂ ਲੈ ਕੇ ਜੱਥੇ ਨਾਲ ਪਿੰਡਾਂ ਵਿਚੋਂ ਹੁੰਦੇ ਹੋਏ ਸਰਬ ਹਿੰਦ ਕਿਸਾਨ ਸਭਾ ਦੀ ਇਸ ਕਾਨਫ਼ਰੰਸ ਵਿਚ ਪਹੁੰਚੇ ਸਾਂ (ਕਾਨਫ਼ਰੰਸ ਦੇ ਪ੍ਰਧਾਨ ਦਾ ਬੜਾ ਤਕੜਾ ਜਲੂਸ ਖਾਸੇ ਸਟੇਸ਼ਨ ਤੋਂ ਚਲ ਕੇ ਕਾਨਫ਼ਰੰਸ ਦੇ ਪੰਡਾਲ ਵਿਚ ਪੁੱਜਾ ਸੀ)। ਬਾਬਾ ਸੋਹਣ ਸਿੰਘ ਜੀ ਭਕਨਾ ਕੁਝ ਦਿਨ ਪਹਿਲਾਂ ਹੀ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਏ ਸਨ। 70 ਸਾਲ ਤੋਂ ਵੀ ਵੱਧ ਉਮਰ ਸੀ। ਸਰੀਰ ਵਿਚ ਭਾਵੇਂ ਕੁੱਬ ਪੈ ਗਿਆ ਸੀ, ਪਰ ਉਹ ਕਾਨਫ਼ਰੰਸ ਦੇ ਪੰਡਾਲ ਵਿਚ ਫਿਰ-ਫਿਰ ਕੇ ਜੰਗੇ ਆਜ਼ਾਦੀ ਅਖ਼ਬਾਰ ਦੁਆਨੀ-ਦੁਆਨੀ ਨੂੰ ਵੇਚ ਰਹੇ ਸਨ। ਧੰਨ ਹੈ ਇਨ੍ਹਾਂ ਦੇਸ਼ ਭਗਤ ਬਾਬਿਆਂ ਦੀ ਦੇਸ਼ ਭਗਤੀ ਤੇ ਲੋਕ-ਸੇਵਾ ਦੀ ਘਾਲਣਾ!

1944 ਵਿਚ ਮੈਂ ਦਸਵੀਂ ਪਾਸ ਕਰਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਕਾਲਜ ਦੀ ਪੜ੍ਹਾਈ ਲਈ ਦਾਖ਼ਲ ਹੋ ਗਿਆ ਤੇ 1951 ਤੱਕ ਇਸੇ ਮਹਾਨ ਵਿਦਿਆ ਧਾਮ ਵਿਚ ਐੱਮ. ਏ. ਤਕ ਪੜ੍ਹਾਈ ਕਰਦਾ ਰਿਹਾ।

ਰਾਜਨੀਤਿਕ ਚੇਤਨਤਾ ਦੀ ਜਾਗ ਲਗ ਚੁੱਕੀ ਸੀ। ਪਿੰਡ ਦੇ ਹੋਰ ਸਾਥੀਆਂ ਨਾਲ ਜਿੱਥੇ ਵੀ ਕਿਤੇ ਕੋਈ ਰਾਜਸੀ ਕਾਨਫ਼ਰੰਸ ਹੁੰਦੀ, ਹੁੰਮ ਹੁੰਮਾ ਕੇ ਪਹੁੰਚਦੇ ਤੇ ਸੁਤੰਤਰਤਾ ਪ੍ਰਾਪਤੀ ਦੀ ਭਾਵਨਾ ਦੇ ਜਜ਼ਬਿਆਂ ਨਾਲ ਸਰਸ਼ਾਰ ਹੁੰਦੇ। ਮੈਨੂੰ ਯਾਦ ਹੈ, ਅੰਮ੍ਰਿਤਸਰ ਜ਼ਿਲ੍ਹੇ ਦੇ ਚੋਗਾਵਾਂ ਪਿੰਡ ਵਿਚ ਜ਼ਿਲ੍ਹਾ ਕਿਸਾਨ ਕਾਨਫ਼ਰੰਸ ਹੋਈ ਸੀ, ਜਿਸ ਦੇ ਪ੍ਰਧਾਨ ਕਾਮਰੇਡ ਅੱਛਰ ਸਿੰਘ ਛੀਨਾ ਸਨ। ਇਸ ਕਾਨਫ਼ਰੰਸ ਵਿਚ ਪ੍ਰੀਤ ਨਗਰ ਦੀ ਨਾਟ ਮੰਡਲੀ ਨੇ ਸ਼ੀਲਾ ਭਾਟੀਆ ਦੀ ਅਗਵਾਈ ਵਿਚ 'ਹੁਲੇ-ਹੁਲਾਰੇ' ਲੋਕ-ਨਾਟ ਪੇਸ਼ ਕੀਤਾ ਸੀ। ਕਾਮਰੇਡ ਲੱਖਾ ਸਿੰਘ ਜੌਹਰ ਦੀ ਗੀਤ ਮੰਡਲੀ ਨੇ ਜਨਤਾ ਤੇਰੀ ਜੈ ਜੈ ਕਾਰ ਦਾ ਗੀਤ ਗਾਇਆ ਸੀ। ਇਸੇ ਕਾਨਫ਼ਰੰਸ ਵਿਚ ਹੀ ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਮੈਂ ਪਹਿਲੀ ਵਾਰ ਦਰਸ਼ਨ ਕੀਤੇ, ਜਿਨ੍ਹਾਂ ਨੇ ਕਾਨਫ਼ਰੰਸ ਵਿਚ ਆਪਣੇ ਨਿਵਕਲੇ ਅੰਦਾਜ਼ ਦਾ ਭਾਸ਼ਣ ਵੀ ਦਿੱਤਾ ਸੀ।



Sri Satguru Jagjit Singh Ji eLibrary NamdhariElibrary@gmail.com

# ਕੁਝ ਰਿਸ਼ਤੇਦਾਰੀਆਂ

ਆਪਣੇ ਪਿਤਾ ਜੀ ਤੇ ਦਾਦੀ ਵੱਲੋਂ ਸਾਡੀ ਰਿਸ਼ਤੇਦਾਰੀ ਪੰਜਾਬ ਦੇ ਕੁਝ ਉੱਘੇ ਸਰਦਾਰ ਘਰਾਣਿਆਂ ਨਾਲ ਵੀ ਸੀ। ਮੇਰੇ ਪਿਤਾ ਜੀ ਦੀ ਸੱਕੀ ਮਾਸੀ ਦੀਆਂ ਦੋ ਧੀਆਂ, ਉਨ੍ਹਾਂ ਦੀਆਂ ਭੈਣਾਂ ਇਕ ਸ. ਸ਼ਾਮ ਸਿੰਘ ਅਟਾਰੀ ਦੀ ਪੋਤਰਿਉਂ ਨੂੰਹ ਸੀ। ਮੇਰੇ ਫ਼ੁੱਫੜ ਦਾ ਨਾਂ ਸ. ਕੁਲਵੰਤ ਸਿੰਘ ਸੀ ਤੇ ਉਹ ਆਨਰੇਰੀ ਮੈਜਿਸਟਰੇਟ ਰਹੇ। ਛੇਤੀ ਹੀ ਮੇਰੀ ਭੂਆ ਸਰਦਾਰਨੀ ਦਾਤਾਰ ਕੌਰ ਵਿਧਵਾ ਹੋ ਗਈ, ਪਰ ਸਾਡਾ ਆਉਣਾ-ਜਾਣਾ ਅਟਾਰੀ ਵਿਖੇ ਬਣਿਆਂ ਰਿਹਾ। ਸ. ਸ਼ਾਮ ਸਿੰਘ ਅਟਾਰੀ ਦੇ ਬੁਰਜ ਵਿਚ ਮੇਰੀ ਭੂਆ ਦੀ ਰਿਹਾਇਸ਼ ਸੀ। ਇਹ ਇਕ ਬੜੀ ਉੱਚੀ 3-4 ਮੰਜ਼ਲੀ ਨਾਨਕਸ਼ਾਹੀ ਇੱਟਾਂ ਦੀ ਬਣੀ ਹੋਈ ਸ਼ਾਨਦਾਰ ਇਮਾਰਤ ਸੀ। ਚੌਥੀ ਛੱਤ ਉਤੇ ਮੇਰੀ ਭੂਆ ਦੀ ਰਿਹਾਇਸ਼ ਹੁੰਦੀ ਸੀ ਤੇ ਉਸ ਦੇ ਇਕ ਬੰਨੇ ਇਕ ਕੋਨੇ ਉਤੇ ਬੁਰਜ ਸੀ, ਜਿਸ ਦੀਆਂ ਖੁਲ੍ਹੀਆਂ ਬਾਰੀਆਂ ਵਿਚੋਂ ਦੂਰ-ਦੂਰ ਦੇ ਦ੍ਰਿਸ਼ ਦਿਖਾਈ ਦਿੰਦੇ ਸਨ। ਇਸ ਬੁਰਜ ਵਿਚ ਇਕ ਲੋਹੇ ਦਾ ਮੰਜਾ ਹੁੰਦਾ ਸੀ। ਜਿੱਥੇ ਮੈਂ ਬਚਪਨ ਵਿਚ ਜ਼ੋਰ-ਜ਼ੋਰ ਦੀ ਭੁੜਕ-ਭੁੜਕ ਕੇ ਖੇਡਦਾ ਅਤੇ ਬਾਰੀਆਂ ਵਿਚੋਂ ਅੰਮ੍ਰਿਤਸਰ ਤੇ ਲਾਹੌਰ ਨੂੰ ਆਉਂਦੀਆਂ ਜਾਂਦੀਆਂ ਰੇਲ-ਗੱਡੀਆਂ ਦੀ ਆਵਾਜਾਈ ਨੂੰ ਵੇਖਦਾਂ ਰਹਿੰਦਾ ਸਾਂ। ਸ. ਸ਼ਾਮ ਸਿੰਘ ਅਟਾਰੀ ਦੀ ਸਮਾਧ ਨੇੜੇ ਅਟਾਰੀ ਦੇ ਅੱਡੇ ਕੋਲ ਉਨ੍ਹਾਂ ਦਾ ਅੰਬਾਂ ਦਾ ਬਾਗ਼ ਸੀ, ਜਿੱਥੋਂ ਮੇਰੇ ਤਾਇਆ ਕੌਰ ਬਲਵੰਤ ਸਿੰਘ (ਮੇਰੀ ਭੂਆ ਦੇ ਸਕੇ ਭਰਾ) ਜੋ ਉਸ ਕੋਲ ਹੀ ਰਹਿੰਦੇ ਸਨ, ਅੰਬਾਂ ਦੀ ਟੋਕਰੀ ਭਰ ਕੇ ਲੈ ਆਉਂਦੇ ਸਨ। ਉਨ੍ਹਾਂ ਦਾ



Sri Satguru Jagjit Singh Ji eLibrary NamdhariElibrary@gmail.com

ਨਾਂ ਕੰਵਰ ਬਲਵੰਤ ਸਿੰਘ ਸੀ ਤੇ ਇਹ ਦੋਵੇਂ ਭੈਣ ਭਰਾ ਮਹਾਰਾਜਾ ਸ਼ੇਰ ਸਿੰਘ ਦੀ ਬੰਸ ਵਿਚੋਂ ਸਨ। ਭੂਆ ਜੀ ਤਾਂ ਕਈ ਸਾਲ ਹੋਏ ਦੇਸ਼ ਵੰਡ ਪਿੱਛੋਂ ਅਟਾਰੀ ਹੀ ਸਵਰਗਵਾਸ ਹੋਏ ਸਨ, ਪਰ ਉਨ੍ਹਾਂ ਦੇ ਭਰਾ ਦੀ ਸੰਤਾਨ ਹੁਣ ਵੀ ਅਟਾਰੀ ਵਿਚ ਨਿਵਾਸ ਰਖਦੀ ਹੈ।

ਮੇਰੇ ਪਿਤਾ ਜੀ ਦੀ ਮਾਸੀ ਦੀ ਦੂਜੀ ਭੈਣ ਮਜੀਠੇ ਸਰਦਾਰਾਂ ਦੇ ਵਿਆਹੀ ਹੋਈ ਸੀ। ਮੇਰੇ ਫ਼ੁੱਫੜ ਸ. ਅਰਜਨ ਸਿੰਘ, ਕਰਨਲ ਨਿਰੰਜਨ ਸਿੰਘ ਗਿੱਲ ਦੇ ਵੱਡੇ ਭਰਾ ਸਨ। ਇੱਥੇ ਵੀ ਮੈਨੂੰ ਜਾਣ ਦਾ ਬਹੁਤ ਮੌਕਾ ਮਿਲਦਾ ਰਿਹਾ ਹੈ। ਮੇਰੀਆਂ ਇਹ ਦੋਵੇਂ ਭੂਆ ਮੈਨੂੰ ਬਹੁਤ ਪਿਆਰ ਕਰਦੀਆਂ ਸਨ। ਫ਼ੁੱਫੜ ਜੀ ਦੀ ਸੰਤਾਨ ਨਾਲ ਅੱਜ ਵੀ ਸਾਡਾ ਬੜਾ ਪਿਆਰ ਹੈ। ਉਨ੍ਹਾਂ ਦਾ ਇਕ ਪੁੱਤਰ ਸ. ਕੁਲਦੀਪ ਸਿੰਘ ਮੇਰਾ ਹਾਣੀ ਸੀ ਤੇ ਅਸੀਂ ਦੋਵੇਂ ਉਨ੍ਹਾਂ ਦੀ ਬੈਠਕ ਵਿਚ ਵਿਛੇ ਗਲੀਚਿਆਂ ਉਤੇ ਕੁਸ਼ਤੀ ਕਰਦੇ ਹੁੰਦੇ ਸਾਂ ਤੇ ਫ਼ੁੱਫੜ ਜੀ ਵੇਖ ਕੇ ਬੜੇ ਖ਼ੁਸ਼ ਹੁੰਦੇ ਸਨ। ਇਸ ਖ਼ਾਨਦਾਨ ਨੂੰ ਵੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਜਾਗੀਰ ਮਿਲੀ ਹੋਈ ਸੀ। ਮੇਰੀ ਇਸ ਭੂਆ ਦਾ ਨਾਂ ਕਰਤਾਰ ਕੌਰ ਸੀ।



Sri Satguru Jagjit Singh Ji eLibrary NamdhariElibrary@gmail.com

# ਕਾਲਜ ਦੇ ਦਿਨਾਂ ਦੀਆਂ ਯਾਦਾਂ

1944 ਵਿਚ ਮੈਂ ਦਸਵੀਂ ਪਾਸ ਕਰ ਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲ ਹੋ ਗਿਆ ਤੇ ਐਫ਼. ਏ. ਵਿਚ ਮੇਰੀ ਪੜ੍ਹਾਈ ਦੇ ਵਿਸ਼ੇ ਸਨ-ਅਰਥ ਸ਼ਾਸਤਰ, ਫ਼ਿਲਾਸਫ਼ੀ ਅਤੇ ਫ਼ਰੈਂਚ। ਉਨ੍ਹਾਂ ਦਿਨਾਂ ਵਿਚ ਆਰਟਸ ਦੇ ਵਿਦਿਆਰਥੀਆਂ ਨੂੰ ਫ਼ਾਰਸੀ ਜਾਂ ਫ਼ਰੈਂਚ ਭਾਸ਼ਾ ਵਿਚੋਂ ਇਕ ਦੀ ਚੋਣ ਕਰਨੀ ਪੈਂਦੀ ਸੀ। ਮੈਂ ਫ਼ਰੈਂਚ ਦੀ ਚੋਣ ਕੀਤੀ। ਇਖ਼ਤਿਆਰੀ ਮਜ਼ਮੂਨ ਪਹਿਲਾਂ ਉਰਦੂ ਅਤੇ ਪਿੱਛੋਂ ਮਿਲਟਰੀ ਸਾਇੰਸ ਰੱਖ ਲਿਆ। ਉਨ੍ਹਾਂ ਦਿਨਾਂ ਵਿਚ ਕਾਲਜ ਵਿਚ ਯੂ. ਓ. ਟੀ. ਸੀ. ਦੀ ਸ਼ਾਖਾ ਹੁੰਦੀ ਸੀ, ਜਿਸ ਰਾਹੀਂ ਕਾਲਜ ਦੇ ਵਿਦਿਆਰਥੀਆਂ ਨੂੰ ਫ਼ੌਜੀ ਸਿਖਲਾਈ ਦਿੱਤੀ ਜਾਂਦੀ ਸੀ। ਰਾਜਨੀਤਿਕ ਰੁਚੀਆਂ ਕਾਰਨ ਮੈਂ ਪਹਿਲਾਂ ਤਾਂ ਖੇਡਾਂ ਵਿਚ ਘੱਟ ਰੁਚੀ ਰੱਖੀ, ਪਰ ਪਿੱਛੋਂ ਫ਼ੌਜੀ ਸਿਖਲਾਈ ਨੇ, ਜੋ ਮੈਂ ਤਿੰਨ ਸਾਲ ਤੱਕ ਆਪਣੀ ਪੜ੍ਹਾਈ ਸਮੇਂ ਲੈਂਦਾ ਰਿਹਾ ਤੇ ਇਕ ਸਰਟੀਫ਼ਿਕੇਟ ਵੀ ਪਾਸ ਕੀਤਾ, ਨੇ ਮੈਨੂੰ ਸੈਨਿਕ ਜੀਵਨ ਦੇ ਅਨੁਸ਼ਾਸਨ ਤੋਂ ਵੀ ਜਾਣੂੰ ਕਰਵਾਇਆ। ਫ਼ੌਜ ਵਿਚੋਂ ਆਏ ਕੈਪਟਨ ਤੇ ਮੇਜਰ ਬੜੀ ਸਖ਼ਤ ਪਰੇਡ ਕਰਾਉਂਦੇ ਸਨ ਤੇ ਇਸ ਸੈਨਾ ਦੇ ਕੁਝ ਅਫ਼ਸਰ ਕਾਲਜਾਂ ਦੇ ਪ੍ਰੋਫ਼ੈਸਰ ਸਨ।

ਮੈਂ ਸ਼ੁਰੂ ਸ਼ੁਰੂ ਵਿਚ ਤਾਂ ਪਿੰਡ ਤੋਂ ਸਾਈਕਲ ਤੇ ਪੜ੍ਹਨ ਜਾਂਦਾ ਰਿਹਾ। 7-8 ਮੀਲ ਦਾ ਸਫ਼ਰ ਸੀ। ਕੁਝ ਕੱਚਾ ਤੇ ਫਿਰ ਛੇਹਰਟੇ ਤੋਂ ਪੱਕੀ ਜਰਨੈਲੀ ਸੜਕ ਦਾ ਰਸਤਾ ਸੀ। ਲਗਭਗ 40-50 ਮਿੰਟਾਂ ਵਿਚ ਕਾਲਜ ਪਹੁੰਚ ਜਾਈਦਾ ਸੀ। ਪਿੱਛੋਂ ਮੈਂ ਸਿਆਲ ਦੇ ਕੁਝ ਦਿਨਾਂ ਵਿਚ ਛੇਹਰਟੇ ਕਿਰਾਏ ਦਾ ਮਕਾਨ ਲੈ ਕੇ ਆਪਣੇ ਪਿੰਡ ਦੇ ਤਾਏ ਦੇ ਮੁੰਡੇ ਨਾਲ ਰਿਹਾ, ਪਰ ਪਿੱਛੋਂ ਜਾ ਕੇ ਜਦੋਂ ਬਾਬਾ ਹਰਨਾਮ ਸਿੰਘ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਏ ਤਾਂ ਉਹ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਦਫ਼ਤਰ ਦੇ ਸਕੱਤਰ ਬਣ ਗਏ। ਇਹ ਦਫ਼ਤਰ ਸ਼੍ਰੀ ਦਰਬਾਰ ਸਾਹਿਬ ਦੇ ਨੇੜੇ ਹੀ ਬ੍ਰਹਮਬੂਟੇ ਦੇ ਅਖਾੜੇ ਨਾਲ ਲਗਦਾ ਸੀ। ਹੇਠਾਂ ਦੋ ਦੁਕਾਨਾਂ ਅਤੇ ਉਤੇ ਤਿੰਨ ਮੰਜ਼ਿਲੀ



Sri Satguru Jagjit Singh Ji eLibrary NamdhariElibrary@gmail.com

ਇਮਾਰਤ ਸੀ। ਇਕ ਦੁਕਾਨ ਵਿਚ ਗਿਆਨੀ ਪ੍ਰੈੱਸ ਸੀ। ਦੂਜੀ ਵਿਚ ਇਕ ਮੋਚੀ ਬੈਠਦਾ ਸੀ। ਸਾਹਮਣੇ ਥੜ੍ਹੇ ਵਾਲੀ ਦੁਕਾਨ ਤੇ ਇਕ ਸੀ. ਆਈ. ਡੀ. ਦਾ ਸਿਪਾਹੀ ਰੋਜ਼ ਨਿਗਰਾਨੀ ਲਈ ਬੈਠਾ ਰਹਿੰਦਾ ਸੀ ਅਤੇ ਉਥੇ ਆਉਂਦਿਆਂ ਜਾਂਦਿਆਂ ਦੇਸ਼ ਭਗਤ ਬਾਬਿਆਂ ਦੀ ਆਵਾਜਾਈ ਨੂੰ ਨੋਟ ਕਰਦਾ ਰਹਿੰਦਾ ਸੀ। ਮੈਂ ਵੀ ਬਾਬਾ ਜੀ ਦੇ ਨਾਲ ਇਸ ਦਫ਼ਤਰ ਵਿਚ ਰਹਿਣ ਲੱਗ ਪਿਆ। ਇਥੇ ਮੈਨੂੰ ਦੇਸ਼ ਭਗਤ ਬਾਬਿਆਂ ਦੀਆਂ ਕੁਝ ਪ੍ਰਸਿੱਧ ਹਸਤੀਆਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਕੇਸਰ ਸਿੰਘ ਠੱਠਗੜ੍ਹ ਇਸੇ ਦਫ਼ਤਰ ਵਿਚ ਹੀ ਰਹਿੰਦੇ ਸਨ। ਬੜੇ ਉੱਚੇ ਲੰਮੇ ਜਵਾਨ, ਤੋਪਖ਼ਾਨੇ ਦੇ ਪੁਰਾਣੇ ਨਾਮ ਕੱਟੇ ਫ਼ੌਜੀ, ਜਦ ਦਾੜ੍ਹਾ ਖੋਲ੍ਹਦੇ ਤਾਂ ਧੁੰਨੀ ਤੋਂ ਵੀ ਹੇਠਾਂ ਪ੍ਰਕਾਸ਼ਦਾ। ਹੱਥ ਵਿਚ ਮੋਟਾ ਸੰਮ੍ਹਾਂ ਵਾਲਾ ਡੰਡਾ ਰਖਦੇ ਸਨ ਤੇ ਲੰਮੀ ਸੈਰ ਕਰਦੇ ਹੁੰਦੇ ਸਨ। ਅੰਗਰੇਜ਼ਾਂ ਵਿਰੁੱਧ ਉਦੋਂ ਵੀ ਉਨ੍ਹਾਂ ਵਿਚ ਪਹਿਲਾਂ ਜਿੰਨਾ ਹੀ ਜੋਸ਼ ਸੀ।

ਸੰਤ ਬਾਬਾ ਵਸਾਖਾ ਸਿੰਘ ਜੀ ਜੋ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਪ੍ਰਧਾਨ ਸਨ, ਦੇ ਮੈਨੂੰ ਦਰਸ਼ਨ ਹੁੰਦੇ ਰਹੇ ਅਤੇ ਉਨ੍ਹਾਂ ਦੀ ਸੇਵਾ ਕਰਨ ਦਾ ਵੀ ਮੈਨੂੰ ਸੁਭਾਗਾ ਮੌਕਾ ਮਿਲਦਾ ਰਿਹਾ। ਹੱਥ ਵਿਚ ਤਿੰਨ ਫ਼ੁੱਟੀ ਕਿਰਪਾਨ ਰਖਦੇ ਸਨ। ਗੋਰਾ ਨਿਛੋਹ ਰੰਗ, ਨੇਤਰਾਂ ਤੋਂ ਨੂਰਾਨੀ ਨੂਰ ਝਰਦਾ ਸੀ ਅਤੇ ਜਦੋਂ ਦਫ਼ਤਰ ਦੀ ਉਤਲੀ ਮੰਜ਼ਿਲ ਉਤੇ ਮੰਜੇ ਉਤੇ ਬਿਰਾਜਮਾਨ, ਅੰਮ੍ਰਿਤ ਵੇਲੇ ਉਨ੍ਹਾਂ ਦੀ ਸਮਾਧੀ ਲੱਗੀ ਹੁੰਦੀ ਤਾਂ ਅਰਧ-ਮੁੰਦੇ, ਅਰਧ ਖੁੱਲ੍ਹੇ ਨੈਣ ਤੇ ਚਿਹਰੇ ਦੀ ਮੁਸਕਰਾਹਟ ਝੱਲੀ ਨਹੀਂ ਸੀ ਜਾਂਦੀ। ਅੱਜਕਲ੍ਹ ਲੋਕ ਕਹਿੰਦੇ ਹਨ ਕਿ ਇਹ ਦੇਸ਼ ਭਗਤ ਨਾਸਤਿਕ ਬਾਬੇ ਸਨ, ਪਰ ਮੈਨੂੰ ਤਾਂ ਸੰਤ ਬਾਬਾ ਵਸਾਖਾ ਸਿੰਘ ਜੀ ਵਰਗੇ ਉੱਜਲ ਦੀਦਾਰ ਕਿਸੇ ਵੀ ਹੋਰ ਗੁਰਮੁਖ ਸੰਤ ਦੇ ਦਰਸ਼ਨ ਨਹੀਂ ਹੋਏ। ਅੱਜ ਵੀ ਮੈਂ ਉਨ੍ਹਾਂ ਦੀ ਸਮਾਧੀ ਇਸਥਿਤ ਨੂਰਾਨੀ ਨੁਹਾਰ ਨੂੰ ਯਾਦ ਕਰਕੇ ਵਿਸਮਾਦੀ ਅਵਸਥਾ ਵਿਚ ਪੁੱਜ ਜਾਂਦਾ ਹਾਂ। ਉਨ੍ਹਾਂ ਦੇ ਚਰਨ ਘੁੱਟ ਕੇ ਸੇਵਾ ਕਰਨ ਦਾ ਵੀ ਮੈਨੂੰ ਅਵਸਰ ਬਣਦਾ ਰਿਹਾ ਹੈ ਅਤੇ ਕਦੀ-ਕਦੀ ਉਨ੍ਹਾਂ ਦੀ ਥਾਪੜੀ ਵੀ ਨਸੀਬ ਹੋਈ ਹੈ। ਇਸੇ ਦਫ਼ਤਰ ਵਿਚ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਨੇੜੇ ਦੇ ਰਿਸ਼ਤੇਦਾਰ ਸ. ਸਾਧੂ ਸਿੰਘ ਵੀ ਰਹਿੰਦੇ ਸਨ ਅਤੇ ਦਫ਼ਤਰੀ ਕਾਰ-ਵਿਹਾਰ ਵਿਚ ਬਾਬਾ ਹਰਨਾਮ ਸਿੰਘ ਜੀ ਦਾ ਹੱਥ ਵਟਾਉਂਦੇ ਸਨ। ਬੜੇ ਦਰਸ਼ਨੀ ਜਵਾਨ ਸਨ ਅਤੇ ਕਾਮਰੇਡ ਵਾਸਦੇਵ ਸਿੰਘ ਦੇ ਛੋਟੇ ਭਰਾ ਸਨ, ਜੋ ਬਾਬਾ ਹਰਨਾਮ ਸਿੰਘ ਨਾਲ ਕਿਸੇ ਸਮੇਂ ਮਾਸਕੋ ਵਿਚ ਇਕੱਠੇ ਰਹੇ ਸਨ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੀ ਇਸ ਰਿਹਾਇਸ਼ ਨੇ ਮੇਰੇ ਜੀਵਨ ਉਤੇ ਬੜਾ ਡੂੰਘਾ ਪ੍ਰਭਾਵ ਪਾਇਆ ਹੈ। ਇਹ ਸਾਰੇ ਰਾਜਸੀ ਆਗੂ ਅਤੇ ਗ਼ਦਰੀ ਦੇਸ਼ ਭਗਤ ਯੋਧੇ ਬੜੇ ਉੱਚ ਕਿਰਦਾਰ ਦੇ ਮਾਲਕ ਸਨ।

ਇਸੇ ਦਫ਼ਤਰ ਵਿਚ ਇਕ ਮੁਲਖ ਰਾਜ ਨਾਮੀ ਪੁਰਾਣਾ ਵਰਕਰ ਸੀ, ਜੋ ਦਫ਼ਤਰ ਵਿਚ ਸਫ਼ਾਈ ਆਦਿ ਦੀ ਸੇਵਾ ਕਰਦਾ ਸੀ। ਸਾਰੇ ਉਸ ਨੂੰ ਚਾਚਾ ਕਹਿ ਕੇ



Sri Satguru Jagjit Singh Ji eLibrary NamdhariElibrary@gmail.com

ਬੁਲਾਉਂਦੇ ਸਨ ਤੇ ਇਸ ਅੰਮ੍ਰਿਤਸਰ ਦੀ ਲੁਹਾਰਾਂ ਵਾਲੀ ਗਲੀ ਵਿਚ ਕੁੱਬੀ ਮਾਂ ਦੇ ਲੁਹਾਰ ਪੁੱਤਰ ਨੇ ਦੇਸ਼ ਭਗਤਾਂ ਦੀ ਬੜੀ ਉੱਘੀ ਸੇਵਾ ਕੀਤੀ ਸੀ ਅਤੇ ਕਈ ਗੁਪਤ ਕਾਰਜ ਸਿਰੇ ਚਾੜ੍ਹੇ ਸਨ। ਇਕ ਵਾਰ ਜਦੋਂ ਮੈਂ ਚਾਚੇ ਨਾਲ ਉਸ ਦੇ ਘਰ ਗਿਆ ਤਾਂ ਉਸ ਦੇ ਘਰ ਪਿੰਜਰੇ ਵਿਚ ਇਕ ਤੋਤਾ ਰਖਿਆ ਹੁੰਦਾ ਸੀ, ਜਿਸ ਨੂੰ ਜਦੋਂ ਚਾਚਾ ਬੁਲਾਉਂਦਾ ਸੀ ਤਾਂ ਉਹ ਕਹਿੰਦਾ "ਪੰਜਾਬ ਪੁਲਿਸ ਮੁਰਦਾਬਾਦ"। ਚਾਚਾ ਮੁਲਖ ਰਾਜ ਬੜਾ ਚਿਰ ਦੇਸ਼ ਭਗਤਾਂ ਦੀ ਸੇਵਾ ਕਰਦਾ ਰਿਹਾ। ਫਿਰ ਉਹ ਘੰਟਾ ਘਰ ਵਾਲੀ ਗਲੀ ਵਿਚ ਸ. ਹਰਬੰਸ ਸਿੰਘ ਦੀ 'ਕੌਮੀ ਪੁਸਤਕ ਭੰਡਾਰ' ਦੀ ਦੁਕਾਨ ਉਤੇ ਜਾ ਬੈਠਦਾ, ਜਿੱਥੇ ਇਨਕਲਾਬੀ ਸਾਹਿਤ ਤੇ ਰਸਾਲੇ ਮਿਲਦੇ ਸਨ। ਫਿਰ ਜਦੋਂ ਅੰਮ੍ਰਿਤਸਰ ਤੋਂ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਦਫ਼ਤਰ ਜਲੰਧਰ ਆ ਗਿਆ ਤਾਂ ਚਾਚਾ ਉਥੇ ਹੀ ਰਿਹਾ। ਉਹ ਕਹਿੰਦਾ ਹੁੰਦਾ ਸੀ, ਜਲ੍ਹਿਆਂ ਵਾਲੇ ਬਾਗ਼ ਤੋਂ ਰਾਜਸੀ ਜੀਵਨ ਸ਼ੁਰੂ ਕੀਤਾ ਸੀ, ਜਦੋਂ ਗੁਜ਼ਾਰੇ ਜੋਗਾ ਕਿਤੇ ਵੀ ਕੁਝ ਨਾ ਮਿਲਿਆ ਤਾਂ ਉਸੇ ਸ਼ਹੀਦੀ ਸਥਾਨ ਤੇ ਜਾ ਕੇ ਪ੍ਰਾਣ ਤਿਆਗ ਦੇਵਾਂਗਾ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਦਫ਼ਤਰ ਵਿਚ ਹੀ ਮੇਰੀ ਮੰਗਣੀ ਦੀ ਰਸਮ ਪੂਰੀ ਕੀਤੀ ਗਈ ਸੀ।

ਖ਼ਾਲਸਾ ਕਾਲਜ ਅੰਮ੍ਰਿਤਸਰ ਪੰਜਾਬ ਦੇ ਮਸ਼ਹੂਰ ਕਾਲਜਾਂ ਵਿਚੋਂ ਹੈ, ਜਿਸ ਦੀ ਐੱਚ. ਈ. ਆਕਾਰ ਦੀ ਮਹਾਨ ਇਮਾਰਤ ਦੂਰੋਂ ਹੀ ਦਿਸਦੀ ਅਤੇ ਲੰਘਣ ਵਾਲੇ ਰਾਹੀਆਂ ਨੂੰ ਆਕਰਸ਼ਿਤ ਕਰਦੀ ਹੈ। ਅੰਮ੍ਰਿਤਸਰ ਤੋਂ ਲਾਹੌਰ ਜਾਣ ਵਾਲੀ ਜਰਨੈਲੀ ਸੜਕ ਇਸ ਦੇ ਸਾਹਮਣਿਉਂ ਲੰਘਦੀ ਹੈ, ਜਿਸ ਸਮੇਂ 1944-51 ਮੈਂ ਇਸ ਕਾਲਜ ਦਾ ਵਿਦਿਆਰਥੀ ਸਾਂ, ਉਸ ਸਮੇਂ ਇਸ ਦੀ ਨਿਵੇਕਲੀ ਸ਼ਾਨ ਸੀ। ਡਾਕਟਰ ਭਾਈ ਜੋਧ ਸਿੰਘ ਜੀ ਇਸ ਦੇ ਪ੍ਰਿੰਸੀਪਲ ਸਨ ਅਤੇ ਅਧਿਆਪਕ ਮੰਡਲ ਵਿਚ ਪ੍ਰਿੰਸੀਪਲ ਤੇਜਾ ਸਿੰਘ, ਡਾ: ਗੰਡਾ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਵਰਿਆਮ ਸਿੰਘ, ਪ੍ਰੋ. ਸੰਤ ਸਿੰਘ ਸੇਖੋਂ, ਡਾ. ਕਰਮ ਸਿੰਘ ਗਿੱਲ, ਡਾ. ਦੀਵਾਨ ਸਿੰਘ, ਡਾ. ਅਮਰੀਕ ਸਿੰਘ, ਪ੍ਰੋ. ਗੁਰਬਚਨ ਸਿੰਘ ਤਾਲਿਬ ਅਤੇ ਡਾ: ਰੋਸ਼ਨ ਲਾਲ ਆਹੂਜਾ ਵਰਗੇ ਵਿਦਵਾਨ ਤੇ ਲੇਖਕ ਸ਼ਾਮਲ ਸਨ। ਇਨ੍ਹਾਂ ਵਿਦਵਾਨ ਤੇ ਆਦਰਸ਼ ਅਧਿਆਪਕਾਂ ਤੋਂ ਤਾਂ ਜੋ ਕੁਝ ਪ੍ਰਾਪਤ ਹੋਇਆ ਹੀ ਹੈ, ਉਸ ਤੋਂ ਬਿਨਾਂ ਜੋ ਉਸ ਸਮੇਂ ਦਾ ਖੁੱਲ੍ਹਾ-ਡੁੱਲ੍ਹਾ ਤੇ ਸੋਚ ਜਗਾਊ ਵਾਤਾਵਰਨ ਸੀ, ਉਸ ਨੇ ਵਿਦਿਆਰਥੀਆਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਸੀ। ਦੂਜਾ ਮਹਾਂਯੁੱਧ ਚੱਲ ਰਿਹਾ ਸੀ, ਪਰ ਇਸ ਦੇ ਨਾਲ-ਨਾਲ ਹੀ ਭਾਰਤ ਦਾ ਸੁਤੰਤਰਤਾ ਸੰਗਰਾਮ ਵੀ ਤਿੱਖੇ ਤੇ ਫ਼ੈਸਲਾਕੁੰਨ ਪੜਾਅ ਤੇ ਪਹੁੰਚ ਰਿਹਾ ਸੀ, ਬਹੁਤ ਸਾਰੀਆਂ ਵਿਦਿਆਰਥੀ ਜਥੇਬੰਦੀਆਂ ਆਲ ਇੰਡੀਆ ਸਟੂਡੈਂਟ ਫ਼ੈਡਰੇਸ਼ਨ, ਆਲ ਇੰਡੀਆ ਸਟੂਡੈਂਟ ਕਾਂਗਰਸ ਤੇ ਪਿੱਛੋਂ ਜਾ ਕੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੀ ਵਿਦਿਆਰਥੀ ਸ਼ਾਖਾ ਵੀ ਸਰਗਰਮ ਹੋ ਗਈ। ਪ੍ਰਿੰਸੀਪਲ ਸਾਹਿਬ ਵੱਲੋਂ ਸਾਰੀਆਂ ਵਿਦਿਆਰਥੀ ਸੰਸਥਾਵਾਂ ਨੂੰ ਕੰਮ ਕਰਨ



Sri Satguru Jagjit Singh Ji eLibrary NamdhariElibrary@gmail.com

ਦਾ ਮੌਕਾ ਦਿੱਤਾ ਗਿਆ। ਕਾਲਜ ਦੇ ਸ਼ਾਨਦਾਰ ਗੁਰਦੁਆਰੇ ਸਾਹਿਬ ਵਿਚ ਸਿੱਖ ਧਾਰਮਿਕ ਮਰਿਆਦਾ ਦਾ ਵੀ ਪੂਰਾ ਪ੍ਰਚਲਨ ਸੀ ਅਤੇ ਕਾਲਜ ਦੇ ਹੋਸਟਲਾਂ ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ, ਹਰਿਗੋਬਿੰਦ, ਬਲਾਕ ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀਆਂ ਨਾਲ ਭਰੇ ਰਹਿੰਦੇ ਸਨ। ਸ਼ਾਮ ਵੇਲੇ ਕਾਲਜ ਦੇ ਖੇਡ ਮੈਦਾਨਾਂ ਵਿਚ ਬੜੀ ਰੌਣਕ ਹੁੰਦੀ ਸੀ। ਹਾਕੀ ਦੇ ਪ੍ਰਸਿੱਧ ਕੋਚ ਪ੍ਰੋ. ਹਰਬੇਲ ਸਿੰਘ ਖੇਡ ਵਿਭਾਗ ਦੇ ਮੁਖੀ ਸਨ। ਸਿੱਖ ਇਤਿਹਾਸ ਦੀ ਰੈਫ਼ਰੈਂਸ ਲਾਇਬ੍ਰੇਰੀ ਵੀ ਮੌਜੂਦ ਸੀ। ਪ੍ਰੋਫ਼ੈਸਰਾਂ ਦੇ ਨਿਵਾਸ ਸਥਾਨ ਵੀ ਕਾਲਜ ਵਿਚ ਹੋਣ ਕਾਰਨ ਖ਼ਾਲਸਾ ਕਾਲਜ ਇਕ ਵੱਖਰਾ ਪਿੰਡ ਹੀ ਪ੍ਰਤੀਤ ਹੁੰਦਾ ਸੀ, ਜਿਸ ਸਮੇਂ ਮੈਂ ਇਸ ਕਾਲਜ ਦਾ ਵਿਦਿਆਰਥੀ ਸਾਂ, ਉਸ ਸਮੇਂ ਦੂਰੋਂ-ਦੂਰੋਂ ਆ ਕੇ ਵਿਦਿਆਰਥੀ ਇੱਥੇ ਪੜ੍ਹਾਈ ਕਰਦੇ ਸਨ। ਸਮੁੱਚੇ ਤੌਰ ਤੇ ਇਸ ਵੱਡੇ ਵਿਦਿਅਕ ਆਸ਼ਰਮ ਦਾ ਮਾਹੌਲ ਬੜਾ ਉਦਾਰ ਤੇ ਸਭ ਤਰ੍ਹਾਂ ਦੀਆਂ ਮਾਨਸਿਕ ਤੇ ਬੌਧਿਕ ਰੁਚੀਆਂ ਨੂੰ ਪ੍ਰਫ਼ੁੱਲਿਤ ਕਰਨ ਵਾਲਾ ਸੀ। ਖੇਡਾਂ ਅਤੇ ਸਿੱਖਿਆ ਦੋਹਾਂ ਖੇਤਰਾਂ ਵਿਚ ਵਿਦਿਆਰਥੀ ਤੇ ਅਧਿਆਪਕ ਸੱਚੀ-ਮੁੱਚੀ ਕੁਝ ਦੇਣ ਤੇ ਕੁਝ ਗ੍ਰਹਿਣ ਕਰਨ ਲਈ ਇੱਥੇ ਆ ਜੁੜੇ ਸਨ। ਨਿੱਤ ਨਵੀਆਂ ਡਿਬੇਟਸ, ਭਾਸ਼ਣ ਮੁਕਾਬਲੇ, ਕਵੀ ਦਰਬਾਰ ਤੇ ਨਾਟਕ ਆਦਿ ਇੱਥੇ ਹੁੰਦੇ ਹੀ ਰਹਿੰਦੇ ਸਨ। ਅੱਜ ਵਾਂਗ ਹਰ ਸਾਲ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਪ੍ਰੀਖਿਆ ਨਹੀਂ ਸੀ ਦੇਣੀ ਪੈਂਦੀ। ਸਗੋਂ 2-2 ਸਾਲ ਦੀਆਂ ਐਫ਼. ਏ., ਬੀ. ਏ. ਤੇ ਐੱਮ. ਏ. ਦੀਆਂ ਪ੍ਰੀਖਿਆਵਾਂ ਹੁੰਦੀਆਂ ਸਨ। 1947 ਤੱਕ ਇਹ ਕਾਲਜ ਪੰਜਾਬ ਯੂਨੀਵਰਸਿਟੀ, ਲਾਹੌਰ ਨਾਲ ਸਬੰਧਤ ਸੀ, ਪਰ ਪਿੱਛੋਂ ਜਦੋਂ ਦੇਸ਼ ਦੀ ਵੰਡ ਹੋਈ ਤਾਂ ਪੰਜਾਬ ਯੂਨੀਵਰਸਿਟੀ ਦੇ ਵਿਭਾਜਨ ਪਿੱਛੋਂ ਇਹ ਪੰਜਾਬ ਯੂਨੀਵਰਸਿਟੀ, ਸੋਲਨ ਨਾਲ ਸਬੰਧਤ ਹੋ ਗਿਆ।

ਇਹ ਕਾਲਜ ਕਹਿਣ ਨੂੰ ਤਾਂ ਭਾਵੇਂ ਖ਼ਾਲਸਾ ਕਾਲਜ ਸੀ ਅਤੇ ਇਸ ਦਾ ਪ੍ਰਬੰਧ ਵੀ ਬਹੁਤਾ ਚੀਫ਼ ਖ਼ਾਲਸਾ ਦੀਵਾਨ ਦੇ ਪਤਵੰਤਿਆਂ ਸ. ਸੁੰਦਰ ਸਿੰਘ ਮਜੀਠੀਆ ਅਤੇ ਹਰਬੰਸ ਸਿੰਘ ਅਟਾਰੀ ਵਰਗੀਆਂ ਜਾਣੀਆਂ ਪਛਾਣੀਆਂ ਹਸਤੀਆਂ ਨਾਲ ਰਿਹਾ ਸੀ, ਫਿਰ ਵੀ ਉਸ ਵਕਤ ਦੇ ਦੇਸ਼ ਵਿਆਪੀ ਵਾਤਾਵਰਨ ਦੇ ਇਤਿਹਾਸਕ ਦੌਰ ਨੂੰ ਮੁਖ ਰਖ ਕੇ ਰਾਜਨੀਤਿਕ ਚੇਤਨਤਾ ਦਾ ਉਭਾਰ ਵੀ ਸਿਖ਼ਰਾਂ ਉਤੇ ਸੀ। ਇਥੇ ਹੀ ਤੀਸਰੇ ਸਾਲ ਦੀ ਪੜ੍ਹਾਈ ਸਮੇਂ ਮੈਂ ਦੇਸ਼ ਵੰਡ ਦੇ ਖ਼ੂਨੀ ਵੱਢ-ਟੁੱਕ ਦੇ ਅਮਾਨਵੀ ਦ੍ਰਿਸ਼ਾਂ ਨੂੰ ਵੀ ਦੇਖਿਆ ਹੈ। 1946 ਵਿਚ ਮੇਰਾ ਵਿਆਹ ਹੋ ਗਿਆ ਸੀ ਅਤੇ ਮੈਂ ਆਪਣੇ ਸਹੁਰੇ ਘਰ, ਜੋ ਜੀ. ਟੀ. ਰੋਡ ਉਤੇ ਖ਼ਾਲਸਾ ਕਾਲਜ ਦੇ ਬਿਲਕੁਲ ਨੇੜੇ ਸੀ, ਰਹਿਣ ਲਗ ਪਿਆ ਸਾਂ। ਮੇਰੇ ਸਹੁਰਾ ਸਾਹਿਬ ਮਾ. ਸੰਤਾਂ ਸਿੰਘ ਜੀ ਖ਼ਾਲਸਾ ਕਾਲਜ ਦੇ ਸਟਾਫ਼ ਦੇ ਖੇਡ ਵਿਭਾਗ ਵਿਚ ਕੰਮ ਕਰਦੇ ਰਹੇ ਸਨ ਅਤੇ ਖ਼ਾਲਸਾ ਕਾਲਜੀਏਟ ਹਾਈ ਸਕੂਲ ਤੋਂ ਇਸ ਆਸ਼ਰਮ ਦੀ ਲੰਮੀ ਸੇਵਾ ਕਰਨ ਪਿੱਛੋਂ ਡਰਿਲ ਮਾਸਟਰ ਵਜੋਂ ਰਿਟਾਇਰ ਹੋਏ ਸਨ। ਜਦੋਂ ਦੇਸ਼ ਵੰਡ ਹੋਈ ਅਤੇ ਪੰਜਾਬ ਦੇ ਵੀ ਦੋ ਟੋਟੇ ਹੋ ਗਏ ਤਾਂ ਖ਼ਾਲਸਾ ਕਾਲਜ ਜਿਥੇ ਪਾਕਿਸਤਾਨ ਤੋਂ ਆਏ, ਸ਼ਰਨਾਰਥੀਆਂ



Sri Satguru Jagjit Singh Ji eLibrary NamdhariElibrary@gmail.com

ਦਾ ਕੈਂਪ ਬਣ ਗਿਆ, ਉੱਥੇ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਇਨ੍ਹਾਂ ਸ਼ਰਨਾਰਥੀਆਂ ਦੀ ਸੇਵਾ ਕਰਨ ਅਤੇ ਉਨ੍ਹਾਂ ਦੇ ਦੁੱਖਾਂ ਦੀਆਂ ਕਹਾਣੀਆਂ ਸੁਣਨ ਦਾ ਮਾਹੌਲ ਵੀ ਲਗਭਗ ਇਕ ਸਾਲ ਤੱਕ ਬਣਿਆਂ ਰਿਹਾ। ਨਿਯਮਿਤ ਪੜ੍ਹਾਈਆਂ ਰੁਕੀਆਂ ਰਹੀਆਂ ਅਤੇ ਪਾਕਿਸਤਾਨ ਤੋਂ ਆਉਂਦੀਆਂ ਵੱਢੀਆਂ-ਟੁੱਕੀਆਂ ਲੋਥਾਂ ਦੀਆਂ ਗੱਡੀਆਂ ਉਧਰੋਂ ਆਉਂਦੀਆਂ ਰਹੀਆਂ ਤੇ ਇੱਧਰੋਂ ਮੁਸਲਮਾਨਾਂ ਦੇ ਕਾਫ਼ਲੇ ਲੰਮੀਆਂ ਕਤਾਰਾਂ ਵਿਚ ਪਾਕਿਸਤਾਨ ਨੂੰ ਫ਼ੌਜੀ ਪਹਿਰਿਆਂ ਵਿਚ ਰਵਾਨਾ ਹੁੰਦੇ ਰਹੇ। ਅੰਮ੍ਰਿਤਸਰ ਵਿਚ ਹੋਏ ਫਿਰਕੂ-ਫ਼ਸਾਦ ਮੈਂ ਆਪਣੀ ਅੱਖੀਂ ਦੇਖੇ ਹਨ। ਸਾਰਾ ਵਾਤਾਵਰਨ ਫਿਰਕੂ-ਜਨੂੰਨ ਦੇ ਜ਼ਹਿਰ ਨਾਲ ਘੁਲ ਗਿਆ ਸੀ। ਅੰਮ੍ਰਿਤਸਰ ਵਿਚ ਹੋਇਆ ਪਹਿਲਾ ਕਤਲ ਤਾਂ ਮੇਰੇ ਸਹੁਰੇ ਪਰਿਵਾਰ ਦੀ ਇਕ ਦੁਕਾਨ ਵਿਚ ਦਰਜ਼ੀ ਦਾ ਕੰਮ ਕਰ ਰਹੇ ਟੇਲਰ ਮਾਸਟਰ ਸੋਹਣ ਸਿੰਘ ਦਾ ਸੀ, ਜੋ ਆਪਣੇ ਇਕ ਮੁਸਲਮਾਨ ਮੁਲਾਜ਼ਮ ਨੂੰ ਹਾਲ ਬਜ਼ਾਰ ਦੇ ਨੇੜੇ ਉਸ ਦੇ ਘਰ ਕੁਝ ਪੈਸੇ ਦੇਣ ਲਈ ਗਿਆ ਸੀ। ਫਿਰ ਤਾਂ ਕੀ ਸੀ, ਅਜਿਹੀ ਫਿਰਕੂ-ਫ਼ਸਾਦਾਂ ਦੀ ਹਨੇਰੀ ਝੁੱਲੀ, ਰੋਜ਼ ਕਤਲ, ਰੋਜ਼ ਕਰਫ਼ਿਊ ਤੇ ਤਣਾਓ ਭਰਿਆ ਮਾਹੌਲ। ਹਿੰਦੂ, ਸਿੱਖ ਬਹੁ-ਗਿਣਤੀ ਵਾਲੀਆਂ ਆਬਾਦੀਆਂ ਤੇ ਮੁਸਲਮਾਨ ਬਹੁ-ਗਿਣਤੀ ਵਾਲੀਆਂ ਬਸਤੀਆਂ ਆਪੋ-ਆਪਣੇ ਇਲਾਕਿਆਂ ਵਿਚ ਘਿਰ ਗਈਆਂ। ਇਕ ਫਿਰਕੇ ਦਾ ਦੂਜੇ ਫਿਰਕੇ ਦੇ ਇਲਾਕੇ ਵਿਚੋਂ ਲੰਘਣਾ ਮਾਨੋ ਮੌਤ ਨੂੰ ਬੁਲਾਵਾ ਦੇਣਾ ਸੀ। ਇਸੇ ਫਿਰਕੂ ਗੜਬੜ ਦੇ ਕਾਲ ਵਿਚ ਹੀ ਭਾਰਤ ਦੀ ਗੁਲਾਮੀ ਦੀ ਕਾਲੀ ਰਾਤ ਦਾ ਅੰਤ ਹੋਇਆ ਅਤੇ ਆਜ਼ਾਦੀ ਦੀ ਪ੍ਰਭਾਤ ਉਦੈ ਹੋਈ। ਮੈਂ ਤੇ ਮੇਰਾ ਮਿੱਤਰ ਜਮਾਤੀ ਜੋਗਾ ਸਿੰਘ ਉਸ ਦਿਨ ਅੰਮ੍ਰਿਤਸਰ ਵਿਚ ਹੀ ਸਾਂ। ਅਸਾਂ ਦੋਹਾਂ ਨੇ ਮਿਲ ਕੇ ਮੇਰੇ ਸਹੁਰੇ ਘਰ ਉਤੇ ਤਿਰੰਗਾ ਝੰਡਾ ਲਹਿਰਾਇਆ, ਪਰ ਉਸੇ ਦਿਨ ਅੰਮ੍ਰਿਤਸਰ ਵਿਚ ਹੋਏ ਫ਼ਸਾਦਾਂ ਤੇ ਪਿੰਡਾਂ ਵਿਚੋਂ ਆ ਰਹੀਆਂ ਬੁਰੀਆਂ ਖ਼ਬਰਾਂ ਸੁਣੀਆਂ ਤਾਂ ਦਿਲ ਦਹਿਲ ਗਏ। ਫਿਰ ਵੀ ਅਸੀਂ ਆਪਣੀ ਪ੍ਰਗਤੀਸ਼ੀਲ ਮਾਨਵੀ ਸੋਚ ਦਾ ਪੱਲਾ ਨਹੀਂ ਸੀ ਛੱਡਿਆ। ਸਾਡੇ ਲਈ ਸਾਰੇ ਹਿੰਦੂ, ਸਿੱਖ, ਮੁਸਲਮਾਨ, ਜੋ ਧਾਰਮਿਕ ਜਨੂੰਨ ਦਾ ਸ਼ਿਕਾਰ ਹੋ ਕੇ ਅਣਮਨੁੱਖੀ ਕਾਰੇ ਕਰ ਰਹੇ ਸਨ, ਮਾਨਵਤਾ ਤੋਂ ਦੂਰ ਚਲੇ ਗਏ ਸਨ। ਸਾੜ ਫ਼ੂਕ, ਅੱਗਾਂ, ਲੁੱਟਾਂ ਮਾਰਾਂ ਤੇ ਕਤਲਾਂ ਦਾ ਬਜ਼ਾਰ ਗਰਮ ਸੀ। ਅੰਮ੍ਰਿਤਸਰ ਦਾ ਸ਼ਹਿਰ 'ਸਿਫ਼ਤੀ ਦਾ ਘਰ' ਨਾ ਰਹਿ ਕੇ 'ਕੁਸਿਫ਼ਤਾਂ' ਵਾਲੀ ਨਗਰੀ ਬਣ ਗਿਆ ਸੀ ਅਤੇ ਲਾਹੌਰ ਸ਼ਹਿਰ ਜ਼ਹਿਰ ਤੇ ਕਹਿਰ ਪਹਿਲਾਂ ਹੀ ਸੀ। ਪੰਜਾਬ ਵਾਸੀਆਂ ਲਈ ਇਹ ਆਜ਼ਾਦੀ ਤਾਂ ਬਰਬਾਦੀ ਦਾ ਚਿੱਟਾ ਨੰਗਾ ਕਹਿਰ ਸੀ। ਮੈਂ ਪੰਡਤ ਜਵਾਹਰ ਲਾਲ ਨਹਿਰੂ ਜੀ ਦਾ 15 ਅਗਸਤ 1947 ਦਾ ਭਾਸ਼ਨ ਅਖ਼ਬਾਰ ਰਾਹੀਂ ਹੀ ਪੜ੍ਹਿਆ ਸੀ, ਪਰ ਉਸ ਤੋਂ ਇਕ ਦਿਨ ਪਹਿਲਾਂ ਪਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਦਾ ਭਾਸ਼ਨ ਮੈਂ ਰੇਡੀਓ ਤੋਂ ਪ੍ਰੋ. ਵਰਿਆਮ ਸਿੰਘ ਜੀ ਦੇ ਘਰ ਬੈਠ ਕੇ ਸੁਣਿਆ ਸੀ। ਉਸ ਦੇ ਕੁਝ ਸ਼ਬਦ ਮੈਨੂੰ ਯਾਦ ਹਨ। ਜਿਨਾਹ ਸਾਹਿਬ ਬੜੀ ਖ਼ੁਸ਼ੀ ਦੀ ਅਵਸਥਾ ਵਿਚ ਸਨ।



Sri Satguru Jagjit Singh Ji eLibrary NamdhariElibrary@gmail.com

ਸ਼ਬਦ ਸਨ, "ਅਜ ਜੁਮੇ ਦਾ ਪਵਿਤਰ ਤਿਉਹਾਰ ਹੈ ਤੇ ਦੁਨੀਆਂ ਦੀ ਸਭ ਤੋਂ ਵੱਡੀ ਮੁਸਲਿਮ ਸਟੇਟ ਹੋਂਦ ਵਿਚ ਆ ਗਈ ਹੈ।"

ਕੁਝ ਮਹੀਨੇ ਇਸ ਉਤੇਜਿਤ ਮਾਹੌਲ ਨੂੰ ਸ਼ਾਂਤ ਕਰਨ ਵਿਚ ਲਗ ਗਏ। ਜਦੋਂ ਸਹਿਮੀ ਮਨੁਖਤਾ ਨੇ ਸੁਖ ਦਾ ਸਾਹ ਲਿਆ, ਠੰਢ-ਠੰਡੋਰਾ ਹੋਇਆ ਤਾਂ ਜ਼ਿੰਦਗੀ ਸਹਿਜੇ ਸਹਿਜੇ ਮੁੜ ਆਪਣੀ ਚਾਲ ਤੁਰਨ ਲਗੀ। ਕਾਲਜ, ਸਕੂਲ ਵੀ ਖੁਲ੍ਹ ਗਏ, ਪਰ ਮੈਂ 1948 ਦੇ ਅਣਸੁਖਾਵੇਂ ਮਾਹੌਲ ਵਿਚ ਬੀ. ਏ. ਦੀ ਪ੍ਰੀਖਿਆ ਨਾ ਦੇ ਸਕਿਆ ਅਤੇ ਮੈਨੂੰ ਇਹ ਪ੍ਰੀਖਿਆ ਅਗਲੇ ਸਾਲ 1949 ਵਿਚ ਦੇਣੀ ਪਈ. ਪਰ ਮੈਨੂੰ ਇਸ ਇਕ ਸਾਲ ਵਿਚ ਰਾਜਨੀਤਕ ਜੀਵਨ ਦਾ ਵੀ ਚੰਗਾ ਅਨੁਭਵ ਹੋਇਆ। 1948 ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿਚ ਸਮਾਜਕ ਸੇਵਾ (social service) ਕਰਨ ਵਾਲੇ ਵਿਦਿਆਰਥੀਆਂ ਨੂੰ ਕੁਝ ਛੋਟਾਂ ਮਿਲੀਆਂ, ਪਰ ਮੈਂ ਬੀ. ਏ. ਦੀ ਪ੍ਰੀਖਿਆ 1949 ਵਿਚ ਹੀ ਦਿਤੀ, ਇਸ ਵਰ੍ਹੇ ਮੈਨੂੰ ਰਾਜਨੀਤਕ ਜੀਵਨ ਦਾ ਵਿਸ਼ੇਸ਼ ਕਰ ਕੇ ਰਾਜਨੀਤਕ ਕਾਨਫ਼ਰੰਸਾਂ ਅਤੇ ਕੁਝ ਮਜ਼ਦੂਰ ਜਥੇਬੰਦੀਆਂ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਪਹਿਲਾਂ ਕੁਝ ਸਮੇਂ ਸੀ. ਪੀ. ਆਈ. ਨਾਲ ਸੰਬੰਧ ਜੋੜੀ ਰਖਿਆ। ਅੰਮ੍ਰਿਤਸਰ ਸ਼ਹਿਰੀ ਪਾਰਟੀ ਦੇ ਸਕੱਤਰ ਪ੍ਰਸਿਧ ਪੰਜਾਬੀ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਜੀ ਦਾ ਸਪੁੱਤਰ ਕਾਮਰੇਡ ਜਸਵੰਤ ਰਾਏ ਸੀ, ਜੋ ਉਨ੍ਹਾਂ ਦਿਨਾਂ ਵਿਚ ਖ਼ਾਲਸਾ ਕਾਲਜ 'ਚ ਅੰਗਰੇਜ਼ੀ ਦੀ ਐਮ. ਏ. ਦਾ ਵਿਦਿਆਰਥੀ ਸੀ। ਮੈਨੂੰ ਯਾਦ ਹੈ ਕਿ ਸਾਡੇ ਵਰਕਰਾਂ ਦੀ ਇਕ ਮੀਟਿੰਗ ਲਾਲਾ ਚਾਤ੍ਰਿਕ ਜੀ ਦੇ ਘਰ ਹੋਈ ਸੀ, ਜਿਸ ਵਿਚ ਕਾਮਰੇਡ ਅਜੇ ਘੋਸ਼ ਨੇ ਜੋ ਪਿਛੋਂ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਵੀ ਰਹੇ, ਵਖਿਆਨ ਦਿਤਾ ਸੀ, ਪਰ ਉਸ ਸਮੇਂ ਉਨ੍ਹਾਂ ਦੇ ਭਾਸ਼ਨ ਤੋਂ ਮੈਨੂੰ ਕੁਝ ਨਿਰਾਸ਼ਤਾ ਵੀ ਹੋਈ ਸੀ। ਫਿਰ ਵੀਅਤਨਾਮ ਵਿਚੋਂ ਨੌਜਵਾਨਾਂ ਦਾ ਇਕ ਡੈਲੀਗੇਸ਼ਨ ਆਇਆ ਤੇ ਅਸੀਂ ਉਸ ਦੇ ਸੁਆਗਤ ਲਈ ਲਾਹੌਰ ਪੁਜੇ। ਫਿਰਕੂ ਫ਼ਸਾਦਾਂ ਦੇ ਬੜੇ ਖ਼ਤਰਨਾਕ ਦਿਨ ਸਨ। ਅਸੀਂ ਅੰਮ੍ਰਿਤਸਰ ਦੇ ਵਿਦਿਆਰਥੀ ਜੱਥੇ ਵਿਚ ਲਾਹੌਰ ਦੇ ਬਜ਼ਾਰਾਂ ਵਿਚੋਂ ਲੰਘ ਰਹੇ ਸਾਂ ਅਤੇ ਸਵੈ ਰੱਖਿਆ ਲਈ ਸਾਡੇ ਹੱਥਾਂ ਵਿਚ ਵੀ ਹਥਿਆਰ ਸਨ। Y. M.C.A ਹਾਲ ਵਿਚ ਸੁਆਗਤੀ ਜਲਸਾ ਹੋਇਆ, ਫ਼ਰਾਂਸੀਸੀ ਸਾਮਰਾਜਵਾਦ ਮੁਰਦਾਬਾਦ ਅਤੇ ਵਿਅਤਨਾਮੀ ਜਨਤਾ ਜ਼ਿੰਦਾਬਾਦ ਦੇ ਜ਼ੋਰ ਜ਼ੋਰ ਦੇ ਨਾਅਰੇ ਲਗਾਏ ਗਏ। ਅਸੀਂ ਉਸ ਵਿਦੇਸ਼ੀ ਡੈਲੀਗੇਸ਼ਨ ਨੂੰ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਪੁਸਤਕਾਂ ਦਾ ਇਕ ਸੈਟ ਤੇ ਇਕ ਛੋਟੀ ਕਿਰਪਾਨ ਭੇਟ ਕੀਤੀ ਸੀ।

ਕਾਲਜ ਦੀ ਪੜ੍ਹਾਈ ਦੁਬਾਰਾ ਸ਼ੁਰੂ ਹੋਈ। ਕਾਲਜ ਮੈਗਜ਼ੀਨ 'ਦਰਬਾਰ' ਛੱਪਿਆ। ਮੈਂ ਇਸ ਦੇ ਪੰਜਾਬੀ ਸ਼ੈਕਸ਼ਨ ਦਾ ਵਿਦਿਆਰਥੀ ਸੰਪਾਦਕ ਸਾਂ। ਇਸ ਦੇ ਮੁਖ ਸੰਪਾਦਕ ਪ੍ਰੋ. ਸੰਤ ਸਿੰਘ ਸੇਖੋਂ ਸਨ। ਇਸ ਵਿਚ ਮੇਰਾ ਇਕ ਲੇਖ 'ਪੰਜਾਬੀ ਬੋਲੀ ਸਾਡੀ ਮਾਤ ਭਾਸ਼ਾ' ਛਪਿਆ ਸੀ ਅਤੇ ਇਕ ਕਵਿਤਾ ਫਿਰਕੂ ਫ਼ਸਾਦਾਂ



Sri Satguru Jagjit Singh Ji eLibrary NamdhariElibrary@gmail.com

ਬਾਰੇ ਛਪੀ ਸੀ, ਜਿਸ ਦੇ ਕੁਝ ਸ਼ਬਦ ਸਨ :

*ਯਾਰੋ ਸਾਡੇ ਦੇਸ਼ ਵਿਚ ਹੋਏ ਅਤਿਆਚਾਰ,*
*ਖ਼ੂਨ ਖ਼ਰਾਬਾ ਵੱਢ ਟੁਕ ਵੱਡ ਘਲੂਘਾਰ।*
*ਰੂਹ ਪਿਟੀ ਸਾਡੇ ਬਾਬਿਆਂ, ਦੁਹੱਥੜ ਮਾਰ,*
*ਗੋਰਾ ਲਾਂਭੇ ਹੋ ਗਿਆ, ਸਿਰ ਸਿਰ ਭਾਂਬੜ ਬਾਲ।*

ਮੈਂ ਪੜ੍ਹਾਈ ਵੀ ਕਰ ਰਿਹਾ ਸਾਂ ਅਤੇ ਰਾਜਸੀ ਕੰਮਾਂ ਵਿਚ ਦਿਲਚਸਪੀ ਵੀ ਲੈ ਰਿਹਾ ਸਾਂ। ਕੁਝ ਮਜ਼ਦੂਰ ਜਥੇਬੰਦੀਆਂ ਨੂੰ ਜਥੇਬੰਦ ਕਰਨ ਵਿਚ ਹਿੱਸਾ ਪਾਇਆ। ਆਜ਼ਾਦ ਹਿੰਦ ਫ਼ੌਜ ਦੇ ਬਾਨੀ ਜਰਨੈਲ ਮੋਹਨ ਸਿੰਘ ਅਤੇ ਆਜ਼ਾਦ ਹਿੰਦ ਫ਼ੌਜ ਦੇ ਢਿਲੋਂ, ਸਹਿਗਲ, ਸ਼ਾਹਨਵਾਜ ਦੀ ਰਿਹਾਈ ਬਾਰੇ ਵੱਡੇ ਵੱਡੇ ਜਲੂਸ ਕਢੇ ਗਏ। ਉੱਚੀ ਉੱਚੀ ਨਾਅਰੇ ਲਗਦੇ ਸਨ। ਲਾਲ ਕਿਲ੍ਹੇ ਤੋਂ ਆਈ ਆਵਾਜ਼ :

*ਢਿਲੋਂ, ਸਹਿਗਲ, ਸ਼ਾਹਨਵਾਜ*
*ਜ਼ਿੰਦਾਬਾਦ! ਜ਼ਿੰਦਾਬਾਦ!!54*

ਕਸ਼ਮੀਰ ਉਤੇ ਪਾਕਿਸਤਾਨ ਵਲੋਂ ਕਬਾਇਲੀਆਂ ਨੇ ਹਲਾ ਬੋਲਿਆ। ਸ਼ੇਰੇ ਕਸ਼ਮੀਰ ਸ਼ੇਖ਼ ਅਬਦੁੱਲਾ ਤੇ ਕਸ਼ਮੀਰੀ ਜਨਤਾ ਨੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ। ਕਸ਼ਮੀਰੀ ਲੋਕਾਂ ਦੀ ਸਹਾਇਤਾ ਲਈ ਕਸ਼ਮੀਰ ਸਹਾਇਕ ਸਭਾ ਬਣਾਈ ਗਈ, ਭੈਣ ਮੀਰ ਦੁੱਲਾ ਸਾਰਾਬਾਈ ਕੁਝ ਸਮਾਂ ਅੰਮ੍ਰਿਤਸਰ ਰਹੀ। ਇਸ ਸੰਸਥਾ ਵਿਚ ਵੀ ਥੋੜ੍ਹਾ ਜਿਹਾ ਯਥਾਸ਼ਕਤ ਹਿੱਸਾ ਪਾਇਆ। ਅੰਮ੍ਰਿਤਸਰ ਦੇ ਟੈਂਪਰੈਂਸ ਹਾਲ ਵਿਚ ਹੋਏ ਕੁਝ ਜਲਸਿਆਂ ਦੀਆਂ ਯਾਦਾਂ ਮੈਨੂੰ ਚੇਤੇ ਹਨ। ਇਕ ਜਲਸੇ ਵਿਚ ਸ਼੍ਰੀਮਤੀ ਅਰੁਣਾ ਆਸਫ਼ ਅਲੀ ਨੇ ਵਖਿਆਨ ਦਿਤਾ ਸੀ, ਜਿਸ ਵਿਚ ਸਮਾਜਕ ਵਿਕਾਸ ਦੀਆਂ ਅਵਸਥਾਵਾਂ ਅਤੇ ਬੁਧੀਜੀਵੀਆਂ ਦੇ ਕਰਤਵਾਂ ਬਾਰੇ ਰੌਸ਼ਨੀ ਪਾਈ ਗਈ ਸੀ। ਸਾਧਾਰਨ ਜਾਣਕਾਰੀ ਜੋ ਆਮ ਪੜ੍ਹਿਆਂ ਲਿਖਿਆਂ ਨੂੰ ਅਖ਼ਬਾਰਾਂ ਦੁਆਰਾ ਮਿਲਦੀ ਹੈ ਅਤੇ ਯੁੱਗ ਬੋਧ ਦਾ ਅੰਤਰ-ਨਿਖੇੜ ਕੀਤਾ ਗਿਆ ਸੀ।

1948 ਦੀ ਹੀ ਗੱਲ ਹੈ। ਸਟੂਡੈਂਟ ਫ਼ੈਡਰੇਸ਼ਨ ਦੀ ਇਕ ਵਿਸ਼ੇਸ਼ ਇਕੱਤਰਤਾ ਟੈਂਪਰੈਂਸ ਹਾਲ ਵਿਚ ਹੀ ਹੋਈ ਸੀ, ਜਿਸ ਵਿਚ ਮੈਂ ਤੇ ਮੇਰੇ ਸਾਥੀਆਂ ਨੇ ਪੰਜਾਬੀ ਭਾਸ਼ੀ ਪ੍ਰਦੇਸ਼ ਅਤੇ ਮਾਤ ਭਾਸ਼ਾ ਪੰਜਾਬੀ ਨੂੰ ਸਰਕਾਰੀ ਬੋਲੀ ਬਣਾਉਣ ਬਾਰੇ ਮਤਾ ਪੇਸ਼ ਕੀਤਾ ਸੀ, ਪਰ ਸਾਡੇ ਆਗਾਂਹਵਧੂ ਵਿਦਿਆਰਥੀ ਆਗੂ ਇਸ ਮਤੇ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸਨ। ਮੈਂ ਤੇ ਮੇਰੇ ਸਾਥੀਆਂ ਨੇ ਪ੍ਰੋ. ਵਰਿਆਮ ਸਿੰਘ ਤੇ ਪ੍ਰੋ. ਗੁਰਬਚਨ ਸਿੰਘ ਤਾਲਿਬ ਜੀ ਨੂੰ ਉਚੇਚੇ ਤੌਰ ਤੇ ਬੁਲਾ ਕੇ ਇਸ ਮਤੇ ਦੀ ਪ੍ਰੋੜ੍ਹਤਾ ਕਰਵਾਈ ਸੀ ਅਤੇ ਇਹ ਮਤਾ ਪ੍ਰਵਾਨ ਚੜ੍ਹਿਆ ਸੀ।

ਇਨ੍ਹਾਂ ਦਿਨਾਂ ਵਿਚ ਹੀ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਲਾਲ ਕਮਿਊਨਿਸਟ ਪਾਰਟੀ ਸਥਾਪਿਤ ਕੀਤੀ। ਨਕੋਦਰ ਵਿਖੇ ਪਾਰਟੀ ਦੀ ਪਹਿਲੀ



Sri Satguru Jagjit Singh Ji eLibrary NamdhariElibrary@gmail.com

ਕਨਵੈਨਸ਼ਨ ਹੋਈ। ਗਿ. ਹੀਰਾ ਸਿੰਘ ਦਰਦ ਜੀ ਨੇ *'ਫੁਲਵਾੜੀ'* ਜਲੰਧਰ ਤੋਂ ਪ੍ਰਕਾਸ਼ਿਤ ਕਰਨੀ ਸ਼ੁਰੂ ਕੀਤੀ। ਮੈਂ ਤੇ ਮੇਰੇ ਕੁਝ ਹੋਰ ਸਾਥੀ ਇਸ ਪਾਰਟੀ ਵਿਚ ਸ਼ਾਮਲ ਹੋ ਗਏ।

ਮੈਨੂੰ ਯਾਦ ਆਉਂਦਾ ਹੈ ਕਿ ਕਾਲਜ ਦੀ ਪੜ੍ਹਾਈ ਦੇ ਦੌਰਾਨ ਹੀ ਅਸੀਂ ਪੰਡਤ ਜਵਾਹਰ ਲਾਲ ਨਹਿਰੂ ਤੇ ਜੈ ਪ੍ਰਕਾਸ਼ ਨਾਰਇਣ ਦੇ ਸੁਆਗਤੀ ਜਲਸਿਆਂ ਵਿਚ ਵੀ ਹਿੱਸਾ ਲਿਆ ਸੀ। ਜਦੋਂ ਕਾਲਜ ਦੇ ਚੌਥੇ ਸਾਲ ਵਿਚ ਪੜ੍ਹਾਈ ਕਰ ਰਿਹਾ ਸਾਂ ਤਾਂ ਕਾਲਜ ਵਿਚ ਇਕ ਲੰਮੀ ਵਿਦਿਆਰਥੀ ਹੜਤਾਲ ਹੋ ਗਈ ਜੋ ਦੋ ਮਹੀਨਿਆਂ ਤੋਂ ਵੀ ਵਧ ਸਮੇਂ ਤਕ ਜਾਰੀ ਰਹੀ। ਵੱਡੀ ਮੰਗ ਇਹ ਸੀ ਕਿ ਕਾਲਜ ਦੇ ਅਧਿਕਾਰੀਆਂ ਨੂੰ ਦਸੰਬਰ ਵਿਚ ਹੀ ਵਿਦਿਆਰਥੀਆਂ ਦੇ ਯੂਨੀਵਰਸਿਟੀ ਪ੍ਰੀਖਿਆ ਲਈ ਦਾਖ਼ਲੇ ਨਹੀਂ ਰੋਕਣੇ ਚਾਹੀਦੇ, ਕਿਉਂਜੋ ਇਮਤਿਹਾਨ ਤਾਂ ਅਪਰੈਲ ਵਿਚ ਜਾ ਕੇ ਹੋਣੇ ਹਨ ਅਤੇ ਇਸ ਦੌਰਾਨ ਵਿਦਿਆਰਥੀ ਆਪਣੀ ਘਾਟ ਨੂੰ ਪੂਰਾ ਕਰ ਸਕਦੇ ਹਨ। ਇਨ੍ਹਾਂ ਦਿਨਾਂ ਵਿਚ ਹੀ ਮੈਂ ਇਕ ਕਵਿਤਾ ਵੀ ਲਿਖੀ ਸੀ, ਜੋ ਕੇਵਲ ਵਿਦਿਆਰਥੀਆਂ ਨੂੰ ਉਤਸ਼ਾਹ ਦੇਣ ਲਈ ਹੀ ਸੀ। ਸ਼ਬਦ ਸਨ :

*ਵਿਦਿਆਰਥੀ ਏਕੇ ਦਾਅ ਬੇਲੀ,*
*ਅਸੀਂ ਨਾਰਾ ਦਿਤਾ ਲਾ ਬੇਲੀ,*
*ਅਸੀਂ ਆਖੀਏ ਨੋ ਡੀਟੈਨਸ਼ਨ,*
*ਸਾਡੇ ਦਾਖ਼ਲੇ ਇਹ ਕਿਉਂ ਰੋਕਣ,*
*ਚਾਰ ਮਹੀਨੇ ਪਹਿਲਾਂ ਹੀ ਸੋਚਣ,*
*ਜਿਵੇਂ ਹੁੰਦੇ ਔਲੀਆ ਬੇਲੀ।*

1948 ਵਿਚ ਜਦੋਂ ਮੈਂ ਬੀ. ਏ. ਦਾ ਇਮਤਿਹਾਨ ਦੇ ਨਹੀਂ ਸਾਂ ਸਕਿਆ, ਕਾਰਨ ਕੁਝ ਘਰੋਗੀ ਤੇ ਕੁਝ ਮਾਨਸਿਕ ਪਰੇਸ਼ਾਨੀਆਂ ਸਨ। ਮੈਂ ਅੰਮ੍ਰਿਤਸਰ ਤੋਂ ਆਪਣੇ ਪਿੰਡ ਕਸੇਲ ਨੂੰ ਸਾਈਕਲ ਤੇ ਜਾ ਰਿਹਾ ਸਾਂ ਕਿ ਮੇਰੇ ਇਕ ਤਾਇਆ ਜੀ ਮੇਰੇ ਨਾਲ ਆ ਰਲੇ। ਗੱਲਾਂ ਬਾਤਾਂ ਚਲਦੀਆਂ ਰਹੀਆਂ। ਮੈਨੂੰ ਉਨ੍ਹਾਂ ਪੁਛਿਆ, 'ਕਾਕਾ ਤੂੰ ਇਸ ਸਾਲ ਇਮਤਿਹਾਨ ਕਿਉਂ ਨਹੀਂ ਦਿਤਾ?' ਮੈਂ ਉੱਤਰ ਵਿਚ ਕਿਹਾ ਕਿ ਮੇਰੀਆਂ ਕੁਝ ਮਜਬੂਰੀਆਂ ਸਨ। ਉਨ੍ਹਾਂ ਕਿਹਾ, 'ਨਹੀਂ ਇਹ ਗੱਲ ਨਹੀਂ, ਤੇਰੇ ਸਿਰ ਤੇ ਕੋਈ ਕੁੰਡਾ ਨਹੀਂ।' ਉਨ੍ਹਾਂ ਦੀ ਇਹ ਗਲ ਮੇਰੇ ਦਿਲ 'ਤੇ ਤਿੱਖਾ ਵਾਰ ਕਰ ਗਈ। ਭਾਵੇਂ ਇਸ ਦਾ ਕਾਰਨ ਮੇਰੇ ਬਾਪ ਦੀ ਅਣਹੋਂਦ, ਜੋ ਉਨ੍ਹਾਂ ਨੇ ਸਮਝਿਆ ਸੀ, ਨਹੀਂ ਸੀ, ਫਿਰ ਵੀ ਉਨ੍ਹਾਂ ਨੇ ਮੈਨੂੰ ਜੀਵਨ ਦੇ ਇਸ ਪੜਾਅ ਉਤੇ ਕਾਫ਼ੀ ਹੱਦ ਤਕ ਸੁਚੇਤ ਕਰ ਦਿਤਾ ਸੀ।

ਮੈਂ 1949 ਵਿਚ ਬੀ. ਏ. ਦਾ ਇਮਤਿਹਾਨ ਦੇਣਾ ਸੀ, ਪਰ ਮਈ ਵਿਚ ਮੇਰੀ ਗ੍ਰਿਫ਼ਤਾਰੀ ਹੋ ਗਈ। ਮੈਨੂੰ ਸਦਰ ਥਾਣੇ ਦੀ ਹਵਾਲਾਤ ਤੇ ਫਿਰ ਅੰਮ੍ਰਿਤਸਰ ਜੇਲ੍ਹ ਵਿਚ ਭੇਜ ਦਿਤਾ ਗਿਆ। ਇਮਤਿਹਾਨ ਜੂਨ ਵਿਚ ਹੋਣੇ ਸਨ। ਮੈਂ ਸੋਚਿਆ ਸਰਕਾਰ



Sri Satguru Jagjit Singh Ji eLibrary NamdhariElibrary@gmail.com

ਮੈਨੂੰ ਹੁਣ ਇਸ ਇਮਤਿਹਾਨ ਨੂੰ ਦੇਣ ਦੀ ਆਗਿਆ ਨਹੀਂ ਦੇਵੇਗੀ। ਇਸ ਲਈ ਮੈਂ ਪੜ੍ਹਾਈ ਵਲੋਂ ਥੋੜ੍ਹਾ ਅਵੇਸਲਾ ਹੋ ਗਿਆ। ਉਂਝ ਕਿਤਾਬਾਂ ਮੇਰੇ ਕੋਲ ਸਨ ਤੇ ਮੈਂ ਇਮਤਿਹਾਨ ਦੀ ਤਿਆਰੀ ਜ਼ਰੂਰ ਕਰ ਰਿਹਾ ਸਾਂ ।

ਜੂਨ ਦੇ ਅਖ਼ੀਰਲੇ ਹਫ਼ਤੇ ਇਮਤਿਹਾਨ ਹੋਣਾ ਸੀ। 3-4 ਦਿਨ ਪਹਿਲਾਂ ਮੈਨੂੰ ਜੇਲ੍ਹ ਦੇ ਸੁਪਰਇਨਟੈਂਡੈਂਟ ਨੇ ਦਫ਼ਤਰ ਵਿਚ ਬੁਲਾਇਆ ਤੇ ਮੈਨੂੰ ਮੇਰੇ ਇਮਤਿਹਾਨ ਦਾ ਰੋਲ ਨੰਬਰ ਦੇ ਕੇ ਕਹਿਣ ਲੱਗਾ, "ਤੁਹਾਨੂੰ ਇਮਤਿਹਾਨ ਦੇਣ ਦੀ ਇਜਾਜ਼ਤ ਮਿਲ ਗਈ ਹੈ। ਤੁਹਾਡੇ ਨਾਲ ਇਥੋਂ ਪੁਲਸ ਦੀ ਗਾਰਡ ਜਾਇਆ ਕਰੇਗੀ ਅਤੇ ਪਰਚਾ ਦੁਆ ਕੇ ਵਾਪਿਸ ਜੇਲ੍ਹ ਵਿਚ ਹੀ ਲੈ ਆਇਆ ਕਰੇਗੀ।" ਮੈਂ ਜਿਹੜੇ ਦੋ-ਚਾਰ ਦਿਨ ਰਹਿੰਦੇ ਸਨ, ਇਮਤਿਹਾਨ ਦੀ ਤਿਆਰੀ ਵਿਚ ਰੁਝ ਗਿਆ।

ਜਦੋਂ ਹੱਥਕੜੀ ਲਾ ਕੇ ਤਿੰਨ ਪੁਲਿਸ ਦੇ ਕਰਮਚਾਰੀ ਤੇ ਇਕ C. I. D ਦਾ ਹਵਾਲਦਾਰ ਮੈਨੂੰ ਇਮਤਿਹਾਨ ਦੁਆਉਣ ਲਈ ਖ਼ਾਲਸਾ ਕਾਲਜ ਦੇ ਹਾਲ ਵਿਚ ਲੈ ਕੇ ਗਏ ਤਾਂ ਪ੍ਰੀਖਿਆ ਲੈ ਰਹੇ ਸੁਪਰਇਨਟੈਂਡੈਂਟ ਨੇ ਮੈਨੂੰ ਇਹ ਕਹਿ ਕੇ ਹਾਲ ਵਿਚ ਬਿਠਾਉਣ ਤੋਂ ਇਨਕਾਰ ਕਰ ਦਿਤਾ ਕਿ ਮੁੰਡੇ ਗੜਬੜ ਕਰ ਦੇਣਗੇ। ਮੈਨੂੰ ਉਚੇਚੇ ਕਮਰੇ ਵਿਚ ਬਿਠਾਇਆ ਗਿਆ। ਮੇਰੇ ਉਪਰ ਇਕ ਵਖਰੇ ਸੁਪਰਵਾਈਜ਼ਰ ਦੀ ਡਿਊਟੀ ਲਾਈ ਗਈ। ਭਾਵੇਂ ਇਮਤਿਹਾਨ ਸਮੇਂ ਪੁਲਿਸ ਦੇ ਕਰਮਚਾਰੀ ਮੇਰੀ ਹਥਕੜੀ ਖੋਲ੍ਹ ਦਿਦੇ ਸਨ, ਪਰ ਮੇਰੇ ਉਸ ਕਮਰੇ ਵਿਚ ਉਹ ਤਿੰਨ ਘੰਟੇ ਮੇਰੇ ਨਾਲ ਹੀ ਬੈਠੇ ਰਹਿੰਦੇ ਸਨ। ਬੀ. ਏ. ਦੇ ਇਮਤਿਹਾਨ ਦੇ ਨਤੀਜੇ ਦਾ ਕਾਰਡ ਤਾਂ ਮੈਨੂੰ ਮਿਲ ਗਿਆ, ਪਰ ਮੈਨੂੰ ਬੀ. ਏ. ਦੀ ਡਿਗਰੀ ਹੁਣ ਤੱਕ ਇਸ ਲਈ ਵੀ ਪ੍ਰਾਪਤ ਨਹੀਂ ਹੋ ਸਕੀ, ਕਿਉਂਜੋ ਯੂਨੀਵਰਸਿਟੀ ਵਾਲੇ ਮੇਰੇ ਉਤੇ ਵਖਰੀ ਨਿਗਰਾਨੀ ਕੀਤੀ ਗਈ ਦਾ ਖ਼ਰਚਾ ਮੰਗਦੇ ਸਨ ਅਤੇ ਮੈਂ ਕਹਿੰਦਾ ਸਾਂ ਇਹ ਖ਼ਰਚਾ ਸਰਕਾਰ ਦੇਵੇਗੀ।



Sri Satguru Jagjit Singh Ji eLibrary NamdhariElibrary@gmail.com

# ਯੋਲ ਕੈਂਪ ਵਿਚ ਨਜ਼ਰਬੰਦੀ

ਇਮਤਿਹਾਨ ਖ਼ਤਮ ਹੋਣ ਪਿਛੋਂ ਮੈਨੂੰ ਯੋਲ ਕੈਂਪ ਜੇਲ੍ਹ ਵਿਚ ਭੇਜ ਦਿਤਾ ਗਿਆ, ਜਿਥੇ 100-125 ਦੇ ਲਗਪਗ ਰਾਜਸੀ ਨਜ਼ਰਬੰਦ ਰਖੇ ਗਏ ਸਨ। ਇਥੋਂ ਦਾ ਜੇਲ੍ਹ ਦਾ ਪ੍ਰਬੰਧ ਨਜ਼ਰਬੰਦ ਸਾਥੀਆਂ ਨੇ ਆਪਣੀ ਇਕ ਸਬ ਕਮੇਟੀ ਦੇ ਹਵਾਲੇ ਕੀਤਾ ਹੋਇਆ ਸੀ। ਇਥੇ ਅਖ਼ਬਾਰਾਂ ਤੇ ਹੋਰ ਸਾਹਿਤ ਪੜ੍ਹਨ ਤੇ ਰਾਜਨੀਤਕ ਵਿਖਿਆਨ ਤੇ ਹਰ ਰੋਜ਼ ਸੀਨੀਅਰ ਨੇਤਾ ਰਾਜਨੀਤਕ ਮਸਲਿਆਂ ਉਤੇ ਚਰਚਾ ਕਰਦੇ ਹੁੰਦੇ ਸਨ ਜਾਂ ਕਿਸੇ ਸਿਧਾਂਤਕ ਪੁਸਤਕ ਉਤੇ ਵਿਚਾਰ ਕੀਤੀ ਜਾਂਦੀ ਸੀ। ਮੈਂ ਆਪਣੀ ਪਾਰਟੀ ਦੇ ਸਾਥੀਆਂ ਨਾਲ ਇਹ ਦਿਨ ਪੜ੍ਹਨ ਪੜ੍ਹਾਣ ਤੇ ਕੁਝ ਸਿਖਣ ਸਖਾਣ ਵਿਚ ਲਗਾਏ। ਇਥੇ ਮੈਨੂੰ ਇਕ ਹੋਰ ਤਲਖ ਤਜਰਬਾ ਹੋਇਆ। ਪਾਰਟੀ ਦੇ ਆਗੂ ਧੜੇਬੰਦੀ ਦਾ ਸ਼ਿਕਾਰ ਹੋ ਗਏ ਅਤੇ ਇੰਝ ਪ੍ਰਤੀਤ ਹੋਇਆ ਜਿਵੇਂ ਇਹ ਨੇਤਾ ਦੂਜਿਆਂ ਨੂੰ ਮੋਹਰਾ ਬਣਾ ਕੇ ਵਰਤਦੇ ਹਨ, ਇਸ ਲਈ ਮੈਂ ਕੁਝ ਮਿੱਤਰਾਂ ਨਾਲ ਵਿਚਾਰ ਕਰ ਕੇ ਪਾਰਟੀ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਫ਼ੈਸਲਾ ਕੀਤਾ ਕਿ ਅਗਾਂਹਵਧੂ ਵਿਚਾਰਧਾਰਾ ਨਾਲ ਸਿਧਾਂਤਕ ਦਿਲਚਸਪੀ ਹੀ ਰਖਣੀ ਹੈ ਅਤੇ ਰਾਜਨੀਤਕ ਸਰਗਰਮੀ ਦੀ ਥਾਂ ਉਤੇ ਲਿਖਣ ਪੜ੍ਹਨ ਦੇ ਕਾਰਜ ਵਿਚ ਆਪਣਾ ਆਦਰਸ਼ ਮਿਥਣਾ ਹੈ।

ਮੈਂ ਸਰਕਾਰ ਨੂੰ ਬਿਨੈ ਪੱਤਰ ਭੇਜਿਆ ਕਿ ਮੇਰੀ ਅਗਲੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ। ਜੇ ਸਰਕਾਰ ਨੂੰ ਮੇਰੇ ਉਤੇ ਬਹੁਤਾ ਹੀ ਸ਼ੱਕ ਹੈ ਤਾਂ ਉਹ ਮੈਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨਿਸ਼ਚਿਤ ਹੱਦ ਵਿਚ ਨਜ਼ਰਬੰਦ ਕਰ ਦੇਵੇ ਤਾਂ ਜੋ ਮੈਂ ਆਪਣੀ ਪੜ੍ਹਾਈ ਜਾਰੀ ਰਖ ਸਕਾਂ। ਬੀ. ਏ. ਦੀ ਪ੍ਰੀਖਿਆ ਮੈਂ ਸੈਕਿੰਡ ਡਿਵੀਜ਼ਨ ਵਿਚ ਪਾਸ ਕਰ ਲਈ। ਸਰਕਾਰ ਨੇ ਮੈਨੂੰ ਯੋਲ ਕੈਂਪ ਤੋਂ ਰਿਹਾਅ ਕਰ ਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਨੇੜੇ ਤੇੜੇ ਦੇ ਖੇਤਰ ਵਿਚ ਹਦੂਦਬੰਦ ਕਰ ਦਿਤਾ, ਇਹ



Sri Satguru Jagjit Singh Ji eLibrary NamdhariElibrary@gmail.com

# ਐੱਮ.ਏ. ਪੰਜਾਬੀ ਦੀ ਪਹਿਲੀ ਕਲਾਸ ਵਿਚ ਦਾਖ਼ਲਾ ਲੈਣਾ

ਬੀ.ਏ. ਦੀ ਪੜ੍ਹਾਈ ਸਮੇਂ ਮੇਰੇ ਚੋਣਵੇਂ ਵਿਸ਼ੇ ਸਨ ਅਰਥਸ਼ਾਸਤਰ ਤੇ ਦਰਸ਼ਨ ਵਿਗਿਆਨ। ਘਰੋਂ ਮੈਂ ਅਰਥਸ਼ਾਸਤਰ ਦੀ ਐੱਮ. ਏ. ਸ਼੍ਰੇਣੀ ਵਿਚ ਦਾਖ਼ਲਾ ਲੈਣ ਗਿਆ ਸਾਂ, ਪਰ ਮੈਨੂੰ ਪ੍ਰੋ. ਸੰਤ ਸਿੰਘ ਸੇਖੋਂ ਨੇ ਰਾਹ ਵਿਚ ਹੀ ਘੇਰ ਲਿਆ ਤੇ ਪੰਜਾਬੀ ਐੱਮ.ਏ. ਵਿਚ ਦਾਖ਼ਲਾ ਲੈਣ ਲਈ ਕਿਹਾ। ਮੈਂ ਉਨ੍ਹਾਂ ਦੀ ਸਲਾਹ ਮੰਨ ਲਈ ਅਤੇ ਐੱਮ. ਏ. ਪੰਜਾਬੀ ਵਿਚ ਦਾਖ਼ਲ ਹੋ ਗਿਆ, ਜਿਸ ਦੇ ਵਿਭਾਗ ਮੁਖੀ ਪ੍ਰੋ. ਸੰਤ ਸਿੰਘ ਸੇਖੋਂ ਜੀ ਨੂੰ ਹੀ ਥਾਪਿਆ ਗਿਆ ਸੀ। ਇਨ੍ਹਾਂ ਦਿਨਾਂ ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦਾ ਪੰਜਾਬੀ ਵਿਭਾਗ ਜਿਸ ਦੇ ਮੁਖੀ ਡਾ. ਮੋਹਨ ਸਿੰਘ ਦੀਵਾਨਾ ਸਨ, ਵੀ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਹੀ ਆ ਟਿਕਿਆ ਸੀ। ਇਸ ਲਈ ਸਾਨੂੰ ਪੰਜਾਬੀ ਦੇ ਵਿਦਿਆਰਥੀਆਂ ਨੂੰ ਇਸ ਦਾ ਦੂਹਰਾ ਲਾਭ ਹੋਇਆ। ਸਾਡੀਆਂ ਜਮਾਤਾਂ ਸ਼ਾਮ ਨੂੰ ਪਟਿਆਲਾ ਹੋਸਟਲ ਦੇ ਕਮਰਿਆਂ ਵਿਚ ਲਗਦੀਆਂ ਸਨ ਅਤੇ ਇਕ ਜ਼ਰੂਰੀ ਪੰਜਵਾਂ ਪਰਚਾ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਹੁੰਦਾ ਸੀ, ਜਿਸ ਨੂੰ ਸਾਨੂੰ ਡਾ. ਮੋਹਨ ਸਿੰਘ ਦੀਵਾਨਾ ਕੋਲੋਂ ਪੜ੍ਹਨ ਦਾ ਮੌਕਾ ਮਿਲਿਆ। ਪੰਜਾਬੀ ਦੇ ਅਧਿਆਪਕ ਮੰਡਲ ਵਿਚ ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਦੀਵਾਨ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਗੁਲਵੰਤ ਸਿੰਘ , ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਤੇ ਡਾ. ਰੌਸ਼ਨ ਲਾਲ ਅਹੂਜਾ ਸ਼ਾਮਲ ਸਨ ਅਤੇ ਤਿੰਨ ਪਰਚੇ ਪ੍ਰੋ. ਸੇਖੋਂ ਸਾਹਿਬ ਹੀ ਪੜ੍ਹਾਉਂਦੇ ਸਨ।

ਸਾਡਾ ਚਹੁੰ ਵਿਦਿਆਰਥੀਆਂ ਦਾ ਜੁਟ ਹੁੰਦਾ ਸੀ। ਮੇਰਾ ਇਕ ਮਿੱਤਰ ਨਿਰੰਜਨ ਸਿੰਘ ਸਾਡੇ ਘਰ ਹੀ ਰਹਿੰਦਾ ਸੀ। ਅਸੀਂ ਆਪਣੇ ਸਹੁਰੇ ਘਰ ਦੀ ਤੀਜੀ



Sri Satguru Jagjit Singh Ji eLibrary NamdhariElibrary@gmail.com

ਮੰਜ਼ਿਲ ਉਤੇ ਬਣੇ ਕਮਰੇ ਵਿਚ ਜਿਸ ਦੀਆਂ ਬਾਰੀਆਂ ਖ਼ਾਲਸਾ ਕਾਲਜ ਵਲ ਹੀ ਖੁਲ੍ਹਦੀਆਂ ਸਨ, ਰਹਿੰਦੇ ਸਾਂ। ਸਾਡੇ ਦੋ ਹੋਰ ਸਾਥੀ ਗੁਰਬਖ਼ਸ਼ ਸਿੰਘ ਸਚਦੇਵ ਤੇ ਤਰਲੋਚਨ ਸਿੰਘ ਬੇਦੀ ਦੱਸ ਕੁ ਵਜੇ ਸਾਡੇ ਘਰ ਆ ਜਾਂਦੇ ਤੇ ਅਸੀਂ ਸਾਰੀ ਦਿਹਾੜੀ ਪੜ੍ਹਦੇ ਤੇ ਵਿਚਾਰ ਵਟਾਂਦਰਾ ਕਰਦੇ ਰਹਿੰਦੇ। ਸ਼ਾਮ ਦੀਆਂ ਜਮਾਤਾਂ ਤੋਂ ਪਿਛੋਂ ਉਹ ਦੋਵੇਂ ਸਜਣ ਆਪੋ ਆਪਣੇ ਘਰੋ ਘਰੀ ਚਲੇ ਜਾਂਦੇ ਅਤੇ ਮੈਂ ਤੇ ਨਿਰੰਜਨ ਸਿੰਘ ਰਾਤ ਵੀ ਇਕੱਠੇ ਰਹਿੰਦੇ। ਇਉਂ ਲਗਭਗ ਦੋ ਸਾਲ ਤਕ ਸਾਡੀ ਪੜ੍ਹਾਈ ਦਾ ਇਹੋ ਸਿਲਸਿਲਾ ਹੀ ਜਾਰੀ ਰਿਹਾ। ਪਿਛੋਂ ਜਾ ਕੇ ਪਰਮਿੰਦਰ ਸਿੰਘ ਤੇ ਕਰਤਾਰ ਸਿੰਘ ਸੂਰੀ ਵੀ ਸਾਡੇ ਕੋਲ ਆ ਜਾਂਦੇ। ਮੈਂ ਐੱਮ.ਏ.ਦੇ ਪਹਿਲੇ ਸਾਲ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚੋਂ ਗਿਆਨੀ ਦੀ ਪ੍ਰੀਖਿਆ ਯੂਨੀਵਰਸਿਟੀ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ ਪਾਸ ਕਰ ਲਈ। ਮੇਰੇ 600 ਵਿਚੋਂ 448 ਅੰਕ ਸਨ। ਡਾ. ਮੋਹਨ ਸਿੰਘ ਦੀਵਾਨਾ ਮਰਜ਼ੀ ਦੇ ਮਾਲਕ ਸਨ। ਉਨ੍ਹਾਂ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਸੰਬੰਧੀ ਮਹੱਤਵਪੂਰਨ ਭੂਮੀ ਤਿਆਰ ਕੀਤੀ। ਇਨ੍ਹਾਂ ਦਿਨਾਂ ਵਿਚ ਹੀ ਮੈਂ ਡਾ. ਮੋਹਨ ਸਿੰਘ ਦੀ ਅੰਗਰੇਜ਼ੀ ਪੁਸਤਕ 'A History of Punjabi Literature' ਨੂੰ ਲਾਇਬ੍ਰੇਰੀ ਵਿਚੋਂ ਕਢਵਾ ਕੇ ਆਪਣੇ ਹੱਥੀ ਉਸ ਨੂੰ ਕਾਪੀਆਂ ਉਤੇ ਨਕਲ ਕਰ ਲਿਆ ਕਿਉਂਜੋ ਇਹ ਪੁਸਤਕ ਉਸ ਸਮੇਂ ਦੁਰਲਭ ਹੋ ਗਈ ਸੀ। ਅਜ ਜਦੋਂ ਮੈਂ ਪੰਜਾਬੀ ਸਾਹਿਤ ਦੇ ਇਤਿਹਾਸ ਸੰਬੰਧੀ ਆਪਣੇ ਕੀਤੇ ਗਏ ਯਤਨਾਂ ਉਤੇ ਦੁਬਾਰਾ ਝਾਤ ਮਾਰਦਾ ਹਾਂ ਤਾਂ ਮੈਨੂੰ ਡਾ. ਮੋਹਨ ਸਿੰਘ ਦੀਵਾਨਾ ਦੀ ਦੇਖ ਰੇਖ ਵਿਚ ਮਿਲੀ ਅਗਵਾਈ ਲਈ ਆਪ ਮੁਹਾਰੇ ਹੀ ਸ਼ੁਕਰਗੁਜ਼ਾਰ ਹੋਣਾ ਪੈਂਦਾ ਹੈ। ਮੇਰੇ ਅੰਦਰ ਪੰਜਾਬੀ ਸਾਹਿਤ ਤੇ ਇਤਿਹਾਸ ਸੰਬੰਧੀ ਬੀਜ ਤਾਂ ਉਨ੍ਹਾਂ ਦਾ ਹੀ ਬੀਜਿਆ ਹੋਇਆ ਹੈ, ਪਰ ਇਸ ਦਾ ਵਿਸਥਾਰ ਮੈਂ ਆਪਣੇ ਯਤਨਾਂ ਨਾਲ ਕੀਤਾ ਹੈ ਅਤੇ ਮੇਰੇ ਜੇਲ੍ਹ ਵਿਚੋਂ ਪ੍ਰਾਪਤ ਕੀਤੇ ਗਏ ਇਤਿਹਾਸਕ ਪਦਾਰਥਵਾਦ ਬਾਰੇ ਗਿਆਨ ਨੇ ਪੰਜਾਬੀ ਸਾਹਿਤ ਦੇ ਇਤਿਹਾਸਕ ਵਿਕਾਸ ਨੂੰ ਸੁਨਿਸ਼ਚਿਤ ਕਰਨ ਲਈ ਮੇਰਾ ਵਿਸ਼ੇਸ਼ ਤੌਰ 'ਤੇ ਮਾਰਗ ਦਰਸ਼ਨ ਕੀਤਾ ਹੈ।

ਇਨ੍ਹਾਂ ਦਿਨਾਂ ਵਿਚ ਹੀ ਇਕ ਹੋਰ ਘਟਨਾ ਵਾਪਰੀ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਮੇਰੇ ਇਕ ਮਿੱਤਰ ਗਿ. ਭਗਤ ਸਿੰਘ ਨੇ ਇਕ ਗ਼ਿਆਨੀ ਦੀ ਕਲਾਸ ਸ਼ੁਰੂ ਕੀਤੀ ਹੋਈ ਸੀ, ਜਿਸ ਵਿਚ ਵਧੇਰੇ ਵਿਦਿਆਰਥਣਾਂ ਹੀ ਸਨ। ਗਿ. ਭਗਤ ਸਿੰਘ ਜੀ ਪੰਥ ਰਤਨ ਮਾ. ਤਾਰਾ ਸਿੰਘ ਜੀ ਦੇ ਨੇੜਲੇ ਸ਼ਰਧਾਲੂਆਂ ਵਿਚੋਂ ਸਨ। ਉਨ੍ਹਾਂ ਦਾ ਮਕਾਨ ਵੀ ਮਾਸਟਰ ਜੀ ਦੇ ਨਿਵਾਸ ਦੇ ਨੇੜੇ ਹੀ ਸੀ। ਇਕ ਦੋ ਵਾਰ ਉਹ ਮੈਨੂੰ ਗਿਆਨੀ ਕਲਾਸ ਵਿਚ ਲੈਕਚਰ ਦੇਣ ਲਈ ਲੈ ਗਏ । ਕੁਝ ਦਿਨਾਂ ਪਿਛੋਂ ਉਸੇ ਕਮਰੇ ਵਿਚੋਂ, ਜਿਸ ਵਿਚ ਇਹ ਗਿਆਨੀ ਦੀਆਂ ਕਲਾਸਾਂ ਲਗਦੀਆਂ ਸਨ, ਇਕ ਅਲਮਾਰੀ ਵਿਚੋਂ ਕੁਝ ਹਥਿਆਰ ਮਿਲ ਗਏ, ਜੋ ਸ਼ਾਇਦ



Sri Satguru Jagjit Singh Ji eLibrary NamdhariElibrary@gmail.com

1947 ਦੇ ਫਿਰਕੂ ਫ਼ਸਾਦਾਂ ਦੇ ਸਮੇਂ ਦੇ ਰਖੇ ਹੋਏ ਸਨ। ਗਿ. ਭਗਤ ਸਿੰਘ ਜੀ ਨੂੰ ਕੁਝ ਦਿਨ ਭਜ ਨਠ ਵਿਚ ਰਹਿਣਾ ਪਿਆ। ਇਕ ਦਿਨ ਜਦੋਂ ਮੈਂ ਬਾਹਰ ਸੈਰ ਕਰਨ ਜਾ ਰਿਹਾ ਸਾਂ ਤਾਂ ਉਨ੍ਹਾਂ ਮੈਨੂੰ ਆਪਣੀ ਗਿਆਨੀ ਕਲਾਸ ਜਾਰੀ ਰਖਣ ਲਈ ਕਿਹਾ। ਵਿਦਿਆਰਥਣਾਂ ਉਸ ਕਮਰੇ ਵਿਚ, ਜਿਥੋਂ ਹਥਿਆਰ ਫੜੇ ਗਏ ਸਨ, ਪੜ੍ਹਨ ਨੂੰ ਤਿਆਰ ਨਹੀਂ ਸਨ। ਇਸ ਲਈ ਉਸ ਗਿਆਨੀ ਕਲਾਸ ਦਾ ਸਥਾਨ ਮੈਂ ਆਪਣੇ ਘਰ ਵਿਚ ਬਦਲ ਲਿਆ ਅਤੇ ਅਸੀਂ ਸਾਰੇ ਵਿਦਿਆਰਥੀ ਪਰਚਿਆਂ ਦੀ ਵੰਡ ਕਰਕੇ ਗਿਆਨੀ ਦੇ ਅਧਿਆਪਨ ਦਾ ਕੰਮ ਵੀ ਕਰਨ ਲਗੇ। ਕੁਝ ਦਿਨਾਂ ਪਿਛੋਂ ਜਦੋਂ ਗਿਆਨੀ ਭਗਤ ਸਿੰਘ ਦੇ ਸਿਰ ਤੋਂ ਨਠ ਭਜ ਦਾ ਬੋਝ ਲਥ ਗਿਆ ਤਾਂ ਉਹ ਕਲਾਸ ਫਿਰ ਮਿਸ਼ਨਰੀ ਕਾਲਜ ਵਿਚ ਹੀ ਲਗਣ ਲਗੀ, ਪਰ ਅਸੀਂ ਸਾਰੇ ਐੱਮ. ਏ. ਦੇ ਜਮਾਤੀ ਇਸ ਗਿਆਨੀ ਦੀ ਕਲਾਸ ਨਾਲ ਅਖ਼ੀਰ ਤਕ ਜੁੜੇ ਰਹੇ। ਪੜ੍ਹਨ ਦੇ ਨਾਲ ਨਾਲ ਸਾਨੂੰ ਪੜ੍ਹਾਉਣ ਦੇ ਤਜਰਬੇ ਨੇ ਵੀ ਪਿਛੋਂ ਜਾ ਕੇ ਕਾਫੀ ਲਾਭ ਪਹੁੰਚਾਇਆ।

ਐੱਮ. ਏ. ਦੀ ਪੜ੍ਹਾਈ ਦੇ ਦੌਰਾਨ ਅਸਾਂ ਬਹੁਤ ਕੁਝ ਆਪਣੇ ਵਿਦਵਾਨ ਤੇ ਸੁਯੋਗ ਅਧਿਆਪਕਾਂ ਤੋਂ ਪ੍ਰਾਪਤ ਕੀਤਾ। ਅਪਰੈਲ 1951 ਵਿਚ ਐੱਮ. ਏ. ਪੰਜਾਬੀ ਦੀ ਪਹਿਲੀ ਪ੍ਰੀਖਿਆ ਹੋਈ । ਮੈਨੂੰ ਯਾਦ ਹੈ ਕਿ ਪੰਜਾਬੀ ਵਿਭਾਗ ਦੇ ਮੁਖੀ ਦੇ ਰੂਪ ਵਿਚ ਪ੍ਰੋ. ਸੰਤ ਸਿੰਘ ਸੇਖੋਂ ਜੀ ਨੇ ਜਿਹੜੇ ਸ਼ਬਦ ਦੀਖਿਆਂਤ ਭਾਸ਼ਨ ਵਜੋਂ ਐੱਮ. ਏ. ਦੀ ਵਿਦਾਇਗੀ ਪਾਰਟੀ ਵੇਲੇ ਕਹੇ, ਉਹ ਬੜੇ ਵਡਮੁਲੇ ਸਨ। ਉਨ੍ਹਾਂ ਨੇ ਕਿਹਾ :

*(ੳ) ਅਸਾਂ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਉਹ ਕੁਝ ਕਰਨਾ ਹੈ, ਜੋ ਕੁਝ ਪਿਛਲੇ ਹਜ਼ਾਰ ਸਾਲਾਂ ਵਿਚ ਵੀ ਨਹੀਂ ਕੀਤਾ ਗਿਆ।*

*(ਅ) ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਆਧੁਨਿਕ ਰੂਪ ਵਿਚ ਵਿਕਸਿਤ ਕਰਨਾ ਹੈ ਤਾਂ ਜੋ ਹਰ ਪੱਖ ਤੋਂ ਪੰਜਾਬੀ ਇਕ ਵਿਕਸਿਤ ਆਧੁਨਿਕ ਭਾਸ਼ਾ ਬਣ ਸਕੇ ਅਤੇ*

*(ੲ) ਪੰਜਾਬੀ ਨੂੰ ਸਰਕਾਰੇ ਦਰਬਾਰੇ ਉਹ ਸਥਾਨ ਦੁਆਉਣਾ ਹੈ, ਜੋ ਇਸ ਦਾ ਅਧਿਕਾਰ ਬਣਦਾ ਹੈ ਅਤੇ ਜੋ ਇਸ ਨੂੰ ਇਕ ਕੌਮੀ ਭਾਸ਼ਾ ਦੇ ਰੂਪ ਵਿਚ ਹੁਣ ਤਕ ਵੀ ਨਹੀਂ ਮਿਲ ਸਕਿਆ।*

ਇਹ ਇਕ ਪ੍ਰਤੀਬਧ ਪੰਜਾਬੀ ਦੇ ਮਹਾਨ ਸਾਹਿਤਕਾਰ ਪ੍ਰੋ. ਸੰਤ ਸਿੰਘ ਸੇਖੋਂ, ਜਿਨ੍ਹਾਂ ਨੂੰ ਪਿਛੋਂ ਜਾ ਕੇ ਪੰਜਾਬੀ ਸਾਹਿਤ ਦਾ *'ਬਾਬਾ ਬੋਹੜ'* ਕਹਿ ਕੇ ਪੁਕਾਰਿਆ ਜਾਂਦਾ ਰਿਹਾ ਹੈ, ਦੇ ਸ਼ਬਦ ਸਨ, ਜਿਨ੍ਹਾਂ ਨੂੰ ਮੈਂ ਵੀ ਆਪਣੇ ਪਿਛਲੇ ਅਧੀ ਸਦੀ ਦੇ ਸਾਹਿਤਕ ਜੀਵਨ ਵਿਚ ਪ੍ਰਤੀਬਧ ਰੂਪ ਵਿਚ ਹੀ ਉਨ੍ਹਾਂ ਦੇ ਪਗ ਚਿੰਨ੍ਹਾਂ ਉਤੇ ਚਲਣ ਦਾ ਸੁਹਿਰਦ ਯਤਨ ਕੀਤਾ ਹੈ ਅਤੇ ਜਿਨ੍ਹਾਂ ਨੇ ਮੈਨੂੰ ਆਪਣਾ 'ਸ਼ਾਗਿਰਦ-ਏ-ਆਜ਼ਮ' ਕਹਿ ਕੇ ਨਿਵਾਜਿਆ ਹੈ। ਐੱਮ. ਏ. ਪੰਜਾਬੀ ਦੀ ਪਹਿਲੀ ਪ੍ਰੀਖਿਆ ਵਿਚ ਵੀ ਮੈਨੂੰ



Sri Satguru Jagjit Singh Ji eLibrary NamdhariElibrary@gmail.com

ਪਹਿਲੀ ਪਦਵੀ ਪ੍ਰਾਪਤ ਹੋਈ।

ਇਕ ਹੋਰ ਗੱਲ ਬਾਰੇ ਉਲੇਖ ਕਰ ਕੇ ਮੈਂ ਆਪਣੀ ਐੱਮ. ਏ. ਪੰਜਾਬੀ ਦੀ ਪੜ੍ਹਾਈ ਦੀਆਂ ਯਾਦਾਂ ਨੂੰ ਸਮਾਪਤ ਕਰਾਂਗਾ। ਡਾ. ਮੋਹਨ ਸਿੰਘ ਜੀ ਕੋਲੋਂ ਅਸੀਂ ਕੁਝ ਵਿਦਿਆਰਥੀ ਪ੍ਰਮਾਣ ਪੱਤਰ (ਅਸ਼ੀਰਵਾਦ) ਲੈਣ ਗਏ। ਉਹ ਮੈਨੂੰ ਕਹਿਣ ਲੱਗੇ, "ਇਸ ਤਰ੍ਹਾਂ ਥੋੜਾ ਪ੍ਰਮਾਣ ਪੱਤਰ ਲੈਣ ਆਈਦਾ ਹੈ, ਇਕੱਲੇ ਇਕੱਲੇ ਆਈਦਾ ਹੈ।" ਸ਼ਾਇਦ ਉਨ੍ਹਾਂ ਦੇ ਮਨ ਵਿਚ ਮੇਰੇ ਬਾਰੇ ਕੋਈ ਤਾਕੀਦੀ ਸੰਦੇਸ਼ ਸੀ। ਫਿਰ ਕਹਿਣ ਲਗੇ, "ਲਿਆ ਲਿਖ ਦਿੰਦਾ ਹਾਂ।" ਜੋ ਉਨ੍ਹਾਂ ਨੇ ਮੇਰੇ ਬਾਰੇ ਕੁਝ ਸ਼ਬਦ ਲਿਖੇ, ਉਹ ਮੇਰੇ ਲਈ ਪ੍ਰੇਰਨਾ ਸ੍ਰੋਤ ਵੀ ਸਨ ਅਤੇ ਮੇਰੇ ਸਾਹਿਤਕ ਜੀਵਨ ਦੇ ਮਾਰਗਦਰਸ਼ਕ ਵੀ। ਉਨ੍ਹਾਂ ਦੀ ਘੋਖਵੀਂ ਅੱਖ ਨੇ ਮੇਰੇ ਅੰਦਰੋਂ ਸ਼ਾਇਦ ਸਾਹਿਤ ਪ੍ਰਤੀ ਸੁਚੀ ਲਗਨ ਨੂੰ ਪਛਾਣ ਲਿਆ ਸੀ। ਉਨ੍ਹਾਂ ਦੇ ਦਿਤੇ ਪ੍ਰਮਾਣ ਪੱਤਰ ਦੇ ਸ਼ਬਦ ਸਨ "ਕਿਰਪਾਲ ਸਿੰਘ ਕਸੇਲ ਨੇ ਇਕ ਵਿਦਿਆਰਥੀ ਦੇ ਰੂਪ ਵਿਚ ਮੇਰੇ ਪੰਜਾਬੀ ਸਾਹਿਤ ਦੇ ਇਤਿਹਾਸ ਬਾਰੇ ਭਾਸ਼ਣਾਂ ਵਿਚ ਵਿਦਿਆਰਥੀ ਵਜੋਂ ਦੋ ਸਾਲ ਹਾਜ਼ਰੀ ਭਰੀ ਹੈ। ਉਸ ਵਿਚ ਉਹ ਬਹੁਤ ਕੁਝ ਹੈ ਜੋ ਦੂਜਿਆਂ ਵਿਚ ਨਹੀਂ ਹੁੰਦਾ ਤੇ ਉਹ ਹੈ ਮੌਲਿਕ ਸੋਚ ਸਕਣ ਦੀ ਸਮਰਥਾ ਅਤੇ ਵਿਦਵਾਨਾਂ ਵਾਲੀ ਸ਼ੈਲੀ।" ਡਾ. ਦੀਵਾਨਾ ਦੇ ਇਹ ਸ਼ਬਦ ਮੇਰੇ ਲਈ ਸਦਾ ਚਾਨਣ ਮੁਨਾਰਾ ਬਣੇ ਰਹੇ ਹਨ। ਡਾ. ਦੀਵਾਨਾ ਜੀ ਨੇ ਮੇਰੀ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਖੇ ਪਹਿਲੀ ਨਿਯੁਕਤੀ ਵਿਚ ਵੀ ਸਹਾਇਤਾ ਕੀਤੀ ਸੀ ਅਤੇ ਆਪ ਜਾ ਕੇ ਕੁਝ ਸੱਜਣਾਂ ਕੋਲ ਮੇਰੀ ਸਿਫ਼ਾਰਿਸ਼ ਕੀਤੀ ਸੀ।

ਐੱਮ. ਏ. ਦੇ ਇਮਤਿਹਾਨ ਅਪਰੈਲ ਵਿਚ ਹੋ ਚੁਕੇ ਸਨ, ਪਰ ਗਿਆਨੀ ਦੇ ਇਮਤਿਹਾਨਾਂ ਵਿਚ ਹਾਲੀ ਕੁਝ ਮਹੀਨੇ ਪਏ ਸਨ, ਗਿਆਨੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਅਸੀਂ ਇਕ ਹੋਰ ਤਜਰਬਾ ਵੀ ਕੀਤਾ। ਗਿਆਨੀ ਦੇ ਇਮਤਿਹਾਨਾਂ ਤੋਂ ਮਹੀਨਾ ਕੁ ਪਹਿਲਾਂ ਅਸੀਂ ਟੈਂਪਰੈਂਸ ਹਾਲ ਵਿਚ ਗਿਆਨੀ ਦੇ ਵਿਦਿਆਰਥੀਆਂ ਲਈ 15 ਦਿਨਾਂ ਲਈ ਵਿਸ਼ੇਸ਼ ਲੈਕਚਰਾਂ ਦਾ ਪ੍ਰੋਗਰਾਮ ਬਣਾਇਆ ਅਤੇ ਸ਼ਹਿਰ ਦੇ ਪ੍ਰਮੁਖ ਗਿਆਨੀ ਕਾਲਜਾਂ ਦੇ ਵਿਦਿਆਰਥੀਆਂ ਨੂੰ ਟਿਕਟਾਂ ਤੇ ਇਸ਼ਤਿਹਾਰ ਛਾਪ ਕੇ ਇਨ੍ਹਾਂ ਭਾਸ਼ਨਾਂ ਨੂੰ ਸੁਣਨ ਲਈ ਉਚੇਚੇ ਯਤਨ ਕੀਤੇ। ਇਨ੍ਹਾਂ ਗਿਆਨੀ ਕਾਲਜਾਂ ਦੇ ਪ੍ਰਿੰਸੀਪਲਾਂ ਤੇ ਵਿਦਿਆਰਥੀਆਂ ਵਿਚ ਕੁਝ ਪਰਸਪਰ ਝਗੜੇ ਵੀ ਚਲਦੇ ਰਹਿੰਦੇ ਸਨ। ਮੁਕਾਬਲੇ ਦਾ ਯੁੱਗ ਸੀ। ਹਰ ਗਿਆਨੀ ਕਾਲਜ ਚਲਾਉਣ ਵਾਲਾ ਮੁਖੀ ਇਹ ਸੋਚਦਾ ਸੀ ਕਿ ਉਸ ਦਾ ਕਾਲਜ ਵਧੇਰੇ ਚਲੇ, ਵਧੇਰੇ ਵਿਦਿਆਰਥੀ ਉਸ ਦੇ ਕਾਲਜ ਵਿਚ ਦਾਖ਼ਲ ਹੋਣ। ਚੇਤੇ ਰਹੇ ਕਿ ਐੱਮ. ਏ. ਪੰਜਾਬੀ ਨੂੰ ਪੰਜਾਬ ਯੂਨੀਵਰਸਿਟੀ ਵਲੋਂ ਸ਼ੁਰੂ ਕਰਨ ਤੋਂ ਪਹਿਲਾਂ ਕੇਵਲ ਗਿਆਨੀ ਹੀ ਪੰਜਾਬੀ ਦੀ ਉਚਤਮ ਪ੍ਰੀਖਿਆ ਮੰਨੀ ਜਾਂਦੀ ਸੀ।

ਸਾਡੀ ਭਾਸ਼ਨਾਂ ਦੀ ਲੜੀ ਬੜੀ ਕਾਮਯਾਬ ਰਹੀ। ਪੰਜਾਬੀ ਦੇ ਉਘੇ ਵਿਦਵਾਨਾਂ



Sri Satguru Jagjit Singh Ji eLibrary NamdhariElibrary@gmail.com

ਕੋਲੋਂ ਵਿਸ਼ੇਸ਼ ਵਿਸ਼ਿਆਂ ਉਤੇ ਭਾਸ਼ਨ ਕਰਵਾਏ ਗਏ, ਪਰ ਇਕ ਦਿਨ ਤਾਂ ਇਨ੍ਹਾਂ ਭਾਸ਼ਨਾਂ ਦੇ ਠੀਕ ਚਲ ਰਹੇ ਪ੍ਰਵਾਹ ਵਿਚ ਇੰਝ ਹੋਇਆ ਜਿਵੇਂ ਦਰਿਆ ਵਿਚ ਹੜ੍ਹ ਆ ਕੇ ਸਭ ਕੁਝ ਪਾਣੀ ਵਿਚ ਰੁੜ ਜਾਣ ਲਗਾ ਹੋਵੇ। ਮੈਂ ਪ੍ਰੋ. ਵਰਿਆਮ ਸਿੰਘ ਜੀ ਨੂੰ ਵਿਸ਼ੇਸ਼ ਲੈਕਚਰ ਕਰਵਾਉਣ ਲਈ ਉਨ੍ਹਾਂ ਦੇ ਘਰ ਤੋਂ ਲੈਣ ਗਿਆ ਸਾਂ। ਲੈਕਚਰ ਉਨ੍ਹਾਂ ਦੀ ਹੀ ਰਚੀ ਹੋਈ ਪੁਸਤਕ 'ਦੁਨੀਆਂ ਦੀ ਕਹਾਣੀ' ਬਾਰੇ ਸੀ। ਉਹ ਮੇਰੇ ਘਰ ਪਹੁੰਚਣ ਤੋਂ ਪਹਿਲਾਂ ਹੀ ਰਿਕਸ਼ਾ ਲੈ ਕੇ ਆ ਗਏ ਸਨ। ਜਦੋਂ ਮੈਂ ਰੇਲਵੇ ਦੇ ਲਕੜੀ ਵਾਲੇ ਪੁਲ ਦੀਆਂ ਪੌੜੀਆਂ ਚੜ੍ਹ ਕੇ ਅਗਲੇ ਸਿਰੇ ਪਹੁੰਚਿਆ ਤਾਂ ਪ੍ਰੋ. ਵਰਿਆਮ ਸਿੰਘ ਜੀ ਮੈਨੂੰ ਰਸਤੇ ਵਿਚ ਹੀ ਟੱਕਰ ਗਏ। ਆਪਣੇ ਨਾਟਕੀ ਅੰਦਾਜ਼ ਵਿਚ ਕਹਿਣ ਲਗੇ "ਉਏ ਕਿਰਪਾਲ ਸਿੰਘ, ਉਥੇ ਤਾਂ ਬੜੀ ਗੜਬੜ ਹੋ ਗਈ ਹੈ। ਮੁੰਡੇ ਕੁੜੀਆਂ ਨੇ ਹਾਲ ਦੇ ਪਰਦੇ ਪਾੜ ਦਿਤੇ ਹਨ। ਇਕ ਦੂਜੇ ਦੀ ਮਾਰ ਕੁਟਾਈ ਵੀ ਕੀਤੀ ਹੈ। ਚੰਗੀ ਘਸੁੰਨ ਮੁਕੀ ਚਲੀ ਹੈ।" ਪ੍ਰੋ. ਸਾਹਿਬ ਤਾਂ ਇਹ ਆਖ ਕੇ ਵਾਪਸ ਘਰ ਨੂੰ ਚਲੇ ਗਏ। ਜਦੋਂ ਮੈਂ ਟੈਂਪਰੈਂਸ ਹਾਲ ਪੁਜਾ ਤਾਂ ਗਿ. ਭਗਤ ਸਿੰਘ ਵੀ ਪਹੁੰਚ ਚੁੱਕੇ ਸਨ। ਪੰਜਾਬ ਗਿਆਨੀ ਕਾਲਜ ਦੇ ਇਕ ਵਿਦਿਆਰਥੀ ਦਵਿੰਦਰ ਸਿੰਘ ਜੋ ਪਿਛੋਂ ਜਾ ਕੇ ਪਤਾ ਲਗਾ ਉਹ ਦਵਿੰਦਰ ਸਿੰਘ ਸੀ, ਜੋ ਪ੍ਰਸਿਧ ਆਰਟਿਸਟ ਤੇ ਕੀਰਤਨਕਾਰ ਹੋਇਆ ਹੈ, ਨੇ ਗੁਰੂ ਰਾਮਦਾਸ ਕਾਲਜ ਦੇ ਇਕ ਵਿਦਿਆਰਥੀ ਦੇ ਘਸੁੰਨ ਮਾਰ ਕੇ ਦੰਦ ਤੋੜ ਦਿਤੇ ਸਨ। ਝਗੜਾ ਸ਼ਾਇਦ ਕਿਸੇ ਕਾਲਜ ਦੀ ਵਿਦਿਆਰਥਣ ਤੋਂ ਸ਼ੁਰੂ ਹੋਇਆ ਸੀ। ਗੱਲ ਬੜੀ ਮਾੜੀ ਸੀ। ਸਾਨੂੰ ਇੰਝ ਲਗਾ ਜਿਵੇਂ ਇਹ ਸਭ ਕੁਝ ਸਾਡੀ ਭਾਸ਼ਨਾਂ ਦੀ ਲੜੀ ਨੂੰ ਠੱਪ ਦੇਣ ਲਈ ਗੁਝੀ ਸਾਜ਼ਿਸ਼ ਹੋਵੇ। ਕਈ ਕਹਿਣ ਲੈਕਚਰ ਹੁਣ ਨਹੀਂ ਹੋਣਗੇ, ਪਰ ਅੱਧ ਵਿਚੋਂ ਲੈਕਚਰ ਲੜੀ ਦਾ ਟੁੱਟ ਜਾਣਾ ਸਾਡੇ ਵਕਾਰ ਨੂੰ ਸੱਟ ਮਾਰਨ ਵਾਲੀ ਗੱਲ ਸੀ। ਜਦੋਂ ਲੜਕੇ ਲੜਕੀਆਂ ਭਾਂਤ ਭਾਂਤ ਦੀ ਚਰਚਾ ਕਰ ਰਹੇ ਸਨ ਤਾਂ ਗਿ. ਭਗਤ ਸਿੰਘ ਜੀ ਨੇ ਐਲਾਨ ਕਰ ਦਿਤਾ "ਵਿਦਿਆਰਥੀਓ, ਇਹ ਲੈਕਚਰ ਲੜੀ ਕਲ੍ਹ ਤੋਂ ਉਸੇ ਤਰ੍ਹਾਂ ਹੀ ਜਾਰੀ ਰਹੇਗੀ।"

ਗਿ. ਭਗਤ ਸਿੰਘ ਰੇਲਵੇ ਵਰਕਸ਼ਾਪ ਵਿਚ ਵੀ ਕੰਮ ਕਰਦੇ ਸਨ। ਅਗਲੇ ਦਿਨ ਉਨ੍ਹਾਂ ਨੇ ਵਰਕਸ਼ਾਪ ਵਿਚੋਂ 10-12 ਚੋਣਵੇਂ ਬੰਦੇ ਲੈ ਆਂਦੇ। ਟੈਂਪਰੈਂਸ ਹਾਲ ਦੇ ਪਿਛਲੇ ਬੰਨੇ ਕੁਝ ਡੰਡੇ ਸੋਟੇ ਵੀ ਰੱਖ ਦਿੱਤੇ ਗਏ। ਉਨ੍ਹਾਂ ਬੰਦਿਆਂ ਨੂੰ ਅਸੀਂ ਵਿਦਿਆਰਥੀਆਂ ਦੇ ਵਿਚਕਾਰ ਵੱਖ-ਵੱਖ ਥਾਂਵਾਂ ਤੇ ਬਿਠਾ ਦਿਤਾ। ਜਿਹੜਾ ਵੀ ਕੋਈ ਬੋਲਦਾ, ਉਹ ਬੰਦੇ ਵਿਦਿਆਰਥੀ ਜਾਂ ਵਿਦਿਆਰਥਣ ਨੂੰ ਉਥੇ ਹੀ ਬਿਠਾ ਕੇ ਚੁਪ ਕਰਾ ਦਿੰਦੇ, ਇਸ ਤਰ੍ਹਾਂ ਇਹ ਭਾਸ਼ਨ ਲੜੀ ਸੰਪੂਰਨ ਹੋਈ। ਸਾਨੂੰ ਤੇ ਇਸ ਦੇ ਪ੍ਰਬੰਧਕਾਂ ਨੂੰ ਵੀ ਸੁਖ ਦਾ ਸਾਹ ਆਇਆ।

ਇਨ੍ਹਾਂ ਦਿਨਾਂ ਦੀ ਹੀ ਇਕ ਹੋਰ ਗੱਲ ਮੈਨੂੰ ਚੇਤੇ ਹੈ। ਪਹਿਲੇ ਸਾਲ ਤਾਂ ਮੇਰੀ ਕਾਲਜ ਦੀ ਹੱਦ ਅੰਦਰ ਨਜ਼ਰਬੰਦੀ ਸੀ, ਪਰ ਦੂਜੇ ਸਾਲ ਜਦੋਂ ਖੁਲ੍ਹ ਹੋ ਗਈ ਤਾਂ ਮੇਰਾ



Sri Satguru Jagjit Singh Ji eLibrary NamdhariElibrary@gmail.com

ਇਕ ਹੋਰ ਮਿੱਤਰ ਅਮਰ ਸਿੰਘ ਜੋ ਐੱਮ. ਏ. ਅਰਥਸ਼ਾਸਤਰ ਦਾ ਵਿਦਿਆਰਥੀ ਸੀ, ਮੈਨੂੰ ਪ੍ਰਸਿੱਧ ਕਹਾਣੀਕਾਰ ਸੁਜਾਨ ਸਿੰਘ ਦੇ ਘਰ ਮਿਲਾਉਣ ਲਈ ਲੈ ਗਿਆ। ਉਨ੍ਹਾਂ ਦਿਨਾਂ ਵਿਚ ਸੁਜਾਨ ਸਿਘ ਦੀ ਇਕ ਕਹਾਣੀ *'ਗਊ ਮਾਤਾ'* ਕਾਲਜ ਦੇ ਰਸਾਲੇ ਵਿਚ ਛੱਪੀ ਸੀ, ਸੁਜਾਨ ਸਿੰਘ ਉਨ੍ਹਾਂ ਦਿਨਾਂ ਵਿਚ ਖ਼ਾਲਸਾ ਕਾਲਜੀਏਟ ਸਕੂਲ ਵਿਚ ਅਧਿਆਪਕ ਸੀ।

ਗਰਮੀਆਂ ਦੇ ਦਿਨ ਸਨ, ਜਦੋਂ ਨੌਂ-ਦੱਸ ਵਜੇ ਦੇ ਕਰੀਬ ਅਸੀਂ ਚੌਕ ਲਛਮਣ ਸਰ ਵਾਲੇ ਸੁਜਾਨ ਸਿੰਘ ਦੇ ਘਰ ਪਹੁੰਚੇ ਤਾਂ ਉਤਲ੍ਹੇ ਚੁਬਾਰੇ ਵਿਚ ਸੁਜਾਨ ਸਿੰਘ ਤੇ ਉਸ ਦਾ ਇਕ ਹੋਰ ਮਿਤਰ ਗਿ. ਕੇਸਰ ਸਿੰਘ ਕਛਹਿਰੇ ਪਾ ਕੇ ਨੰਗ ਤੜੰਗੇ ਬੇਠੇ ਸਨ। ਮੇਰੇ ਲਈ ਤਾਂ ਇਹ ਦਿਨ ਬਹੁਤ ਵਡਮੁਲਾ ਤੇ ਅਭੁਲ ਹੈ। ਗਿ. ਕੇਸਰ ਸਿੰਘ ਜਿਨ੍ਹਾਂ ਨੇ ਪਿਛੋਂ ਜਾ ਕੇ ਗ਼ਦਰ ਲਹਿਰ ਬਾਰੇ ਕਈ ਨਾਵਲ ਲਿਖੇ ਹਨ ਅਤੇ ਆਜ਼ਾਦ ਹਿੰਦ ਫ਼ੌਜ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਿਕਟਵਰਤੀ ਸਹਿਯੋਗੀਆਂ ਵਿਚੋਂ ਰਹੇ ਹਨ, ਦੀ ਗੱਲ ਬਾਤ ਨੇ ਤਾਂ ਸਾਨੂੰ ਮੰਤਰ ਮੁਗਧ ਕਰ ਦਿਤਾ। ਉਹ ਵੇਰਵੇ ਸਹਿਤ ਆਪਣੇ ਜੀਵਨ ਦੇ ਦਖਣ ਪੂਰਬ ਏਸ਼ੀਆ ਦੇ ਦੂਜੇ ਮਹਾਂਯੁੱਧ ਦੀਆਂ ਘਟਨਾਵਾਂ ਦਾ ਬਿਆਨ ਕਰ ਰਹੇ ਸਨ। ਅਸੀਂ ਉਤਸੁਕਤਾ ਨਾਲ ਉਨ੍ਹਾਂ ਦੀ ਗੱਲ ਬਾਤ ਸੁਣ ਰਹੇ ਸਾਂ। ਜਿਹੜੇ ਵੇਰਵਿਆਂ ਦਾ ਕੇਸਰ ਸਿੰਘ ਜੀ ਨੇ ਵਰਣਨ ਕੀਤਾ ਸੀ, ਉਹੋ ਹੀ ਪਿਛੋਂ ਜਾ ਕੇ ਉਨ੍ਹਾਂ ਦੇ ਨਾਵਲਾਂ 'ਲਹਿਰ ਵਧਦੀ ਗਈ' ਅਤੇ 'ਜੰਗੀ ਕੈਦੀ' ਦਾ ਆਧਾਰ ਬਣੇ। ਉਸ ਦਿਨ ਤੋਂ ਗਿ. ਕੇਸਰ ਸਿੰਘ ਜੀ ਦਾ ਮੇਰੇ ਨਾਲ ਵੱਡੇ ਭਰਾਵਾਂ ਵਾਲਾ ਪ੍ਰੇਮ ਹੈ ਅਤੇ ਸੁਜਾਨ ਸਿੰਘ ਹੋਰਾਂ ਨਾਲ ਵੀ ਮਿੱਤਰਤਾ ਉਨ੍ਹਾਂ ਦੇ ਆਖ਼ਰੀ ਦਮਾਂ ਤਕ ਨਿਭੀ ਹੈ। ਆਪਣੇ ਐੱਮ. ਏ. ਦੀ ਪੜ੍ਹਾਈ ਦੇ ਸਮੇਂ ਤਕ ਮੈਂ ਦੋ ਬਚਿਆਂ ਦਾ ਬਾਪ ਵੀ ਬਣ ਚੁਕਾ ਸਾਂ, ਪਰ ਹਾਲੀ ਤਕ ਜੀਵਨ ਦੇ ਨਿਰਬਾਹ ਦਾ ਕੋਈ ਪੱਕਾ ਵਸੀਲਾ ਨਹੀਂ ਸੀ ਬਣ ਸਕਿਆ। ਜੁਲਾਈ ਵਿਚ ਜਾ ਕੇ ਐੱਮ. ਏ. ਦੇ ਨਤੀਜੇ ਆ ਗਏ ਅਤੇ ਇਹ ਆਸ ਬਝ ਗਈ ਕਿ ਹੁਣ ਕਿਸੇ ਨਾ ਕਿਸੇ ਕਾਲਜ ਵਿਚ ਲੈਕਚਰਾਰ ਦੀ ਪੋਸਟ ਤਾਂ ਮਿਲ ਹੀ ਜਾਵੇਗੀ। ਮੇਰੇ ਮਨ ਉਤੇ ਇਕ ਹੋਰ ਖਬਤ ਵੀ ਸਵਾਰ ਸੀ ਕਿ ਸਰਕਾਰੀ ਨੌਕਰੀ ਨਹੀਂ ਕਰਨੀ।

ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਇਹ ਪਰੰਪਰਾ ਸੀ ਕਿ ਜਦੋਂ ਵੀ ਕੋਈ ਵਿਦਿਆਰਥੀ ਯੂਨੀਵਰਸਿਟੀ ਦੀ ਕਿਸੇ ਪ੍ਰੀਖਿਆ ਵਿਚ ਪਹਿਲਾ ਸਥਾਨ ਪ੍ਰਾਪਤ ਕਰਦਾ ਤਾਂ ਉਸ ਨੂੰ ਪੰਜ ਸੌ ਰੁਪਏ ਦਾ ਨਕਦ ਇਨਾਮ ਦਿਤਾ ਜਾਂਦਾ ਸੀ ਅਤੇ ਵਾਹ ਲਗਦੀ ਜੇ ਉਸ ਵਿਭਾਗ ਵਿਚ ਕੋਈ ਆਸਾਮੀ ਖਾਲੀ ਹੁੰਦੀ ਤਾਂ ਉਸ ਦੀ ਨਿਯੁਕਤੀ ਵੀ ਉਥੇ ਹੀ ਕਰ ਦਿਤੀ ਜਾਂਦੀ , ਪਰ ਮੇਰੀ ਵਾਰੀ ਇਸ ਪਰੰਪਰਾ ਨੂੰ ਤੋੜ ਦਿਤਾ ਗਿਆ। ਮੇਰਾ ਨਾਂ ਕਾਲਜ ਦੇ ਰੋਲ ਆਫ਼ ਆਨਰਜ਼ ਦੇ ਬੋਰਡ ਉਤੇ ਤਾਂ ਲਿਖ ਦਿਤਾ ਗਿਆ, ਪਰ ਉਸ ਇਨਾਮ ਵਾਲੀ ਪਰੰਪਰਾ ਨੂੰ ਕਾਇਮ ਨਾ ਰਖਿਆ ਗਿਆ,



Sri Satguru Jagjit Singh Ji eLibrary NamdhariElibrary@gmail.com

ਹਾਲਾਂਕਿ ਮੈਥੋਂ ਇਕ ਸਾਲ ਪਹਿਲਾਂ ਇਕ ਹੋਰ ਵਿਦਿਆਰਥੀ ਜਿਸ ਨੇ ਅੰਗਰੇਜ਼ੀ ਐੱਮ. ਏ. ਵਿਚ ਯੂਨੀਵਰਸਿਟੀ ਵਿਚ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਸੀ, ਉਸ ਦੇ ਸਨਮਾਨ ਵਿਚ ਇਸ ਸਥਾਪਿਤ ਪਰੰਪਰਾ ਨੂੰ ਪੂਰੀ ਤਰ੍ਹਾਂ ਨਿਭਾਇਆ ਗਿਆ ਸੀ। ਜਦੋਂ ਅਗਲੇ ਸਾਲ ਕਾਲਜ ਦੀ ਸਾਲਾਨਾ ਕਾਨਵੋਕੇਸ਼ਨ ਹੋਈ ਤਾਂ ਮੈਂ ਆਪਣੀ ਐੱਮ. ਏ. ਦੀ ਡਿਗਰੀ ਤੇ ਯੂਨੀਵਰਸਿਟੀ ਮੈਡਲ ਲੈਣ ਲਈ ਗਿਆ ਤਾਂ ਪ੍ਰੋ. ਵਰਿਆਮ ਸਿੰਘ ਜੀ ਨੇ ਆਪਣੇ ਕੋਲੋਂ ਪੁਸਤਕਾਂ ਦਾ ਇਕ ਵੱਡਾ ਸੈਟ ਦੇ ਕੇ ਮੇਰਾ ਸਨਮਾਨ ਕੀਤਾ। ਜਿਥੋਂ ਤਕ ਕਾਲਜ ਵਿਚ ਪੰਜਾਬੀ ਵਿਚ ਲੈਕਚਰਾਰ ਦੀ ਆਸਾਮੀ ਦਾ ਸੰਬੰਧ ਸੀ, ਮੇਰੀ ਥਾਂ ਉਤੇ ਇਹ ਪੋਸਟ ਮੇਰੇ ਇਕ ਹੋਰ ਹਮ ਜਮਾਤੀ ਜੋ ਕਾਲਜ ਦਾ ਕਈ ਸਾਲਾਂ ਤੋਂ ਕਰਮਚਾਰੀ ਸੀ, ਸ. ਗੁਰਦਿਆਲ ਸਿੰਘ ਫ਼ੁੱਲ ਨੂੰ ਦਿਤੀ ਗਈ। ਮੈਨੂੰ ਨੌਕਰੀ ਪ੍ਰਾਪਤ ਕਰਨ ਲਈ ਬੜੀ ਭਜ ਦੌੜ ਕਰਨੀ ਪਈ।



Sri Satguru Jagjit Singh Ji eLibrary NamdhariElibrary@gmail.com

# ਕਾਲਜ ਅਧਿਆਪਨ ਵਜੋਂ ਮੇਰੀ ਪਹਿਲੀ ਨਿਯੁਕਤੀ

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਨੇ ਇਕ ਸਾਲ ਤੋਂ ਪੰਜਾਬੀ ਐਮ. ਏ. ਦੀ ਪੜ੍ਹਾਈ ਸ਼ੁਰੂ ਕਰ ਦਿਤੀ ਸੀ। ਉਨ੍ਹਾਂ ਨੇ ਪੰਜਾਬੀ ਦੇ ਲੈਕਚਰਾਰ ਦੀ ਖ਼ਾਲੀ ਅਸਾਮੀ ਲਈ ਇਸ਼ਤਿਹਾਰ ਦਿਤਾ। ਮੈਂ ਵੀ ਦਰਖਾਸਤ ਭੇਜ ਦਿਤੀ।

ਮੇਰੇ ਇਕ ਹਮ ਜਮਾਤੀ ਜੋ ਸਾਡੀ ਵਿਦਿਆਰਥੀਆਂ ਦੀ ਹੀ ਚੌਕੜੀ ਵਿਚੋਂ ਸੀ ਦੇ ਚਾਚਾ ਜੀ ਵਕੀਲ ਵੀ ਸਨ ਅਤੇ ਇਕ ਰਾਜਸੀ ਪਾਰਟੀ ਦੇ ਉਘੇ ਨੇਤਾ ਵੀ ਉਾਂ ਨੇ ਮੇਰੇ ਬਾਰੇ ਇਹ ਮਸ਼ਹੂਰ ਕਰ ਦਿਤਾ ਕਿ ਉਹ ਕਮਿਊਨਿਸਟ ਹੈ। ਮੈਂ ਤੇ ਮੇਰੇ ਸਹੁਾ ਸਾਹਿਬ ਮਦਦ ਲਈ ਜਥੇਦਾਰ ਊਧਮ ਸਿੰਘ ਨਾਗੋਕੇ ਜੀ ਨੂੰ ਜਾ ਮਿਲੇ। ਜਦੋਂ ਜਦਾਰ ਜੀ ਨੂੰ ਇਹ ਗੱਲ ਦਸੀ ਕਿ ਅਸੀਂ ਇਸ ਕੰਮ ਲਈ ਆਏ ਹਾਂ ਤਾਂ ਉਹ ਕਣ ਲਗੇ "ਮਾਸਟਰ ਜੀ ਤੁਹਾਡਾ ਮੁੰਡਾ ਤਾਂ ਕਮਿਊਨਿਸਟ ਹੈ!" ਭਾਪਾ ਜੀ ਨੇ ਕਿਾ "ਇਸੇ ਕਰਕੇ ਤਾਂ ਤੁਹਾਡੇ ਕੋਲ ਆਏ ਹਾਂ, ਨਹੀਂ ਤਾਂ ਜਿਥੋਂ ਤਕ ਕਾਕੇ ਦੀ ਯੋਤਾ ਦਾ ਸਵਾਲ ਹੈ, ਉਸ ਦੀ ਚੋਣ ਤਾਂ ਹੋ ਹੀ ਜਾਣੀ ਚਾਹੀਦੀ ਹੈ।" ਜਥੇਦਾਰ ਜੀਨੇ ਮੈਨੂੰ ਕਿਹਾ "ਕਾਕਾ ਤੂੰ ਫਲਾਣੀ ਤਾਰੀਖ ਨੂੰ ਜਲੰਧਰ ਸ. ਸਵਰਨ ਸਿੰਘ ਜੀਦੀ ਕੋਠੀ ਆ ਜਾਵੀਂ। ਉਥੇ ਸਾਡੀ ਮੀਟਿੰਗ ਹੈ। ਉਸ ਤੋਂ ਪਿਛੋਂ ਮੈਂ ਸ. ਨਰਿੰਦਰ ਸਿੰ ਜੋ ਡਿਸਟਿਕਟ ਬੋਰਡ ਦੇ ਪ੍ਰਧਾਨ ਅਤੇ ਲਾਇਲਪੁਰ ਖ਼ਾਲਸਾ ਕਾਲਜ ਦੀ ਪ੍ਬੰਧਕ ਕਮੇਟੀ ਦੇ ਵੀ ਪ੍ਰਧਾਨ ਹਨ, ਨੂੰ ਜਾ ਕੇ ਤੇਰੇ ਬਾਰੇ ਕਹਿ ਦੇਵਾਂਗਾ?" ਮੈਂ ਉਨ੍ਹਾਂ ਦੇਸੇ ਅਨੁਸਾਰ ਉਸੇ ਤਰ੍ਹਾਂ ਹੀ ਕੀਤਾ ਤੇ ਉਹ ਮੇਰੇ ਨਾਲ ਜਾ ਕੇ ਸ. ਨਰਿੰਦਰ ਸਿੰਘ ਨੂੰਰੇ ਬਾਰੇ ਸਿਫ਼ਾਰਸ਼ ਕਰ ਆਏ। ਉਸ ਸਮੇਂ ਲਾਇਲਪੁਰ ਖ਼ਾਲਸਾ ਕਾਲਜ ਦੀ ਪ੍ਬੰਧਕ ਕਮੇਟੀ ਦੇ ਦੋ ਧੜੇ ਸਨ - ਇਕ ਦੁਆਬੀਆਂ ਦਾ ਗਰੁੱਪ ਸੀ ਅਤੇ ਦੂਜਾ ਲਾਇਲਪੁਰੀਆਂ ਦਾ। ਮੇਰੀ ਮਦਦ ਨੂੰ ਗਿ. ਭਗਤ ਸਿੰਘ ਜੀ ਬਹੁੜੇ। ਉਨ੍ਹਾਂ ਨੇ



Sri Satguru Jagjit Singh Ji eLibrary NamdhariElibrary@gmail.com

ਤੁਗਲ ਵਾਲੇ ਦੇ ਸੰਤ ਬਾਬਾ ਆਇਆ ਸਿੰਘ ਜੀ ਨੂੰ ਮੇਰੇ ਨਾਲ ਗੁਰਦਾਸਪੁਰ ਵੱਲ ਤੋਰ ਦਿਤਾ। ਉਨ੍ਹਾਂ ਨੇ ਮੇਰੇ ਨਾਲ ਜਾ ਕੇ ਸ. ਬਿਸ਼ਨ ਸਿੰਘ , ਜੋ ਕਾਲਜ ਕਮੇਟੀ ਦੇ ਸਕੱਤਰ ਸਨ, ਬਟਾਲੇ ਦੇ ਨੇੜੇ ਸਿੰਘਪੁਰੇ ਜਾ ਕੇ ਮੇਰੇ ਬਾਰੇ ਆਖ ਦਿਤਾ। ਉਂਝ ਵੀ ਸੰਤ ਬਾਬਾ ਆਇਆ ਸਿੰਘ ਵਰਗੇ ਬਜ਼ੁਰਗ ਮਹਾਪੁਰਸ਼ ਦੀ ਅਸ਼ੀਰਵਾਦ ਮੈਨੂੰ ਵਡਮੁਲੀ ਦਾਤ ਦੇ ਰੂਪ ਵਿਚ ਮਿਲ ਗਈ, ਇਸੇ ਤਰ੍ਹਾਂ ਡਾ. ਮੋਹਨ ਸਿੰਘ ਦੀਵਾਨਾ ਨੇ ਜਾ ਕੇ ਵੀ ਆਪਣੇ ਇਕ ਪੁਰਾਣੇ ਮਿਤਰ ਸ. ਹਰੀ ਸਿੰਘ ਨੂੰ ਜੋ ਰਾਜਮਹੱਲ ਹੋਟਲ ਦਾ ਮਾਲਕ ਅਤੇ ਕਾਲਜ ਦੀ ਪ੍ਰਬੰਧਕ ਕਮੇਟੀ ਦਾ ਮੈਂਬਰ ਸੀ, ਨੂੰ ਮੇਰੇ ਬਾਰੇ ਕਹਿ ਦਿਤਾ।

ਲਾਇਲਪੁਰ ਖ਼ਾਲਸਾ ਕਾਲਜ ਵਿਖੇ ਇੰਟਰਵਿਊ ਹੋਇਆ। ਚੋਣ ਕਮੇਟੀ ਵਿਚ ਬਹੁਤ ਵੱਡੇ ਵੱਡੇ ਨੇਤਾ ਤੇ ਉਚ ਪਦਵੀ ਵਾਲੇ ਮੈਂਬਰ ਬੈਠੇ ਸਨ। ਇਨ੍ਹਾਂ ਵਿਚ ਸ. ਸਵਰਨ ਸਿੰਘ, ਪ੍ਰਿੰ. ਨਿਰੰਜਨ ਸਿੰਘ ਅਤੇ ਕਈ ਹੋਰ ਹਸਤੀਆਂ ਸੁਸ਼ੋਭਿਤ ਸਨ। ਜਦੋਂ ਮੈਂ ਇੰਟਰਵਿਊ ਲਈ ਹਾਜ਼ਰ ਹੋਇਆ ਤਾਂ ਮੇਰੇ ਉਤੇ ਕਈ ਬੰਨਿਆਂ ਤੋਂ ਕਈ ਸੁਆਲ ਕੀਤੇ ਗਏ। ਕਿਸੇ ਨੇ ਇਹ ਸੁਆਲ ਵੀ ਕਰ ਦਿਤਾ ਕਿ ਤੁਸੀਂ ਤਾਂ ਕਮਿਊਨਿਸਟ ਹੋ। ਸਾਡੇ ਕਾਲਜ ਵਿਚ ਗੜਬੜ ਕਰਵਾ ਦਿਉਗੇ। ਮੈਂ ਸਭ ਪ੍ਰਸ਼ਨਾਂ ਦੇ ਢੁਕਵੇਂ ਉਤਰ ਦਿਤੇ ਤੇ ਕਿਹਾ ਕਿ ਮੈਂ ਰਾਜਨੀਤੀ ਦਾ ਖਿਡਾਰੀ ਨਹੀਂ। ਮੈਂ ਤਾਂ ਇਕ ਸੁਚੇਤ ਚਿੰਤਕ ਹਾਂ, ਜੋ ਵਿਦਿਆਰਥੀਆਂ ਨੂੰ ਆਪਣੇ ਵਿਸ਼ੇ ਉਤੇ ਜਾਣਕਾਰੀ ਦੇਣ ਤੋਂ ਬਿਨਾਂ ਉਨ੍ਹਾਂ ਦੇ ਜੀਵਨ ਪੰਧ ਨੂੰ ਵੀ ਸਾਰਥਕ ਸੇਧ ਦੇਣ ਲਈ ਅਧਿਆਪਕ ਦੇ ਇਸ ਪਵਿਤਰ ਕਿੱਤੇ ਨੂੰ ਅਪਨਾ ਰਿਹਾ ਹਾਂ। ਮੈਨੂੰ ਇਸ ਆਸਾਮੀ ਲਈ ਚੁਣ ਲਿਆ ਗਿਆ। ਮੇਰੇ ਪਰਮ ਮਿਤਰ ਅਤੇ ਸਹਿਯੋਗੀ ਲੇਖਕ ਪਰਮਿੰਦਰ ਸਿੰਘ ਜਿਸ ਨੂੰ ਬਹੁਤ ਸਾਰੇ ਮੈਂਬਰ ਜਾਣਦੇ ਸਨ, ਨੇ ਸਾਫ਼ ਤੌਰ ਤੇ ਇੰਟਰਵਿਊ ਬੋਰਡ ਨੂੰ ਹਿ ਕਹਿ ਦਿਤਾ ਕਿ ਜੇ ਤੁਸੀਂ ਕਿਰਪਾਲ ਸਿੰਘ ਕਸੇਲ ਨੂੰ ਰਖ ਲਿਆ ਹੈ ਤਾਂ ਮੈਂ ਇੰਟਰਵਿਊ ਵਿਚ ਸ਼ਾਮਲ ਨਹੀਂ ਹਾਂ । ਹਾਂ ਜੇ ਤੁਸੀਂ ਕਿਸੇ ਕਾਰਨ ਉਹਨੂੰ ਨਹੀਂ ਰਖਿਆ ਜਾਂ ਰੱਖਣਾ ਨਹੀਂ ਚਾਹੁੰਦੇ ਤਾਂ ਮੇਰੀ ਇੰਟਰਵਿਊ ਲੈ ਲਉ।

ਕਾਲਜ ਦੇ ਅਧਿਆਪਕ ਦੇ ਤੌਰ ਤੇ ਇਹ ਮੇਰੀ ਪਹਿਲੀ ਨਿਯੁਕਤੀ ਸੀ। ਮੈਨੂੰ ਕੇਵਲ ਸਾਧਾਰਨ ਲੈਕਚਰਾਰ ਨਹੀਂ ਸੀ ਲਗਾਇਆ ਗਿਆ, ਸਗੋਂ ਇਕ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦਾ ਮੁਖੀ ਵੀ ਬਣਾ ਦਿਤਾ ਗਿਆ ਸੀ। ਮੈਨੂੰ ਯਾਦ ਹੈ ਕਿ ਇਸ ਕਾਲਜ ਵਿਚ ਆ ਕੇ ਮੈਂ ਆਪਣਾ ਪਹਿਲਾ ਭਾਸ਼ਨ ਐੱਮ. ਏ. ਸ੍ਰੇਣੀਆਂ ਦੇ ਵਿਦਿਆਰਥੀਆਂ ਨੂੰ ਹੀ ਦਿਤਾ ਸੀ। ਮੈਂ ਐੱਮ. ਏ. ਦੇ ਛਿਆਂ ਪਰਚਿਆਂ ਵਿੱਚੋਂ ਆਪਣੇ ਉਸਤਾਦ ਪ੍ਰੋ. ਸੰਤ ਸਿੰਘ ਸੇਖੋਂ ਵਾਂਗ ਦੋ ਤੋਂ ਵੀ ਵਧੇਰੇ ਪਰਚਿਆਂ ਪੜ੍ਹਾਉਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ। ਐੱਮ. ਏ. ਦੀਆਂ ਜਮਾਤਾਂ ਸ਼ਾਮ ਨੂੰ ਲਗਦੀਆਂ ਸਨ। ਇਸ ਅਧਿਆਪਕ ਮੰਡਲ ਵਿਚ ਮੇਰੇ ਸਹਿਯੋਗੀ



Sri Satguru Jagjit Singh Ji eLibrary NamdhariElibrary@gmail.com

ਮੋਹਨ ਸਿੰਘ ਜੀ ਵੀ ਸਨ ਜੋ ਹਫ਼ਤੇ ਵਿਚ ਦੋ ਦਿਨ ਆ ਕੇ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਪਰਚੇ ਨੂੰ ਪੜ੍ਹਾਇਆ ਕਰਦੇ ਸਨ। ਇਕ ਹੋਰ ਬੜੀ ਵਚਿਤਰ ਗੱਲ ਵਾਪਰੀ। ਸ਼੍ਰੀ ਸ. ਸ. ਅਮੋਲ, ਜੋ ਸੰਨ 1928 ਤੋਂ ਅੰਮ੍ਰਿਤਸਰ ਵਿਖੇ ਗੁਰੂ ਰਾਮਦਾਸ ਗਿਆਨੀ ਕਾਲਜ ਚਲਾ ਰਹੇ ਸਨ, ਐੱਮ. ਏ. ਦੀ ਪ੍ਰੀਖਿਆ ਦੇਣ ਲਈ ਲਾਇਲਪੁਰ ਖ਼ਾਲਸਾ ਕਾਲਜ ਵਿਚ ਵਿਦਿਆਰਥੀ ਵਜੋਂ ਦਾਖ਼ਲ ਹੋ ਗਏ। ਕਦੀ ਕਦਾਈਂ ਉਹ ਕਲਾਸ ਵਿਚ ਵੀ ਆ ਜਾਂਦੇ। ਜਦੋਂ ਉਹ ਆਉਂਦੇ ਤਾਂ ਮੈਂ ਉਨ੍ਹਾਂ ਨੂੰ ਲੈਕਚਰ ਦੇਣ ਲਈ ਕਹਿ ਦਿੰਦਾ। ਐੱਮ. ਏ. ਜਮਾਤਾਂ ਦੀ ਸਾਲਾਨਾ ਵਿਦਾਇਗੀ ਸਮੇਂ ਜਦੋਂ ਤਸਵੀਰ ਲਈ ਗਈ ਤਾਂ ਉਹ ਵਿਦਿਆਰਥੀ ਦੇ ਤੌਰ ਤੇ ਸ਼ਾਮਲ ਹੋਏ। ਪਿਛੋਂ ਜਾ ਕੇ ਜਦੋਂ ਉਹ ਇਸੇ ਕਾਲਜ ਵਿਚ ਮੇਰੀ ਥਾਂ ਤੇ ਇਸ ਵਿਭਾਗ ਦੇ ਮੁਖੀ ਬਣੇ ਤਾਂ ਮੈਂ ਅਕਸਰ ਮਜ਼ਾਕ ਵਜੋਂ ਇਹ ਗੱਲ ਕਹਿ ਦਿੰਦਾ ਸਾਂ ਕਿ - ਅਮੋਲ ਸਾਹਿਬ ਮੇਰੇ ਵਿਦਿਆਰਥੀ ਹਨ ਤੇ ਮੈਂ ਇਨ੍ਹਾਂ ਦਾ ਵਿਦਿਆਰਥੀ ਹਾਂ ਅਤੇ ਇਸ ਗਲੋਂ ਅਸੀਂ ਦੋਵੇਂ ਹੀ ਮੁਕਰ ਨਹੀਂ ਸਕਦੇ। ਅਮੋਲ ਸਾਹਿਬ ਨੇ ਆਪਣੀ ਸਾਰੀ ਜ਼ਿੰਦਗੀ ਪੰਜਾਬੀ ਸਾਹਿਤ ਦੇ ਅਧਿਐਨ, ਅਧਿਆਪਨ ਅਤੇ ਸਾਹਿਤ ਸਿਰਜਣ, ਖੋਜ ਤੇ ਸਮਾਲੋਚਨਾ ਵਿਚ ਲਗਾਈ ਹੈ। ਉਹ ਸੁਭਾ ਦੇ ਬੜੇ ਕੋਮਲ, ਮਿਲਣਸਾਰ ਅਤੇ ਸਭ ਪੰਜਾਬੀ ਸਾਹਿਤ ਦੇ ਹਿਤੈਸ਼ੀਆਂ ਨਾਲ ਪ੍ਰੇਮ ਕਰਨ ਵਾਲੇ ਵਿਅਕਤੀ ਸਨ। ਇਸ ਕਾਲਜ ਦੇ ਇਕ ਰੰਗਾਰੰਗ ਸਮਾਗਮ ਵਿਚ ਉਨ੍ਹਾਂ ਨੇ ਉਚੇਚਾ ਇਕ ਨਾਟਕ ਪੇਸ਼ ਕੀਤਾ ਸੀ, ਜਿਸ ਵਿਚ ਮੈਨੂੰ ਯਾਦ ਹੈ ਕਿ ਉਨ੍ਹਾਂ ਦੀ ਇਕ ਬੜੀ ਪਿਆਰੀ ਤੇ ਬਿਮਾਰੀ ਕਾਰਨ ਪਿਛੋਂ ਜਾ ਕੇ ਦੁਖਿਆਰੀ ਬੇਟੀ ਅਮਰਜੀਤ ਨੇ ਇਕ ਪਾਤਰ ਵਜੋਂ ਬੜਾ ਪ੍ਰਭਾਵਸ਼ਾਲੀ ਅਭਿਨਯ ਕੀਤਾ ਸੀ। ਉਸ ਸਮੇਂ ਪੰਜਾਬੀ ਤੇ ਹਿੰਦੀ ਦੇ ਕਾਲਜ ਅਧਿਆਪਕਾਂ ਨੂੰ ਵਿਦਿਆਰਥੀਆਂ ਵਲੋਂ ਗਿਆਨੀ ਜੀ ਅਤੇ ਸ਼ਾਸਤਰੀ ਜੀ ਕਹਿ ਕੇ ਬੁਲਾਇਆ ਜਾਂਦਾ ਸੀ। ਸਾਨੂੰ ਇਹ ਗੱਲ ਬੜੀ ਚੁਭਦੀ ਸੀ ਕਿਉਂਕਿ ਅਸੀਂ ਵੀ ਹੁਣ ਦੂਜੇ ਵਿਸ਼ਿਆਂ ਦੇ ਪ੍ਰਾਅਧਿਆਪਕਾਂ ਸਮਾਨ ਆਪਣੇ ਵਿਸ਼ੇ ਦੀ ਉਚਤਮ ਪ੍ਰੀਖਿਆ ਪਾਸ ਕਰ ਕੇ ਇਸ ਪਦਵੀ ਨੂੰ ਪ੍ਰਾਪਤ ਕੀਤਾ ਸੀ। ਸਾਨੂੰ ਆਪਣੇ ਚਹੇਤੇ ਵਿਦਿਆਰਥੀਆਂ ਨੂੰ ਵਿਸ਼ਵਾਸ ਵਿਚ ਲੈ ਕੇ ਉਨ੍ਹਾਂ ਦੀ ਡਿਊਟੀ ਲਗਾਉਣੀ ਪਈ ਕਿ ਉਹ ਵਿਦਿਆਰਥੀਆਂ ਨੂੰ ਅਜਿਹਾ ਕਰਨ ਤੋਂ ਰੋਕਣ ਅਤੇ ਸਾਨੂੰ ਵੀ ਪ੍ਰੋਫ਼ੈਸਰ ਸਾਹਿਬ ਕਹਿ ਕੇ ਬੁਲਾਇਆ ਕਰਨ, ਪਰ ਇਕ ਦਿਨ ਤਾਂ ਹਦ ਹੀ ਹੋ ਗਈ। ਮੇਰੇ ਇਕ ਸਹਿਯੋਗੀ ਪ੍ਰੋ. ਬਲਬੀਰ ਸਿੰਘ ਦਿਲ ਨੇ ਜਦੋਂ ਉਸ ਨੂੰ ਇਕ ਵਿਦਿਆਰਥੀ ਨੇ ਗਿਆਨੀ ਜੀ ਕਹਿ ਕੇ ਬੁਲਾਇਆ ਤਾਂ ਉਹ ਤੈਸ਼ ਵਿਚ ਆ ਕੇ ਕਹਿਣ ਲਗਾ, "ਓਏ ਮੁੰਡਿਆ! ਏਧਰ ਆ! ਮੈਨੂੰ ਗੋਲੀ ਮਾਰ ਲਈਂ, ਪਰ ਮੁੜ ਕੇ ਗਿਆਨੀ ਜੀ ਕਹਿ ਕੇ ਨਾ ਬੁਲਾਈਂ," ਪਰ ਮੇਰੇ ਵਿਭਾਗ ਦੇ ਹੀ ਦੋ ਹੋਰ ਪ੍ਰੋਫ਼ੈਸਰ ਸਾਹਿਬਾਨ ਪ੍ਰੋ. ਪਿਆਰਾ ਸਿੰਘ ਗਿੱਲ ਤੇ ਪ੍ਰੋ. ਸਰਦੂਲ ਸਿੰਘ ਜੋ ਐੱਮ. ਏ. ਪਾਸ ਨਹੀਂ ਸਨ,



Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੂੰ ਵਿਦਿਆਰਥੀ, ਗਿਆਨੀ ਜੀ ਕਹਿ ਕੇ ਹੀ ਬੁਲਾਉਂਦੇ ਰਹੇ।

ਇਸ ਕਾਲਜ ਵਿਚ ਮੈਨੂੰ ਬਹੁਤ ਚੰਗੇ ਤੇ ਪਿਆਰੇ ਵਿਦਿਆਰਥੀ ਮਿਲੇ। ਮੋਹਨ ਸਿੰਘ ਜੌਹਲ, ਜੋ ਮੇਰਾ ਪਲੇਠਾ ਸ਼ਿਸ਼ ਹੈ, ਉਸ ਸਮੇਂ ਬੀ. ਏ. ਦੇ ਤੀਜੇ ਸਾਲ ਵਿਚ ਪੜ੍ਹਦਾ ਸੀ। ਇਸੇ ਤਰ੍ਹਾਂ ਮੁਖਤਾਰ ਸਿੰਘ ਗਿੱਲ ਵੀ ਮੇਰਾ ਬਹੁਤ ਪਿਆਰਾ ਵਿਦਿਆਰਥੀ ਸੀ, ਜਿਸ ਨੇ ਡਿਬੇਟਸ ਅਤੇ ਭੰਗੜੇ ਆਦਿ ਵਿਚ ਬੜਾ ਨਾਮ ਖਟਿਆ ਅਤੇ ਪਿਛੋਂ ਜਾ ਕੇ ਯੂਥ ਵੈਲਫ਼ੇਅਰ ਵਿਭਾਗ, ਪੰਜਾਬ ਦਾ ਡਾਇਰੈਕਟਰ ਵੀ ਬਣਿਆਂ, ਪਰ ਛੇਤੀ ਹੀ ਭਰ ਜਵਾਨੀ ਵਿਚ ਉਹ ਕਾਲਵਾਸ ਹੋ ਗਿਆ। ਐੱਮ. ਏ. ਦੇ ਵਿਦਿਆਰਥੀਆਂ ਵਿਚੋਂ ਇਕ ਮੇਰਾ ਬਹੁਤ ਹੀ ਪਿਆਰਾ ਸ਼ਿਸ਼ ਡਾ. ਕਰਤਾਰ ਸਿੰਘ ਤਾਰ ਸੀ, ਜੋ ਪਿਛੋਂ ਜਾ ਕੇ ਸਿਖ ਨੈਸ਼ਨਲ ਮਹਿਲਾ ਕਾਲਜ ਬੰਗਾ ਦਾ ਪ੍ਰਿੰਸੀਪਲ ਵੀ ਰਿਹਾ। ਉਸ ਨੇ ਉਥੋਂ ਇੰਗਲੈਂਡ ਜਾਣ ਦਾ ਫ਼ੈਸਲਾ ਕੀਤਾ। ਮੈਂ ਕਿਸੇ ਕੰਮ ਸਿਖ ਨੈਸ਼ਨਲ ਕਾਲਜ, ਬੰਗਾ ਗਿਆ। ਉਥੋਂ ਉਸ ਦੇ ਘਰ ਕਰਤਾਰ ਸਿੰਘ ਤਾਰ ਨੂੰ ਮਿਲਣ ਚਲਾ ਗਿਆ। ਉਹ ਵਿਦੇਸ਼ ਜਾਣ ਦੀ ਪੂਰੀ ਤਿਆਰੀ ਕਰ ਚੁਕਾ ਸੀ। ਘਰ ਵਿਚ ਉਹ ਇਕੱਲਾ ਹੀ ਸੀ। ਮੈਨੂੰ ਚਾਹ ਪਾਣੀ ਪਿਆ ਕੇ ਕਹਿਣ ਲਗਾ। ਪ੍ਰੋਫ਼ੈਸਰ ਸਾਹਿਬ ਪੰਜ ਮਿੰਟ ਲਈ ਮੈਨੂੰ ਆਗਿਆ ਦਿਉ। ਪਤਾ ਨਹੀਂ, ਕਿਸ ਫ਼ੁਰਤੀ ਨਾਲ ਉਹ ਵਾਪਸ ਪਰਤਿਆ ਤੇ ਇਕ ਪਗੜੀ, ਇਕ ਚਾਦਰ ਤੇ 101 ਰੁਪਏ ਮੈਨੂੰ ਭੇਟ ਕੀਤੇ। ਮੈਂ ਪਗੜੀ ਮਥੇ ਨੂੰ ਛੁਹਾ ਕੇ ਰਖ ਲਈ। ਪੈਸੇ ਤੇ ਚਾਦਰ ਮੋੜ ਦਿਤੇ, ਪਰ ਮੇਰਾ ਇਹ ਪਿਆਰਾ ਸ਼ਿਸ਼ ਯੂਨਾਈਇਡ ਕਿੰਗਡਮ ਪਹੁੰਚ ਕੇ ਕਿਸੇ ਅਖ਼ਬਾਰ ਦਾ ਸੰਪਾਦਕ ਬਣਿਆ ਅਤੇ ਛੇ ਮਹੀਨੇ ਪਿਛੋਂ ਮੈਨੂੰ ਇਹ ਦੁਖਦਾਈ ਸਮਾਚਾਰ ਸੁਣਨਾ ਪਿਆ ਕਿ ਉਸ ਨੂੰ ਕਿਸੇ ਹਤਿਆਰੇ ਨੇ ਗੋਲੀ ਮਾਰ ਕੇ ਮਾਰ ਦਿਤਾ ਹੈ।

ਲਾਇਲਪੁਰ ਖ਼ਾਲਸਾ ਕਾਲਜ ਵਿਚ ਮੈਨੂੰ ਉਸ ਸਮੇਂ ਦੇ ਪ੍ਰਿੰਸੀਪਲ ਡਾ. ਗੋਬਿੰਦ ਸਿੰਘ ਮਨਸੁਖਾਨੀ ਨੇ ਪੂਰੀ ਖੁਲ੍ਹ ਦਿਤੀ ਹੋਈ ਸੀ ਕਿ ਐੱਮ. ਏ. ਦੇ ਵਿਦਿਆਰਥੀਆਂ ਦੀਆਂ ਲੋੜਾਂ ਲਈ ਜੋ ਵੀ ਪੁਸਤਕਾਂ ਮੈਂ ਚਾਹਾਂ, ਖ਼ਰੀਦ ਕੇ ਲਿਆ ਸਕਦਾ ਹਾਂ। ਕਾਲਜ ਲਾਇਬ੍ਰੇਰੀ ਦਾ ਇੰਚਾਰਜ ਸ. ਗੁਰਬਚਨ ਸਿੰਘ ਵੀ ਮੇਰੀ ਐੱਮ. ਏ. ਕਲਾਸ ਦਾ ਵਿਦਿਆਰਥੀ ਸੀ, ਉਹਨੇ ਵੀ ਪੂਰਾ ਪੂਰਾ ਸਹਿਯੋਗ ਦਿਤਾ, ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਲੋਂ ਮੈਨੂੰ ਪੂਰਨ ਸਹਿਯੋਗ ਅਤੇ ਬਹੁਤ ਸਤਿਕਾਰ ਮਿਲਿਆ। ਡਾ. ਗੋਬਿੰਦ ਸਿੰਘ ਜੀ, ਜੋ ਉਸ ਸਮੇਂ ਕਾਲਜ ਦੇ ਪ੍ਰਿੰਸੀਪਲ ਸਨ, ਸਿੰਧੀ ਸਨ, ਜਿਨ੍ਹਾਂ ਨੇ ਅੰਗਰੇਜ਼ੀ ਵਿਚ ਕਈ ਪੁਸਤਕਾਂ ਲਿਖ ਕੇ ਗੁਰਮਤਿ ਸਾਹਿਤ ਦੀ ਬੜੀ ਸੇਵਾ ਕੀਤੀ ਹੈ। ਕਈ ਗੱਲਾਂ ਵਿਚ ਉਹ ਬੜੇ ਭੋਲੇ ਸਨ। ਜਦੋਂ ਵਿਦਿਆਰਥੀਆਂ ਨੂੰ ਕਿਸੇ ਕਾਰਨ ਜੁਰਮਾਨਾ ਹੋ ਜਾਂਦਾ ਤਾਂ ਜੁਰਮਾਨੇ ਨੂੰ ਮਾਫ਼ ਕਰਾਉਣ ਲਈ ਜਦੋਂ ਕੋਈ ਵਿਦਿਆਰਥੀ, ਉਨ੍ਹਾਂ ਕੋਲ ਜਾਂਦਾ ਤਾਂ ਉਹ ਲਿਖ ਦਿੰਦੇ 'Pay Half.' ਉਹੋ ਵਿਦਿਆਰਥੀ ਫਿਰ ਉਸੇ ਜੁਰਮਾਨੇ ਨੂੰ ਮਾਫ਼ ਕਰਨ ਲਈ ਮੁੜ



Sri Satguru Jagjit Singh Ji eLibrary NamdhariElibrary@gmail.com

ਅਰਜ਼ੀ ਲੈ ਜਾਂਦਾ, ਤਾਂ Pay half ਲਿਖਦਿਆਂ-ਲਿਖਦਿਆਂ ਹੀ ਉਸ ਜੁਰਮਾਨੇ ਦੀ ਰਕਮ ਮੁਕ ਜਾਂਦੀ। ਕਾਲਜ ਦੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋ ਰਹੀ ਸੀ, ਕਈ ਫ਼ੈਸਲੇ ਕੀਤੇ ਗਏ। ਪ੍ਰਿੰਸੀਪਲ ਸਾਹਿਬ ਮੀਟਿੰਗ ਵਿਚ ਬੈਠੇ ਸਨ। ਅਚਾਨਕ ਚੇਅਰਮੈਨ ਸਾਹਿਬ ਨੇ ਕਿਹਾ, "ਡਾ. ਸਾਹਿਬ ਤੁਸੀਂ ਜ਼ਰਾ ਬਾਹਰ ਜਾਉ।" ਜਦੋਂ ਉਨ੍ਹਾਂ ਨੂੰ ਮੀਟਿੰਗ ਵਿਚ ਵਾਪਿਸ ਬੁਲਾਇਆ ਗਿਆ ਤਾਂ ਕਮੇਟੀ ਨੇ ਉਨ੍ਹਾਂ ਦੀ ਛੁਟੀ ਕਰਨ ਦਾ ਫ਼ੈਸਲਾ ਕਰ ਦਿਤਾ ਸੀ ਅਤੇ ਉਨ੍ਹਾਂ ਦੀ ਥਾਂ ਪ੍ਰਿੰਸੀਪਲ ਗੁਰਬਚਨ ਸਿੰਘ ਤਾਲਿਬ ਜੀ ਨੂੰ ਮੁੜ ਨਿਯੁਕਤ ਕਰ ਦਿਤਾ ਸੀ। ਇਹ ਗੱਲ ਪ੍ਰਿੰਸੀਪਲ ਸਾਹਿਬ ਤੇ ਹੋਰ ਸਾਰਿਆਂ ਲਈ ਬੜੀ ਹੈਰਾਨੀ ਵਾਲੀ ਸੀ। ਡਾ. ਗੋਬਿੰਦ ਸਿੰਘ ਨੇ ਬਹੁਤਾ ਸਮਾਂ ਸਰਕਾਰੀ ਨੌਕਰੀ ਕੀਤੀ ਸੀ ਅਤੇ ਉਹ ਇਸ ਗੱਲ ਤੋਂ ਅਨਜਾਣ ਸਨ ਕਿ ਪ੍ਰਾਈਵੇਟ ਕਾਲਜਾਂ ਵਿਚ ਨੌਕਰੀ ਕਰਨ ਲਈ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚਾਪਲੂਸੀ ਕਰਨਾ ਬੜਾ ਜ਼ਰੂਰੀ ਹੈ।

ਪ੍ਰਿੰ. ਗੁਰਬਚਨ ਸਿੰਘ ਤਾਲਿਬ ਜਿਥੇ ਉਚ ਕੋਟੀ ਦੇ ਵਿਦਵਾਨ ਸਨ, ਉਥੇ ਉਨ੍ਹਾਂ ਵਿਚ ਸ਼ੱਕ ਕਰਨ ਦੀ ਪ੍ਰਵਿਰਤੀ ਵੀ ਸੀ ਅਤੇ ਉਨ੍ਹਾਂ ਦੇ ਪਹਿਲਾਂ ਇਸ ਕਾਲਜ ਵਿਚ ਪ੍ਰਿੰਸੀਪਲ ਰਹਿਣ ਸਮੇਂ ਕਈ ਪ੍ਰੋਫ਼ੈਸਰ ਉਨ੍ਹਾਂ ਦੇ ਵਿਰੁਧ ਸਨ। ਸਟਾਫ਼ ਵਿਚ ਛੇਤੀ ਹੀ ਦੋ ਧੜ੍ਹੇ ਹੋ ਗਏ ਤੇ ਦਿਨੋਂ ਦਿਨ ਤਣਾਉ ਵਧਣ ਲਗਾ। ਕਾਲਜ ਦਾ ਵਾਤਾਵਰਨ ਅਣਸੁਖਾਵਾਂ ਜਿਹਾ ਹੋ ਗਿਆ। ਮੈਂ ਇਕ ਸ਼ੈਸਨ ਤਾਂ ਇਥੇ ਬਹੁਤ ਚੰਗੀ ਤਰ੍ਹਾਂ ਕੱਢਿਆ, ਪਰ ਉਸ ਤਣਾਉ ਨੂੰ ਵੇਖ ਕੇ ਮੈਂ ਇਸ ਕਾਲਜ ਨੂੰ ਛਡ ਕੇ ਰਾਮਗੜ੍ਹੀਆ ਕਾਲਜ, ਫਗਵਾੜਾ ਵਿਚ ਜਾਣਾ ਹੀ ਉਚਿਤ ਸਮਝਿਆ।

ਰਾਮਗੜ੍ਹੀਆ ਕਾਲਜ, ਫਗਵਾੜਾ ਵਿਚ ਸ. ਕਿਰਪਾਲ ਸਿੰਘ ਨਾਰੰਗ ਪ੍ਰਿੰਸੀਪਲ ਸਨ, ਜੋ ਪੰਜਾਬ ਦੇ ਇਤਿਹਾਸ ਦੇ ਪ੍ਰਮੁਖ ਖੋਜੀਆਂ ਅਤੇ ਲੇਖਕਾਂ ਵਿਚੋਂ ਸਨ। ਉਨ੍ਹਾਂ ਦਿਨਾਂ ਵਿਚ ਉਹ ਪੰਜਾਬ ਦੇ ਇਤਿਹਾਸ ਬਾਰੇ ਪੁਸਤਕ ਤਿਆਰ ਕਰ ਰਹੇ ਸਨ। ਰਾਮਗੜ੍ਹੀਆ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮੋਹਨ ਸਿੰਘ ਹਾਦੀਆਬਾਦੀ ਸਨ, ਜੋ ਇਕ ਮੰਨੇ ਪ੍ਰਮੰਨੇ ਉਦਯੋਗਪਤੀ ਵੀ ਸਨ। ਕਾਲਜ ਦੀਆਂ ਇਕਤਰਤਾਵਾਂ ਵਿਚ ਜਦੋਂ ਉਹ ਆ ਕੇ ਅੰਗਰੇਜ਼ੀ ਵਿਚ ਭਾਸ਼ਨ ਦਿੰਦੇ ਤਾਂ ਮੈਂ ਦੁਭਾਸ਼ੀਏ ਵਜੋਂ ਉਨ੍ਹਾਂ ਦੇ ਭਾਸ਼ਨ ਨੂੰ ਨਾਲੋ ਨਾਲ ਪੰਜਾਬੀ ਵਿਚ ਅਨੁਵਾਦ ਕਰ ਕੇ ਬੋਲ ਦਿੰਦਾ। ਉਹ ਮੇਰੇ ਉਤੇ ਬੜੇ ਪ੍ਰਸੰਨ ਸਨ। ਉਨ੍ਹਾਂ ਨੇ ਮੈਨੂੰ ਕੋਠੀ ਬੁਲਾ ਲਿਆ ਅਤੇ ਉਘੜ ਦੁਗੜੇ ਰੂਪ ਵਿਚ ਕੁਝ ਪੁਰਾਣੀਆਂ ਕਹਾਣੀਆਂ ਤੇ ਯਾਦਾਂ ਸੁਣਾਈਆਂ, ਜਿਨ੍ਹਾਂ ਨੂੰ ਮੈਂ ਸਾਹਿਤਕ ਰੂਪ ਦੇ ਕੇ ਕਾਲਜ ਮੈਗਜ਼ੀਨ 'ਜੋਤੀ' ਵਿਚ ਛਾਪ ਦਿਤਾ। ਉਹ ਬੜੇ ਪ੍ਰਸੰਨ ਹੋਏ। ਕਾਲਜ ਦੇ ਨੇੜੇ ਹੀ ਪ੍ਰਧਾਨ ਵਲੋਂ ਕੁਝ ਸਟਾਫ਼ ਲਈ ਕੁਆਟਰ ਬਣਾ ਦਿਤੇ ਗਏ ਸਨ। ਉਨ੍ਹਾਂ ਵਿਚੋਂ ਇਕ ਵਿਚ ਮੈਂ ਵੀ ਰਹਿਣ ਲਗ ਪਿਆ ਸਾਂ। ਰਾਮਗੜ੍ਹੀਆ ਕਾਲਜ, ਫ਼ਗਵਾੜਾ ਵਿਚ ਮੈਨੂੰ ਬੜਾ ਸੁਖਾਵਾਂ ਮਾਹੌਲ ਮਿਲਿਆ।



Sri Satguru Jagjit Singh Ji eLibrary NamdhariElibrary@gmail.com

ਇਥੇ ਮੈਨੂੰ ਪ੍ਰਕਾਸ਼ ਸਿੰਘ ਵਰਗਾ ਵਿਦਿਆਰਥੀ ਮਿਲਿਆ, ਜੋ ਪਿਛੋਂ ਜਾ ਕੇ ਮਹਿੰਦਰਾ ਕਾਲਜ ਪਟਿਆਲਾ ਵਿਚ ਪ੍ਰੋਫ਼ੈਸਰ ਜਾ ਲਗਾ ਅਤੇ ਇਥੇ ਬਹੁਤ ਚਿਰ ਤਕ ਹੋਸਟਲ ਦਾ ਵਾਰਡਨ ਰਿਹਾ ਅਤੇ ਮਹਿੰਦਰਾ ਕਾਲਜ ਪਟਿਆਲਾ ਤੋਂ ਹੀ ਬਤੌਰ ਪ੍ਰਿੰਸੀਪਲ ਰਿਟਾਇਰ ਹੋਇਆ। ਮੈਂ ਉਸ ਦੀਆਂ ਕੁਝ ਰਚਨਾਵਾਂ ਸਾਹਿਤ ਸਮਾਚਾਰ ਵਿਚ ਛਪਵਾ ਦਿਤੀਆਂ ਸਨ ਅਤੇ ਕਈ ਸਾਲ ਉਹ ਮਹਿੰਦਰਾ ਕਾਲਜ, ਪਟਿਆਲਾ ਵਿਚ ਮੇਰਾ ਸਹਿਯੋਗੀ ਰਿਹਾ, ਪਰ ਮੇਰਾ ਵਿਦਿਆਰਥੀ ਹੋਣ ਦੇ ਆਤਮਕ ਰਿਸ਼ਤੇ ਨੂੰ ਉਸ ਨੇ ਕਦੀ ਨਹੀਂ ਭੁਲਾਇਆ। ਉਸ ਨੇ ਹੀ ਮੈਨੂੰ ਦੱਸਿਆ ਸੀ ਕਿ ਸਰਦਾਰ ਤਾਰਾ ਸਿੰਘ ਹੇਅਰ ਵੀ ਉਸ ਦਾ ਜਮਾਤੀ ਸੀ, ਜਿਸ ਨੇ ਕਨੇਡਾ ਵਿਚ ਅਖ਼ਬਾਰ ਜਾਰੀ ਕੀਤਾ ਸੀ, ਜਿਸ ਨੇ ਤੱਤਕਾਲਕ ਅੱਤਵਾਦ ਖਿਲਾਫ਼ ਬਹੁਤ ਕੁਝ ਲਿਖਿਆ ਸੀ ਅਤੇ ਉਹ ਦਲੇਰੀ ਨਾਲ ਮਾਨਵਵਾਦੀ ਸਾਂਝੀਵਾਲਤਾ ਦਾ ਪੱਖ ਪੂਰਦਾ ਰਿਹਾ ਤੇ ਅਖ਼ੀਰ ਅਤਿਵਾਦੀਆਂ ਦੀ ਗੋਲੀ ਦਾ ਸ਼ਿਕਾਰ ਹੋਇਆ। ਮੇਰੇ ਰਾਮਗੜ੍ਹੀਆ ਕਾਲਜ, ਫ਼ਗਵਾੜਾ ਵਿਚ ਨੌਕਰੀ ਕਰਦਿਆਂ ਇਕ ਸਾਲ ਬੀਤਣ ਵਾਲਾ ਸੀ ਕਿ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਖੇ ਕਾਲਜ ਦੇ ਕੁਝ ਅਧਿਆਪਕਾਂ ਨੇ ਭੁਖ ਹੜਤਾਲ ਕਰ ਦਿਤੀ। ਮੈਂ ਇਕ ਦਿਨ ਇਨ੍ਹਾਂ ਭੁੱਖ ਹੜਤਾਲੀ ਆਪਣੇ ਪਹਿਲਾਂ ਰਹਿ ਚੁਕੇ ਸਹਿਯੋਗੀਆਂ ਦਾ ਹਾਲ ਚਾਲ ਪੁਛਣ ਗਿਆ। ਇਨ੍ਹਾਂ ਵਿਚ ਸ. ਅਜੀਤ ਸਿੰਘ ਬੈਂਸ ਵੀ ਸੀ, ਜੋ ਪਿਛੋਂ ਜਾ ਕੇ ਹਾਈਕੋਰਟ ਦੇ ਜੱਜ ਵਜੋਂ ਸੇਵਾ ਨਿਵਿਰਤ ਹੋਇਆ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੈਂਬਰ ਹੈ। ਮੇਰੇ ਸ਼ਿਸ਼ ਮੋਹਨ ਸਿੰਘ ਜੌਹਲ ਨੇ ਮੈਥੋਂ ਅਖ਼ਬਾਰਾਂ ਵਿਚ ਬਿਆਨ ਲਈ ਕੁਝ ਲਿਖਵਾ ਲਿਆ, ਜੋ ਇਨ੍ਹਾਂ ਭੁੱਖ ਹੜਤਾਲੀ ਪ੍ਰੋਫ਼ੈਸਰਾਂ ਦੀ ਹਮਾਇਤ ਵਿਚ ਸੀ। ਅਖ਼ਬਾਰੀ ਬਿਆਨ ਦੀ ਥਾਂ ਉਸ ਨੇ ਇਸ਼ਤਿਹਾਰ ਛਪਵਾ ਦਿਤਾ ਜਿਸ ਦਾ ਸਿਰਲੇਖ ਸੀ 'ਮੈਂ ਅਸਤੀਫ਼ਾ ਕਿਉਂ ਦਿਤਾ', ਜਿਸ ਵਿਚ ਕਾਲਜ ਦੇ ਪ੍ਰਿੰਸੀਪਲ ਸਾਹਿਬ ਦੇ ਵਤੀਰੇ ਬਾਰੇ ਕੁਝ ਟਿਪਣੀਆਂ ਸਨ, ਜਿਸ ਨੇ ਐੱਮ. ਏ. ਦੀਆਂ ਕਲਾਸਾਂ ਵਿਚ ਇਹ ਗੱਲ ਕਹਿ ਦਿਤੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਰਪਾਲ ਸਿੰਘ ਇਕ ਚੰਗਾ ਅਧਿਆਪਕ ਹੈ, ਪਰ ਮਜ਼ਾ ਤਾਂ ਸੀ, ਜੇ ਇਥੇ ਰਹਿ ਕੇ ਸਾਡਾ ਮੁਕਾਬਲਾ ਕਰਦਾ ਤੇ ਕਾਲਜ ਵੀ ਕਿਹੜੇ ਚਲਾ ਗਿਆ ਹੈ, ਜੋ ਤਰਖਾਣਾਂ ਦਾ ਕਾਲਜ ਹੈ। ਉਸ ਇਸ਼ਤਿਹਾਰ ਦੀ ਇਕ ਕਾਪੀ ਰਾਮਗੜ੍ਹੀਆ ਕਾਲਜ ਦੇ ਪ੍ਰਬੰਧਕਾਂ ਨੂੰ ਭੇਜ ਦਿਤੀ ਗਈ । ਉਹ ਮੇਰੇ ਨਾਲ ਇਸ ਗਲੋਂ ਨਰਾਜ਼ ਹੋ ਗਏ, ਜਿਵੇਂ ਮੈਂ ਉਨ੍ਹਾਂ ਦੇ ਕਾਲਜ ਨੂੰ ਤਰਖਾਣਾਂ ਦਾ ਕਾਲਜ ਕਿਹਾ ਹੋਵੇ। ਕਾਲਜ ਦੇ ਪ੍ਰਧਾਨ ਸ. ਮੋਹਨ ਸਿੰਘ ਅਸਾਮ ਗਏ ਹੋਏ ਸਨ, ਇਸ ਲਈ ਉਨ੍ਹਾਂ ਤੋਂ ਬਿਨਾਂ ਮੇਰੇ ਵਿਰੁਧ ਕੋਈ ਕਾਰਵਾਈ ਨਹੀਂ ਸੀ ਹੋ ਸਕਦੀ। ਜਦੋਂ ਉਹ ਵਾਪਿਸ ਆਏ ਤਾਂ ਮਾਮਲਾ ਠੰਢਾ ਹੋ ਚੁੱਕਾ ਸੀ। ਉਹ ਪ੍ਰਿੰਸੀਪਲ ਸਾਹਿਬ ਦੇ ਕਮਰੇ ਵਿਚ ਬੈਠੇ ਸਨ। ਮੈਂ ਉਨ੍ਹਾਂ ਨੂੰ ਫ਼ਤਹਿ ਬੁਲਾਉਣ ਲਈ ਅੰਦਰ ਚਲਾ ਗਿਆ। ਉਹ ਮੇਰੇ ਸਤਿ ਸ਼੍ਰੀ ਅਕਾਲ



Sri Satguru Jagjit Singh Ji eLibrary NamdhariElibrary@gmail.com

ਬੁਲਾਉਂਦਿਆਂ ਹੀ ਮੇਰੇ ਉਤੇ ਵਰ੍ਹ ਪਏ "ਤੇਰੀ ਸਾਡੀ ਕਾਹਦੀ ਸਤਿ ਸ੍ਰੀ ਅਕਾਲ ਹੈ, ਤੂੰ ਸਾਨੂੰ ਤਰਖਾਣ ਕਿਹਾ ਹੈ। ਜੱਟਾਂ ਨੂੰ ਕੋਈ ਅਠਾਨੀ ਦਿਹਾੜੀ 'ਤੇ ਨਹੀਂ ਰਖਦਾ। ਸਾਡੇ ਬੰਦੇ ਪੰਜ ਰੁਪਏ ਦਿਹਾੜੀ ਲੈ ਰਹੇ ਹਨ।" ਮੈਂ ਨਿਮਰਤਾ ਸਹਿਤ ਕਿਹਾ, "ਸਰ ਮੈਨੂੰ ਤਾਂ ਇਸੇ ਗਲੋਂ ਸਗੋਂ ਗ਼ੁੱਸਾ ਆਇਆ ਸੀ।" ਪ੍ਰਿੰਸੀਪਲ ਸ. ਕਿਰਪਾਲ ਸਿੰਘ ਨਾਰੰਗ ਨੇ ਵਿਚ ਪੈ ਕੇ ਗੱਲ ਨੂੰ ਸ਼ਾਂਤ ਕਰ ਦਿਤਾ ਤੇ ਮੈਨੂੰ ਇਸ਼ਾਰੇ ਨਾਲ ਕਿਹਾ ਜਾ ਕੁਝ ਲਿਖ ਕੇ ਲਿਆ ਦੇ ਕਿ ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਉਸ ਇਸ਼ਤਿਹਾਰ ਤੋਂ ਕੁਝ ਗ਼ਲਤਫ਼ਹਿਮੀ ਪੈਦਾ ਹੋਈ ਹੈ । ਮੈਂ ਅਜਿਹਾ ਹੀ ਕੀਤਾ, ਗੱਲ ਠੰਢੀ ਪੈ ਗਈ। ਗਰਮੀਆਂ ਦੀਆਂ ਛੁੱਟੀਆਂ ਹੋਣ ਵਾਲੀਆਂ ਸਨ ਤੇ ਇਸ ਦੌਰਾਨ ਪਬਲਿਕ ਸਰਵਿਸ ਕਮਿਸ਼ਨ ਪਟਿਆਲਾ ਵਲੋਂ ਮੈਨੂੰ ਇੰਟਰਵਿਊ 'ਤੇ ਬੁਲਾਇਆ ਗਿਆ ਅਤੇ ਛੇਤੀ ਹੀ ਮੈਨੂੰ P. U. E. S. ਵਰਗ ਦੋ ਗਜ਼ਟਿਡ ਦੀ ਪੰਜਾਬੀ ਲੈਕਚਾਰਾਰ ਦੀ ਆਸਾਮੀ ਦਾ ਨਿਯੁਕਤੀ ਪੱਤਰ ਮਿਲ ਗਿਆ ਅਤੇ ਸਤੰਬਰ 1953 ਵਿਚ ਮੈਂ ਬਰਜਿੰਦਰਾ ਕਾਲਜ, ਫ਼ਰੀਦਕੋਟ ਪੰਜਾਬੀ ਦਾ ਪ੍ਰਾਧਿਆਪਕ ਜਾ ਲਗਾ।

ਪ੍ਰਾਈਵੇਟ ਕਾਲਜਾਂ ਤੇ ਸਰਕਾਰੀ ਕਾਲਜਾਂ ਦੇ ਅੰਤਰ ਦਾ ਮੈਨੂੰ ਇਥੇ ਆ ਕੇ ਪਤਾ ਲਗਾ। ਕਾਲਜ ਦਾ ਮਾਹੌਲ ਬੜਾ ਸੁਖਾਵਾਂ ਸੀ। ਡਾ. ਜਸਵੰਤ ਸਿੰਘ ਬਰਜਿੰਦਰਾ ਕਾਲਜ ਦੇ ਪ੍ਰਿੰਸੀਪਲ ਸਨ ਜੋ ਆਪ ਇਕ ਪ੍ਰਮੁਖ ਸਿੱਖਿਆ ਸ਼ਾਸਤਰੀ ਸਨ। ਕਾਲਜ ਵਿਚ ਬੀ. ਟੀ. ਦੀਆਂ ਕਲਾਸਾਂ ਵੀ ਚਲਦੀਆਂ ਸਨ। ਕਾਲਜ ਦੇ ਅਧਿਆਪਕ ਮੰਡਲ ਵਿਚ ਪ੍ਰੋ. ਸੁਰਿੰਦਰ ਸਿੰਘ ਨਰੂਲਾ, ਡਾ. ਪ੍ਰੇਮ ਸਾਗਰ, ਪ੍ਰੋ. ਸੁਰਜੀਤ ਸਿੰਘ ਭਾਟੀਆ, ਪ੍ਰੋ. ਹਰਬਖਸ਼ ਸਿੰਘ ਤੇ ਪ੍ਰੋ. ਅਰਜਨ ਸਿੰਘ ਸ਼ਾਂਤੇ ਅਤੇ ਪ੍ਰੋ. ਗਿਰਧਾਰੀ ਲਾਲ ਭੰਡਾਰੀ ਵਰਗੇ ਦੋਸਤਾਂ ਦਾ ਸਹਿਯੋਗ ਮਿਲਿਆ। ਨੌਂ-ਦੱਸ ਮਹੀਨੇ ਮੈਨੂੰ ਇਸ ਕਾਲਜ ਵਿਚ ਪੜ੍ਹਾਉਣ ਦਾ ਸਮਾਂ ਮਿਲਿਆ, ਪਰ ਇਥੋਂ ਦੀਆਂ ਯਾਦਾਂ ਮੇਰੇ ਲਈ ਬੜੀਆਂ ਸੁਖਾਵੀਆਂ ਹਨ, ਜਿਨ੍ਹਾਂ ਨੂੰ ਚੇਤੇ ਕਰ ਕੇ ਅੱਜ ਵੀ ਮੈਨੂੰ ਤਸਕੀਨ ਮਿਲਦੀ ਹੈ। ਪੰਜਾਬ ਦੇ ਐੱਸ. ਐੱਸ. ਬੋਰਡ ਵਲੋਂ ਪੰਜਾਬੀ ਦੇ ਲੈਕਚਰਾਰਾਂ ਦੀਆਂ ਖ਼ਾਲੀ ਆਸਾਮੀਆਂ ਲਈ ਇਸ਼ਤਿਹਾਰ ਦਿਤਾ ਗਿਆ। ਇਨ੍ਹਾਂ ਆਸਾਮੀਆਂ ਦੇ ਗਰੇਡ ਪੈਪਸੂ ਦੀਆਂ ਗਜ਼ਟਿਡ ਆਸਾਮੀਆਂ ਨਾਲੋਂ ਵੀ ਚੰਗੇ ਸਨ। ਇੰਟਰਵਿਊ ਸਮੇਂ ਚੌਧਰੀ ਭੀਮ ਸੈਨ, ਜੋ ਅੰਮ੍ਰਿਤਸਰ ਜ਼ਿਲ੍ਹੇ ਵਿਚ ਸੀਨੀਅਰ ਸੁਪਰਇਨਟੈਂਡੈਂਟ ਪੁਲਿਸ ਰਹਿ ਕੇ ਆਏ ਸਨ, ਇਸ ਬੋਰਡ ਦੇ ਚੇਅਰਮੈਨ ਸਨ। ਆਪਣੀਆਂ ਅਕਾਡਮਿਕ ਯੋਗਤਾਵਾਂ ਤੋਂ ਬਿਨਾਂ ਹੁਣ ਮੈਂ ਤਿੰਨ-ਚਾਰ ਪੁਸਤਕਾਂ ਦਾ ਲੇਖਕ ਵੀ ਬਣ ਗਿਆ ਸਾਂ ਅਤੇ ਕਾਲਜਾਂ ਵਿਚ ਪੜ੍ਹਾਉਣ ਦਾ ਤਜਰਬਾ ਵੀ ਦੋ-ਤਿੰਨ ਸਾਲ ਦਾ ਹੋ ਗਿਆ ਸੀ। ਜਦੋਂ ਮੈਂ ਇੰਟਰਵਿਊ ਲਈ ਅੰਦਰ ਪੇਸ਼ ਹੋਇਆ ਤਾਂ ਚੌਧਰੀ ਭੀਮ ਸੈਨ ਜੀ ਨੇ ਮੇਰੇ ਨਾਂ ਨਾਲ ਕਸੇਲ ਸ਼ਬਦ ਲਗਾ ਵੇਖ ਕੇ ਮੇਰੇ ਉਤੇ ਪਹਿਲਾ ਸੁਆਲ ਹੀ ਇਹ ਕੀਤਾ, 'ਤੂੰ ਕਸੇਲ ਪਿੰਡ ਤੋਂ ਹੈਂ? ਉਹ ਤਾਂ ਬੜਾ ਬਦਨਾਮ



Sri Satguru Jagjit Singh Ji eLibrary NamdhariElibrary@gmail.com

ਪਿੰਡ ਹੈ। ਉਥੇ ਤਾਂ ਸ਼ਰਾਬ ਬਹੁਤ ਨਿਕਲਦੀ ਹੈ।' ਮੈਂ ਉਸ ਦਾ ਨਿਮਰਤਾ ਸਹਿਤ ਉਤਰ ਦਿੱਤਾ, "ਜੀ, ਹਾਂ ਤਾਂ ਮੈਂ ਉਸੇ ਪਿੰਡ ਦਾ ਵਾਸੀ, ਪਰ ਜਿਥੇ ਤੁਸੀਂ ਉਸ ਦੀ ਬਦਨਾਮੀ ਦੀ ਗੱਲ ਕਰਦੇ ਹੋ, ਉਥੇ ਮਾ. ਊਧਮ ਸਿੰਘ ਕਸੇਲ, ਬਾਬਾ ਹਰਨਾਮ ਸਿੰਘ, ਬਾਬਾ ਰਣਜੋਧ ਸਿੰਘ ਵਰਗੇ ਦੇਸ਼ ਭਗਤ ਵੀ ਹੋਏ ਹਨ। ਮੈਨੂੰ ਤਾਂ ਉਸ ਪਿੰਡ ਵਿਚ ਜਨਮ ਲੈਣ ਦਾ ਬੜਾ ਮਾਣ ਹੈ।" ਬੋਰਡ ਦੇ ਇਕ ਹੋਰ ਮੈਂਬਰ ਸ. ਆਤਮਾ ਸਿੰਘ ਸਨ, ਜੋ ਤਰਨ ਤਾਰਨ ਦੇ ਰਹਿਣ ਵਾਲੇ ਸਨ, ਜਦੋਂ ਮੈ ਬਾਬਾ ਰਣਜੋਧ ਸਿੰਘ ਦਾ ਨਾਂ ਲਿਆ ਤਾਂ ਉਨ੍ਹਾਂ ਨੇ ਸਿਰ ਹਿਲਾਇਆ। ਕਿਉਂਜੋ ਬਾਬਾ ਰਣਜੋਧ ਸਿੰਘ ਕਈ ਸਾਲ ਸ਼੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਮੈਨੇਜਰ ਰਹੇ ਸਨ। ਮੇਰੀ ਨਿਯੁਕਤੀ ਪੰਜਾਬ ਦੀ ਸਿੱਖਿਆ ਵਿਭਾਗ ਵਿਚ ਹੋ ਗਈ ਤੇ ਉਸ ਸਾਲ ਦੀ ਸੂਚੀ ਵਿਚ ਮੈਨੂੰ ਪਹਿਲੇ ਨੰਬਰ ਤੇ ਰਖਿਆ ਗਿਆ। ਮੈਂ ਮਈ 1954 ਨੂੰ ਸਰਕਾਰੀ ਕਾਲਜ, ਗੁਰਦਾਸਪੁਰ ਜੋ ਉਸੇ ਸਾਲ ਖੁਲ੍ਹਾ ਸੀ, ਜਾ ਲਗਾ। ਬਰਜਿੰਦਰਾ ਕਾਲਜ, ਫ਼ਰੀਦਕੋਟ ਦੀ ਸੇਵਾ ਤੋਂ ਸੁਰਖ਼ਰੂ ਹੋਣ ਸਮੇਂ ਮੈਨੂੰ ਕੁਝ ਮੁਸ਼ਕਲਾਂ ਪੇਸ਼ ਆਈਆਂ । ਪੈਪਸੂ ਦੇ ਅਧਿਕਾਰੀਆਂ ਵਿਚ ਲਾਲ ਫ਼ੀਤਾਸ਼ਾਹੀ ਵਧੇਰੇ ਚਲਦੀ ਸੀ। ਜਦੋਂ ਮੈਂ ਕਿਲ੍ਹਾ ਮੁਬਾਰਕ, ਪਟਿਆਲਾ ਵਿਚ ਸਿੱਖਿਆ ਵਿਭਾਗ ਦੇ ਡਾਇਰੈਕਟਰ ਨੂੰ ਮਿਲਿਆ ਤਾਂ ਉਨ੍ਹਾਂ ਦਾ ਜਵਾਬ ਬੜਾ ਰੁੱਖਾ ਜਿਹਾ ਸੀ। ਅਗਲੇ ਦਿਨ ਮੈਂ ਨਾਭੇ ਜਾ ਕੇ ਸਕੱਤਰ ਸਿੱਖਿਆ ਵਿਭਾਗ ਨੂੰ ਜਾ ਮਿਲਿਆ। ਉਨ੍ਹਾਂ ਮੈਨੂੰ ਬੜੀ ਨੇਕ ਸਲਾਹ ਦਿੱਤੀ, ਫ਼ਰਮਾਇਆ - 'ਨੌਜਵਾਨ ਤੂੰ ਜਾ ਕੇ ਨਵੇਂ ਥਾਂ ਜੁਆਇਨ ਕਰ ਲੈ, ਇਹ ਆਪੇ ਤੈਨੂੰ ਰਿਲੀਵ ਕਰ ਦੇਣਗੇ।' ਮੈਂ ਅਜਿਹਾ ਹੀ ਕੀਤਾ।

ਬਰਜਿੰਦਰਾ ਕਾਲਜ ਫ਼ਰੀਦਕੋਟ ਦੀਆਂ ਕਈ ਮਿੱਠੀਆਂ ਯਾਦਾਂ ਹਨ। ਅਸਾਂ ਰਲ ਕੇ ਇਕ ਬਹੁਤ ਸ਼ਾਨਦਾਰ ਰੰਗਾ-ਰੰਗ ਪ੍ਰੋਗਰਾਮ ਕਰਵਾਇਆ ਸੀ, ਜੋ ਅੱਧੀ ਰਾਤ ਤੋਂ ਵੀ ਵਧੇਰੇ ਸਮੇਂ ਲਈ ਜਾਰੀ ਰਿਹਾ। ਕਾਲਜ ਦੇ ਅਤੇ ਬੀ. ਟੀ. ਸ਼੍ਰੇਣੀ ਦੇ ਵਿਦਿਆਰਥੀਆਂ ਨੇ ਬਹੁਤ ਸ਼ਾਨਦਾਰ ਆਈਟਮਾਂ ਪੇਸ਼ ਕਰਕੇ ਰੰਗ ਬੰਨ੍ਹਿਆ, ਭੰਗੜਾ ਪਾ ਰਹੇ ਮੁੰਡੇ ਤਾਂ ਸਟੇਜ ਤੋਂ ਉਤਰਨ ਦਾ ਨਾਂ ਨਹੀਂ ਸਨ ਲੈਂਦੇ। ਇਸੇ ਤਰ੍ਹਾਂ ਕੁੜੀਆਂ ਦੀ ਤ੍ਰਿੰਞਣ ਦੀ ਆਈਟਮ ਵੀ ਬੜੀ ਸਫ਼ਲ ਰਹੀ। ਫ਼ਰਵਰੀ 1953 ਵਿਚ ਪੈਪਸੂ ਦੀਆਂ ਚੋਣਾਂ ਹੋਈਆਂ । ਮੈਨੂੰ ਕਈ ਥਾਵਾਂ ਤੇ ਪ੍ਰੀਜ਼ਾਈਡਿੰਗ ਅਫ਼ਸਰ ਦੀ ਡਿਊਟੀ ਨਿਭਾਉਣੀ ਪਈ। ਸਾਨੂੰ ਇਕੋ ਗੱਡੀ ਅਤੇ ਪੁਲਿਸ ਪਾਰਟੀ ਦਿੱਤੀ ਗਈ ਸੀ ਅਤੇ ਕਈ ਥਾਵਾਂ ਦੀਆਂ ਡਿਊਟੀਆਂ ਨਿਭਾਅ ਕੇ ਅਸੀਂ ਮੁੜ ਫ਼ਰੀਦਕੋਟ ਪਹੁੰਚੇ ਸਾਂ। ਮੇਰੇ ਨਾਲ ਮੇਰੀ ਪਤਨੀ ਦਾ ਭਰਾ ਸਰਦਾਰਾ ਸਿੰਘ ਵੀ ਨਾਲ ਰਿਹਾ, ਜੋ ਉਸ ਸਮੇਂ ਪੰਦਰਾਂ-ਸੋਲਾਂ ਸਾਲ ਦੀ ਉਮਰ ਵਿਚ ਸੀ। ਉਸ ਦੇ ਹਸਾਉਣੇ ਸੁਭਾਅ ਨੇ ਇਨ੍ਹਾਂ ਪੰਦਰਾਂ ਦਿਨਾਂ ਨੂੰ ਬੜਾ ਸੁਖਾਵਾਂ ਬਣਾ ਦਿੱਤਾ। ਇਕ ਦਿਨ ਬਠਿੰਡੇ ਦੇ ਕਿਲ੍ਹੇ ਵਿਚ ਮੇਰੀ ਡਿਊਟੀ ਲਗੀ, ਜਿਥੇ ਮੈਨੂੰ ਇਕ ਦੀ ਥਾਂ ਦੋ ਪੋਲਿੰਗ ਸਟੇਸ਼ਨਾਂ ਦੇ ਪ੍ਰੀਜ਼ਾਈਡਿੰਗ



Sri Satguru Jagjit Singh Ji eLibrary NamdhariElibrary@gmail.com

ਅਫ਼ਸਰ ਦੀ ਡਿਊਟੀ ਨੂੰ ਨਿਭਾਉਣਾ ਪਿਆ। ਪੰਜਾਬ ਦੀ ਸਰਕਾਰੀ ਸਿੱਖਿਆ ਸੇਵਾ ਵਿਚ ਮਈ 1954 ਤੋਂ ਪਿਛੋਂ ਮੇਰਾ ਸਰਕਾਰੀ ਸੇਵਾ ਦਾ ਸਾਰਾ ਕਾਲ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਨਾਲ ਹੀ ਸੰਬੰਧਿਤ ਰਿਹਾ ਹੈ। ਕਦੀ ਗੁਰਦਾਸਪੁਰ ਤੇ ਕਦੀ ਲੁਧਿਆਣੇ। 1968 ਤਕ ਇਹ ਦੋਵੇਂ ਕਾਲਜ ਹੀ ਮੇਰੇ ਅਧਿਆਪਕ ਜੀਵਨ ਨਾਲ ਜੁੜੇ ਰਹੇ ਹਨ। ਸਰਕਾਰੀ ਕਾਲਜ ਗੁਰਦਾਸਪੁਰ ਭਾਵੇਂ ਸਿੱਖਿਆ ਦੇ ਖੇਤਰ ਵਿਚ ਪਛੜੇ ਹੋਏ ਇਲਾਕੇ ਨਾਲ ਸੰਬੰਧਿਤ ਸੀ, ਪਰ ਇਕ-ਦੋ ਸਾਲਾਂ ਵਿਚ ਹੀ ਇਹ ਵਿਦਿਅਕ ਸੰਸਥਾ ਵਿਦਿਆਰਥੀਆਂ ਦੀ ਗਿਣਤੀ ਦੇ ਪੱਖ ਤੋਂ ਵੱਡੇ ਕਾਲਜਾਂ ਵਿਚੋਂ ਗਿਣੀ ਜਾਣ ਲੱਗ ਪਈ ਸੀ। ਪਹਿਲੇ ਸਾਲ ਫ਼ਸਟ ਯੀਅਰ ਤੇ ਥਰਡ ਯੀਅਰ ਦੀਆਂ ਕਲਾਸਾਂ ਹੀ ਆਰੰਭ ਹੋਈਆਂ, ਪਰ ਅਗਲੇ ਸਾਲ ਇਹ ਸੰਪੂਰਨ ਡਿਗਰੀ ਕਾਲਜ ਬਣ ਗਿਆ। ਇਸ ਕਾਲਜ ਦੇ ਨਵ-ਨਿਰਮਾਣ ਵਿਚ ਮੈਨੂੰ ਵੀ ਯਥਾ ਸ਼ਕਤ ਯੋਗਦਾਨ ਪਾਉਣ ਦਾ ਮੌਕਾ ਮਿਲਿਆ। ਕਾਲਜ ਦੇ ਮੈਗਜ਼ੀਨ 'ਗੁਰਦਾਸ' ਦੇ ਨਾਮਕਰਣ ਅਤੇ ਇਸ ਦੇ ਪ੍ਰਤੀਕਮਈ ਸ਼ਬਦ ਸਤਿਅਮ ਸ਼ਿਵਮ ਸੁੰਦਰਮ ਵੀ ਮੇਰੇ ਵੱਲੋਂ ਹੀ ਸੁਝਾਏ ਗਏ ਸਨ, ਜਿਸ ਉਤੇ ਇਕ ਹੋਰ ਵਿਦਵਾਨ ਅਧਿਆਪਕ, ਜੋ ਕੇਵਲ ਦਰਸ਼ਨ ਸ਼ਾਸਤਰ ਦਾ ਅਧਿਆਪਕ ਹੀ ਨਹੀਂ, ਸਗੋਂ ਮੌਲਿਕ ਚਿੰਤਕ ਵੀ ਸੀ, ਪ੍ਰੋਫ਼ੈਸਰ ਮਹਾਵੀਰ ਅਗਨੀਹੋਤਰੀ ਨੇ ਵੀ ਮੋਹਰ ਲਗਾ ਦਿੱਤੀ ਸੀ। ਕਾਲਜ ਦੀਆਂ ਖੇਡਾਂ ਤੇ ਸਭਿਆਚਾਰਕ ਸਰਗਰਮੀਆਂ ਵਿਚ ਵੀ ਅਸੀਂ ਵਿਦਿਅਰਥੀਆਂ ਨੂੰ ਸਾਰਥਕ ਸੇਧ ਦਿੱਤੀ ਅਤੇ ਸਾਰੇ ਕਾਰਜ ਨੂੰ ਸੁਹਿਰਦਤਾ ਅਤੇ ਸੱਚੀ ਲਗਨ ਨਾਲ ਨਿਭਾਇਆ। ਗੁਰਦਾਸਪੁਰ ਛੋਟਾ ਜਿਹਾ ਸ਼ਹਿਰ ਸੀ, ਇਥੋਂ ਦੇ ਥੋੜ੍ਹੇ ਜਿਹੇ ਕਵੀਆਂ ਨਾਲ ਛੇਤੀ ਹੀ ਨਿਜੀ ਸਾਂਝ ਪੈ ਗਈ ਅਤੇ ਥੋੜ੍ਹੇ ਸਮੇਂ ਦੀ ਸੂਚਨਾ ਨਾਲ ਹੀ ਅਸੀਂ ਕਾਲਜ ਵਿਚ ਸ਼ਾਨਦਾਰ ਕਵੀ ਦਰਬਾਰ ਕਰ ਲੈਂਦੇ , ਜਿਸ ਵਿਚ ਚਾਹ-ਪਾਣੀ ਤੋਂ ਬਿਨਾਂ ਕਾਲਜ ਦਾ ਕੋਈ ਹੋਰ ਖ਼ਰਚਾ ਨਹੀਂ ਸੀ ਹੁੰਦਾ ।



Sri Satguru Jagjit Singh Ji eLibrary NamdhariElibrary@gmail.com

# ਇਕ ਫ਼ਰਿਸ਼ਤਾ ਪ੍ਰਿੰਸੀਪਲ

ਗੁਰਦਾਸਪੁਰ ਕਾਲਜ ਵਿਚ ਆਇਆਂ ਮੈਨੂੰ ਹਾਲੀ ਇਕ ਸਾਲ ਦੋ ਮਹੀਨੇ ਹੀ ਹੋਏ ਸਨ ਕਿ ਮੇਰੇ ਸਿਰ ਤੇ ਇਕ ਨਵੀਂ ਬਿਜਲੀ ਕੜਕ ਪਈ। ਇਕ ਦਿਨ ਅਸੀਂ ਪ੍ਰਿੰਸੀਪਲ ਸਾਹਿਬ ਦੇ ਦਫ਼ਤਰ ਵਿਚ ਕਾਲਜ ਦੇ ਲੋੜਵੰਦ ਵਿਦਿਆਰਥੀਆਂ ਲਈ ਫ਼ੀਸ ਮਾਫ਼ੀ ਦੀਆਂ ਅਰਜ਼ੀਆਂ ਉਤੇ ਵਿਚਾਰ ਕਰ ਰਹੇ ਸਾਂ ਕਿ ਸਾਡੇ ਵਿਚੋਂ ਕੁਝ ਪ੍ਰੋਫ਼ੈਸਰ ਸਾਹਿਬਾਨ ਦੇ ਪੀਰੀਅਡ ਲਗੇ ਹੋਣ ਕਰਕੇ ਇਸ ਕੰਮ ਨੂੰ ਅਗਲੇ ਪੀਰੀਅਡ 'ਤੇ ਪਾ ਦਿੱਤਾ ਗਿਆ। ਜਦੋਂ ਮੈਂ ਅਗਲੇ ਪੀਰੀਅਡ ਵਿਚ ਕਲਾਸ ਪੜ੍ਹਾ ਕੇ ਬਾਹਰ ਆਇਆ ਤਾਂ ਮੈਨੂੰ ਪ੍ਰਿੰਸੀਪਲ ਸਾਹਿਬ ਦੇ ਮੁਖ ਸੇਵਾਦਾਰ ਨੇ ਆ ਕੇ ਕਿਹਾ ਕਿ ਤੁਹਾਨੂੰ ਪ੍ਰਿੰਸੀਪਲ ਸਾਹਿਬ ਨੇ ਬੁਲਾਇਆ ਹੈ। ਜਦੋਂ ਮੈਂ ਦਫ਼ਤਰ ਵਿਚ ਪਹੁੰਚਿਆ ਤਾਂ ਪ੍ਰਿੰਸੀਪਲ ਸਾਹਿਬ ਇਕੱਲੇ ਹੀ ਬੈਠੇ ਸਨ। ਉਨ੍ਹਾਂ ਦਾ ਚਿਹਰਾ ਕਾਫ਼ੀ ਉਦਾਸਿਆ ਜਿਹਾ ਸੀ। ਉਹ ਬੋਲ ਵੀ ਨਾ ਸਕੇ। ਉਨ੍ਹਾਂ ਨੇ ਡੀ. ਪੀ. ਆਈ. ਪੰਜਾਬ ਵਲੋਂ ਆਈ ਇਕ ਤਾਰ ਮੇਰੇ ਹੱਥ ਫੜਾ ਦਿੱਤੀ, ਜਿਸ ਉਤੇ ਲਿਖਿਆ ਹੋਇਆ ਸੀ 'ਕਿਰਪਾਲ ਸਿੰਘ ਕਸੇਲ ਦੀਆਂ ਸੇਵਾਵਾਂ ਸਮਾਪਤ ਕਰ ਦਿੱਤੀਆਂ ਗਈਆਂ ਹਨ, ਉਸ ਨੂੰ ਤੁਰੰਤ ਸੇਵਾ ਮੁਕਤ ਕਰ ਦਿਉ।' ਦੋ ਮਿੰਟ ਪਿੱਛੋਂ ਉਨ੍ਹਾਂ ਨੇ ਮੈਨੂੰ ਇਕ ਹੋਰ ਤਾਰ ਦੀ ਕਾਪੀ ਦੇ ਦਿੱਤੀ ਜੋ ਉਨ੍ਹਾਂ ਨੇ ਡੀ. ਪੀ. ਆਈ. ਪੰਜਾਬ ਨੂੰ ਭੇਜ ਵੀ ਦਿੱਤੀ ਸੀ, ਜਿਸ ਵਿਚ ਇਹ ਸ਼ਬਦ ਲਿਖ ਕੇ ਬੇਨਤੀ ਕੀਤੀ ਗਈ ਸੀ। 'ਇਸ ਕਰਮਚਾਰੀ ਦਾ ਵਿਹਾਰ ਇਸ. ਕਾਲਜ ਵਿਚ ਬੜਾ ਚੰਗਾ ਰਿਹਾ ਹੈ, ਇਸ ਕਰਕੇ ਇਸ ਫ਼ੈਸਲੇ ਉਤੇ ਦੁਬ਼ਾਰਾ ਗ਼ੌਰ ਕੀਤਾ ਜਾਵੇ।' ਕੇਵਲ ਇਥੇ ਹੀ ਬੱਸ ਨਹੀਂ ਪ੍ਰਿੰਸੀਪਲ ਸਾਹਿਬ ਨੇ ਮੈਨੂੰ ਇਕ ਹੋਰ ਪੱਤਰ ਦੀ ਕਾਪੀ ਵੀ ਦਿੱਤੀ, ਜਿਸ ਵਿਚ ਮੇਰੇ ਕਾਰਜ ਅਤੇ ਆਚਰਣ ਬਾਰੇ ਬੜੇ ਵੇਰਵੇ ਸਹਿਤ ਲਿਖਿਆ ਗਿਆ ਸੀ। ਇਹ ਸਭ ਕੁਝ ਪ੍ਰਿੰਸੀਪਲ ਸਾਹਿਬ ਨੇ ਮੇਰੀ ਬੇਨਤੀ ਤੋਂ ਬਿਨਾਂ ਹੀ ਕਰ ਦਿੱਤਾ ਸੀ।



Sri Satguru Jagjit Singh Ji eLibrary NamdhariElibrary@gmail.com

ਫਿਰ ਉਨ੍ਹਾਂ ਦੀ ਮਿਹਰਬਾਨੀ ਦੀ ਇਥੇ ਹੀ ਬਸ ਨਹੀਂ ਸੀ ਹੋਈ ਸਗੋਂ ਮੈਨੂੰ ਕਹਿਣ ਲਗੇ, ਅੱਜ ਜੁਲਾਈ ਦੀ ਪਹਿਲੀ ਤਾਰੀਖ਼ ਹੈ। ਅਗਲੇ ਹਫ਼ਤੇ ਗਰਮੀਆਂ ਦੀਆਂ ਛੁੱਟੀਆਂ ਹੋ ਜਾਣੀਆਂ ਹਨ। ਇਥੇ ਇਸ ਬਾਰੇ ਮੈਨੂੰ, ਪ੍ਰੋ. ਅਗਨੀਹੋਤਰੀ ਤੇ ਕਾਲਜ ਦੇ ਹੈਡ ਕਲਰਕ ਚਮਨ ਲਾਲ ਨੂੰ ਹੀ ਪਤਾ ਹੈ। ਅਸੀਂ ਕਹਾਂਗੇ ਕੁਝ ਜ਼ਰੂਰੀ ਕੰਮ ਕਰਕੇ ਪ੍ਰੋ. ਕਸੇਲ ਛੁੱਟੀ 'ਤੇ ਚਲਾ ਗਿਆ ਹੈ ਤੇ ਇਨ੍ਹਾਂ ਦਿਨਾਂ ਵਿਚ ਤੂੰ ਆਪਣਾ ਸਾਰਾ ਜ਼ੋਰ ਲਾ ਕੇ ਸਰਕਾਰ ਦੇ ਇਸ ਹੁਕਮ ਨੂੰ ਰੱਦ ਕਰਾਉਣ ਦਾ ਯਤਨ ਕਰ। ਸੱਚਮੁਚ ਪ੍ਰਿੰ. ਡਾ. ਹਰੀ ਰਾਮ ਸਰਨਾ ਦਾ ਇਹ ਉਪਕਾਰ ਉਨ੍ਹਾਂ ਦੇ ਅੰਦਰ ਦੀ ਉਸ ਦੇਵ ਬਿਰਤੀ ਦਾ ਹੀ ਸੂਚਕ ਸੀ, ਜਿਸ ਨੇ ਉਨ੍ਹਾਂ ਨੂੰ ਉਦਾਰ ਭਾਵੀ ਮਾਨਵੀ ਗੁਣਾਂ ਨਾਲ ਭਰਪੂਰ ਕੀਤਾ ਹੋਇਆ ਸੀ। ਡਾ. ਸਰਨਾ ਵਾਸਤਵ ਵਿਚ ਇਕ ਅਧਿਕਾਰੀ ਨਾਲੋਂ ਵਧੇਰੇ ਉਪਕਾਰੀ ਸਿਖਿਆ ਸ਼ਾਸਤਰੀ ਸਨ। ਪਿਛੋਂ ਜਦੋਂ ਸਰਕਾਰ ਵੱਲੋਂ ਮੇਰੇ ਕੇਸ ਦੀ ਦੁਬਾਰਾ ਪੜਤਾਲ ਹੋਈ ਤਾਂ ਡਾ. ਸਰਨਾ ਨੇ ਆਪ ਜਾ ਕੇ ਐੱਸ. ਐੱਸ. ਪੀ. ਨੂੰ ਮੇਰੇ ਬਾਰੇ ਯੋਗ ਰਿਪੋਰਟ ਦੇਣ ਲਈ ਸਿਫ਼ਾਰਿਸ਼ ਕੀਤੀ ਸੀ। ਸਰਕਾਰ ਦੇ ਇਸ ਆਦੇਸ਼ ਨੂੰ ਰੱਦ ਕਰਵਾਉਣ ਲਈ ਅਤੇ ਆਪਣੀ ਸੇਵਾ ਦੀ ਆਪਣੀ ਹੀ ਛੱਡੀ ਹੋਈ ਆਸਾਮੀ ਉਤੇ ਮੁੜ ਬਹਾਲੀ ਲਈ ਇਨ੍ਹਾਂ ਦਿਨਾਂ ਵਿਚ ਮੈਨੂੰ ਕਾਫ਼ੀ ਨੱਠ- ਭੱਜ ਕਰਨੀ ਪਈ। ਜਿਸ ਵੀ ਪ੍ਰਿੰਸੀਪਲ, ਨੇਤਾ ਅਤੇ ਸਰਕਾਰੀ ਅਧਿਕਾਰੀ ਤੇ ਮੰਤਰੀਆਂ ਨੂੰ ਮੈਨੂੰ ਮਿਲਣਾ ਪਿਆ, ਸਭ ਨੇ ਮੇਰੇ ਨਾਲ ਹਮਦਰਦੀ ਪ੍ਰਗਟਾਈ ਅਤੇ ਫ਼ਰਵਰੀ 1956 ਵਿਚ ਮੈਂ ਆਪਣੀ ਆਸਾਮੀ ਉਤੇ ਮੁੜ ਹਾਜ਼ਰ ਹੋ ਗਿਆ। ਉਸ ਸਮੇਂ ਤੱਕ ਡਾ. ਐੱਚ. ਆਰ. ਸਰਨਾ ਤਾਂ ਬਦਲ ਕੇ ਸਰਕਾਰੀ ਕਾਲਜ, ਲੁਧਿਆਣੇ ਚਲੇ ਗਏ ਸਨ ਅਤੇ ਉਨ੍ਹਾਂ ਦੀ ਥਾਂ ਇਕ ਹੋਰ ਬੜੇ ਸੁਹਿਰਦ ਸੱਜਣ ਪ੍ਰਿੰ. ਸਾਹਿਬ ਦਿਆਲ ਭਾਟੀਆ ਆ ਲਗੇ ਸਨ। ਪਿਛੋਂ ਜਾ ਕੇ ਮੈਨੂੰ ਪਤਾ ਲਗਾ ਕਿ ਮੇਰੀਆਂ ਸੇਵਾਵਾਂ ਨੂੰ ਸਮਾਪਤ ਕਰਨ ਦਾ ਕਾਰਨ ਇਕ ਪ੍ਰਾਈਵੇਟ ਕਾਲਜ ਦੇ ਪ੍ਰਿੰਸੀਪਲ ਵਲੋਂ ਦਿੱਤੀ ਗਈ ਇਹ ਰਿਪੋਰਟ ਸੀ ਕਿ ਕਿਰਪਾਲ ਸਿੰਘ ਕਸੇਲ ਇਕ ਸਰਗਰਮ ਕਮਿਊਨਿਸਟ ਵਰਕਰ ਹੈ। ਦੋ ਸਾਲ ਗੌਰਮਿੰਟ ਕਾਲਜ ਗੁਰਦਾਸਪੁਰ ਵਿਚ ਸੇਵਾ ਕਰਕੇ ਮੈਂ 1957 ਵਿਚ ਸਰਕਾਰੀ ਕਾਲਜ ਲੁਧਿਆਣੇ ਆ ਲਗਾ, ਜਿਥੇ ਮੇਰੀ ਬਦਲੀ ਮੇਰੀ ਹੀ ਬੇਨਤੀ ਉਤੇ ਕੀਤੀ ਗਈ ਸੀ ਕਿ ਮੈਨੂੰ ਐੱਮ. ਏ. ਕਲਾਸਾਂ ਨੂੰ ਪੜ੍ਹਾਉਣ ਦਾ ਅਵਸਰ ਦਿੱਤਾ ਜਾਵੇ। 1961 ਤੱਕ ਮੈਂ ਸਰਕਾਰੀ ਕਾਲਜ ਲੁਧਿਆਣਾ ਵਿਖੇ ਅਧਿਆਪਕ ਵਜੋਂ ਸੇਵਾ ਕਰਦਾ ਰਿਹਾ, ਪਰ 1961 ਵਿਚ ਮੁੜ ਮੇਰੀ ਬਦਲੀ ਸਰਕਾਰੀ ਕਾਲਜ ਗੁਰਦਾਸਪੁਰ ਵਿਚ ਕਰ ਦਿੱਤੀ ਗਈ।

ਇਨ੍ਹਾਂ ਦੋਹਾਂ ਸਰਕਾਰੀ ਕਾਲਜਾਂ ਵਿਚ ਸੇਵਾ ਕਰਦਿਆਂ ਮੈਨੂੰ ਕਈ ਕੌੜੇ ਮਿੱਠੇ ਤਜਰਬੇ ਹੋਏ, ਪਰ ਦੋਹਾਂ ਥਾਵਾਂ ਤੇ ਮੈਨੂੰ ਬਹੁਤ ਚੰਗੇ ਵਿਦਿਆਰਥੀ ਮਿਲੇ। ਇਨ੍ਹਾਂ ਵਿਚੋਂ ਕਈਆਂ ਨਾਲ ਤਾਂ ਹੁਣ ਵੀ ਮੇਰਾ ਰਿਸ਼ਤਾ ਪਰਿਵਾਰਿਕ ਜੀਵਨ ਵਾਲਾ ਹੀ



Sri Satguru Jagjit Singh Ji eLibrary NamdhariElibrary@gmail.com

ਹੈ। ਜਦੋਂ ਮੈਂ ਪਹਿਲੀ ਵਾਰ 1957 ਵਿਚ ਸਰਕਾਰੀ ਕਾਲਜ, ਲੁਧਿਆਣੇ ਜਾ ਕੇ ਲਗਾ ਤਾਂ ਉਥੇ ਮੇਰੇ ਪੁਰਾਣੇ ਸਿਰਹਾਲੀ ਸਕੂਲ ਅਤੇ ਪਿਛੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਸਮੇਂ ਦੇ ਪਰਮ-ਮਿਤਰ ਪ੍ਰੋ. ਨਿਸ਼ਾਨ ਸਿੰਘ ਢਿੱਲੋਂ ਜਿਨ੍ਹਾਂ ਨਾਲ ਮੇਰਾ ਹੁਣ ਤੱਕ ਭਰਾਵਾਂ ਵਾਲਾ ਰਿਸ਼ਤਾ ਤੁਰਿਆ ਆ ਰਿਹਾ ਹੈ, ਵੀ ਰੋਹਤਕ ਤੋਂ ਬਦਲ ਕੇ ਲੁਧਿਆਣੇ ਆ ਲਗੇ ਸਨ। ਉਨ੍ਹਾਂ ਦਾ ਵਿਸ਼ਾ ਭੌਤਿਕ ਵਿਗਿਆਨ (ਫ਼ਿਜ਼ਿਕਸ) ਸੀ। ਇਕ ਮੇਰਾ ਗੁਰਦਾਸਪੁਰ ਦਾ ਪੁਰਾਣਾ ਵਿਦਿਆਰਥੀ ਰਘਬੀਰ ਸਿੰਘ ਪਹਿਲਾਂ ਭੂਗੋਲ ਦੀ ਐੱਮ. ਏ. ਸ਼੍ਰੇਣੀ ਵਿਚ ਦਾਖ਼ਲ ਹੋਇਆ ਅਤੇ ਫਿਰ ਮਾਲਵਾ ਟ੍ਰੇਨਿੰਗ ਕਾਲਜ ਵਿਚ ਬੀ. ਟੀ. ਵਿਚ ਦਾਖ਼ਲਾ ਲੈ ਲਿਆ, ਸਾਡਾ ਤਿੰਨਾਂ ਦਾ ਹੀ ਬੜਾ ਪ੍ਰੇਮ ਭਰਿਆ ਰਿਸ਼ਤਾ ਉਦੋਂ ਤੋਂ ਲੈ ਕੇ ਹੁਣ ਤੱਕ ਬਣਿਆ ਹੋਇਆ ਹੈ। ਪ੍ਰੋ. ਨਿਸ਼ਾਨ ਸਿੰਘ ਢਿੱਲੋਂ ਨੇ ਤਾਂ ਮੇਰੀ ਪ੍ਰੇਰਨਾ ਸਦਕਾ ਹੀ ਪੰਜਾਬੀ ਦੀ ਐੱਮ. ਏ. ਚੰਗੇ ਅੰਕ ਪ੍ਰਾਪਤ ਕਰਕੇ ਪਾਸ ਕਰ ਲਈ ਸੀ। ਉਹ ਆਪਣੇ ਵਿਹਲੇ ਪੀਰੀਅਡਾਂ ਵਿਚ ਐੱਮ. ਏ. ਪੰਜਾਬੀ ਦੀਆਂ ਕਲਾਸਾਂ ਵੀ ਲਗਾ ਲੈਂਦਾ ਸੀ। ਸ. ਜਗਦੇਵ ਸਿੰਘ ਜੱਸੋਵਾਲ, ਜਿਸ ਨੂੰ ਹੁਣ ਪੰਜਾਬੀ ਸਭਿਆਚਾਰ ਦਾ ਬਾਬਾ ਬੋਹੜ ਕਰਕੇ ਜਾਣਿਆ ਜਾਂਦਾ ਹੈ ਅਤੇ ਜਿਸ ਦੇ ਉਦਮ ਨਾਲ ਪ੍ਰੋ. ਮੋਹਨ ਸਿੰਘ ਮੇਲਾ ਲੁਧਿਆਣੇ ਵਿਖੇ ਹਰ ਸਾਲ ਲਗਦਾ ਹੈ, ਵੀ ਉਸ ਦਾ ਸਹਿਪਾਠੀ ਸੀ। ਕੁਝ ਹੋਰ ਵਿਦਿਆਰਥੀ ਨਵਤੇਜ ਭਾਰਤੀ ਤੇ ਹਰਭਜਨ ਸਿੰਘ ਦਿਓਲ ਜੋ ਪਿਛੋਂ ਜਾ ਕੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਅਤੇ ਭਾਰਤੀ ਘੱਟ ਗਿਣਤੀ ਭਾਸ਼ਾ ਕਮਿਸ਼ਨ ਦੇ ਮੈਂਬਰ ਵੀ ਰਹੇ ਸਨ, ਉਸ ਸਮੇਂ ਮੇਰੇ ਪੰਜਾਬੀ ਦੇ ਵਿਦਿਆਰਥੀਆਂ ਵਿਚੋਂ ਸਨ। ਸਵਰਗਵਾਸੀ ਪ੍ਰੋ. ਗੁਲਵੰਤ ਸਿੰਘ ਪੰਜਾਬੀ ਵਿਭਾਗ ਦੇ ਮੁਖੀ ਸਨ ਅਤੇ ਪ੍ਰੋ. ਨਿਸ਼ਾਨ ਸਿੰਘ ਢਿੱਲੋਂ, ਪ੍ਰੋ. ਉਜਾਗਰ ਸਿੰਘ ਸਿੱਧੂ ਅਤੇ ਮੈਂ ਸਾਡੀ ਤਿੰਨਾਂ ਦੀ ਤਿੱਕੜੀ ਸੀ। ਅਸੀਂ ਇਕ-ਦੂਜੇ ਨੂੰ *'ਪੁਰਖ'* ਕਰਕੇ ਬੁਲਾਇਆ ਕਰਦੇ ਸਾਂ। ਸਾਨੂੰ ਪੁਰਖਾਂ ਦੀ ਟੋਲੀ ਕਹਿ ਕੇ ਜਾਣਿਆਂ ਜਾਣ ਲਗਿਆ। ਅਸੀਂ ਇਕ-ਦੂਜੇ ਨੂੰ ਪੁਰਖਾ ਕਹਿੰਦੇ ਹੁੰਦੇ ਸਾਂ। ਕਾਲਜ ਦੀ ਕੈਨਟੀਨ ਵਿਚ ਸੰਤਾ ਸਿੰਘ ਠੇਕੇਦਾਰ ਬੜਾ ਮਿਲਣਸਾਰ ਤੇ ਉਤਸ਼ਾਹੀ ਪ੍ਰਬੰਧਕ ਸੀ। ਕੈਨਟੀਨ ਦੀ ਸੇਵਾ ਬੜੀ ਵਧੀਆ ਹੁੰਦੀ ਸੀ। ਸੰਤਾ ਸਿੰਘ ਨੇ ਕਦੀ ਪ੍ਰੋਫ਼ੈਸਰਾਂ ਕੋਲੋਂ ਪੈਸੇ ਨਹੀਂ ਸਨ ਮੰਗੇ। ਪ੍ਰੋਫ਼ੈਸਰ ਆਪਣੇ-ਆਪ ਹੀ ਉਸ ਦਾ ਹਿਸਾਬ ਚੁਕਾ ਜਾਂਦੇ ਸਨ। ਕੁਝ ਚਿਰ ਮੈਨੂੰ ਨਵੇਂ ਹੋਸਟਲ ਵਿਚ ਖਾਣਾ ਖਾਣ ਲਈ ਜਾਣਾ ਪਿਆ, ਜਿਸ ਦੇ ਪਿੱਛੋਂ ਜਾ ਕੇ ਪ੍ਰੋ. ਨਿਸ਼ਾਨ ਸਿੰਘ ਡਿਪਟੀ ਵਾਰਡਨ ਵੀ ਰਹੇ ਹਨ। ਉਸ ਸਮੇਂ ਸਰਕਾਰੀ ਕਾਲਜ ਲੁਧਿਆਣਾ ਪੰਜਾਬ ਦੇ ਸ੍ਰੇਸ਼ਟ ਕਾਲਜਾਂ ਵਿਚ ਗਿਣਿਆਂ ਜਾਂਦਾ ਸੀ, ਜਿਥੇ ਛੇ ਪੋਸਟ ਗਰੈਜੂਏਟ ਵਿਭਾਗ ਸਨ। ਕਾਲਜ ਦੀ ਸ਼ਾਨਦਾਰ ਲਾਇਬ੍ਰੇਰੀ ਅਤੇ ਹਾਲ ਸੀ। ਡਾ. ਹਰੀ ਰਾਮ ਸਰਨਾ ਅਤੇ ਪ੍ਰਿੰ. ਕੇ. ਐਨ. ਦੱਤ ਵਰਗੇ ਉੱਚੇ ਕੱਦਾਵਰ ਸਿੱਖਿਆ ਸ਼ਾਸਤਰੀ ਇਸ ਕਾਲਜ ਦੇ ਪ੍ਰਿੰਸੀਪਲ ਰਹੇ



Sri Satguru Jagjit Singh Ji eLibrary NamdhariElibrary@gmail.com

ਸਨ, ਇਹ ਸਮਾਂ ਸਰਕਾਰੀ ਕਾਲਜ, ਲੁਧਿਆਣੇ ਦਾ ਸੁਨਹਿਰੀ ਸਮਾਂ ਸੀ, ਜਿਸ ਵਿਚੋਂ ਪੜ੍ਹ ਕੇ ਕਈ ਵਿਦਿਆਰਥੀ ਉੱਚੇ-ਉੱਚੇ ਅਹੁਦਿਆਂ 'ਤੇ ਸੁਭਾਇਮਾਨ ਰਹੇ ਸਨ। ਸ਼੍ਰੀ ਮਨੋਹਰ ਸਿੰਘ ਗਿੱਲ, ਜੋ ਭਾਰਤ ਸਰਕਾਰ ਦੇ ਚੋਣ ਕਮਿਸ਼ਨ ਦੇ ਮੁਖੀ ਰਹੇ ਹਨ ਅਤੇ ਸ਼੍ਰੀ. ਕੇ. ਪੀ. ਐੱਸ. ਗਿੱਲ, ਆਈ. ਜੀ. ਪੁਲਿਸ ਉਸੇ ਸਮੇਂ ਦੇ ਇਸੇ ਕਾਲਜ ਦੀ ਹੀ ਦੇਣ ਹਨ। ਲੁਧਿਆਣੇ ਆ ਕੇ ਮੈਨੂੰ ਇਕ ਹੋਰ ਲਾਭ ਇਹ ਹੋਇਆ ਕਿ ਲਾਹੌਰ ਬੁਕ ਸ਼ਾਪ ਦੇ ਮਾਲਕ ਸ. ਜੀਵਨ ਸਿੰਘ ਦੀ ਘੰਟਾ ਘਰ ਵਾਲੀ ਦੁਕਾਨ ਅਤੇ ਕਾਲਜ ਦੇ ਨੇੜੇ ਹੀ ਲਾਹੌਰ ਆਰਟ ਪ੍ਰੈਸ, ਜੋ ਉਨ੍ਹਾਂ ਦੇ ਨਿਵਾਸ ਦਾ ਹੀ ਕਾਲਜ ਦੀ ਮੁਖ ਸੜਕ ਵਾਲੇ ਬੰਨੇ ਦਾ ਇਕ ਭਾਗ ਸੀ, ਵਿਚ ਵਿਹਲੇ ਸਮੇਂ ਜਾ ਕੇ ਸ. ਹਜ਼ਾਰਾ ਸਿੰਘ ਅਤੇ ਅਜਾਇਬ ਚਿਤ੍ਰਕਾਰ ਵਰਗੇ ਮਿਤਰਾਂ ਨੂੰ ਜੋ ਇਥੇ ਕੰਮ ਕਰਦੇ ਸਨ, ਜਾ ਕੇ ਮਿਲ ਆਈਦਾ ਸੀ। ਹੋਰ ਵੀ ਬਹੁਤ ਸਾਰੇ ਸਾਹਿਤਕਾਰ ਇੱਥੇ ਆਉਂਦੇ ਜਾਂਦੇ ਰਹਿੰਦੇ ਸਨ। ਆਕਾਸ਼ਬਾਣੀ ਜਲੰਧਰ ਨਾਲ ਤਾਂ ਮੇਰਾ ਲਾਇਲਪੁਰ ਖ਼ਾਲਸਾ ਕਾਲਜ ਦੇ ਸਮੇਂ ਤੋਂ ਹੀ ਸੰਬੰਧ ਰਿਹਾ ਹੈ। ਫਿਰ ਜਦੋਂ ਸਵਰਗਵਾਸੀ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਸ. ਸੁਰਜੀਤ ਸਿੰਘ ਸੇਠੀ ਰੇਡੀਓ ਸਟੇਸ਼ਨ ਜਲੰਧਰ ਵਿਚ ਆ ਲੱਗੇ ਤਾਂ ਇਹ ਸੰਬੰਧ ਹੋਰ ਵੀ ਘਨੇਰਾ ਹੋ ਗਿਆ। ਸ. ਈਸ਼ਰ ਸਿੰਘ ਅਟਾਰੀ ਉਨ੍ਹਾਂ ਦਿਨਾਂ ਵਿਚ ਜਲੰਧਰ ਦੇ ਸੂਚਨਾ ਕੇਂਦਰ ਵਿਚ ਅਧਿਕਾਰੀ ਸਨ। ਉਨ੍ਹਾਂ ਹੀ ਦਿਨਾਂ ਵਿਚ ਉਦੋਂ ਪੰਜਾਬੀ ਦਾ ਪ੍ਰਸਿੱਧ, ਹੁਣ ਸਵਰਗਵਾਸੀ ਕਵੀ ਸੁਖਪਾਲਵੀਰ ਸਿੰਘ ਹਸਰਤ ਵੀ ਲਾਇਲਪੁਰ ਕਾਲਜ ਵਿਚ ਪੜ੍ਹਦਾ ਸੀ। ਮੇਰੇ ਨਾਲ ਉਸ ਦਾ ਗੁਰਦਾਸਪੁਰ ਕਾਲਜ ਦੇ ਸਮੇਂ ਤੋਂ ਹੀ ਸੰਬੰਧ ਜੁੜਿਆ ਹੋਇਆ ਸੀ। ਉਸ ਸਮੇਂ ਮੈਂ ਉਸ ਦੀ ਇਕ ਕਾਵਿ-ਪੁਸਤਕ 'ਹੁਸਨ ਕਿਨਾਰੇ' ਦੀ ਭੂਮਿਕਾ ਵੀ ਲਿਖੀ ਸੀ। ਉਸ ਸਮੇਂ ਉਹ ਸਿੱਖ ਨੈਸ਼ਨਲ ਕਾਲਜ ਕਾਦੀਆਂ ਦਾ ਬੀ. ਏ. ਦਾ ਵਿਦਿਆਰਥੀ ਸੀ, ਜਦੋਂ ਉਸ ਨੇ ਮੈਨੂੰ ਇਕ ਵਿਸ਼ੇਸ਼ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਬੁਲਾਇਆ ਸੀ।

ਸੁਖਪਾਲਵੀਰ ਸਿੰਘ ਹਸਰਤ, ਸ. ਈਸ਼ਰ ਸਿੰਘ ਅਟਾਰੀ ਅਤੇ ਅਵਤਾਰ ਸਿੰਘ ਆਜ਼ਾਦ ਆਦਿ ਲੇਖਕਾਂ ਨੇ ਮਿਲ ਕੇ ਪੰਜਾਬੀ ਸਾਹਿਤ ਸਮੀਖਿਆ ਬੋਰਡ ਦੀ ਸਥਾਪਨਾ ਕਰਨ ਦਾ ਐਲਾਨ ਕਰ ਦਿੱਤਾ ਅਤੇ ਮੇਰੀ ਗ਼ੈਰ-ਹਾਜ਼ਰੀ ਵਿਚ ਹੀ ਮੈਨੂੰ ਉਸ ਦਾ ਪ੍ਰਧਾਨ ਚੁਣ ਲਿਆ। ਇਸ ਸਾਹਿਤਕ ਸੰਸਥਾ ਨੇ ਕੋਈ 3-4 ਦਹਾਕੇ ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਮੇਰੇ ਤੋਂ ਪਿਛੋਂ ਗਿ: ਲਾਲ ਸਿੰਘ ਜੀ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਇਸ ਸੰਸਥਾ ਦੇ ਪ੍ਰਧਾਨ ਰਹੇ ਅਤੇ ਦੋ ਦਹਾਕੇ ਤੱਕ ਮੈਂ ਬਤੌਰ ਜਨਰਲ ਸਕੱਤਰ ਇਸ ਸੰਸਥਾ ਨਾਲ ਜੁੜਿਆ ਰਿਹਾ। ਇਸ ਸੰਸਥਾ ਵੱਲੋਂ ਕਈ ਯਾਦਗਾਰੀ ਪੁਸਤਕਾਂ ਵੀ ਛਾਪੀਆਂ ਗਈਆਂ।



Sri Satguru Jagjit Singh Ji eLibrary NamdhariElibrary@gmail.com

ਜਦੋਂ ਮੈਂ ਸਰਕਾਰੀ ਕਾਲਜ, ਗੁਰਦਾਸਪੁਰ ਵਿਚ ਸਾਂ ਤਾਂ ਗਿ. ਹੀਰਾ ਸਿੰਘ ਦਰਦ ਜੀ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਨੀਂਹ ਰਖੀ, ਜਿਸ ਦੀ ਪਹਿਲੀ ਕਾਨਫ਼ਰੰਸ ਜੋ ਜਲੰਧਰ ਵਿਖੇ ਹੋਈ ਸੀ, ਵਿਚ ਮੈਂ ਗੁਰਦਾਸਪੁਰ ਕਾਲਜ ਦੇ ਕਈ ਵਿਦਿਆਰਥੀਆਂ ਨੂੰ ਨਾਲ ਲੈ ਕੇ ਸ਼ਾਮਲ ਹੋਇਆ ਸਾਂ। ਇਸ ਤੋਂ ਪਹਿਲਾਂ 1954 ਵਿਚ ਪੰਜਾਬੀ ਸਾਹਿਤ ਅਕਾਡਮੀ ਦੀ ਸਥਾਪਨਾ ਪ੍ਰਿੰ. ਜੋਧ ਸਿੰਘ ਅਤੇ ਡਾ. ਸ਼ੇਰ ਸਿੰਘ ਤੇ ਡਾ. ਪਿਆਰ ਸਿੰਘ ਦੇ ਉਦਮ ਨਾਲ ਹੋਈ ਸੀ, ਜਿਸ ਦੇ ਮੈਂ ਜੀਵਨ ਮੈਂਬਰਾਂ ਵਿਚੋਂ ਹੀ ਦੋ ਸਾਲ ਇਸ ਦੇ ਸਕੱਤਰ ਦਫ਼ਤਰ ਵਜੋਂ ਅਤੇ ਹੁਣ ਕਈ ਸਾਲਾਂ ਤੋਂ ਇਸ ਦੇ ਅੰਤਰਿਮ ਬੋਰਡ ਦੇ ਮੈਂਬਰ ਵਜੋਂ, ਪੰਜਾਬੀ ਸਾਹਿਤ ਅਕਾਡਮੀ ਦੀਆਂ ਸਾਹਿਤਕ ਸਰਗਰਮੀਆਂ ਨਾਲ 1964 ਤੋਂ ਪਿਛੋਂ ਨੇਤਰਹੀਣ ਹੋਣ ਦੇ ਬਾਵਜੂਦ ਜੁੜਿਆ ਆ ਰਿਹਾ ਹਾਂ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪਹਿਲੀ ਕਾਨਫ਼ਰੰਸ ਵਿਚ ਮੈਂ ਨਾਮਧਾਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੂਰੋਂ ਹੀ ਦਰਸ਼ਨ ਕੀਤੇ ਸਨ। ਉਨ੍ਹਾਂ ਨੇ ਇਸ ਸੰਸਥਾ ਨੂੰ ਲੁਧਿਆਣੇ ਵਿਖੇ ਦਫ਼ਤਰ ਬਣਾਉਣ ਲਈ ਕੁਝ ਭੂਮੀ ਦੇਣ ਦਾ ਵਚਨ ਕੀਤਾ ਸੀ, ਪਰ ਇਸ ਸੰਸਥਾ ਦੇ ਕਰਤਾ-ਧਰਤਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਇਸ ਉਪਕਾਰ ਦਾ ਲਾਭ ਨਾ ਉਠਾ ਸਕੇ। ਪ੍ਰਸਿੱਧ ਨਾਮਧਾਰੀ ਲੇਖਕ ਸੰਤ ਇੰਦਰ ਸਿੰਘ ਚਕਰਵਰਤੀ ਪੰਜਾਬੀ ਸਾਹਿਤ ਸਮੀਖਿਆ ਬੋਰਡ ਦੇ ਮੈਂਬਰ ਬਣ ਗਏ। ਉਨ੍ਹਾਂ ਦਿਨਾਂ ਵਿਚ ਮੈਂ ਲੁਧਿਆਣੇ ਦੇ ਮਾਡਲ ਟਾਊਨ 172 ਐੱਲ ਵਿਚ ਰਹਿ ਰਿਹਾ ਸਾਂ। ਨੇੜੇ ਹੀ ਸ. ਕਰਤਾਰ ਸਿੰਘ ਸ਼ਮਸ਼ੇਰ ਦਾ ਘਰ ਸੀ। ਉਹ ਚਕਰਵਰਤੀ ਜੀ ਦੇ ਨੇੜੇ ਦੇ ਮਿੱਤਰਾਂ ਵਿਚੋਂ ਸਨ ਅਤੇ ਕਿਸੇ ਸਮੇਂ ਇਹ ਦੋਵੇਂ ਸੱਜਣ ਪ੍ਰੀਤ ਨਗਰ ਨਿਵਾਸ ਰਖਦੇ ਰਹੇ ਸਨ। ਇਨ੍ਹਾਂ ਦੋਹਾਂ ਨਾਲ ਮੇਰੀ ਵੀ ਜਾਣ-ਪਛਾਣ ਹੋ ਗਈ।

1959 ਦੀ 22-23 ਅਗਸਤ ਦੀ ਰਾਤ ਨੂੰ ਸ਼੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸਦੀਵੀ ਵਿਛੋੜਾ ਦੇ ਗਏ। ਆਪ 20ਵੀਂ ਸਦੀ ਦੀ ਇਕ ਉਘੀ ਹਸਤੀ ਤੇ ਨਾਮਧਾਰੀ ਸਾਧ ਸੰਗਤ ਦੇ ਪੂਜ ਇਸ਼ਟ 1906 ਤੋਂ ਹੀ ਚਲੇ ਆ ਰਹੇ ਸਨ। ਆਪ ਜੀ ਦੀ ਬਹੁਪੱਖੀ ਸ਼ਖ਼ਸੀਅਤ ਅਤੇ ਅਧਿਆਤਮਕ ਪ੍ਰਕਾਸ਼ ਦੀਆਂ ਕਿਰਨਾਂ ਨੇ ਪੰਜਾਬ ਦੇ ਧਾਰਮਿਕ ਸਭਿਆਚਾਰ ਅਤੇ ਰਾਜਨੀਤਕ ਜੀਵਨ ਉਤੇ ਬੜਾ ਡੂੰਘਾ ਪ੍ਰਭਾਵ ਪਾਇਆ ਹੈ। ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਵੀ ਆਪ ਅਤੇ ਆਪ ਜੀ ਦੇ ਅਨੁਯਾਈਆਂ ਦੇ ਯੋਗਦਾਨ ਨੂੰ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਂਦਾ ਹੈ। ਸਵਰਗਵਾਸੀ ਪੰ. ਜਵਾਹਰ ਲਾਲ ਨਹਿਰੂ, ਬਾਬੂ ਰਜਿੰਦਰ ਪ੍ਰਸ਼ਾਦ ਅਤੇ ਹੋਰ ਉੱਚਕੋਟੀ ਦੇ ਨੇਤਾਵਾਂ ਨਾਲ ਆਪ ਜੀ ਦੇ ਨਿਕਟਵਰਤੀ ਸਬੰਧ ਸਨ। ਲਾਹੌਰ ਦੇ ਇਤਿਹਾਸਕ ਕਾਂਗਰਸ ਸ਼ੈਸਨ ਅਤੇ 1938 ਦੇ ਪਰਜਾ ਮੰਡਲ ਦੀ ਲੁਧਿਆਣਾ ਕਾਨਫ਼ਰੰਸ ਸਮੇਂ ਆਪ ਜੀ ਨੇ ਬਹੁਤ ਵੱਡੇ ਕਰਤਵ ਨੂੰ ਆਪਣੇ ਹਜ਼ਾਰਾਂ ਸੇਵਕਾਂ ਨਾਲ



Sri Satguru Jagjit Singh Ji eLibrary NamdhariElibrary@gmail.com

ਨਿਭਾਇਆ ਸੀ।

ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਯਾਦ ਵਿਚ 10 ਸਤੰਬਰ 1959 ਨੂੰ ਇਕ ਸਮਾਗਮ ਕੀਤਾ ਗਿਆ, ਜਿਸ ਵਿਚ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਦੀ ਰਸਮ ਵੀ ਅਦਾ ਕੀਤੀ ਗਈ। ਪਤਾ ਨਹੀਂ ਕਿਹੜੀ ਅਗਿਆਤ ਖਿੱਚ ਮੈਨੂੰ ਆਪਣੇ ਕੁਝ ਮਿੱਤਰਾਂ ਵਿਸ਼ੇਸ਼ ਕਰਕੇ ਪ੍ਰੋ. ਨਿਸ਼ਾਨ ਸਿੰਘ ਢਿਲੋਂ ਨਾਲ ਇਸ ਸਮਾਗਮ ਵਿਚ ਹਾਜ਼ਰੀ ਭਰਨ ਲਈ ਸ੍ਰੀ ਭੈਣੀ ਸਾਹਿਬ ਲੈ ਗਈ ਅਤੇ ਮੈਨੂੰ ਪਹਿਲੀ ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਅਤੇ ਚਰਨਾਂ ਉਤੇ ਮਸਤਕ ਧਰਨ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ।

1960 ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਲੁਧਿਆਣੇ ਵਿਖੇ ਤੀਜੀ ਕਾਨਫ਼ਰੰਸ ਹੋਈ। ਪ੍ਰੋ. ਸੰਤ ਸਿੰਘ ਸੇਖੋਂ ਉਸ ਸਮੇਂ ਇਸ ਸਭਾ ਦੇ ਜਰਨਲ ਸਕੱਤਰ ਸਨ। ਮੈਂ ਪੰਜਾਬੀ ਸਾਹਿਤ ਸਭਾ ਲੁਧਿਆਣਾ ਦੇ ਜਨਰਲ ਸਕੱਤਰ ਦੀ ਸੇਵਾ ਨੂੰ ਨਿਭਾਅ ਰਿਹਾ ਸਾਂ। ਇਸ ਕਾਨਫ਼ਰੰਸ ਦੇ ਪ੍ਰਧਾਨ ਗਿ. ਗੁਰਮੁਖ ਸਿੰਘ ਮੁਸਾਫਿਰ ਸਨ ਅਤੇ ਇਸ ਦੇ ਬਾਨੀ ਗਿ. ਹੀਰਾ ਸਿੰਘ ਦਰਦ ਵੀ ਕੇਵਲ ਦਰਸ਼ਨ ਹੀ ਨਹੀਂ ਸਨ ਦੇ ਰਹੇ, ਇਸ ਸਮੇਂ ਇਸ ਦੇ ਪ੍ਰਬੰਧ ਦੀ ਸਮੁੱਚੀ ਅਗਵਾਈ ਵੀ ਕਰ ਰਹੇ ਸਨ। ਇਸ ਦੀ ਜ਼ਿੰਮੇਵਾਰੀ ਦਾ ਬਹੁਤਾ ਭਾਰ ਪੰਜਾਬੀ ਸਾਹਿਤ ਸਭਾ ਲੁਧਿਆਣਾ ਉਤੇ ਪਿਆ ਸੀ, ਸ. ਕਰਤਾਰ ਸਿੰਘ ਸ਼ਮਸ਼ੇਰ ਇਸ ਦੇ ਪ੍ਰਧਾਨ ਸਨ ਅਤੇ ਮੈਂ ਜਨਰਲ ਸਕੱਤਰ। ਪ੍ਰੋ. ਸੰਤ ਸਿੰਘ ਸੇਖੋਂ ਵੀ ਸਾਡੇ ਨਾਲ ਸਨ। ਇਸ ਕਾਨਫ਼ਰੰਸ ਦੇ ਸੁਆਗਤੀ ਕਮੇਟੀ ਦੇ ਪ੍ਰਧਾਨ ਲੁਧਿਆਣਾ ਦੇ ਪ੍ਰਸਿੱਧ ਕਾਂਗਰਸੀ ਆਗੂ ਤੇ ਸਮਾਜ ਸੇਵਕ ਸ੍ਰੀ ਸਰਦਾਰੀ ਲਾਲ ਕਪੂਰ ਸਨ। ਇਸ ਕਾਨਫ਼ਰੰਸ ਦਾ ਉਦਘਾਟਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ ਸੀ। ਇਹ ਕਾਨਫ਼ਰੰਸ ਜਿਮਖਾਨਾ ਗਰਾਉਂਡ ਲੁਧਿਆਣਾ ਦੇ ਵਿਸ਼ਾਲ ਮੈਦਾਨ ਵਿਚ ਹੋਈ ਸੀ ਅਤੇ ਬਹੁਤ ਕਾਮਯਾਬ ਰਹੀ। ਮੈਨੂੰ ਯਾਦ ਹੈ ਕਿ ਇਸ ਕਾਨਫ਼ਰੰਸ ਦੀ ਵਿਚਾਰ ਗੋਸ਼ਟੀ ਲਈ ਮੈਂ ਇਕ ਪਰਚਾ ਵੀ ਪੜ੍ਹਿਆ ਸੀ, ਜਿਸ ਦਾ ਵਿਸ਼ਾ ਸੀ '1958-59 ਦੀ ਪੰਜਾਬੀ ਕਵਿਤਾ' ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸੰਤ ਇੰਦਰ ਸਿੰਘ ਚਕਰਵਰਤੀ, ਜੋ ਸ਼੍ਰੋਮਣੀ ਨਾਮਧਾਰੀ ਸਾਹਿਤਕਾਰ ਸਨ ਅਤੇ ਪੰਜਾਬੀ ਸਾਹਿਤ ਨੂੰ ਉਨ੍ਹਾਂ ਦੀ ਦੇਣ ਬੜੀ ਵਡਮੁੱਲੀ ਸੀ। ਉਹ ਮਾਲਵੇਂਦ੍ਰ, ਮਹਾਕਾਂਵਿ ਤੇ ਇਤਿਹਾਸਕ ਨਾਵਲਾਂ ਅਤੇ ਪ੍ਰੀਤ ਪੈਗੰਬਰ ਵਰਗੇ ਨਾਟਕ ਦੇ ਰਚਣਹਾਰ ਵੀ ਸਨ। ਉਨ੍ਹਾਂ ਦੇ ਉਦਮ ਨਾਲ 1960 ਵਿਚ ਭੈਣੀ ਸਾਹਿਬ ਵਿਖੇ ਪ੍ਰਸਿੱਧ ਪੰਜਾਬੀ ਲੇਖਕਾਂ ਦਾ ਵਿਸ਼ੇਸ਼ ਸੰਮੇਲਨ ਹੋਇਆ। ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰਾਂ ਦੀ ਇਸ ਇਕੱਤਰਤਾ ਵਿਚ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸ. ਅਵਤਾਰ ਸਿੰਘ ਆਜ਼ਾਦ, ਸ. ਸਾਧੂ ਸਿੰਘ ਹਮਦਰਦ, ਸ. ਸ਼ਾਦੀ ਸਿੰਘ, ਸ. ਈਸ਼ਰ ਸਿੰਘ ਅਟਾਰੀ ਤੇ ਲੁਧਿਆਣਾ ਤੋਂ ਡਾ. ਸ਼ੇਰ ਸਿੰਘ,



Sri Satguru Jagjit Singh Ji eLibrary NamdhariElibrary@gmail.com

ਪ੍ਰੋ. ਪਿਆਰ ਸਿੰਘ, ਸ. ਕਰਤਾਰ ਸਿੰਘ ਕਾਲੜਾ, ਸ. ਕਰਤਾਰ ਸਿੰਘ ਸ਼ਮਸ਼ੇਰ ਤੇ ਮੈਂ ਹਾਜ਼ਰ ਹੋਏ ਅਤੇ ਉਸ ਸਮੇਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਸੰਬੰਧੀ ਵਿਚਾਰਾਂ ਹੋਈਆਂ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਨਾਮਧਾਰੀ ਸਤਿਗੁਰੂ ਸਹਿਬਾਨ ਨੇ ਮਾਤ ਭਾਸ਼ਾ ਪੰਜਾਬੀ ਦੇ ਉੱਚ ਕੋਟੀ ਦੇ ਸਾਹਿਤ ਅਤੇ ਅਧਿਆਤਮਕ ਖੇਤਰ ਤੋਂ ਬਿਨਾਂ ਗੁਰਮਤਿ ਸੰਗੀਤ ਅਤੇ ਦੇਸ਼ ਦੇ ਸੁਤੰਤਰਤਾ ਸੰਗਰਾਮ ਅਤੇ ਲੋਕਾਂ ਦੇ ਹਰ ਦੁਖ-ਸੁਖ ਵਿਚ ਲੋਕ ਸੇਵਾ ਦਾ ਬੀੜਾ ਚੁੱਕੀ ਰੱਖਿਆ ਹੈ। ਵਰਤਮਾਨ ਸਤਿਗੁਰੂ ਜਗਜੀਤ ਸਿੰਘ ਵਿਚ ਵੀ ਉਹ ਸਾਰੇ ਗੁਣ ਮੌਜੂਦ ਹਨ। ਇਸ ਸੰਮੇਲਨ ਤੋਂ ਪਿੱਛੋਂ ਸ਼੍ਰੀ ਸਤਿਗੁਰੂ ਜੀ ਤੇ ਬਾਬਾ ਬੀਰ ਸਿੰਘ ਜੀ ਨੇ ਆਪਣੇ ਹੱਥੀ ਆਏ ਸਾਹਿਤਕਾਰਾਂ ਦੇ ਜਲ ਪਾਨ ਦੀ ਸੇਵਾ ਕੀਤੀ, ਪਿਛੋਂ ਹਰ ਸਹਿਤਕਾਰ ਨੂੰ ਇਕ ਇਕ ਅਠੋਤਰੀ ਊਨ ਦੀ ਮਾਲਾ ਬਖ਼ਸ਼ੀ। ਮੈਨੂੰ ਹੋਰਨਾਂ ਦਾ ਤਾਂ ਪਤਾ ਨਹੀਂ, ਪਰ ਇਹੋ ਮਾਲਾ ਜਿਸ ਨੂੰ ਮੈਂ ਸੰਭਾਲ ਕੇ ਰੱਖਿਆ ਸੀ, ਹਰ ਸੰਕਟ ਸਮੇਂ ਮੇਰੀ ਧੀਰ ਬਣੀ। ਇਸੇ ਦਾ ਸਦਕਾ ਮੈਨੂੰ ਸਤਿਗੁਰੂ ਜੀ ਦੇ ਦਰ ਤੋਂ ਪਿਛੋਂ ਜਾ ਕੇ ਨਾਮ ਦੀ ਦਾਤ ਪ੍ਰਾਪਤ ਹੋਈ, ਜਿਸ ਬਾਰੇ ਮੈਂ ਆਪਣੀ ਪੁਸਤਕ ਛੱਤੀ ਅੰਮ੍ਰਿਤ ਵਿਚ ਇਹ ਦੋਹਾ ਲਿਖਿਆ ਸੀ :

*ਕਸੇਲ ਸਤਿਗੁਰੂ ਮਾਲਾ ਬਖ਼ਸ਼ ਕੇ, ਕੀਤਾ ਵਡ ਉਪਕਾਰ,*
*ਚਰਨ ਕੰਵਲ ਤੋਂ ਵਾਰਨੇ, ਜਾਵਾਂ ਸੌ ਸੌ ਵਾਰ।*

ਇਨ੍ਹਾਂ ਦਿਨਾਂ ਵਿਚ ਹੀ ਪੰਜਾਬੀ ਸਾਹਿਤ ਅਕਾਡਮੀ ਦੀ ਜਲੰਧਰ ਵਿਖੇ ਕਾਨਫ਼ਰੰਸ ਹੋਈ, ਜਿਸ ਵਿਚ ਜਿਹੜੇ ਮੁੱਖ ਮਤੇ ਪਾਸ ਕੀਤੇ ਗਏ ਸਨ, ਉਨ੍ਹਾਂ ਵਿਚੋਂ ਇਕ ਸੀ ਕਿ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਇਕ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇ ਅਤੇ ਪੰਜਾਬ ਪ੍ਰਦੇਸ਼ ਵਿਚ ਪੰਜਾਬੀ ਬੋਲੀ ਨੂੰ ਸਰਕਾਰੀ ਬੋਲੀ ਦਾ ਦਰਜਾ ਦਿੱਤਾ ਜਾਵੇ। ਕੁਝ ਵਿਸ਼ੇਸ਼ ਕਾਰਨਾਂ ਕਰਕੇ, ਜਿਸ ਦਾ ਮੈਨੂੰ ਪਤਾ ਨਹੀਂ, ਮੇਰੀ ਬਦਲੀ ਮੁੜ ਸਰਕਾਰੀ ਕਾਲਜ ਗੁਰਦਾਸਪੁਰ ਵਿਚ ਕਰ ਦਿੱਤੀ ਗਈ, ਜਿੱਥੇ ਸਤੰਬਰ 1963 ਤੱਕ ਮੈਂ ਰਿਹਾ ਅਤੇ ਮੁੜ ਲੁਧਿਆਣੇ ਦੇ ਸਰਕਾਰੀ ਕਾਲਜ ਵਿਚ ਆ ਗਿਆ। ਇੱਥੇ ਆ ਕੇ ਮੈਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ। ਇਨ੍ਹਾਂ ਦਿਨਾਂ ਵਿਚ ਹੀ ਪ੍ਰੋ. ਪ੍ਰੀਤਮ ਸਿੰਘ ਜੀ ਦੀ ਬਦਲੀ ਪਟਿਆਲੇ ਤੋਂ ਲੁਧਿਆਣੇ ਹੋ ਗਈ ਸੀ ਅਤੇ ਉਹ ਪੰਜਾਬੀ ਵਿਭਾਗ ਦੇ ਮੁਖੀ ਸਨ। ਉਨ੍ਹਾਂ ਦਾ ਮੈਨੂੰ ਲੁਧਿਆਣੇ ਵਿਚ ਵਾਪਸ ਲਿਆਉਣ ਵਿਚ ਹੱਥ ਸੀ। ਪਰ ਮੇਰੇ ਨਾਲ ਹੀ ਸ਼੍ਰੀਮਤੀ ਗੁਰਦਰਸ਼ਨ ਕੌਰ ਢਿਲੋਂ ਦੀ ਬਦਲੀ ਕਰ ਦਿੱਤੀ ਗਈ, ਜੋ ਮੇਰੇ ਤੋਂ ਕੁਝ ਘੰਟੇ ਪਹਿਲਾਂ ਨਵੀਂ ਆਸਾਮੀ 'ਤੇ ਹਾਜ਼ਰ ਹੋ ਗਈ ਸੀ। ਜਦੋਂ ਪ੍ਰੋ. ਪ੍ਰੀਤਮ ਸਿੰਘ ਜੀ ਨਾਲ ਕਾਲਜ ਪਹੁੰਚਿਆ ਤਾਂ ਪ੍ਰਿੰਸੀਪਲ ਕਿਸ਼ਨ ਸਿੰਘ ਥਾਪਰ ਨੇ ਮੇਰੀ ਹਾਜ਼ਰੀ ਰਿਪੋਰਟ ਤਾਂ ਪਰਵਾਨ ਕਰ ਲਈ, ਪਰ ਕਈ ਮਹੀਨੇ ਤੱਕ ਮੈਨੂੰ ਕੋਈ ਟਾਈਮ ਟੇਬਲ ਨਾ ਦਿੱਤਾ, ਗੱਲ ਬੜੀ ਮਜ਼ਾਕ ਵਾਲੀ ਸੀ। ਮੈਨੂੰ ਮੇਰੇ ਸਹਿਯੋਗੀ ਪ੍ਰੋਫ਼ੈਸਰ, ਜਿਨ੍ਹਾਂ ਵਿਚੋਂ ਕਈ



Sri Satguru Jagjit Singh Ji eLibrary NamdhariElibrary@gmail.com

ਮੇਰੇ ਨਿਕਟਵਰਤੀ ਮਿੱਤਰ ਸਨ, ਮਜ਼ਾਕ ਵਿਚ ਕਹਿੰਦੇ, ਸੁਣਾਉ ਕਸੇਲ ਸਾਹਿਬ, ਕੋਈ ਪੀਰੀਅਡ ਮਿਲ ਗਿਆ ਹੈ ਜਾਂ ਨਹੀਂ। ਕਾਫ਼ੀ ਸਮੇਂ ਤੱਕ ਮੈਂ ਅਧਿਆਪਨ ਦੇ ਕਾਰਜ ਤੋਂ ਵਿਰਵਾ ਰਿਹਾ। ਮੇਰੇ ਨਾਲ ਤਾਂ ਗੱਲ ਸ੍ਰੀ ਨਾਮਦੇਵ ਦੀ ਘੋੜੀ ਵਾਲੀ ਹੋਈ, ਜਿਸ ਨੂੰ ਭਗਤ ਜੀ ਨੇ ਸਵਾਰੀ ਕਰਨ ਲਈ ਮੰਗਿਆ ਸੀ, ਪਰ ਉਨ੍ਹਾਂ ਨੂੰ ਮੁਗ਼ਲ ਹਾਕਮ ਦੀ ਨਵੀਂ ਸੂਈ ਘੋੜੀ ਦੀ ਵਛੇਰੀ ਨੂੰ ਚੁੱਕਣ ਦੀ ਵਗਾਰ ਕਰਨੀ ਪਈ ਸੀ। ਆਇਆ ਤਾਂ ਮੈਂ ਸੀ ਪੰਜਾਬੀ ਦੀਆਂ ਐੱਮ. ਏ . ਸ਼੍ਰੇਣੀਆਂ ਨੂੰ ਪੜ੍ਹਾਉਣ, ਪਰ ਮੈਨੂੰ ਪ੍ਰੀ ਯੂਨੀਵਰਸਿਟੀ ਦੀਆਂ ਕਲਾਸਾਂ ਲੈਣ ਲਈ ਵੀ ਕਾਫ਼ੀ ਤਰਲੇ ਮਿੰਨਤਾਂ ਕਰਨੀਆਂ ਪਈਆਂ। ਫਿਰ ਕਿਤੇ ਕੁਝ ਪ੍ਰਤਿਸ਼ਟ ਸੱਜਣਾਂ ਦੇ ਯਤਨਾਂ ਸਦਕਾ ਮੈਨੂੰ ਕੁਝ ਹੇਠਲੀਆਂ ਸ਼੍ਰੇਣੀਆਂ ਦੇ ਇਕ ਅੱਧ ਸੈਕਸ਼ਨ ਨੂੰ ਪੜ੍ਹਾਉਣ ਦਾ ਮੌਕਾ ਦੇ ਦਿੱਤਾ ਗਿਆ।

ਇਨ੍ਹਾਂ ਹੀ ਦਿਨਾਂ ਵਿਚ ਮੈਂ ਤੇ ਮੇਰਾ ਮਿਤਰ ਪ੍ਰੋ. ਪਰਮਿੰਦਰ ਸਿੰਘ ਪੰਜਾਬੀ ਸਾਹਿਤ ਅਕਾਡਮੀ ਲਈ ਕਾਨਪੁਰ ਵਿਖੇ ਕੁਝ ਫ਼ੰਡ ਇੱਕਠਾ ਕਰਨ ਲਈ ਗਏ ਸਾਂ। ਇਹ ਦਸੰਬਰ 1963 ਦੀਆਂ ਛੁੱਟੀਆਂ ਦੀ ਗੱਲ ਹੈ। 1964 ਦਾ ਸਾਲ ਮੇਰੇ ਲਈ ਨਵੇਂ ਸੰਕਟ ਲੈ ਕੇ ਆਇਆ। 14-15 ਜਨਵਰੀ ਦੇ ਨੇੜੇ ਮੇਰੇ ਨੇਤਰਾਂ ਨੂੰ ਵਿਸ਼ੇਸ਼ ਰੋਗ ਆਣ ਲਗਾ ਜਿਸ ਨੇ ਕੁਝ ਮਹੀਨਿਆਂ ਵਿਚ ਹੀ ਚੰਗੇ ਇਲਾਜ ਦੇ ਬਾਵਜੂਦ ਮੈਨੂੰ ਸਹਿਜੇ ਸਹਿਜੇ ਸੁਨੇਤਰਤਾ ਦੇ ਖ਼ੂਬਸੂਰਤ ਤੇ ਰੰਗ-ਬਿਰੰਗੇ ਸੰਸਾਰ ਤੋਂ ਵਿਛੁਨ ਕੇ ਨੇਤਰਹੀਣਤਾ ਦੇ ਅੰਧ ਕੂਪ ਵਿਚ ਧਕੇਲ ਦਿੱਤਾ।



Sri Satguru Jagjit Singh Ji eLibrary NamdhariElibrary@gmail.com

# 1964 ਤੱਕ ਦਾ ਸਾਹਿਤਕ ਯੋਗਦਾਨ

1964 ਦਾ ਸਾਲ ਮੇਰੀ ਜੀਵਨ ਰੇਖਾ ਵਿਚ ਇਕ ਵੱਡੀ ਲਾਲ ਲਕੀਰ ਹੈ, ਇਸ ਤੋਂ ਪਹਿਲਾਂ ਦਾ ਜੀਵਨ ਕਈ ਗੱਲਾਂ ਕਰਕੇ ਵਿਸ਼ੇਸ਼ ਹੈ। ਇਸ ਵਿਚ ਮੈਂ ਹਰ ਕੰਮ ਕਰਨ ਲਈ ਸੁਤੰਤਰ ਸਾਂ ਅਤੇ ਆਪਣੀ ਇੱਛਾ ਸ਼ਕਤੀ ਨਾਲ ਸਭ ਕੰਮ ਕਰ ਸਕਣ ਦੇ ਸਮਰੱਥ ਸਾਂ, ਪਰ 1964 ਵਿਚ ਉਪਜੇ ਅੱਖਾਂ ਦੇ ਰੋਗ ਨੇ ਮੇਰੇ ਜੀਵਨ ਦੀ ਨੁਹਾਰ ਨੂੰ ਹੀ ਬਦਲ ਦਿੱਤਾ। ਹੁਣ ਮੇਰੀ ਇੱਛਾ ਸ਼ਕਤੀ ਤਾਂ ਕਾਇਮ ਸੀ, ਪਰ ਹਰ ਕੰਮ ਕਰ ਸਕਣਾ ਮੇਰੇ ਵੱਸ ਦਾ ਰੋਗ ਨਹੀਂ ਸੀ ਰਿਹਾ। ਇਲਾਜ ਕਰਾਉਣ ਦੇ ਬਾਵਜੂਦ ਮੇਰੀ ਨਿਗ੍ਹਾ ਹੌਲੀ ਹੌਲੀ ਘਟਦੀ ਗਈ ਅਤੇ ਮੈਂ ਸਵੈਅਧੀਨ ਤੋਂ ਪਰਾਧੀਨ ਹੋ ਗਿਆ। ਹੁਣ ਲਿਖਣਾ-ਪੜ੍ਹਨਾ ਤਾਂ ਕੀ ਹੋਰ ਸਾਰੇ ਕਾਰਜਾਂ ਨੂੰ ਸਿਰੇ ਚਾੜ੍ਹਨ ਲਈ ਮੈਨੂੰ ਦੂਜਿਆਂ ਦਾ ਆਸਰਾ ਤੱਕਣਾ ਪੈਂਦਾ ਸੀ। ਫਿਰ ਵੀ ਦੋਹਾਂ ਮਨੋਸਥਿਤਿਆਂ ਵਿਚ ਇਸ ਵੱਡੇ ਅੰਤਰ ਤੋਂ ਬਿਨਾਂ ਇੱਛਾ ਸ਼ਕਤੀ ਤੇ ਕੁਝ ਕਰ ਸਕਣ ਦੀ ਜਿਗਿਆਸਾ ਉਸੇ ਤਰ੍ਹਾਂ ਹੀ ਸਥਿਰ ਰਹੀ।

ਮੇਰਾ ਮੁਖ ਕਿੱਤਾ ਤਾਂ ਕਾਲਜ ਦੇ ਅਧਿਆਪਕ ਵਾਲਾ ਸੀ ਅਤੇ ਜੀਵਨ ਦਾ ਮੁਖ ਲਕਸ਼ ਸਾਹਿਤ ਦੀ ਰਚਨਾ ਕਰਨਾ ਸੀ। ਇਸ ਰੁਚੀ ਨੇ ਮੈਨੂੰ ਹੁਣ ਤੱਕ ਸਕਰਮਕ ਜੀਵਨ ਜੀ ਸਕਣ ਦਾ ਸਾਹਸ ਦਿੱਤਾ ਹੈ। ਪਰ ਮਨੁੱਖ ਆਪਣੇ ਤੋਂ ਪਿਛੋਂ ਕੁਝ ਯਾਦਾਂ ਦੀ ਪੂੰਜੀ ਛੱਡ ਜਾਂਦਾ ਹੈ। ਜੇ ਕੋਈ ਪ੍ਰਾਣੀ ਹੌਸਲਾ ਨਾ ਹਾਰੇ ਤਾਂ ਕਈ ਵਾਰ ਉਸ ਕੋਲੋਂ ਕਾਦਰ ਤੇ ਕੁਦਰਤ ਕੁਝ ਉਹ ਗੱਲਾਂ ਵੀ ਕਰਵਾ ਜਾਂਦੇ ਹਨ, ਜਿਨ੍ਹਾਂ ਨੂੰ ਦੁਨੀਆਂ ਅਣਹੋਣੀਆਂ ਸਮਝਣ ਲਗ ਪੈਂਦੀ ਹੈ। ਮੇਰਾ ਬਾਕੀ ਜੀਵਨ ਸਾਧਾਰਨ ਵਿਅਕਤੀ ਵਾਲਾ ਹੀ ਸੀ, ਪਰ ਇਸ ਵਿਚ ਜੇ ਕੋਈ ਮਹੱਤਵ ਵਾਲੀ ਗੱਲ ਹੈ ਤਾਂ ਉਹ ਮੇਰੀ ਕਲਮੀ ਯਾਤਰਾ ਦੀ ਘਾਲਣਾ ਦੇ ਕੁਝ ਸਥਾਈ ਫ਼ੁੱਲ ਤੇ ਫ਼ਲ ਹੀ ਹਨ।



Sri Satguru Jagjit Singh Ji eLibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ, ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ ਰਿਲੀਜ਼ ਕਰਦੇ ਹੋਏ।



ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਪੁਸਤਕ 'ਅਨੀਲਕਾ' ਰਿਲੀਜ਼ ਸਮੇਂ ਵਿਚਾਰ ਵਟਾਂਦਰਾ ਕਰਦੇ ਹੋਏ

Sri Satguru Jagjit Singh Ji eLibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸ਼ੀਰਵਾਦ ਸਦਕਾ ਪ੍ਰੋ. ਕਿਰਪਾਲ ਸਿੰਘ ਕਸੇਲ ਕੇ. ਐਸ. ਧਾਲੀਵਾਲ ਪੁਰਸਕਾਰ ਪ੍ਰਾਪਤ ਕਰਨ ਸਮੇਂ ਨਾਲ ਖੜ੍ਹੇ ਵਿਖਾਈ ਦੇ ਰਹੇ ਹਨ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਅਤੇ ਮੁੱਖ ਮੰਤਰੀ ਪੰਜਾਬ ਸ. ਬੇਅੰਤ ਸਿੰਘ ।



ਵੀ. ਆਰ. ਟੀ. ਸੀ. ਲੁਧਿਆਣਾ ਵਿਖੇ ਸ੍ਰੀ ਈ. ਐਸ. ਜੌਨਸਨ ਦੀ ਮੌਜੂਦਗੀ ਵਿਚ ਉਸ ਸਮੇਂ ਦੇ ਗਵਰਨਰ ਸ੍ਰੀ ਸੁਰਿੰਦਰ ਨਾਥ ਨੂੰ ਆਪਣੀ ਪੁਸਤਕ ਅਲਫ਼ ਅੱਖ਼ਰ ਭੇਂਟ ਕਰਦੇ ਹੋਏ।

Sri Satguru Jagjit Singh Ji eLibrary NamdhariElibrary@gmail.com



ਭਾਸ਼ਾ ਵਿਭਾਗ ਪੰਜਾਬ ਵਿਖੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਫੈਲੋਸ਼ਿਪ ਪ੍ਰਾਪਤ ਕਰਦੇ ਹੋਏ ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਨਾਲ ਖੜ੍ਹੇ ਹਨ ਸਭਾ ਦੇ ਪ੍ਰਧਾਨ ਭਾਪਾ ਪ੍ਰੀਤਮ ਸਿੰਘ ਅਤੇ ਉਸ ਸਮੇਂ ਦੇ ਖਜ਼ਾਨਾ ਮੰਤਰੀ ਕੈਪਟਨ ਕੰਵਲਜੀਤ ਸਿੰਘ।



ਪ੍ਰੋ. ਕਿਰਪਾਲ ਸਿੰਘ ਕਸੇਲ ਆਪਣੇ ਸਹਿਯੋਗੀਆਂ ਨਾਟਕਕਾਰ ਸਤਿੰਦਰ ਸਿੰਘ ਨੰਦਾ, ਮਿਹਰਬਾਨ ਬਟਾਲਵੀ, ਜਸਬੀਰ ਸਿੰਘ ਘੁੰਮਣ ਅਤੇ ਨਿਜੀ ਸਹਾਇਕ ਨਾਮਧਾਰੀ ਬਾਬਾ ਅਜੀਤ ਸਿੰਘ ਨਾਲ।

Sri Satguru Jagjit Singh Ji eLibrary NamdhariElibrary@gmail.com



ਗਿਆਨੀ ਕੇਸਰ ਸਿੰਘ ਕੈਨੇਡਾ ਅਤੇ ਡਾ. ਗੋਬਿੰਦ ਸਿੰਘ ਲਾਂਬਾ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਪ੍ਰੋਫ਼ੈਸਰ ਕਿਰਪਾਲ ਸਿੰਘ ਕਸੇਲ



ਪ੍ਰਿੰ. ਸੰਤ ਸਿੰਘ ਸੇਖੋਂ ਆਪਣੇ ਸ਼ਾਗਿਰਦੇ ਆਜ਼ਮ ਪ੍ਰੋ. ਕਿਰਪਾਲ ਸਿੰਘ ਕਸੇਲ ਨਾਲ

Sri Satguru Jagjit Singh Ji eLibrary NamdhariElibrary@gmail.com

ਸਾਹਿਤਕ ਸਿਰਜਣਾ ਲਈ ਸਾਹਿਤਕਾਰ ਦਾ ਸੰਵੇਦਨਸ਼ੀਲ ਹੋਣਾ ਬੜਾ ਜ਼ਰੂਰੀ ਹੈ। ਇਸ ਤੋਂ ਬਿਨਾਂ ਉਸ ਦੇ ਅੰਦਰ ਸਵੈ-ਪ੍ਰਗਟਾਅ ਦੀ ਪ੍ਰਬੱਲ ਇੱਛਾ ਵੀ ਲੋੜੀਂਦੀ ਹੈ। ਬਹੁਤ ਕੁਝ ਸਾਹਿਤਕਾਰ ਦੇ ਵਿਅਕਤੀਤਵ 'ਤੇ ਨਿਰਭਰ ਕਰਦਾ ਹੈ। ਉਸ ਵਿਚਲੀ ਭਾਵੁਕਤਾ, ਸੰਵੇਦਨਸ਼ੀਲਤਾ, ਆਤਮ ਪਛਾਣ, ਸਵੈ ਪ੍ਰਗਟਾਅ ਦੀ ਸਹਿਜ ਤੇ ਕਲਾਮਈ ਜੁਗਤੀ ਆਦਿ ਦੇ ਗੁਣ ਸਾਹਿਤਕਾਰ ਦੇ ਅੰਦਰ ਕੁਦਰਤੀ ਰੂਪ ਵਿਚ ਉਪਜਦੇ ਤੇ ਵਿਕਸਿਤ ਹੁੰਦੇ ਰਹਿੰਦੇ ਹਨ, ਪਰ ਸਭ ਤੋਂ ਜ਼ਰੂਰੀ ਗੱਲ ਸਾਹਿਤਕਾਰ ਦਾ ਮਾਨਵੀ ਹਿੱਤਾਂ ਨਾਲ ਜੁੜਿਆ ਹੋਣਾ ਹੈ। ਇਹ ਮਾਨਵੀ ਹਿੱਤ ਜਿੰਨੇ ਵੀ ਵਿਆਪਕ ਤੇ ਲੋਕਾਂ ਦੇ ਜਨ ਸਮੂਹ ਦੇ ਹਾਵਾਂ-ਭਾਵਾਂ ਨਾਲ ਜੁੜੇ ਹੋਣਗੇ, ਉਨ੍ਹਾਂ ਦੇ ਦੁਖਾਂ-ਸੁਖਾਂ ਨੂੰ ਖ਼ੁਸ਼ੀ ਤੇ ਗ਼ਮੀ ਦੀਆਂ ਤਰੰਗਾਂ ਨੂੰ ਰੇਖਾਂਕਿਤ ਕਰਨ ਲਈ ਤੱਤਪਰ ਹੋਣਗੇ, ਉਨਾ ਹੀ ਉਹ ਵਧੇਰੇ ਪ੍ਰਭਾਵਸ਼ਾਲੀ ਰੂਪ ਵਿਚ ਕੁਝ ਦੇ ਸਕਣਗੇ। ਇਸ ਵਿਚ ਪੁਸਤਕਾਂ ਦਾ ਅਧਿਐਨ, ਇਤਿਹਾਸਿਕ ਵਿਰਸੇ ਅਤੇ ਵਰਤਮਾਨ ਸਮੇਂ ਦੇ ਕਾਰਜਾਂ ਦੀ ਪਛਾਣ ਲੇਖਕ ਨੂੰ ਵਹਿੰਦੀ ਨਦੀ ਦੇ ਕਾਂਗ ਉਛਾਲਿਆਂ ਵਾਂਗ ਨਿਰੰਤਰ ਪ੍ਰਵਾਹ ਵਿਚ ਤੋਰੀ ਰਖਦੀ ਹੈ। ਇਥੋਂ ਤਕ ਕਿ ਲੇਖਕ ਇੰਝ ਅਨੁਭਵ ਕਰਨ ਲਗ ਪੈਂਦਾ ਹੈ ਕਿ ਉਸ ਦੀ ਪਦਾਰਥਕ ਘਾਲ ਤਾਂ ਥੋੜ੍ਹ ਚਿਰੀ ਚਮਕ-ਦਮਕ ਵਾਲੀ ਹੁੰਦੀ ਹੈ , ਜਿਸ ਨੂੰ ਤੱਕ ਕੇ ਲੋਕ ਉਸ ਦਾ ਭੌਤਿਕ ਮੁੱਲ ਨਿਸਚਿਤ ਕਰ ਦਿੰਦੇ ਹਨ, ਪਰ ਨਿਰੋਲ ਪਦਾਰਥਕ ਪ੍ਰਾਪਤੀਆਂ ਤੋਂ ਉੱਚਾ ਉਠ ਕੇ ਜਦੋਂ ਕੋਈ ਵਿਅਕਤੀ ਸੱਚ ਦਾ ਪੱਲਾ ਫੜ ਲੈਂਦਾ ਹੈ ਅਤੇ ਨਿਆਂ ਤੇ ਵਿਵੇਕ ਦਾ ਪੱਖ ਪੂਰਦਾ ਹੈ ਤਾਂ ਉਸ ਦੇ ਕਲਾਮਈ ਪ੍ਰਗਟਾਅ ਵਿਚ ਸੁਹਜ ਤੇ ਸਥਾਈ ਮਹੱਤਵ ਵਾਲੇ ਗੁਣ ਆ ਜਾਂਦੇ ਹਨ ਅਤੇ ਸ਼ਬਦ (ਸੁਧਾਰਨ) ਭਾਵ ਪ੍ਰਗਟਾਅ ਨਾ ਰਹਿ ਕੇ ਅਨੂਠੀ ਸੁੰਦਰਤਾ ਵਿਚ ਜਗਮਗਾ ਉੱਠਦੇ ਹਨ। ਤਦੋਂ ਉਸ ਵਿਅਕਤੀ ਦੇ ਅੰਦਰ ਕਲਾ ਦੀ ਜੋਤ ਜਗ ਪੈਂਦੀ ਹੈ ਤੇ ਉਸ ਦਾ ਪ੍ਰਕਾਸ਼ ਕਦੇ ਵੀ ਮੱਧਮ ਨਹੀਂ ਪੈਂਦਾ। ਉਹ ਵਿਅਕਤੀ ਫਿਰ ਰੱਬ ਦੀ ਭਗਤੀ ਨਾਲੋਂ ਕਲਾ ਦੀ ਭਗਤੀ ਨੂੰ ਵਧੇਰੇ ਮੁੱਲਵਾਨ ਸਮਝਣ ਲਗ ਪੈਂਦਾ ਹੈ ਅਤੇ ਉਸ ਦੇ ਕਲਾ ਬ੍ਰਿਛ ਵਿਚੋਂ ਉਗਵੀਆਂ ਕੋਮਲ ਸਰਸਬਜ਼ ਪੱਤੀਆਂ, ਖ਼ੂਬਸੂਰਤ ਫ਼ੁੱਲ ਅਤੇ ਮਿੱਠੇ ਫ਼ਲ ਮਨੁੱਖ ਮਾਤਰ ਲਈ ਸੁਆਦਲਾ ਆਤਮਕ ਆਹਾਰ ਬਣ ਜਾਂਦੇ ਹਨ ਅਤੇ ਉਸ ਦੀ ਕਾਇਆ-ਕਲਪ ਕਰਨ ਵਿਚ ਵੀ ਸਹਾਈ ਹੁੰਦੇ ਹਨ। ਮਨੁੱਖ ਅੰਦਰਲੀਆਂ ਪਸ਼ੂ ਬਿਰਤੀਆਂ ਨੂੰ ਠਾਕ ਕੇ ਉਸ ਅੰਦਰ ਵਿਵੇਕ ਬੁੱਧ ਨੂੰ ਜਗਾ ਕੇ ਸੱਚੀ ਸੁਚੀ ਪ੍ਰੇਮ ਭਾਵਨਾ ਨੂੰ ਜਾਗਰੂਪ ਕਰ ਦੇਣਾ ਅਤੇ ਸਮੁੱਚੇ ਜੀਵਨ ਨੂੰ ਇਕ ਸਾਰਥਕ ਸੇਧ ਵੱਲ ਮੋੜ ਦੇਣਾ ਇਹੋ ਹੀ ਉਚੇਰੀ ਕਲਾ ਦਾ ਲਖ਼ਸ਼ ਹੁੰਦਾ ਹੈ। ਕਲਾਕਾਰ ਵਲੋਂ ਜਗਾਈ



Sri Satguru Jagjit Singh Ji eLibrary NamdhariElibrary@gmail.com

ਗਈ ਇਹ ਵਿਅਕਤੀਗਤ ਪ੍ਰੇਰਨਾ ਹੀ ਸਹਿਜੇ ਸਹਿਜੇ ਲੋਕ ਚੇਤਨਤਾ ਤੇ ਲੋਕ ਲਹਿਰ ਦਾ ਰੂਪ ਧਾਰਨ ਕਰ ਲੈਂਦੀ ਹੈ, ਜੋ ਅੱਗੋਂ ਜਾ ਕੇ ਮਨੁੱਖੀ ਸਮਾਜ ਦੇ ਵਿਕਾਸ ਦਾ ਕਾਰਨ ਬਣਦੀ ਹੈ। ਮੈਂ ਇਹ ਗੱਲ ਮੰਨ ਕੇ ਤੁਰਦਾ ਹਾਂ ਕਿ ਸਾਹਿਤਕਾਰ ਤੇ ਉਸ ਦੇ ਸਾਹਿਤ ਦਾ ਲਕਸ਼ਸ਼ ਜੀਵਨ ਦੀ ਵਿਆਖਿਆ ਕਰਨਾ ਅਤੇ ਜੀਵਨ ਧਾਰਾ ਨੂੰ ਇਸ ਤਰ੍ਹਾਂ ਬਦਲਣਾ ਹੁੰਦਾ ਹੈ ਕਿ ਸਮਾਜਕ ਜੀਵਨ ਹਰ ਇਕ ਪ੍ਰਾਣੀ ਮਾਤਰ ਲਈ ਸੁਖਾਵਾਂ ਅਤੇ ਹੁਲਾਸਮਈ ਇਕ ਨਿਰੰਤਰ ਚਲਦੇ ਪ੍ਰਵਾਹ ਵਿਚ ਉਹ ਸੁਹਾਵਣਾ, ਹਰ ਇਕ ਲਈ ਨਿਆਂਪੂਰਵਕ ਤੇ ਪ੍ਰੇਮ ਦੀ ਮਹਿਕ ਵੰਡਣ ਵਾਲਾ ਹੋ ਜਾਵੇ। ਅਜਿਹੀ ਅਰਥ ਭਰਪੂਰ ਸਾਹਿਤਕ ਸਿਰਜਣਾ ਲਈ ਵਿਅਕਤੀਗਤ ਸਾਧਨਾ ਅਤੇ ਕੁਝ ਹੱਦ ਤਕ ਅਗਿਆਤ ਅਗੰਮ ਪ੍ਰੇਰਨਾ ਦੀ ਲੋੜ ਪੈਂਦੀ ਹੈ, ਉਹ ਪ੍ਰੇਰਨਾ ਕਿਸੇ ਵੀ ਸ੍ਰੋਤ ਤੋਂ ਆ ਸਕਦੀ ਹੈ। ਭਾਵੇਂ ਉਹ ਨਿਜੀ ਪ੍ਰੇਮ ਹੋਵੇ, ਦੇਸ਼ ਭਗਤੀ ਦੀ ਲਗਨ ਅਤੇ ਆਪਣੇ ਅੰਦਰ ਦੀ ਯੋਗਤਾ ਨੂੰ ਰਸਵੰਤ ਮਨੋਭਾਵਾਂ ਨਾਲ ਜੋੜ ਕੇ ਸਮੁੱਚੇ ਜੀਵਨ ਆਦਰਸ਼ਾਂ ਤੇ ਮਨੁੱਖੀ ਕਦਰਾਂ ਕੀਮਤਾਂ ਦੀ ਸੋਝੀ ਕਰਾਉਣਾ ਸਰੋਤੇ ਜਾਂ ਪਾਠਕ ਦੀ ਅੰਦਰਲੀ ਹੋਂਦ ਨੂੰ ਜਗਾ ਕੇ ਨਵੇਂ ਰੰਗ ਬਿਰੰਗੇ ਸੁਹਜ ਸੁਆਦ ਵਿਚ ਵਿਲੀਨ ਕਰ ਦੇਣਾ। ਮੈਂ ਸਹਿਜੇ ਹੀ ਆਪਣੀ ਸਾਹਿਤਕ ਰਚਨਾ ਨੂੰ ਦੋ ਭਾਗਾਂ ਵਿਚ ਵੰਡ ਸਕਦਾ ਹਾਂ, ਇਕ ਨੇਤਰਹੀਣ ਅਵਸਥਾ ਤੋਂ ਪਹਿਲਾਂ ਦੀ ਅਤੇ ਦੂਜੀ ਉਸ ਤੋਂ ਪਿਛੋਂ ਦੀ ਸਾਹਿਤਕ ਸਿਰਜਣਾ।

—o—



Sri Satguru Jagjit Singh Ji eLibrary NamdhariElibrary@gmail.com

# ਨੇਤਰਹੀਣ ਅਵਸਥਾ ਵਿਚ ਸਾਹਿਤਕ ਸਿਰਜਣਾ

ਮੇਰੀ ਲਿਖਣ ਪ੍ਰਕਿਰਿਆ ਦੇਸ਼ ਵੰਡ ਤੋਂ ਪਹਿਲਾਂ ਅਤੇ ਮੇਰੇ ਕਾਲਜ ਵਿਚ ਪੜ੍ਹਾਈ ਕਰਨ ਦੇ ਸਮੇਂ ਹੀ ਆਰੰਭ ਹੋ ਚੁੱਕੀ ਸੀ, ਇਸ ਸਮੇਂ ਕਈ ਕਵਿਤਾਵਾਂ ਇਕ-ਅੱਧ ਇਕਾਂਗੀ, ਨਾਟਕ ਅਤੇ ਕੁਝ ਕਹਾਣੀਆਂ ਲਿਖੀਆਂ ਗਈਆਂ ਸਨ, ਜਿਨ੍ਹਾਂ ਦੇ ਮੂਲ ਅਤੇ ਉਤਾਰੇ ਮੇਰੇ ਕੋਲੋਂ ਗੁੰਮ ਹੋ ਚੁੱਕੇ ਹਨ, ਪਰ ਜਿਹੜੀਆਂ ਰਚਨਾਵਾਂ ਨੇ ਸਭ ਤੋਂ ਪਹਿਲਾਂ ਛਾਪੇ ਦਾ ਜਾਮਾ ਪਹਿਨਿਆ, ਉਹ ਮੇਰੀ ਉਹ ਕਵਿਤਾ ਤੇ ਲੇਖ ਸਨ ਜੋ 1948 ਦੇ ਕਾਲਜ ਮੈਗਜ਼ੀਨ 'ਦਰਬਾਰ' ਵਿਚ ਛਪੇ ਸਨ। ਇਕ ਕਹਾਣੀ 'ਪੰਜਾਬੀ ਕਵਿਤਾ' ਵਿਚ ਛਪੀ ਸੀ। ਕੁਝ ਕਵਿਤਾਵਾਂ ਮੈਂ ਜੇਲ੍ਹ ਯਾਤਰਾ ਸਮੇਂ ਲਿਖੀਆਂ ਸਨ, ਪਰ ਸਾਹਿਤਕ ਸੂਝ-ਬੂਝ ਐੱਮ. ਏ. ਪੰਜਾਬੀ ਦੀ ਪੜ੍ਹਾਈ ਕਰਨ ਸਮੇਂ ਹੀ ਆਈ। ਇਹ ਪ੍ਰਗਤੀਸ਼ੀਲ ਸਾਹਿਤ ਦਾ ਯੁੱਗ ਸੀ ਅਤੇ ਇਸ ਸਾਹਿਤਕ ਪ੍ਰਵਿਰਤੀ ਦਾ ਪ੍ਰਭਾਵ ਮੇਰੇ ਉਤੇ ਵੀ ਬੜਾ ਡੂੰਘਾ ਤੇ ਵਿਆਪਕ ਰੂਪ ਵਿਚ ਪਿਆ।

ਮੈਂ ਐੱਮ. ਏ. ਦੀ ਪ੍ਰੀਖਿਆ ਅਪਰੈਲ 1951 ਵਿਚ ਦੇ ਦਿੱਤੀ ਸੀ। ਹਾਲੀ ਨਤੀਜੇ ਨਹੀਂ ਸਨ ਨਿਕਲੇ। ਮੈਂ ਤੇ ਮੇਰਾ ਜਮਾਤੀ ਪਰਮਿੰਦਰ ਸਿੰਘ ਜਿਸ ਦਾ ਪਹਿਲਾਂ ਨਾਂ ਪਿਆਰਾ ਸਿੰਘ ਭੌਰ ਸੀ, ਕਚਹਿਰੀ ਰੋਡ ਪ੍ਰੋ. ਮੋਹਨ ਸਿੰਘ ਦੀ ਪੁਸਤਕਾਂ ਦੀ ਦੁਕਾਨ ਹਿੰਦ ਪਬਲਿਸ਼ਰਜ਼ ਦੇ ਬਾਹਰਵਾਰ ਖੜ੍ਹੇ ਸਾਂ। ਲਾਹੌਰ ਬੁਕ ਸ਼ਾਪ ਦੇ ਮਾਲਕ ਸ. ਜੀਵਨ ਸਿੰਘ ਉਥੇ ਆਏ। ਪ੍ਰੋ. ਸੰਤ ਸਿੰਘ ਸੇਖੋਂ ਵੀ ਉਥੇ ਬੈਠੇ ਸਨ। ਸਾਡੇ ਦੋਹਾਂ ਵੱਲ ਇਸ਼ਾਰਾ ਕਰਕੇ ਪ੍ਰੋ. ਸੇਖੋਂ ਜੀ ਨੇ ਕਿਹਾ, 'ਜੀਵਨ ਸਿੰਘ ਇਹ ਦੋਵੇਂ ਪੰਜਾਬੀ ਦੇ ਨਵੇਂ ਲੇਖਕ ਹਨ। ਨਵੇਂ ਚੜ੍ਹੇ ਸਿਤਾਰੇ (ਭੂਮਿਕਾ ਸਾਹਿਤ ਦੇ ਰੂਪ) ਇਨ੍ਹਾਂ ਕੋਲੋਂ ਕੁਝ ਕੰਮ ਕਰਵਾ ਕੇ ਦੇਖੋ।' ਸ. ਜੀਵਨ ਸਿੰਘ ਨੇ 'ਸਾਹਿਤ ਦੇ ਰੂਪ' ਬਾਰੇ ਇਕ ਪੁਸਤਕ ਲਿਖਣ ਲਈ ਕਿਹਾ। ਬੱਸ ਫਿਰ ਕੀ ਸੀ, ਇਥੋਂ ਹੀ ਅਸੀਂ



Sri Satguru Jagjit Singh Ji eLibrary NamdhariElibrary@gmail.com

ਦੋਹਾਂ ਨੇ ਕੁਝ ਸਾਂਝੀਆਂ ਪੁਸਤਕਾਂ ਲਿਖਣ ਦੀ ਯੋਜਨਾ ਬਣਾਈ ਅਤੇ ਕੁਝ ਸਾਲਾਂ ਵਿਚ ਹੀ ਸਾਹਿਤ ਦੇ ਰੂਪ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਚੰਡੀ ਦੀ ਵਾਰ ਅਤੇ ਸਾਹਿਤ ਪ੍ਰਕਾਸ਼ ਪੁਸਤਕਾਂ ਸਾਡੇ ਦੋਹਾਂ ਵਲੋਂ ਲਿਖੀਆਂ ਗਈਆਂ ਤੇ ਲਾਹੌਰ ਬੁਕ ਸ਼ਾਪ ਵਲੋਂ ਛਾਪੀਆਂ ਗਈਆਂ। ਪ੍ਰੋ. ਸੰਤ ਸਿੰਘ ਸੇਖੋਂ ਨੇ 'ਸਾਹਿਤ ਦੇ ਰੂਪ' ਦੀ ਭੂਮਿਕਾ ਵਿਚ ਸਾਨੂੰ ਦੋਹਾਂ ਨੂੰ ਪੰਜਾਬੀ ਸਾਹਿਤ ਦੇ ਨਵੇਂ ਚੜ੍ਹੇ ਸਿਤਾਰੇ ਕਰ ਕੇ ਨਿਵਾਜਿਆ ਹੈ। ਇਨ੍ਹਾਂ ਪੁਸਤਕਾਂ ਦੀ ਸਾਰਥਕਤਾ ਇਨ੍ਹਾਂ ਦੇ ਕਈ ਸੰਸਕਰਣ ਪ੍ਰਕਾਸ਼ਿਤ ਹੋਣ ਉਤੇ ਵੀ ਮਾਂਦੀ ਨਹੀਂ ਪਈ। ਪੰਜਾਬੀ ਦੇ ਬਹੁਤ ਸਾਰੇ ਵਿਦਿਆਰਥੀ ਅਤੇ ਅਧਿਆਪਕ ਸਾਨੂੰ ਇਨ੍ਹਾਂ ਪੁਸਤਕਾਂ ਦੇ ਲੇਖਕ ਹੋਣ ਕਰਕੇ ਅਤੇ ਇਕ ਤਰ੍ਹਾਂ ਦੀਆਂ ਆਧਾਰਭੂਤ ਪੁਸਤਕਾਂ ਹੋਣ ਕਰਕੇ ਹੀ ਜਾਣਦੇ ਅਤੇ ਸਤਿਕਾਰਦੇ ਹਨ।

ਪ੍ਰੋ. ਸੇਖੋਂ ਜੀ ਦਾ ਤਾਂ ਮੈਂ ਇਕ ਹੋਰ ਤਰ੍ਹਾਂ ਵੀ ਦੇਣਦਾਰ ਹਾਂ। ਜਦੋਂ ਮੈਂ ਐੱਮ. ਏ. ਪੰਜਾਬੀ ਵਿਚ ਪੜ੍ਹ ਰਿਹਾ ਸਾਂ ਤਾਂ ਉਹ ਮੈਨੂੰ ਕੁਝ ਦਿਨਾਂ ਲਈ ਲੁਧਿਆਣੇ ਲੈ ਗਏ, ਜਿਥੇ ਲਾਹੌਰ ਬੁਕ ਸ਼ਾਪ ਵਲੋਂ ਉਨ੍ਹਾਂ ਦੀਆਂ ਪੰਜਾਬੀ ਸੰਥਾਵਲੀਆਂ ਛਪ ਰਹੀਆਂ ਸਨ। ਉਨ੍ਹਾਂ ਕੋਲੋਂ ਹੀ ਮੈਂ ਪੁਸਤਕਾਂ ਦੇ ਪਰੂਫ਼ ਪੜ੍ਹਨ ਦੀ ਜਾਂਚ ਸਿੱਖੀ ਸੀ। ਫਿਰ ਜਦੋਂ ਮੈਂ ਲੁਧਿਆਣੇ ਸਰਕਾਰੀ ਕਾਲਜ ਵਿਚ ਸਾਂ ਤਾਂ ਪ੍ਰੋ. ਸੇਖੋਂ ਜੀ ਦੇ ਨਾਵਲ 'ਲਹੂ ਮਿੱਟੀ' ਦੇ ਕੁਝ ਕਾਂਡਾਂ ਨੂੰ ਅੰਗਰੇਜ਼ੀ ਵਿਚੋਂ ਪੰਜਾਬੀ ਵਿਚ ਅਨੁਵਾਦ ਕਰਕੇ ਇਸ ਦੇ ਦੂਜੇ ਸੰਸਕਰਣ ਵਿਚ ਛਾਪਣ ਲਈ ਇਹ ਸੇਵਾ ਮੈਨੂੰ ਉਨ੍ਹਾਂ ਨੇ ਸੌਂਪੀ ਸੀ।

ਮੇਰੀ ਪਹਿਲੀ ਮੌਲਿਕ ਪੁਸਤਕ ਆਧੁਨਿਕ ਗੱਦਕਾਰ ਹੈ, ਜੋ ਮੈਂ ਉਨ੍ਹਾਂ ਦਿਨਾਂ ਵਿਚ ਲਿਖੀ, ਜਦੋਂ ਮੇਰੀਆਂ ਸੇਵਾਵਾਂ ਪੰਜਾਬ ਸਰਕਾਰ ਵਲੋਂ ਸਮਾਪਤ ਕਰ ਦਿੱਤੀਆਂ ਗਈਆਂ ਸਨ। ਉਸ ਸਮੇਂ ਮੇਰਾ ਪਲੇਠਾ ਸ਼ਿਸ਼ ਮੋਹਨ ਸਿੰਘ ਜੌਹਲ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਪੰਜਾਬੀ ਐੱਮ. ਏ. ਦਾ ਵਿਦਿਆਰਥੀ ਸੀ, ਕੁਝ ਚਿਰ ਉਹ ਸਾਡੇ ਘਰ ਰਿਹਾ ਅਤੇ ਗਰਮੀਆਂ ਦੀਆਂ ਛੁੱਟੀਆਂ ਵਿਚ ਉਹ ਪਟਿਆਲਾ ਹੋਸਟਲ ਦੇ ਸੁਪਰਇਨਟੈਂਡੈਂਟ ਦੇ ਨਿਵਾਸ ਵਿਚ ਰਹਿ ਰਿਹਾ ਸੀ। ਅਸੀਂ ਦੋਵੇਂ ਉਸਤਾਦ ਸ਼ਾਗਿਰਦ ਰਾਤ ਨੂੰ ਨੌਂ ਕੁ ਵਜੇ ਬੈਠ ਜਾਂਦੇ ਅਤੇ ਸਵੇਰੇ 4 ਵਜੇ ਤੱਕ ਲਿਖਦੇ ਰਹਿੰਦੇ, ਇਕ-ਅੱਧ ਵਾਰ ਚਾਹ ਜ਼ਰੂਰ ਪੀ ਲੈਂਦੇ। ਇਓਂ ਇਹ ਪੁਸਤਕ ਦੋ ਰਾਤਾਂ ਵਿਚ ਲਿਖੀ ਗਈ ਅਤੇ ਇਹ ਕਈ ਸਾਲਾਂ ਤੱਕ ਐੱਫ਼. ਏ. ਦੇ ਇਮਤਿਹਾਨਾਂ ਵਿਚ ਪਾਠ ਪੁਸਤਕ ਵਜੋਂ ਵੀ ਲਗੀ ਰਹੀ ਹੈ। ਇਸ ਦੀ ਸਮੁੱਚੀ ਰਚਨਾ ਵਿਚ ਮੇਰੀ ਸਿਰਜਣਾਤਮਕ ਆਲੋਚਨਾ ਸ਼ੈਲੀ ਦੇ ਗੁਣ ਮੌਜੂਦ ਹਨ, ਜੋ ਮੇਰੀ ਆਲੋਚਨਾ ਦੇ ਪ੍ਰਮੁੱਖ ਸਾਹਿਤਕ ਤੱਤਾਂ ਵਜੋਂ ਮੇਰੀ ਸਮਾਲੋਚਨਾ ਵਿਚ ਸਦਾ ਵਿਦਮਾਨ ਰਹੇ ਹਨ।

ਫਿਰ ਮੈਨੂੰ ਦੋ ਪ੍ਰਮੁੱਖ ਲੇਖਕਾਂ ਸਵਰਗਵਾਸੀ ਹਰਿੰਦਰ ਸਿੰਘ ਰੂਪ ਦੀ



Sri Satguru Jagjit Singh Ji eLibrary NamdhariElibrary@gmail.com

ਪੁਸਤਕ 'ਹਿਮਾਲਾ ਦੀ ਵਾਰ' ਅਤੇ ਬਾਵਾ ਬਲਵੰਤ ਦੀ ਪੁਸਤਕ 'ਕਾਵਿ ਸਾਗਰ' ਦੀਆਂ ਭੂਮਿਕਾਵਾਂ ਲਿਖਣ ਦਾ ਮੌਕਾ ਮਿਲਿਆ। ਰੂਪ ਜੀ ਨੂੰ ਉਨ੍ਹਾਂ ਦੇ ਵੱਡੇ ਭਰਾ ਨੇ ਕਿਸੇ ਘਰੋਗੀ ਝਗੜੇ ਕਾਰਨ ਗੋਲੀ ਦਾ ਨਿਸ਼ਾਨਾ ਬਣਾ ਕੇ ਮਾਰ ਦਿਤਾ ਸੀ। ਹਿਮਾਲਾ ਦੀ ਵਾਰ ਇਕ ਕਾਪੀ ਉਥੇ ਲਿਖੀ ਪਈ ਸੀ, ਇਸ ਨੂੰ ਮੈਂ ਸੋਧ ਕੇ ਅਤੇ ਭੂਮਿਕਾ ਲਿਖ ਕੇ ਰੂਪ ਜੀ ਦੇ ਮਰਨ ਉਪਰੰਤ ਲਾਹੌਰ ਬੁਕ ਸ਼ਾਪ ਤੋਂ ਛਪਵਾਇਆ। ਕਾਵਿ ਸਾਗਰ ਦੀ ਭੂਮਿਕਾ ਲਿਖਣ ਲਈ ਵੀ ਬਾਵਾ ਬਲਵੰਤ ਨੇ ਮੇਰੀ ਹੀ ਚੋਣ ਕਿਉਂ ਕੀਤੀ ਸੀ, ਇਹ ਤਾਂ ਉਹ ਜਾਣਦੇ ਸਨ, ਪਰ ਮੇਰੇ ਲਈ ਇਹ ਬੜੀ ਮਾਣ ਵਾਲੀ ਗੱਲ ਸੀ। ਇਸੇ ਤਰ੍ਹਾਂ ਸਵਰਗਵਾਸੀ ਅਵਤਾਰ ਸਿੰਘ ਆਜ਼ਾਦ 'ਮਹਾਬਲੀ', 'ਅੜਬੰਗੀ' ਸੰਤ ਇੰਦਰ ਸਿੰਘ ਚਕਰਵਰਤੀ 'ਹਯਾਤੀ ਦੇ ਸੋਮੇ' ਤੇ 'ਹੁਸਨ ਕਿਨਾਰੇ', ਸੁਖਪਾਲਵੀਰ ਸਿੰਘ ਹਸਰਤ ਅਤੇ ਕੁਝ ਹੋਰ ਪ੍ਰਮੁਖ ਲੇਖਕਾਂ ਦੀਆਂ ਰਚਨਾਵਾਂ ਦੀਆਂ ਭੂਮਿਕਾਵਾਂ ਵੀ ਮੈਂ ਲਿਖੀਆਂ ਹਨ। ਇਸ ਉਪਰੰਤ ਮੈਨੂੰ ਕੁਝ ਅਨੁਵਾਦ ਦਾ ਕਾਰਜ ਵੀ ਕਰਨਾ ਪਿਆ। ਪ੍ਰੋ. ਵਰਿਆਮ ਸਿੰਘ ਜੀ ਦੀ ਪੁਸਤਕ 'ਰਾਜਨੀਤੀ ਵਿਗਿਆਨ' ਦੇ ਮੁਢਲੇ ਨਿਯਮ ਅੰਗਰੇਜ਼ੀ ਤੋਂ ਅਤੇ ਨਿਤਯਾਨੰਦ ਪਟੇਲ ਦੀ ਪੁਸਤਕ 'ਮਨੋਵਿਗਿਆਨ ਦੀ ਰੂਪ ਰੇਖਾ' ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਕਰਨੀਆਂ ਪਈਆਂ। ਇਸ ਦੌਰਾਨ ਦੋ ਹੋਰ ਪੁਸਤਕਾਂ 'ਟੈਗੋਰ ਦੇ ਚੋਣਵੇਂ ਨਿਬੰਧ' ਪੰਜਾਬੀ ਸਾਹਿਤ ਅਕਾਡਮੀ ਵਲੋਂ ਅਤੇ 'ਰੈਲਿਫ਼ ਵੈੱਲ ਡੂ ਟਰਾਇਨ' ਦੀ ਪੁਸਤਕ 'ਅਨੰਤ ਦਰਸ਼ਨ' ਦਾ ਲਾਹੌਰ ਬੁੱਕ ਸ਼ਾਪ ਵਲੋਂ ਅਨੁਵਾਦ ਵੀ ਕਰਨਾ ਪਿਆ। ਅਨੰਤ ਦਰਸ਼ਨ ਦੇ ਅਨੁਵਾਦ ਵਿਚ ਮੇਰੀ ਸਹਾਇਤਾ ਮੇਰੇ ਉਸ ਸਮੇਂ ਦੇ ਪ੍ਰਮੁੱਖ ਸ਼ਿਸ਼ ਤੇ ਐਮ. ਏ. ਦੇ ਵਿਦਿਆਰਥੀ ਕਰਤਾਰ ਸਿੰਘ ਕਾਲੜਾ ਨੇ ਕੀਤੀ। ਇਸੇ ਸਮੇਂ ਦੌਰਾਨ ਮੈਂ ਭਾਸ਼ਾ ਵਿਭਾਗ ਪੰਜਾਬ ਵਲੋਂ ਤਿਆਰ ਕੀਤੀ ਜਾ ਰਹੀ ਪੁਸਤਕ 'ਪੰਜਾਬੀ ਸਾਹਿਤ ਦਾ ਇਤਿਹਾਸ' ਦੇ 1947-60 ਦੇ ਵਿਸ਼ੇਸ਼ ਕਾਲ ਬਾਰੇ ਲਿਖ ਕੇ ਭਾਸ਼ਾ ਵਿਭਾਗ ਨੂੰ ਸੌਂਪਿਆ। ਇਨ੍ਹਾਂ ਤੋਂ ਬਿਨਾਂ ਕਈ ਪੇਪਰ ਵੱਖ-ਵੱਖ ਵਿਸ਼ਿਆਂ ਉਤੇ ਵਿਚਾਰ ਗੋਸ਼ਟੀਆਂ ਲਈ ਲਿਖੇ। ਇਨ੍ਹਾਂ ਵਿਚੋਂ ਵਧੇਰੇ ਪੁਸਤਕਾਂ ਜਾਂ ਤਾਂ ਸਮਾਲੋਚਨਾ ਬਾਰੇ ਸਨ ਜਾਂ ਸਾਹਿਤਕ ਖੋਜ ਬਾਰੇ ਅਤੇ ਕੁਝ ਅਨੁਵਾਦ ਸਨ, ਪਰ ਇਨ੍ਹਾਂ ਸਭ ਵਿਚ ਮੇਰੀ ਵਾਰਤਕ ਸ਼ੈਲੀ ਚੋਖੀ ਨਿਖ਼ਰੀ ਹੋਈ ਅਤੇ ਪ੍ਰਪੱਕ ਹੋ ਚੁੱਕੀ ਸੀ। ਮੈਨੂੰ ਯਾਦ ਹੈ ਕਿ ਸਾਹਿਤ ਸਮਾਚਾਰ ਵਿਚ ਵੀ ਮੇਰੇ ਕਈ ਲੇਖ ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੇ ਭਿੰਨ ਭਿੰਨ ਪੱਖਾਂ ਬਾਰੇ ਨਿਰੰਤਰ ਛਪਦੇ ਰਹੇ ਸਨ, ਪਰ 1964 ਵਿਚ ਨੇਤਰਹੀਣ ਹੋ ਜਾਣ ਪਿਛੋਂ ਮੇਰੀ ਹਾਲਤ ਕੁਝ ਇਸ ਤਰ੍ਹਾਂ ਦੀ ਬਣ ਗਈ ਸੀ, ਜਿਸ ਦਾ ਜ਼ਿਕਰ ਮੈਂ ਛੱਤੀ ਅੰਮ੍ਰਿਤ ਨਾਂ ਦੀ ਆਪਣੀ ਕਾਵਿ ਪੁਸਤਕ ਵਿਚ 'ਅੰਧਲੇ



Sri Satguru Jagjit Singh Ji eLibrary NamdhariElibrary@gmail.com

ਦੀ ਟੇਕ' ਨਾਂ ਦੀ ਕਵਿਤਾ ਵਿਚ ਇਸ ਤਰ੍ਹਾਂ ਕੀਤਾ ਹੈ :

*ਵੇਖਣ ਨੂੰ ਮੈਂ ਅੰਧਲਾ ਜਾਪਾਂ, ਘੋਖਣ ਨੂੰ ਮੈਂ ਚਾਨਣ,*
*ਦੁਨੀਆਂ ਵਾਲੇ ਖ਼ਬਰੈ ਇਸ ਨੂੰ ਜਾਨਣ ਕਿ ਨਾ ਜਾਨਣ,*
*ਅੰਧਕਾਰ ਵਿਚ ਤੇਰਾ ਆਸਰਾ, ਹੇ ਮਾਤ ਜਗਦੰਬੇ,*
*ਤੂ ਪ੍ਰਸਾਦਿ ਇਹ ਦੁਨੀਆਂ ਵਾਲੇ ਸ਼ਾਇਦ ਕਦੇ ਪਛਾਣਨਿ*

ਅਤੇ

*ਅੰਨ੍ਹੇ ਖੂਹ ਵਿਚ ਲਿਸ਼ਕਣ ਤਾਰੇ ਕੰਢੇ ਉਤੇ ਵੈਰਾਨੀ ਛਾਈ,*
*ਡਰਦਾ ਕੋਈ ਝਾਤ ਨਾ ਮਾਰੇ।*

ਸਵਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਵਾਸਤਵਿਕ ਉਸਰੱਈਆਂ ਵਿਚੋਂ ਸਨ। ਉਨ੍ਹਾਂ ਨੇ ਆਪਣੇ ਜੀਵਨ ਵਿਚ ਬਹੁਤ ਸਾਰੇ ਨਵੇਂ ਪੰਜਾਬੀ ਲੇਖਕਾਂ ਅਤੇ ਕਵੀਆਂ ਨੂੰ ਉਤਸ਼ਾਹ ਦਿਤਾ, ਪਰ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਆਪ ਅਧਰੰਗ ਦੇ ਚੰਦਰੇ ਰੋਗ ਦਾ ਸ਼ਿਕਾਰ ਹੋ ਗਏ। ਇਥੋਂ ਤੱਕ ਕਿ ਚਲਣਾ ਫਿਰਨਾ ਤੇ ਉਠਣਾ ਬੈਠਣਾ ਵੀ ਮੁਸ਼ਕਿਲ ਹੋ ਗਿਆ। ਇਕ ਦਿਨ ਮੇਰੇ ਨਾਲ ਕੁਝ ਪ੍ਰਮੁੱਖ ਸਾਹਿਤਕਾਰ ਸ. ਹਰਿੰਦਰ ਸਿੰਘ ਰੂਪ ਅਤੇ ਸ. ਨਰਿੰਦਰ ਸਿੰਘ ਸੋਚ ਉਨ੍ਹਾਂ ਦੀ ਖ਼ਬਰ ਲੈਣ ਉਨ੍ਹਾਂ ਦੇ ਰੇਸ ਕੋਰਸ ਰੋਡ ਵਾਲੇ ਨਿਵਾਸ ਸਥਾਨ 'ਤੇ ਗਏ। ਸ਼ਾਮ ਦਾ ਵੇਲਾ ਸੀ, ਉਹ ਬਾਹਰ ਆਰਾਮ ਕੁਰਸੀ ਉਤੇ ਮਾਲਟੇ ਦੇ ਬ੍ਰਿਛ ਕੋਲ ਬੈਠੇ ਸਨ। ਲਾਗੇ 3-4 ਫੁੱਟ ਦੀ ਦੂਰੀ ਉਤੇ ਤਪੜੀ ਵਿਛਾ ਕੇ ਭਗਤ ਪੂਰਨ ਸਿੰਘ ਜੀ ਬੈਠੇ ਸਨ। ਉਹ ਕੁਝ ਅਖ਼ਬਾਰਾਂ ਦੇ ਪੰਨੇ ਪਰਤ ਪਰਤ ਕੇ ਕੁਝ ਨੋਟ ਲਿਖ ਰਹੇ ਸਨ। ਜਦੋਂ ਅਸੀਂ ਪ੍ਰਿੰ. ਸਾਹਿਬ ਨੂੰ ਫ਼ਤਹਿ ਬੁਲਾਈ, ਹੱਥ ਜੋੜ ਕੇ ਨਮਸਕਾਰ ਕੀਤੀ, ਗੋਡੀ ਹੱਥ ਲਾਇਆ ਤਾਂ ਪ੍ਰਿੰ. ਸਾਹਿਬ ਦੇ ਮਨ ਵਿਚ ਪਤਾ ਨਹੀਂ ਕੀ ਆਇਆ, ਕਹਿਣ ਲਗੇ, 'ਅੰਦਰ ਚਲਦੇ ਹਾਂ' । ਅਸੀਂ ਉਨ੍ਹਾਂ ਨੂੰ ਫੜ ਕੇ ਸਹਿਜੇ ਸਹਿਜੇ ਅੰਦਰ ਲੈ ਗਏ ਅਤੇ ਪਲੰਘ ਉੱਤੇ ਬਿਠਾ ਦਿਤਾ, ਜਿਸ ਦੇ ਪਿਛੇ ਢਾਸਨਾ ਲਗਾ ਹੋਇਆ ਸੀ। ਆਪ ਬੈਠ ਗਏ ਅਤੇ ਬੜੇ ਪ੍ਰਸੰਨ ਹੋ ਕੇ ਖਿੜਖਿੜਾ ਕੇ ਹਸ ਪਏ। ਇੰਨੇ ਨੂੰ ਅਸੀਂ ਵੀ ਕਮਰੇ ਵਿਚੋਂ ਕੁਰਸੀਆਂ ਖਿਸਕਾ ਕੇ ਉਨ੍ਹਾਂ ਦੇ ਨੇੜੇ ਬੈਠ ਗਏ। ਪ੍ਰਿੰ. ਸਾਹਿਬ ਦੇ ਨੇਤਰਾਂ ਵਿਚੋਂ ਹੰਝੂਆਂ ਦੀ ਝੜੀ ਵਹਿ ਤੁਰੀ ਤੇ ਉਨ੍ਹਾਂ ਦੇ ਸਫ਼ੈਦ ਖੁਲ੍ਹੇ ਦਾੜ੍ਹੇ ਉਤੇ ਅਨੇਕ ਮੋਤੀ ਚਮਕਣ ਲਗੇ। ਫਿਰ ਉਨ੍ਹਾਂ ਨੇ ਇਕ ਪਾਸੇ ਮੰਜੇ ਦੇ ਨਾਲ ਦੀ ਅਲਮਾਰੀ ਵਿਚੋਂ ਸ਼ਬਦਾਰਥ ਦੀ ਇਕ ਪੋਥੀ ਫੜੀ ਤੇ ਖੋਲ੍ਹ ਕੇ ਜਿਵੇਂ ਵਾਕ ਲੈਣਾ ਹੁੰਦਾ ਹੈ, ਬੋਲਣ ਲਗ ਪਏ, 'ਰਵਿਦਾਸ ਜੀ ਦਾ ਗਉੜੀ ਰਾਗ ਦਾ ਸ਼ਬਦ ਸੀ (ਬੇਗਮਪੁਰਾ ਸ਼ਹਿਰ ਕੋ ਨਾਉਂ)' ਉਨ੍ਹਾਂ ਨੇ ਇਸ ਸ਼ਬਦ ਦੀ ਵਿਆਖਿਆ ਕਰਨੀ ਸ਼ੁਰੂ



Sri Satguru Jagjit Singh Ji eLibrary NamdhariElibrary@gmail.com

ਕਰ ਦਿਤੀ। ਪਤਾ ਨਹੀਂ ਕਿਵੇਂ ਸਮਾਂ ਰੁਕ ਗਿਆ। ਪ੍ਰਿੰ. ਸਾਹਿਬ ਉਸ ਸ਼ਬਦ ਦੀ ਵਿਆਖਿਆ ਕਰਦੇ ਰਹੇ, ਕਦੀ ਖੁਲ੍ਹ ਕੇ ਹਸ ਪੈਂਦੇ, ਕਦੀ ਅੱਖਾਂ ਵਿਚੋਂ ਮੋਤੀ ਲੜੀਆਂ ਬਿਖੇਰਦੇ ਭਾਵ ਭਿੰਨੀ ਅਵਾਜ਼ ਵਿਚ ਦਰ੍ਹ ਜਾਂਦੇ, ਸਮੇਂ ਦੀ ਚਾਲ ਰੁਕ ਗਈ। ਪ੍ਰਿੰ. ਸਾਹਿਬ ਦਾ ਵਿਖਿਆਨ ਜਾਰੀ ਰਿਹਾ ਤੇ ਸਾਨੂੰ ਪਤਾ ਵੀ ਨਾ ਲਗਾ ਕਿ ਡੇਢ ਘੰਟਾ ਕਿਵੇਂ ਬੀਤ ਗਿਆ।

ਉਨ੍ਹਾਂ ਦੀ ਇਕ ਹੋਰ ਯਾਦ ਮੇਰੀ ਸਿਮਰਤੀ ਵਿਚ ਤਾਜ਼ਾ ਹੈ। ਮੈਂ ਸਰਕਾਰੀ ਕਾਲਜ ਲੁਧਿਆਣਾ ਵਿਚ ਸਾਂ । ਲਾਹੌਰ ਬੁੱਕ ਸ਼ਾਪ ਉਤੇ ਜਾਣਾ ਮੇਰਾ ਲਗਭਗ ਨਿਤ ਦਾ ਵਿਹਾਰ ਸੀ। ਮੈਂ ਅੰਮ੍ਰਿਤਸਰ ਜਾਣਾ ਸੀ, ਜਦੋਂ ਲਾਹੌਰ ਬੁੱਕ ਸ਼ਾਪ 'ਤੇ ਜਾ ਕੇ ਸ. ਜੀਵਨ ਸਿੰਘ ਨੂੰ ਮਿਲਿਆ ਤੇ ਉਨ੍ਹਾਂ ਨੂੰ ਪਤਾ ਲਗਾ ਕਿ ਮੈਂ ਅੰਮ੍ਰਿਤਸਰ ਜਾ ਰਿਹਾ ਹਾਂ ਤਾਂ ਉਹ ਮੈਨੂੰ ਕਹਿਣ ਲਗੇ," ਕਸੇਲ ਇਕ ਕੰਮ ਮੇਰਾ ਵੀ ਕਰਦਾ ਆਵੀਂ" ਮੈਂ ਕਿਹਾ, ਦਸੋ। ਸ. ਜੀਵਨ ਸਿੰਘ ਕਹਿਣ ਲਗੇ "ਆਉਂਦੇ ਹੋਏ ਪ੍ਰਿੰ. ਤੇਜਾ ਸਿੰਘ ਜੀ ਕੋਲੋਂ ਅੰਗ੍ਰੇਜ਼ੀ ਪੰਜਾਬੀ ਦੀ ਡਿਕਸ਼ਨਰੀ ਦਾ ਖਰੜਾ ਲਈ ਆਉਣਾ" ਉਨ੍ਹਾਂ ਨੇ ਮੈਨੂੰ ਕੁਝ ਮਾਇਆ ਵੀ ਇਕ ਲਿਫ਼ਾਫ਼ੇ ਵਿਚ ਪਾ ਕੇ ਦਿਤੀ ਤੇ ਕਿਹਾ ਕਿ "ਇਹ ਰਕਮ ਵੀ ਪ੍ਰਿੰ. ਸਾਹਿਬ ਨੂੰ ਦੇ ਆਉਣੀ।"

ਮੈਂ ਅੰਮ੍ਰਿਤਸਰ ਪਹੁੰਚਦਿਆਂ ਹੀ ਪ੍ਰਿੰ. ਸਾਹਿਬ ਦੀ ਕੋਠੀ ਦਾ ਰੁਖ਼ ਕੀਤਾ। ਦੁਪਹਿਰ ਹੋਣ ਵਾਲੀ ਸੀ, ਪ੍ਰਿੰ. ਸਾਹਿਬ ਆਪਣੇ ਕਮਰੇ ਵਿਚ ਲੇਟੇ ਹੋਏ ਸਨ। ਮੈਂ ਜਾ ਕੇ ਨਮਸਕਾਰ ਕੀਤੀ। ਕਹਿਣ ਲਗੇ, "ਕਾਕਾ ਕਿਵੇਂ ਆਇਆ ਹੈਂ"? ਮੈਂ ਕਿਹਾ, "ਜੀ! ਜੀਵਨ ਸਿੰਘ ਜੀ ਨੇ ਇਹ ਕੁਝ ਰਕਮ ਆਪ ਨੂੰ ਭੇਜੀ ਹੈ ਤੇ ਮੈਨੂੰ ਕਿਹਾ ਹੈ ਕਿ ਪ੍ਰਿੰ. ਸਾਹਿਬ ਕੋਲੋਂ ਅੰਗਰੇਜ਼ੀ ਪੰਜਾਬੀ ਡਿਕਸ਼ਨਰੀ ਦਾ ਖਰੜਾ ਲੈ ਆਉਣਾ"। ਪ੍ਰਿੰ. ਸਾਹਿਬ ਦੀ ਉਸ ਸਮੇਂ ਦੀ ਹਾਲਤ ਵੇਖਣ ਤੇ ਜਾਣਨ ਵਾਲੀ ਹੀ ਸੀ। ਇਕ ਸਾਹਿਤਕਾਰ ਆਪਣੇ ਖਰੜੇ ਉਤੇ ਕਿੰਨੀ ਮਿਹਨਤ ਕਰਦਾ ਹੈ ਅਤੇ ਕਿਵੇਂ ਫਿਰ ਅਜਿਹੀ ਹਾਲਤ ਵਿਚ ਜਿਸ ਵਿਚ ਕਿ ਉਸ ਸਮੇਂ ਪ੍ਰਿੰ. ਤੇਜਾ ਸਿੰਘ ਜੀ ਸਨ, ਵਿਆਕੁਲ ਹੋ ਜਾਂਦਾ ਹੈ ਕਿ ਇਹ ਰਚਨਾ ਛੇਤੀ ਤੋਂ ਛੇਤੀ ਉਸ ਦੇ ਜਿਊਂਦਿਆਂ ਹੀ ਛਪ ਜਾਵੇ। ਪ੍ਰਿੰ. ਸਾਹਿਬ ਨੇ ਆਪਣੀ ਧਰਮ ਪਤਨੀ ਨੂੰ ਉੱਚੀ ਅਵਾਜ਼ ਦੇ ਕੇ ਕਿਹਾ "ਧਨ! ਉਹ ਮੇਰਾ ਡਿਕਸ਼ਨਰੀ ਵਾਲਾ ਖਰੜਾ ਲਿਆਵੀਂ, ਸ. ਜੀਵਨ ਸਿੰਘ ਨੇ ਛਾਪਣ ਲਈ ਮੰਗਿਆ ਹੈ।" ਜਦੋਂ ਮਾਤਾ ਜੀ ਦੋ ਦੋ ਦਸਤੇ ਦੀਆਂ 4 ਕਾਪੀਆਂ ਲੈ ਕੇ ਪ੍ਰਿੰ. ਸਾਹਿਬ ਕੋਲ ਆਏ ਤਾਂ ਪ੍ਰਿੰ. ਸਾਹਿਬ ਨੇ ਉਨ੍ਹਾਂ ਕਾਪੀਆਂ ਨੂੰ ਆਪਣੇ ਹੱਥਾਂ ਵਿਚ ਸੰਭਾਲ ਲਿਆ। ਉਨ੍ਹਾਂ ਦੀ ਹਾਲਤ ਵੇਖਣ ਵਾਲੀ ਸੀ, ਜਿਵੇਂ ਇਕ ਪਿਆਰੇ ਬੱਚੇ ਨੂੰ ਪਿਆਰ ਨਾਲ ਫੜ ਕੇ ਛਾਤੀ ਨਾਲ ਲਾਈਦਾ ਹੈ। ਉਨ੍ਹਾਂ ਨੇ ਉਹ ਚਾਰੇ



Sri Satguru Jagjit Singh Ji eLibrary NamdhariElibrary@gmail.com

ਕਾਪੀਆਂ ਮੈਨੂੰ ਫੜਾ ਦਿੱਤੀਆਂ ਅਤੇ ਬੜੀ ਦਰਦ ਭਿੱਜੀ ਅਵਾਜ਼ ਵਿਚ ਕਹਿਣ ਲਗੇ, "ਮੇਰੇ ਜਿਊਂਦਿਆਂ ਜਿਊਂਦਿਆਂ ਇਹ ਛਪ ਜਾਣਗੀਆਂ!" ਸਚ ਜਾਣੋ, ਇਹ ਖਰੜਾ ਮੈਨੂੰ ਫ਼ੜਾਉਦਿਆਂ ਹੋਇਆਂ ਇੰਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਮਣਾਂ ਮੂੰਹੀ ਭਾਰ ਉਨ੍ਹਾਂ ਦੇ ਸਿਰ ਤੋਂ ਲੱਥ ਗਿਆ ਹੋਵੇ। ਪਤਾ ਨਹੀਂ ਕਿੰਨੇ ਕੁ ਮੋਤੀ ਉਨ੍ਹਾਂ ਦੇ ਨੇਤਰਾਂ ਵਿਚੋਂ ਉਨ੍ਹਾਂ ਦੇ ਸਫ਼ੇਦ ਦਾੜ੍ਹੇ 'ਤੇ ਲਟਕਣ ਲਗ ਪਏ ਸਨ। ਇਹ ਸੀ ਇਕ ਸਾਹਿਤਕਾਰ ਦੀ ਉਸ ਅੰਦਰਲੀ ਰੀਝ ਦਾ ਇਕ ਅਭੁਲ ਛਿਣ, ਜੋ ਇਕ ਸਾਹਿਤਕਾਰ ਦੀ ਆਪਣੀ ਰਚਨਾ ਪ੍ਰਤੀ ਪ੍ਰੇਮ, ਉਮਾਹ ਤੇ ਉਸ ਨੂੰ ਛਾਪੇ ਦੇ ਜਾਮੇ ਵਿਚ ਵੇਖਣ ਲਈ ਪ੍ਰਬਲ ਤਾਂਘ ਨੂੰ ਪ੍ਰਗਟਾਅ ਰਿਹਾ ਸੀ। ਪ੍ਰਿੰ. ਤੇਜਾ ਸਿੰਘ ਜੀ ਦੇ ਰੱਚੇ ਹੋਏ ਇਸ ਅੰਗਰੇਜ਼ੀ ਪੰਜਾਬੀ ਸ਼ਬਦ ਕੋਸ਼ ਨੇ ਹਜ਼ਾਰਾਂ ਹੀ ਲੇਖਕਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਪੰਜਾਬੀ ਪ੍ਰੇਮੀਆਂ ਨੂੰ ਰਾਹ ਦਰਸਾਇਆ ਹੈ।



Sri Satguru Jagjit Singh Ji eLibrary NamdhariElibrary@gmail.com

# ਮੇਰਾ ਪਰਿਵਾਰਿਕ ਜੀਵਨ

ਮੇਰੇ ਬਾਬੇ ਪੰਜ ਭਰਾ ਸਨ। ਮੇਰਾ ਬਾਬਾ ਮਾਨ ਸਿੰਘ ਪੰਜਾਂ ਭਰਾਵਾਂ ਵਿਚੋਂ ਸਭ ਤੋਂ ਛੋਟਾ ਸੀ, ਪਰ ਉਸ ਦੀ ਮ੍ਰਿਤੂ ਪੰਜਾਂ ਵਿਚੋਂ ਸਭ ਤੋਂ ਪਹਿਲਾਂ 1904 ਵਿਚ ਹੋ ਗਈ ਸੀ ਅਤੇ ਮੇਰੀ ਦਾਦੀ ਲਛਮੀ ਨੂੰ ਆਪਣੀ ਧੀ ਤੇ ਪੁੱਤਰ ਨੂੰ ਨਾਲ ਲੈ ਕੇ ਆਪਣੇ ਰਿਸ਼ਤੇਦਾਰ ਮਲਵਈ ਸਰਦਾਰਾਂ ਦੇ ਘਰ ਲਾਹੌਰ ਜਾ ਕੇ ਸ਼ਰਨ ਲੈਣੀ ਪਈ। ਜੱਟਾਂ ਦੇ ਸ਼ਰੀਕੇ ਵਿਚ ਵਿਧਵਾ ਇਸਤਰੀ ਦਾ ਰਹਿਣਾ ਸੂਲਾਂ ਦੀ ਸੇਜ ਤੋਂ ਘੱਟ ਨਹੀਂ ਹੁੰਦਾ, ਫਿਰ ਵੀ ਸ਼ਰੀਕਾਂ ਵਿਚੋਂ ਕਿਸੇ ਨੇ ਸਾਡੀ ਹਵੇਲੀ ਦੇ ਕੋਠੇ ਨੂੰ ਅੱਧਾ ਰਹਿਣ ਦਿੱਤਾ ਅਤੇ ਆਪਣੀਆਂ ਕੰਧਾਂ ਅਗੇ ਕਰ ਲਈਆਂ। ਜਦੋਂ 1928 ਵਿਚ ਮੇਰੇ ਜਨਮ ਤੋਂ ਢਾਈ ਮਹੀਨੇ ਪਿਛੋਂ ਮੇਰੇ ਪਿਤਾ ਸ. ਗੰਗਾ ਸਿੰਘ ਦਾ 28-29 ਸਾਲ ਦੀ ਉਮਰ ਵਿਚ ਹੀ ਦੇਹਾਂਤ ਹੋ ਗਿਆ ਤਾਂ ਆਪਣੇ ਬਚਪਨ ਤੋਂ ਲੈ ਕੇ ਹੋਸ਼ ਸੰਭਾਲਣ ਤੱਕ ਮੈਨੂੰ ਤਿੰਨ ਵਿਧਵਾ ਇਸਤਰੀਆਂ ਆਪਣੀ ਦਾਦੀ , ਮਾਂ ਅਤੇ ਭੂਆ ਦੇ ਜੀਵਨ ਦੇ ਮਾਨਸਿਕ ਕਸ਼ਟਾਂ ਦਾ ਨਿੰਮਾ ਨਿੰਮਾ ਅਹਿਸਾਸ ਹੋਇਆ। ਆਪਣੇ ਪੇਕਿਆਂ ਵਲੋਂ ਵੀ ਮੇਰੀ ਮਾਂ ਨੂੰ ਦੁੱਖੜੇ ਹੀ ਝਲਣੇ ਪਏ। ਉਸ ਦੇ ਬਚਪਨ ਵਿਚ ਹੀ ਮਾਂ ਬਾਪ ਦਾ ਸਾਇਆ ਸਿਰ ਤੋਂ ਉੱਠ ਗਿਆ ਅਤੇ ਮੇਰੀ ਮਾਂ ਨੂੰ ਆਪਣੇ ਛੋਟੇ ਭਰਾਵਾਂ ਦੇ ਪਿਆਰ ਵਜੋਂ ਜ਼ਿੰਮੇਵਾਰੀ ਨੂੰ ਵੀ ਨਿਭਾਉਣਾ ਪਿਆ। ਇਨ੍ਹਾਂ ਤਿੰਨਾਂ ਭੈਣ ਭਰਾਵਾਂ ਦੀ ਉਨ੍ਹਾਂ ਦੇ ਚਾਚੇ ਜ਼ੈਲਦਾਰ ਸ਼ੇਰ ਸਿੰਘ ਨੇ ਹੀ ਆਪਣੀ ਸੰਤਾਨ ਵਜੋਂ ਸੇਵਾ ਸੰਭਾਲ ਕੀਤੀ, ਉਸ ਦੇ ਆਪਣੇ ਬੱਚੇ ਅਤੇ ਪਰਿਵਾਰ ਇਨ੍ਹਾਂ ਤੋਂ ਪਿਛੋਂ ਹੀ ਹੋਏ ਸਨ। ਮੈਨੂੰ ਨਾਨਕੇ ਪਰਿਵਾਰ ਵਲੋਂ ਅਤੇ ਆਪਣੇ ਪਰਿਵਾਰ ਦੀਆਂ ਵਿਧਵਾ ਇਸਤਰੀਆਂ ਕੋਲੋਂ ਛੋਟੇ ਹੁੰਦਿਆਂ ਬੜਾ ਪਿਆਰ ਮਿਲਿਆ ਹੈ। ਮੇਰੀ ਮਾਂ ਦੀ ਸੱਕੀ ਭੂਆ ਸਾਡੇ ਟੱਬਰ ਦੇ ਦੂਜੇ ਘਰ ਵਿਚ ਵਿਆਹੀ ਹੋਈ ਸੀ, ਦੋਹਾਂ ਪਰਿਵਾਰਾਂ ਦੀ ਦਾਦਿਆਂ ਤੋਂ ਸਾਂਝ ਸੀ। ਉਹ ਨਿਰਸੰਤਾਨ ਸੀ ਅਤੇ ਦਿਲ ਦੀ ਇੰਨੀ ਸਖੀ ਕਿ ਉਸ ਪਰਿਵਾਰ ਦੇ ਚਹੁੰ ਟੱਬਰਾਂ ਦੇ



Sri Satguru Jagjit Singh Ji eLibrary NamdhariElibrary@gmail.com

ਹਰ ਪ੍ਰਾਹੁਣੇ ਦਾ ਆਦਰ ਸਤਿਕਾਰ ਤੇ ਟਹਿਲ ਸੇਵਾ ਪੁੱਜ ਕੇ ਕਰਦੀ ਸੀ। ਸਾਰੇ ਉਸ ਨੂੰ 'ਨਿਕੀ ਮਾਂ' ਕਹਿ ਕੇ ਬੁਲਾਉਂਦੇ ਸਨ। ਮੈਨੂੰ ਆਪਣੇ ਘਰ ਦੀਆਂ ਇਸਤਰੀਆਂ ਤੋਂ ਬਿਨਾਂ ਉਨ੍ਹਾਂ ਦੋਹਾਂ ਜੀਆਂ ਵਲੋਂ ਵੀ ਬਹੁਤ ਪਿਆਰ ਮਿਲਿਆ। ਉਸ ਸਮੇਂ ਪਿੰਡਾਂ ਦੇ ਬਹੁਤੇ ਜੀਅ ਅਨਪੜ੍ਹ ਹੀ ਹੁੰਦੇ ਸਨ, ਪਰ ਸਾਂਝੇ ਘਰਾਂ ਵਿਚ ਰਹਿਣ ਕਰਕੇ ਘਰਾਂ ਵਿਚ ਬਹੁਤ ਰੌਣਕਾਂ ਹੁੰਦੀਆਂ ਸਨ। ਮੇਰੀ ਦਾਦੀ ਨੇ ਆਪਣੀ ਵਿਧਵਾ ਨੂੰਹ ਨੂੰ ਮਰਨ ਤੋਂ ਥੋੜਾ ਚਿਰ ਪਹਿਲਾਂ ਇਹ ਨਸੀਹਤ ਕੀਤੀ ਸੀ ਕਿ, "ਧੀਏ! ਚਪਣੀ ਨਾ ਬਣੀ, ਚਪਣੀ ਦਾ ਡੋਂਡਰੂ ਬਣੀ ਜੋ ਲੋਕਾਂ ਦੇ ਠੇਢੇ ਖਾ ਕੇ ਵੀ ਆਪਣੀ ਹੋਂਦ ਨੂੰ ਕਾਇਮ ਰਖਦਾ ਹੈ।" ਸੱਚਮੁੱਚ ਅਜਿਹੇ ਪੁਰਸ਼ ਪ੍ਰਧਾਨ ਸਮਾਜ ਵਿਚ ਰਹਿਣ ਲਈ ਇਕ ਵਿਧਵਾ ਇਸਤਰੀ ਨੂੰ ਡੋਂਡਰੂ ਵਾਂਗ ਮਜ਼ਬੂਤ ਰਹਿ ਕੇ ਹੀ ਆਪਣਾ ਰੰਡੇਪਾ ਕੱਟਣਾ ਪੈਂਦਾ ਹੈ। ਦੋਹਾਂ ਟੱਬਰਾਂ ਦੇ ਜੀਆਂ ਵਿਚੋਂ ਮੇਰੀ ਦਾਦੀ ਤੇ ਮੇਰੀ ਮਾਂ ਵਿਚ ਸ਼ਹਿਰੀ ਜੀਵਨ ਅਤੇ ਉਹ ਵੀ ਲਾਹੌਰ ਦੇ ਪ੍ਰਸਿੱਧ ਰਈਸ ਘਰਾਣੇ ਵਿਚ ਰਹਿਣ ਕਰਕੇ ਸ਼ਹਿਰੀ ਸਮਾਜ ਵਾਲੇ ਗੁਣ ਅਚਾਰ ਵੀ ਆ ਗਏ ਸਨ। ਇਸ ਲਈ ਦੋਹਾਂ ਟੱਬਰਾਂ ਵਿਚ ਉਨ੍ਹਾਂ ਦਾ ਮਾਣ ਸਤਿਕਾਰ ਕੀਤਾ ਜਾਂਦਾ ਸੀ ਅਤੇ ਬਹੁਤੇ ਮਸਲਿਆਂ ਵਿਚ ਬਾਕੀ ਜੀਅ ਅਤੇ ਖ਼ਾਸ ਕਰਕੇ ਇਸਤਰੀਆਂ ਉਨ੍ਹਾਂ ਦੀ ਸਲਾਹ ਜ਼ਰੂਰ ਲੈਂਦੀਆਂ ਸਨ। ਭਾਵੇਂ ਮੇਰੀ ਮਾਤਾ ਨੂੰ ਪਿਤਾ ਜੀ ਦੇ ਗੁਜ਼ਰਨ ਪਿਛੋਂ ਪੈਨਸ਼ਨ ਦੀ ਥੋੜ੍ਹੀ ਰਕਮ ਹੀ ਮਿਲਦੀ ਸੀ, ਪਰ ਉਸ ਸਮੇਂ ਦੇ ਹਿਸਾਬ ਨਾਲ ਸਾਡੇ ਵਰਗੇ ਛੋਟੇ ਪਰਿਵਾਰ ਲਈ ਉਹ 30 ਰੁਪਏ ਮਹੀਨਾ ਵੀ ਕਾਫ਼ੀ ਸਨ। ਫਿਰ ਵੀ ਮੇਰੀ ਮਾਤਾ ਹਰ ਸਮੇਂ ਆਪਣੇ ਆਪ ਨੂੰ ਘਰੋਗੀ ਕੰਮ ਕਾਰ ਵਿਚ ਰੁਝਾਈ ਰਖਦੀ ਸੀ ਅਤੇ ਉਸ ਨੇ ਘਰ ਦੀਆਂ ਲੋੜੀਂਦੀਆਂ ਚੀਜ਼ਾਂ ਵਸਤਾਂ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਛਡੀ। ਹਰ ਆਏ ਗਏ ਤੇ ਰਿਸ਼ਤੇਦਾਰਾਂ ਦੀ ਟਹਿਲ ਸੰਭਾਲ ਅਤੇ ਇਥੋਂ ਤਕ ਕਿ ਜੇ 10-12 ਪ੍ਰਾਹੁਣੇ ਵੀ ਸਾਡੇ ਘਰ ਆ ਜਾਂਦੇ ਤਾਂ ਉਨ੍ਹਾਂ ਲਈ ਕਿਤੋਂ ਬਾਹਰੋਂ ਮੰਜੀ ਬਿਸਤਰਾ ਜਾਂ ਹੋਰ ਕੋਈ ਚੀਜ਼ ਵਸਤੂ ਲਿਆਉਣ ਦੀ ਲੋੜ ਨਹੀਂ ਸੀ ਪੈਂਦੀ। ਸ਼ੁਰੂ ਸ਼ੁਰੂ ਵਿਚ ਲਵੇਰਾ ਮੇਰੀ ਮਾਂ ਦੇ ਭੂਆ ਫ਼ੁਫੜ ਹੀ ਸਾਂਭਦੇ ਸਨ, ਪਰ ਪਿਛੋਂ ਅਸੀਂ ਆਪ ਵੀ ਮੱਝਾਂ ਰਖਣੀਆਂ ਸ਼ੁਰੂ ਕਰ ਦਿਤੀਆਂ ਅਤੇ ਸਾਰੀ ਸਾਂਭ ਸੰਭਾਲ ਮੇਰੀ ਮਾਤਾ ਆਪ ਕਰਦੀ ਸੀ।

ਫਿਰ ਮੇਰੇ ਚੰਗੇ ਭਾਗਾਂ ਨੂੰ ਲਗਭਗ 40 ਸਾਲ ਪਰਦੇਸਾਂ ਵਿਚ ਰਹਿਣ ਪਿੱਛੋਂ ਬਾਬਾ ਹਰਨਾਮ ਸਿੰਘ ਪਿੰਡ ਪਰਤ ਆਏ ਸਨ ਅਤੇ ਉਨ੍ਹਾਂ ਦੀ ਪਿੰਡ ਦੀ ਨਜ਼ਰਬੰਦੀ ਮੇਰੇ ਲਈ ਵਰ ਸਾਬਤ ਹੋਈ। ਉਨ੍ਹਾਂ ਦੀ ਦੇਖ ਰੇਖ ਵਿਚ ਹੀ ਮੈਨੂੰ ਕੁਝ ਪੜ੍ਹਨ ਲਿਖਣ ਅਤੇ ਫਿਰ ਦੇਸ਼ ਦੀ ਆਜ਼ਾਦੀ ਤੇ ਗੁਲਾਮੀ ਬਾਰੇ ਚੇਤੰਨਤਾ ਪੈਦਾ ਹੋਈ । ਉਹ ਮਲਾਇਆ, ਚੀਨ, ਕੈਨੇਡਾ, ਅਮਰੀਕਾ, ਸੋਵੀਅਤ ਰਸ਼ੀਆ, ਚੀਨ, ਮੰਗੋਲੀਆ, ਅਤੇ ਲਗਭਗ ਸਾਲ 1926-1934 ਤਕ ਸੋਵੀਅਤ ਯੂਨੀਅਨ ਵਿਚ ਰਹੇ । ਦੇਸ਼



Sri Satguru Jagjit Singh Ji eLibrary NamdhariElibrary@gmail.com

ਆ ਕੇ ਵੀ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੀ ਤੀਬਰ ਇਛਾ ਇਨ੍ਹਾਂ ਦੇਸ਼ ਭਗਤ ਬਾਬਿਆਂ ਦੇ ਦਿਲਾਂ ਵਿਚ ਸੀ। ਗ਼ਦਰ ਪਾਰਟੀ ਜੋ 1913-14 ਵਿਚ ਅਮਰੀਕਾ ਦੇ ਪ੍ਰਸਿਧ ਨਗਰ ਸਾਨਫਰਾਂਸਿਸਕੋ ਵਿਚ ਹੋਂਦ ਵਿਚ ਆਈ ਸੀ, ਨੇ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਕ੍ਰਾਂਤੀਕਾਰੀ ਹਿੱਸਾ ਪਾਇਆ ਸੀ ਅਤੇ ਬੇਅੰਤ ਕੁਰਬਾਨੀਆਂ ਦੇ ਕੇ, ਜਿਨ੍ਹਾਂ ਵਿਚ ਫਾਂਸੀਆਂ, ਲੰਮੀਆਂ ਉਮਰ ਕੈਦਾਂ, ਕਾਲੇ ਪਾਣੀ ਦੀਆਂ ਸਜ਼ਾਵਾਂ ਅਤੇ ਜੇਲ੍ਹਾਂ ਦੇ ਕਸ਼ਟ ਅਤੇ ਤਸੀਹੇ ਸ਼ਾਮਲ ਸਨ, ਨੇ ਇਨ੍ਹਾਂ ਗ਼ਦਰੀ ਬਾਬਿਆਂ ਦੇ ਹੌਸਲਿਆਂ ਵਿਚ ਕੋਈ ਕੁਣ ਨਹੀਂ ਸੀ ਆਉਣ ਦਿੱਤੀ ਅਤੇ ਉਹ ਸਦਾ ਹੀ ਅਝੁੱਕ ਤੇ ਚੜ੍ਹਦੀਕਲਾ ਵਿਚ ਵਿਚਰਨ ਵਾਲੇ ਸਨ। ਮੇਰੇ ਮਨ ਅੰਦਰ ਜਿਹੜੀ ਮਨੁੱਖੀ ਸੁਤੰਤਰਤਾ ਪ੍ਰਤੀ ਅੰਤਰੀਵ ਲਗਨ ਮੌਜੂਦ ਹੈ, ਉਹ ਸਭ ਇਨ੍ਹਾਂ ਦੇਸ਼ ਭਗਤ ਬਾਬਿਆਂ ਦੀ ਸੰਗਤ ਵਿਚ ਰਹਿਣ ਦਾ ਹੀ ਫਲ ਹੈ, ਜਿਨ੍ਹਾਂ ਦੇ ਜੀਵਨ ਦਾ ਮੁਖ ਨਿਸ਼ਾਨਾ ਸੀ, ਆਪਣੇ ਸੁਆਰਥ ਲਈ ਨਹੀਂ, ਮਨੁੱਖਤਾ ਦੀ ਭਲਾਈ ਲਈ ਜੀਓ ਅਤੇ ਦੇਸ਼ ਨੂੰ ਸੁਤੰਤਰ ਕਰਵਾ ਕੇ ਕਿਸੇ ਆਦਰਸ਼ ਸਾਂਝੀਵਾਲਤਾ ਵਾਲੇ ਸਮਾਜ ਦੀ ਸਿਰਜਣਾ ਕਰਨ ਵਿਚ ਹਿੱਸਾ ਪਾਓ। ਬਾਬਾ ਹਰਨਾਮ ਸਿੰਘ ਜੀ ਵਲੋਂ ਜਿਥੇ ਦੇਸ਼ ਭਗਤੀ ਦਾ ਸਬਕ ਮਿਲਿਆ, ਉਥੇ ਵਿਦਿਆ ਹਾਸਲ ਕਰਨ ਲਈ ਵੀ ਉਤਸ਼ਾਹ ਪੈਦਾ ਹੋਇਆ। ਜਦੋਂ ਵੀ ਕੋਈ ਵਿਅਕਤੀ ਆਪਣੇ ਬਚਪਨ ਵਿਚ ਹੀ ਜੀਵਨ ਦੇ ਸਿੱਧੇ ਮਾਰਗ ਉਤੇ ਪੈ ਜਾਂਦਾ ਹੈ ਤਾਂ ਉਸ ਦਾ ਸਾਰਾ ਜੀਵਨ ਹੀ ਕਿਸੇ ਉੱਚੇ ਆਦਰਸ਼ ਦੇ ਲੇਖੇ ਲਗ ਜਾਂਦਾ ਹੈ। ਉਹ ਵਿਅਕਤੀ ਫਿਰ ਆਪਣੇ ਸੁਆਰਥ ਲਈ ਨਹੀਂ ਜੀਉਂਦਾ, ਸਗੋਂ ਪੁਰਸ਼ਾਰਥ ਹੀ ਉਸ ਦੇ ਜੀਵਨ ਦਾ ਮਨੋਰਥ ਬਣਿਆਂ ਰਹਿੰਦਾ ਹੈ। ਭਾਰਤ ਵਰਗੇ ਪਿਛੜੇ ਸਮਾਜ ਵਿਚ ਇਸਤਰੀ ਦੂਹਰੀ ਗੁਲਾਮੀ ਦਾ ਸ਼ਿਕਾਰ ਰਹੀ ਹੈ। ਇਸਤਰੀਆਂ ਨੂੰ ਮਾਨਸਿਕ ਤੇ ਸਮਾਜਕ ਜੀਵਨ ਵਿਚ ਬਰਾਬਰੀ ਦਾ ਸਥਾਨ ਦੇ ਕੇ ਉਨ੍ਹਾਂ ਦਾ ਉਥਾਨ ਕਰਨਾ ਬੜਾ ਜ਼ਰੂਰੀ ਸੀ, ਇਹ ਭਾਵਨਾ ਮੇਰੇ ਮਨ ਵਿਚ ਬਚਪਨ ਤੋਂ ਹੀ ਡੂੰਘੀ ਉਤਰ ਚੁੱਕੀ ਸੀ।

ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਪੜ੍ਹਦਿਆਂ ਮੈਂ ਉਦੋਂ ਐੱਫ਼. ਏ. ਸ਼੍ਰੇਣੀ ਦੇ ਦੂਜੇ ਸਾਲ ਵਿਚ ਸਾਂ, ਜਦੋਂ ਯੂਨੀਵਰਸਿਟੀ ਦੇ ਇਮਤਿਹਾਨਾਂ ਤੋਂ ਕੁਝ ਚਿਰ ਪਹਿਲਾਂ ਮੇਰੀ ਮੰਗਣੀ 1946 ਵਿਚ ਹੋ ਗਈ ਅਤੇ ਇਮਤਿਹਾਨ ਦੇ ਨਤੀਜਿਆਂ ਤੋਂ ਪਿੱਛੋਂ ਮੇਰਾ ਵਿਆਹ ਹੋ ਗਿਆ। ਬੀ. ਏ. ਦੇ ਤੀਜੇ ਸਾਲ ਵਿਚ ਮੈਂ ਖ਼ਾਲਸਾ ਕਾਲਜ ਦੇ ਨੇੜੇ ਹੀ ਆਪਣੇ ਸਹੁਰੇ ਪਰਿਵਾਰ ਵਿਚ ਰਹਿਣ ਲੱਗ ਪਿਆ। ਮੇਰੇ ਸਹੁਰਾ ਸਾਹਿਬ ਚੌਧਰੀ ਸੰਤਾ ਸਿੰਘ ਇਲਾਕੇ ਦੇ ਮੰਨੇ-ਪ੍ਰਮੰਨੇ ਵਿਅਕਤੀ ਸਨ ਅਤੇ ਖ਼ਾਲਸਾ ਕਾਲਜੀਏਟ ਸਕੂਲ ਦੀ ਸੇਵਾ ਤੋਂ ਨਿਵਿਰਤ ਹੋਣ ਤੋਂ ਪਹਿਲਾਂ ਉਹ ਫ਼ੌਜ ਵਿਚ ਵੀ ਰਹੇ ਸਨ ਅਤੇ ਪੈਨਸ਼ਨ ਵੀ ਲੈਂਦੇ ਸਨ। ਉਨ੍ਹਾਂ ਦੀਆਂ ਦੋ ਧੀਆਂ ਹੀ ਸਨ, ਮੈਂ ਉਦੋਂ ਚੌਧਵੀਂ ਜਮਾਤ ਵਿਚ ਪੜ੍ਹਦਾ ਸਾਂ, ਜਦੋਂ ਇਕ ਲੜਕੇ ਦਾ ਬਾਪ ਵੀ ਬਣ ਗਿਆ।



Sri Satguru Jagjit Singh Ji eLibrary NamdhariElibrary@gmail.com

ਆਪਣੇ ਸਹੁਰਾ ਸਾਹਿਬ ਨਾਲ ਮੇਰਾ ਰਿਸ਼ਤਾ ਜੁਆਈ ਵਾਲਾ ਨਾ ਰਹਿ ਕੇ ਪਿਤਾ-ਪੁੱਤਰ ਵਾਲਾ ਹੀ ਬਣ ਗਿਆ ਸੀ। ਮੇਰੀ ਪਤਨੀ ਸਵਿੰਦਰ ਕੌਰ ਆਪਣੇ ਮਾਪਿਆਂ ਦੀ ਛਿੰਦੀ ਧੀ ਸੀ ਅਤੇ ਉਹ ਉਸ ਨੂੰ ਆਪਣੇ ਨਾਲੋਂ ਵਿਛੋੜਨ ਲਈ ਤਿਆਰ ਨਹੀਂ ਸਨ। ਉਸ ਦੇ ਮਾਪਿਆਂ ਦਾ ਖ਼ਿਆਲ ਸੀ ਕਿ ਸਾਡੇ ਕੋਲ ਧੀਆਂ ਦੇ ਸਾਂਭਣ ਲਈ ਕਾਫ਼ੀ ਵੱਡੀ ਜਾਇਦਾਦ ਹੈ। ਮੇਰੀ ਮਾਤਾ ਦੇ ਦਿਲ ਵਿਚ ਸਦਾ ਇਹ ਰੀਝ ਹੀ ਰਹੀ ਕਿ ਉਸ ਦੀ ਨੂੰਹ ਪਿੰਡ ਆ ਕੇ ਘਰ ਦਾ ਕੰਮਕਾਜ ਸੰਭਾਲੇ, ਪਰ ਅਜਿਹਾ ਨਾ ਹੋ ਸਕਿਆ। ਜਦੋਂ ਮੈਂ ਰਾਜਨੀਤਿਕ ਕੰਮਾਂ ਦੇ ਨਾਲ-ਨਾਲ ਪੜ੍ਹਾਈ ਕਰਦਾ-ਕਰਦਾ ਐੱਮ. ਏ. ਵਿਚ ਪੜ੍ਹਦਾ ਸਾਂ ਤਾਂ ਐੱਮ. ਏ. ਦੇ ਇਮਤਿਹਾਨਾਂ ਦੇ ਦੌਰਾਨ ਹੀ ਮੇਰੇ ਘਰ ਦੂਜੇ ਲੜਕੇ ਦਾ ਜਨਮ ਹੋਇਆ। ਪੜ੍ਹਾਈ ਖਤਮ ਕਰਨ ਤੋਂ ਪਿੱਛੋਂ ਮੈਨੂੰ ਵੱਖ-ਵੱਖ ਕਾਲਜਾਂ ਵਿਚ ਨੌਕਰੀ ਕਰਨੀ ਪਈ। ਰਾਜਨੀਤਿਕ ਸੋਚ ਨੇ ਮੇਰੇ ਅੰਦਰ ਸੁਤੰਤਰ ਸੋਚ ਦੀ ਲਗਨ ਲਾ ਦਿੱਤੀ ਸੀ ਅਤੇ ਉਸ ਸਮੇਂ ਮੇਰੇ ਉਤੇ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਸਹਿਜ ਪ੍ਰੇਮ ਦੇ ਸਿਧਾਂਤ ਦਾ ਬੜਾ ਵਿਆਪਕ ਪ੍ਰਭਾਵ ਪਿਆ ਸੀ। ਇਸ ਦੌਰਾਨ ਹੀ ਮੇਰਾ ਆਪਣੀ ਪਤਨੀ ਦੀ ਛੋਟੀ ਭੈਣ ਨਾਲ ਨੇੜਤਾ ਵਾਲਾ ਸੰਬੰਧ ਜੁੜਿਆ। ਉਹ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਵੀ ਸੁਚੇਤ ਸੀ ਅਤੇ ਸੰਗੀਤ ਕਲਾ ਵਿਚ ਉਸ ਦੀ ਵਿਸ਼ੇਸ਼ ਰੁਚੀ ਸੀ। ਦੇਸ਼ ਵੰਡ ਸਮੇਂ ਉਸ ਨੇ ਸ਼੍ਰੀਮਤੀ ਪ੍ਰਕਾਸ਼ ਕੌਰ ਨਾਲ ਉਸ ਦੀ ਸਹਾਇਕ ਵਜੋਂ ਇਸਤਰੀਆਂ ਦੇ ਕੈਂਪਾਂ ਵਿਚ ਕੰਮ ਕੀਤਾ ਸੀ। ਇਹ ਕੋਈ ਵਿਚਾਰਾਂ ਦੀ ਸਾਂਝ ਸੀ ਜਾਂ ਕੋਈ ਸੰਜੋਗੀ ਮੇਲ, ਮੈਨੂੰ ਇੰਝ ਜਾਪਿਆ ਜਿਵੇਂ ਅਸੀਂ ਦੋਵੇਂ ਇਕ ਦੂਜੇ ਲਈ ਹੀ ਬਣੇ ਹਾਂ। ਜਿੱਥੇ ਮੇਰੀ ਪਤਨੀ ਆਪਣੇ ਪੇਕੇ ਘਰ ਵਿਚੋਂ ਬਾਹਰ ਜਾਣ ਲਈ ਉਤਸੁਕ ਨਹੀਂ ਸੀ, ਉਥੇ ਮਹਿੰਦਰਜੀਤ ਨੂੰ ਆਪਣੇ ਨਵੇਂ ਘਰ ਦੇ ਰੂਪ ਵਿਚ ਅਗੇ ਵਧਣ ਦੀ ਵੀ ਚਾਹ ਸੀ ਅਤੇ ਅੱਗੇ ਪੜ੍ਹਨ ਤੇ ਤਰੱਕੀ ਕਰਨ ਦੀ ਵੀ ਇੱਛਾ ਸੀ। ਮੈਂ ਵੀ ਉਸ ਦੀ ਪੜ੍ਹਾਈ ਤੇ ਕਲਾ ਰੁਚੀਆਂ ਨੂੰ ਪ੍ਰਫ਼ੁੱਲਿਤ ਕਰਨ ਵਿਚ ਦਿਲਚਸਪੀ ਵਿਖਾਈ ਅਤੇ ਜਿੱਥੇ-ਜਿੱਥੇ ਵੀ ਮੈਂ ਨੌਕਰੀ ਦੇ ਸੰਬੰਧ ਵਿਚ ਰਿਹਾ, ਉਸ ਨੇ ਮੇਰਾ ਪੂਰਾ-ਪੂਰਾ ਸਾਥ ਨਿਭਾਇਆ। 1951-52 ਵਿਚ ਹੀ ਉਹ ਅਕਾਸ਼ਬਾਣੀ ਜਲੰਧਰ ਦੀ ਸੁਗਮ-ਸੰਗੀਤ ਦੀ ਕਲਾਕਾਰ ਵਜੋਂ ਰੇਡੀਓ ਪ੍ਰੋਗਰਾਮ ਦੇਣ ਲਗ ਪਈ। ਜਦੋਂ 1955 ਵਿਚ ਮੇਰੀਆਂ ਸੇਵਾਵਾਂ ਸਮਾਪਤ ਕਰ ਦਿੱਤੀਆਂ ਗਈਆਂ ਤਾਂ ਉਸ ਨੇ ਰਾਤ-ਦਿਨ ਇਕ ਕਰਕੇ ਮੇਰਾ ਪੂਰਾ ਸਾਥ ਨਿਭਾਇਆ। ਉਨ੍ਹਾਂ ਦਿਨਾਂ ਵਿਚ ਹੀ ਉਸ ਨੇ ਕਾਂਗਰਸ ਦੀਆਂ ਰਾਜਨੀਤਿਕ ਕਾਨਫ਼ਰੰਸਾਂ ਵਿਚ ਇਕ ਆਰਟਿਸਟ ਦੇ ਤੌਰ ਤੇ ਸੇਵਾ ਕੀਤੀ ਅਤੇ ਇੱਥੋਂ ਤੱਕ ਕਿ ਅੰਮ੍ਰਿਤਸਰ ਦੇ ਆਲ ਇੰਡੀਆ ਕਾਂਗਰਸ ਦੇ ਸ਼ੈਸਨ ਵਿਚ ਜਿਹੜਾ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਉਸ ਦੀ ਤਿਆਰੀ ਅਤੇ ਪੇਸ਼ਕਾਰੀ ਵਿਚ ਇਕ ਆਰਟਿਸਟ ਵਜੋਂ ਉਸ ਦੀ ਵੱਡੀ ਭੂਮਿਕਾ ਸੀ। ਜਦੋਂ ਮੈਂ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਆਪਣੀ ਹੀ



Sri Satguru Jagjit Singh Ji eLibrary NamdhariElibrary@gmail.com

ਛੱਡੀ ਆਸਾਮੀ ਉਤੇ ਦੁਬਾਰਾ ਜਾ ਲਗਾ ਤਾਂ ਗੁਰਦਾਸਪੁਰ ਜਾ ਕੇ ਉਸ ਦੀ ਸੰਗੀਤ ਦੀ ਕਲਾਸੀਕਲ ਸਿੱਖਿਆ ਲਈ ਇਕ ਚੰਗਾ ਉਸਤਾਦ ਮਾ. ਜਗਦੀਸ਼ ਰਾਜ ਕੋਹਲੀ ਮਿਲ ਗਿਆ, ਜਿਸ ਨੇ ਸ਼ਾਸਤਰੀ ਸੰਗੀਤ ਵਿਚ ਉਸ ਦੀ ਰੁਚੀ ਨੂੰ ਹੋਰ ਪ੍ਰਪੱਕ ਕਰ ਦਿੱਤਾ ਅਤੇ ਸੁਗਮ-ਸੰਗੀਤ ਉਤੇ ਸ਼ਾਸਤਰੀ ਸੰਗੀਤ ਦੇ ਪ੍ਰਭਾਵ ਨਾਲ ਉਸ ਦੀ ਕਲਾ ਹੋਰ ਚਮਕ ਉੱਠੀ। ਅਗਲੇ ਕੁਝ ਸਾਲਾਂ ਵਿਚ ਮੇਰੇ ਨਾਲ ਉਸ ਨੂੰ ਵੀ ਸਮਾਜਕ ਆਕਰਮਣ ਦਾ ਸ਼ਿਕਾਰ ਹੋਣਾ ਪਿਆ, ਜਿਸ ਦਾ ਅਸੀਂ ਦੋਹਾਂ ਨੇ ਦ੍ਰਿੜ੍ਹਤਾ ਨਾਲ ਮੁਕਾਬਲਾ ਕੀਤਾ। ਕਈ ਲੋਕ ਸਾਡੀ ਇਸ ਸਾਂਝ ਬਾਰੇ ਕਈ ਗ਼ਲਤਫ਼ਹਿਮੀਆਂ ਦਾ ਸ਼ਿਕਾਰ ਸਨ। ਇਥੋਂ ਤੱਕ ਕਿ ਮੇਰੀ ਆਪਣੀ ਮਾਤਾ ਨਾਲ ਵੀ ਕੁਝ ਬੋਲ-ਕੁਬੋਲ ਹੋ ਗਏ, ਜਿਸ ਵਿਚ ਕਈ ਸਾਲ ਬੀਤਣ ਪਿੱਛੋਂ ਮੈਂ ਉਸ ਕੋਲੋਂ ਆਪਣੀ ਜ਼ਿਆਦਤੀ ਲਈ ਖਿਮਾ ਵੀ ਮੰਗ ਲਈ ਸੀ। ਬੇਟੀ ਨਵਜੋਤ ਦੇ ਜਨਮ ਪਿੱਛੋਂ ਸਾਡੀ ਇਹ ਸਾਂਝ ਹੋਰ ਵੀ ਪੱਕੀ ਹੋ ਗਈ। ਜਦੋਂ 1964 ਵਿਚ ਮੈਂ ਅਸਾਧ ਨੇਤਰਰੋਗ ਦਾ ਸ਼ਿਕਾਰ ਹੋ ਗਿਆ ਅਤੇ ਮੈਨੂੰ ਸੀ. ਐੱਮ. ਸੀ. ਹਸਪਤਾਲ ਵਿਚ ਲੰਮੇ ਚਿਰ ਲਈ ਇਲਾਜ ਕਰਾਉਣਾ ਪਿਆ ਤਾਂ ਉਸ ਨੇ ਹੀ ਮੇਰੀ ਸਾਰੀ ਸੇਵਾ ਸੰਭਾਲ ਦੇ ਨਾਲ ਨਾਲ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਵੀ ਨਿਭਾਇਆ। ਇਸ ਸੰਬੰਧ ਵਿਚ ਸਾਡਾ ਸੰਪਰਕ ਦਰਵੇਸ਼ ਲੋਕ ਗਾਇਕ ਸ਼੍ਰੀ ਲਾਲ ਚੰਦ ਯਮਲਾ ਜੱਟ ਨਾਲ ਹੋ ਗਿਆ। ਉਹ ਪਹਿਲਾਂ ਮਹਿੰਦਰਜੀਤ ਦੇ ਪੂਨੇ ਰੇਡੀਓ ਸਟੇਸ਼ਨ ਦੇ ਇਕ ਲੋਕ-ਸੰਗੀਤ ਦੇ ਪ੍ਰੋਗਰਾਮ ਵਿਚ ਜਲੰਧਰ ਰੇਡੀਓ ਸਟੇਸ਼ਨ ਵੱਲੋਂ ਭੇਜੀ ਗਈ ਪਾਰਟੀ ਦਾ ਮੁਖੀ ਬਣ ਕੇ ਗਿਆ ਸੀ। ਮੈਨੂੰ ਵੀ ਉਸ ਸਮੇਂ ਪੂਨੇ ਨਾਲ ਜਾਣਾ ਪਿਆ ਸੀ। ਫਿਰ ਜਦੋਂ ਮੈਂ ਦੁਬਾਰਾ1963 ਵਿਚ ਸਰਕਾਰੀ ਕਾਲਜ ਲੁਧਿਆਣੇ ਆ ਗਿਆ ਤਾਂ ਸਾਡੀ ਇਹ ਸਾਂਝ ਹੋਰ ਵੀ ਪੱਕੀ ਹੁੰਦੀ ਗਈ। ਮਹਿੰਦਰਜੀਤ ਜੋ ਪਹਿਲਾਂ ਕੇਵਲ ਰੇਡੀਓ ਦੇ ਪ੍ਰੋਗਰਾਮਾਂ ਤੱਕ ਹੀ ਵਧੇਰੇ ਰੁਚੀ ਲੈਂਦੀ ਸੀ, ਹੁਣ ਉਸ ਨੂੰ ਬਹੁਤ ਸਾਰੇ ਬਾਹਰਲੇ ਪ੍ਰੋਗਰਾਮ ਵੀ ਕਰਨੇ ਪਏ ਅਤੇ ਇਸ ਸੰਬੰਧ ਵਿਚ ਸਾਡਾ ਲਾਲ ਚੰਦ ਯਮਲਾ ਜੱਟ ਨਾਲ ਸੰਪਰਕ ਬਹੁਤ ਕੰਮ ਆਇਆ।

ਮਹਿੰਦਰਜੀਤ ਨਾਲ ਆਪਣੀ ਸਾਂਝ ਬਾਰੇ ਤਾਂ 'ਛੱਤੀ-ਅੰਮ੍ਰਿਤ' ਦੀਆਂ ਇਹ ਕਾਵਿ-ਪੰਕਤੀਆਂ ਬੜੀਆਂ ਢੁਕਵੀਆਂ ਹਨ : 'ਸਾਂਝਾਂ ਦਰਦ ਦੀਆਂ, ਸੁਖ ਢਲਦਾ ਪਰਛਾਂਵਾਂ' ਅਤੇ ਜਿਸ ਤਰ੍ਹਾਂ ਸਵਰਗਵਾਸੀ ਸ਼੍ਰੀ ਲਾਲ ਚੰਦ ਯਮਲਾ ਜੱਟ ਨੇ ਇਸ ਸੰਕਟ ਵਿਚ ਸਾਡਾ ਸਾਥ ਨਿਭਾਇਆ ਅਤੇ ਇਹ ਸਾਂਝ ਧਰਮ ਭਾਈ ਅਰਥਾਤ ਪਗਵੱਟ ਭਰਾ ਵਿਚ ਬਦਲ ਗਈ। ਅਸੀਂ ਦੋਵੇਂ ਇਕ ਦੂਜੇ ਨੂੰ 'ਭਾਊ' ਕਹਿ ਕੇ ਬੁਲਾਉਣ ਲਗੇ ਅਤੇ ਸਾਡੀ ਇਹ ਸਾਂਝ ਉਸਤਾਦ ਜੀ ਦੇ ਅੰਤਿਮ ਸਵਾਸਾਂ ਤੱਕ ਨਿੱਭੀ ਹੈ। ਇਸ ਸੰਬੰਧ ਵਿਚ ਮੇਰੀ ਆਪਣੀ ਹੀ ਰਚੀ ਹੋਈ ਇਕ ਕਾਵਿ-ਪੰਕਤੀ ਹੈ, ਜੋ ਇਸ ਪਵਿੱਤਰ ਰਿਸ਼ਤੇ ਦੀ ਪ੍ਰਤੀਕ ਰੂਪ ਵਿਚ ਵਿਆਖਿਆ ਕਰ ਜਾਂਦੀ ਹੈ, ਇਕ ਦੋਹਾ ਵੀ ਜੋ ਮੇਰੀ ਕਾਵਿ-ਪੁਸਤਕ 'ਛੱਤੀ ਅੰਮ੍ਰਿਤ' ਵਿਚ ਦਰਜ ਹੈ, ਇਸ



Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਹੈ :

*ਕਸੇਲ ਥੋੜੇ ਨੇ ਜਗ ਤੇ, ਯਮਲੇ ਵਰਗੇ ਯਾਰ,*
*ਪੱਗ ਵੱਟ ਭਰਾ ਨੇ, ਜੀਵਨ ਦੇ ਗ਼ਮ ਖ਼ਾਰ।*

ਅਤੇ ਇਸ ਤੂੰਬੀ ਸਮਰਾਟ ਦੀ ਕਲਾ ਬਾਰੇ ਮੇਰੇ ਇਹ ਬੋਲ ਹਨ:

*ਤਾਰ ਇਕ ਤਾਰੇ ਦੀ ਸਤਾਂ ਸੁਰਾਂ ਵਿਚ ਬੋਲੇ*

ਜਨਵਰੀ 1964 ਤੱਕ ਮੈਂ ਚਾਰ ਬੱਚਿਆਂ ਦਾ ਬਾਪ ਸਾਂ, ਜਿਨ੍ਹਾਂ ਦੇ ਕ੍ਰਮਵਾਰ ਨਾਂ ਹਨ :-ਤੇਜਬੀਰ ਸਿੰਘ, ਰਿਪੁਦਮਨ ਸਿੰਘ, ਨਵਜੋਤ ਕੌਰ ਅਤੇ ਸਵੈਜੋਤ ਕੌਰ। ਛੇਤੀ ਹੀ ਮੇਰੀ ਸੱਸ ਸ਼੍ਰੀਮਤੀ ਹਰਨਾਮ ਕੌਰ ਦਾ ਦੇਹਾਂਤ ਹੋ ਗਿਆ, ਜਿਸ ਨੇ ਮੇਰੀ ਨੇਤਰਹੀਣਤਾ ਨੂੰ ਵੀ ਬੜਾ ਮਹਿਸੂਸ ਕੀਤਾ ਸੀ ਅਤੇ ਉਸ ਤੋਂ ਪਿੱਛੋਂ ਮੇਰੀ ਪਤਨੀ ਨੂੰ ਪਿਤਾ ਦੀ ਸੇਵਾ ਵਿਚ ਆਪਣੇ ਪੇਕੇ ਘਰ ਵਿਚ ਹੀ ਰਹਿਣ ਲਈ ਮਜਬੂਰ ਹੋਣਾ ਪਿਆ ਹੈ। ਮੇਰੇ ਜੀਵਨ ਵਿਚ ਲੰਮੀ ਸਾਂਝ ਨੂੰ, ਜੋ ਹੁਣ ਅੱਧੀ ਸਦੀ ਤੋਂ ਵੀ ਵਧੇਰੇ ਸਮੇਂ ਦੀ ਹੈ, ਮਹਿੰਦਰਜੀਤ ਨੇ ਹੀ ਨਿਭਾਇਆ ਹੈ ਅਤੇ ਦੁਖ-ਸੁਖ ਵਿਚ ਮੇਰਾ ਪੂਰਾ ਸਾਥ ਦਿੱਤਾ ਹੈ। ਉਸ ਨੇ ਹੀ ਸਾਰੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਨੂੰ ਇਕ ਮੁਖੀ ਵਜੋਂ ਨਿਭਾਇਆ ਹੈ। ਮੈਂ ਉਸ ਦੇ ਇਸ ਜੀਵਨ ਸਾਥ ਨੂੰ ਆਪਣਾ ਸੁਭਾਗ ਸਮਝਦਾ ਹਾਂ। ਮੇਰੀਆਂ ਬਹੁਤ ਸਾਰੀਆਂ ਰਚਨਾਵਾਂ ਖ਼ਾਸ ਤੌਰ ਤੇ ਦੋਹਾਂ ਨਾਵਲਾਂ ਅਤੇ 'ਛੱਤੀ ਅੰਮ੍ਰਿਤ' ਦੀਆਂ ਕਵਿਤਾਵਾਂ ਉਸ ਦੇ ਇਸ ਪ੍ਰੇਮ-ਸਨੇਹ ਉਤੇ ਹੀ ਕੇਂਦਰਿਤ ਹਨ। ਮੇਰੇ ਇਕ ਪਰਮ ਮਿੱਤਰ ਸਵਰਗਵਾਸੀ ਸ. ਈਸ਼ਰ ਸਿੰਘ ਅਟਾਰੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਜਦੋਂ ਮੈਂ ਨਾਵਲ ਵਾਰਡ ਨੰ:10 ਅਤੇ ਪੁਸ਼ਪਬਨ ਨੂੰ ਪੜ੍ਹਦਾ ਹਾਂ ਤਾਂ ਸ਼੍ਰੀਮਤੀ ਸੰਤੋਸ਼ ਦੇ ਪਾਤਰ ਵਿਚ ਮੈਨੂੰ ਮਹਿੰਦਰਜੀਤ ਦਾ ਹੀ ਸਰੂਪ ਨਜ਼ਰੀਂ ਪੈਂਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਨੇਤਰਹੀਣਤਾ

1964 ਵਿਚ ਮੈਂ ਤੇ ਪ੍ਰੋ. ਪਰਮਿੰਦਰ ਸਿੰਘ ਪੰਜਾਬੀ ਸਾਹਿਤ ਅਕਾਡਮੀ ਲਈ ਕੁਝ ਫ਼ੰਡ ਇਕੱਠਾ ਕਰਨ ਲਈ ਕਾਨਪੁਰ ਗਏ ਸਾਂ। ਉਥੋਂ ਵਾਪਿਸ ਆ ਕੇ ਮੈਂ ਪਿੰਡ ਕਸੇਲ ਗਿਆ ਜਿਥੇ ਬਾਬਾ ਹਰਨਾਮ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਵਰ੍ਹੀਣੇ ਦਾ ਪਾਠ ਰੱਖਿਆ ਹੋਇਆ ਸੀ। ਜਦੋਂ ਸਰਦੀਆਂ ਦੀਆਂ ਛੁੱਟੀਆਂ ਮੁਕਾ ਕੇ ਮੈਂ ਲੁਧਿਆਣੇ ਵਾਪਸ ਪਹੁੰਚਿਆ ਤਾਂ ਦੂਜੇ-ਤੀਜੇ ਦਿਨ ਪੰਜਾਬੀ ਸਾਹਿਤ ਅਕਾਡਮੀ ਦੇ ਅੰਤਰਿੰਗ ਬੋਰਡ ਦੀ ਇਕੱਤਰਤਾ ਤੋਂ ਪਿੱਛੋਂ ਅਸੀਂ ਘਰਾਂ ਨੂੰ ਵਾਪਿਸ ਆ ਰਹੇ ਸਾਂ ਤਾਂ ਸਰਕਾਰੀ ਕਾਲਜ ਦੇ ਸਾਹਮਣੇ ਵਾਲੀ ਗਲੀ, ਜੋ ਘੁਮਾਰ ਮੰਡੀ ਨੂੰ ਜਾਂਦੀ ਹੈ, ਵਿਚ ਆ ਕੇ ਮੈਨੂੰ ਕੁਝ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਮੇਰੀ ਅੱਖ ਵਿਚ ਕੋਈ ਸਖ਼ਤ ਚੀਜ਼ ਪੈ ਗਈ ਹੋਵੇ। ਮੈਂ ਪਰਮਿੰਦਰ ਸਿੰਘ ਨੂੰ ਸਾਈਕਲ ਰੋਕ ਕੇ ਖਲੋਣ ਲਈ ਕਿਹਾ। ਮੇਰੀ ਅੱਖ ਵਿਚ ਕੋਈ ਸਖ਼ਤ ਚੀਜ਼ ਪੈ ਗਈ ਸੀ। ਮੈਂ ਰੁਮਾਲ ਨਾਲ ਅੱਖ ਨੂੰ ਪੂੰਝਿਆ ਅਤੇ ਅਸੀਂ ਅੱਗੇ ਵੱਲ ਚੱਲ ਪਏ।

ਜਦੋਂ ਮੈਂ ਘਰ ਪੁੱਜਾ ਤਾਂ ਇਕ ਕਰੋਸ਼ੀਏ ਦੇ ਸਿਰੇ ਵਰਗਾ ਗੋਲ ਲਾਲ ਚੱਕਰ ਮੈਨੂੰ ਅੱਖ ਵਿਚ ਦਿਖਾਈ ਦਿੱਤਾ। ਫਿਰ ਸਹਿਜੇ-ਸਹਿਜੇ ਅੰਦਰਲੀ ਅੱਖ ਵਿਚ ਸਫ਼ੈਦੀ ਦੀ ਥਾਂ ਘਸਮੈਲਾਪਣ ਆਉਣ ਲਗਾ। ਜਦ ਦੂਜੇ ਦਿਨ ਉਹ ਵਧਦਾ ਗਿਆ ਤਾਂ ਮੈਨੂੰ ਕੁਝ ਚਿੰਤਾ ਵੀ ਹੋਈ। ਉਸ ਦਿਨ ਮੈਂ ਕਾਲਜ ਵੀ ਗਿਆ, ਪਰ ਨਿਗਾਹ ਵਿਚ ਘਸਮੈਲਾਪਣ ਆਉਣ ਕਰਕੇ ਵਧੇਰੇ ਫ਼ਿਕਰ ਹੋਇਆ। ਪ੍ਰੋ. ਪ੍ਰੀਤਮ ਸਿੰਘ ਜੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਮੈਨੂੰ ਡਾ. ਦਲਜੀਤ ਸਿੰਘ, ਜੋ ਅੱਖਾਂ ਦੇ ਮਾਹਿਰ ਡਾਕਟਰ ਹਨ, ਜੋ ਉਨ੍ਹਾਂ ਦਿਨਾਂ ਵਿਚ ਸਿਧਵਾਂ ਬੇਟ ਦੇ ਸਰਕਾਰੀ ਹਸਪਤਾਲ ਵਿਚ ਲਗੇ ਹੋਏ ਸਨ, ਕੋਲ ਜਾਣ ਲਈ ਕਿਹਾ। ਪਹਿਲਾਂ-ਪਹਿਲ ਤਾਂ ਉਨ੍ਹਾਂ ਨੇ ਸਾਧਾਰਨ ਗੱਲ ਹੀ ਸਮਝੀ, ਪਰ ਜਦੋਂ ਮੈਨੂੰ ਅੰਦਰ ਲਿਜਾ ਕੇ ਉਨ੍ਹਾਂ ਨੇ ਵਿਸ਼ੇਸ਼



Sri Satguru Jagjit Singh Ji eLibrary NamdhariElibrary@gmail.com

ਉਪਕਰਨਾਂ ਰਾਹੀਂ ਮੇਰੀਆਂ ਅੱਖਾਂ ਦੀ ਜਾਂਚ ਕੀਤੀ ਤਾਂ ਇਕਦਮ ਗੰਭੀਰ ਹੋ ਗਏ। ਕਹਿਣ ਲੱਗੇ, "ਚਿੰਤਾ ਵਾਲੀ ਤਾਂ ਕੋਈ ਗੱਲ ਨਹੀਂ, ਤੁਸੀਂ ਸੀ.ਐੱਮ. ਸੀ. ਹਸਪਤਾਲ ਜਾ ਕੇ ਡਾ: ਸਾਈਮਨ ਫ਼ਰੈਂਕਨ ਨੂੰ ਮਿਲ ਕੇ ਉਨ੍ਹਾਂ ਦਾ ਮਸ਼ਵਰਾ ਲਓ।" ਉਨ੍ਹਾਂ ਨੇ ਮੈਨੂੰ ਡਾ. ਫ਼ਰੈਂਕਨ ਦੇ ਨਾਂ ਇਕ ਚਿੱਠੀ ਵੀ ਦੇ ਦਿੱਤੀ।

ਡਾ. ਸਾਈਮਨ ਫ਼ਰੈਂਕਨ ਡੱਚ ਸਨ ਤੇ ਸੀ. ਐੱਮ. ਸੀ. ਹਸਪਤਾਲ ਵਿਚ ਨੇਤਰ ਵਿਭਾਗ ਦੇ ਮੁਖੀ ਸਨ। ਉਨ੍ਹਾਂ ਨੇ ਜਦੋਂ ਅੰਦਰ ਲਿਜਾ ਕੇ ਮੇਰੀਆਂ ਅੱਖਾਂ ਦਾ ਮੁਆਇਨਾ ਕੀਤਾ ਅਤੇ ਖ਼ਾਸ ਮਸ਼ੀਨਾਂ ਦੁਆਰਾ ਜਾਂਚ-ਪੜਤਾਲ ਕੀਤੀ ਤਾਂ ਉਹ ਇਕਦਮ ਗੰਭੀਰ ਹੋ ਗਏ, ਕਹਿਣ ਲਗੇ 'ਫ਼ਿਕਰ ਕਰਨ ਦੀ ਕੋਈ ਬਾਤ ਨਹੀਂ, ਪਰ ਕੁਝ ਸਮਾਂ ਲੰਮਾ ਇਲਾਜ ਚਲੇਗਾ। ਤੁਸੀਂ ਕੋਈ ਫ਼ਿਕਰ ਨਹੀਂ ਕਰਨਾ ਹੈ ਜੀ।' ਬੱਸ ਇਹ ਸੀ ਮੇਰੇ ਅੱਖਾਂ ਦੇ ਰੋਗ ਦਾ ਆਰੰਭ, ਜਿਸ ਨੇ ਮਾਹਿਰ ਡਾਕਟਰਾਂ ਵੱਲੋਂ ਕੀਤੇ ਗਏ ਇਲਾਜ ਉਪਰੰਤ ਵੀ ਮੈਨੂੰ ਦ੍ਰਿਸ਼ਟੀਵਾਨ ਤੋਂ ਸਹਿਜੇ-ਸਹਿਜੇ ਨੇਤਰਹੀਣ ਬਣਾ ਦਿੱਤਾ।

ਕਾਫ਼ੀ ਚਿਰ-ਲੰਮੇ ਸਮੇਂ ਲਈ ਮੇਰਾ ਇਲਾਜ ਸੀ. ਐੱਮ. ਸੀ. ਹਸਪਤਾਲ ਵਿਚ ਚਲਦਾ ਰਿਹਾ। ਕਦੀ ਬਾਹਰਲੇ ਰੋਗੀ ਦੇ ਰੂਪ ਵਿਚ ਅਤੇ ਕਦੀ ਵਾਰਡ ਵਿਚ ਦਾਖ਼ਲ ਹੋ ਕੇ ਅੰਦਰਲੇ ਰੋਗੀ ਦੀ ਹਾਲਤ ਵਿਚ। ਮੈਨੂੰ ਵਾਰਡ ਨੰ: 10 ਵਿਚ ਰਖਿਆ ਗਿਆ, ਜਿਸ ਦੇ ਲੰਮੇਰੇ ਬਿਰਤਾਂਤ ਨੂੰ ਮੈਂ ਆਪਣੇ ਨਾਵਲ ਵਾਰਡ ਨੰ: 10 ਵਿਚ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ। ਵਾਰਡ ਨੰ: 10 ਕੀ ਸੀ? ਹੱਡੀਆਂ ਤੇ ਅੱਖਾਂ ਦੇ ਰੋਗੀਆਂ ਦਾ ਮਿਲਿਆ-ਜੁਲਿਆ ਵਾਰਡ, ਜਿਸ ਵਿਚ ਕੁੱਲ 14 ਮਰੀਜ਼ਾਂ ਲਈ ਥਾਂ ਸੀ, ਪਰ ਇਸ ਵਿਚ ਆਪਣੇ ਇਲਾਜ ਸਮੇਂ ਮੈਨੂੰ ਇਕ ਵੱਖਰੇ ਹੀ ਸੰਸਾਰ ਵਿਚ ਰਹਿਣ ਦਾ ਮੌਕਾ ਮਿਲਿਆ, ਜਿਸ ਵਿਚ ਰੋਗੀ ਭਾਵੇਂ 2-3 ਮਰਜ਼ਾਂ ਦੇ ਹੀ ਸਨ, ਪਰ ਵਾਰਡ ਵਿਚ ਆਵਾਜਾਈ ਰੋਗੀਆਂ ਤੇ ਹਸਪਤਾਲ ਦੇ ਕਰਮਚਾਰੀਆਂ, ਸਫ਼ਾਈ ਸੇਵਕਾਂ, ਨਰਸਾਂ ਅਤੇ ਡਾਕਟਰਾਂ ਤੋਂ ਇਲਾਵਾ, ਰੋਗੀਆਂ ਦੇ ਰਿਸ਼ਤੇਦਾਰਾਂ ਦੀ ਭਰਮਾਰ ਇਕ ਤਰ੍ਹਾਂ ਨਾਲ ਉਹ ਵਚਿਤਰ ਸੰਸਾਰ ਸੀ, ਜੋ ਹਸਪਤਾਲ ਦੇ ਅੰਦਰਲੇ ਮਾਹੌਲ ਤੇ ਬਾਹਰਲੇ ਸੰਸਾਰ ਨਾਲ ਜੁੜਿਆ ਹੋਇਆ ਭਰਪੂਰ ਜੀਵਨ ਅਨੁਭਵ ਸੀ। ਇੱਥੇ ਆ ਕੇ ਕੋਈ ਵੀ ਵਿਅਕਤੀ ਇਕੱਲਾ ਅਨੁਭਵ ਨਹੀਂ ਸੀ ਕਰਦਾ ਸਗੋਂ ਰੋਗੀਆਂ ਦੇ ਦੁਖ-ਸੁਖ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੀਆਂ ਗੱਲਾਂ-ਬਾਤਾਂ ਅਤੇ ਹਰ ਰੋਗੀ ਦੇ ਆਪਣੇ ਰੁਝੇਵਿਆਂ ਦੀ ਯਾਦ, ਆਪਣੇ ਰੋਗ ਦੀ ਚਿੰਤਾ ਤੇ ਕੌੜੀਆਂ-ਮਿੱਠੀਆਂ ਗੱਲਾਂ-ਬਾਤਾਂ ਅੰਦਰਲੇ ਰੋਗੀਆਂ ਨੂੰ ਇਕ ਨਿੱਘੀ ਸਾਂਝ ਵਿਚ ਬੰਨ੍ਹ ਦਿੰਦੀਆਂ ਸਨ।

ਮੇਰੀਆਂ ਅੱਖਾਂ ਦੇ ਅੰਦਰਲੇ ਸਫ਼ੈਦ ਪਾਣੀ ਵਿਟਰੀਅਸ ਹਊਮਰ ਵਿਚ ਖ਼ੂਨ ਦੇ ਕਲਾਟ ਬਣ ਗਏ ਸਨ, ਜਿਨ੍ਹਾਂ ਕਰਕੇ ਨਜ਼ਰ ਧੁੰਦਲੀ ਪੈ ਗਈ ਸੀ। ਇਹ ਅੱਖਾਂ



Sri Satguru Jagjit Singh Ji eLibrary NamdhariElibrary@gmail.com

ਦੀ ਲਾਲੀ ਬਾਹਰਲੀ ਨਹੀਂ ਸੀ, ਸਗੋਂ ਅੱਖ ਦੇ ਅੰਦਰਲੇ ਹਿੱਸੇ ਵਿਚ ਸੀ, ਜਿਸ ਕਾਰਨ ਸਹਿਜੇ-ਸਹਿਜੇ ਨਜ਼ਰ ਘਟਦੀ ਜਾ ਰਹੀ ਸੀ। ਡਾ. ਸਾਈਮਨ ਫ਼ਰੈਂਕਨ ਅਤੇ ਉਨ੍ਹਾਂ ਦੇ ਹੋਰ ਸਾਥੀ ਡਾਕਟਰਾਂ ਡਾ. ਯਮੁਨਾ ਉਜਗਰੀ, ਡਾ. ਸੁਦੇਸ਼ ਚੋਪੜਾ ਅਤੇ ਡਾ. ਰਾਮ ਨਾਰਾਇਣ ਸੂਦ ਸਭ ਬੜੇ ਮਿਲਾਪੜੇ ਅਤੇ ਰੋਗੀਆਂ ਨੂੰ ਪਿਆਰ ਕਰਨ ਵਾਲੇ ਸਨ। ਇਕ ਵਾਰ ਡਾ. ਵੀ. ਸੀ. ਰੈਂਬੋ ਨੇ ਵੀ ਮੇਰੀਆਂ ਅੱਖਾਂ ਦਾ ਮੁਆਇਨਾ ਕੀਤਾ। ਕਈ ਮਹੀਨਿਆਂ ਤੱਕ ਇਲਾਜ ਚਲਦਾ ਰਿਹਾ। ਕਦੀ ਥੋੜ੍ਹੇ ਸਮੇਂ ਲਈ ਅਤੇ ਕਦੀ ਵਧੇਰੇ ਸਮੇਂ ਲਈ ਮੈਨੂੰ ਇਸ ਹਸਪਤਾਲ ਦੇ ਵਾਰਡ ਨੰ: 10 ਵਿਚ ਰਹਿਣਾ ਪਿਆ। ਡਾ. ਸਾਈਮਨ ਫ਼ਰੈਂਕਨ ਨੇ ਬਹੁਤ ਹੀ ਮਾਨਵੀ ਹਮਦਰਦੀ ਅਤੇ ਪ੍ਰੇਮ ਨਾਲ ਮੇਰਾ ਇਲਾਜ ਕੀਤਾ। ਤਿੰਨ ਵਾਰ ਖੱਬੀ ਅੱਖ ਦਾ ਅਪ੍ਰੇਸ਼ਨ ਵੀ ਕੀਤਾ, ਪਰ ਕੋਈ ਲਾਭ ਨਾ ਹੋ ਸਕਿਆ। ਇਸ ਹਸਪਤਾਲ ਦੀ ਇਕ ਵਿਸ਼ੇਸ਼ ਪਰੰਪਰਾ ਸੀ, ਪਤਾ ਨਹੀਂ ਹੁਣ ਉਹ ਉਵੇਂ ਹੀ ਚਲਦੀ ਹੈ ਜਾਂ ਨਹੀਂ, ਪਰ ਜਿਸ ਵੇਲੇ ਮੈਂ ਇਸ ਹਸਪਤਾਲ ਦਾ ਰੋਗੀ ਬਣਿਆ, ਉਸ ਸਮੇਂ ਇਸ ਦਾ ਪ੍ਰਭਾਵ ਮੇਰੇ ਮਨ ਉਤੇ ਬੜਾ ਡੂੰਘਾ ਪਿਆ। ਉਹ ਸੀ ਰੋਗੀਆਂ ਦੇ ਇਲਾਜ ਲਈ ਦਵਾ ਦੇ ਨਾਲ-ਨਾਲ ਦੁਆ ਕਰਨਾ। ਈਸਾਈ ਮਿਸ਼ਨਰੀ ਹਸਪਤਾਲ ਹੋਣ ਕਾਰਨ ਈਸਾ ਜੀ ਦੀ ਹਜ਼ੂਰੀ ਵਿਚ ਪ੍ਰਾਰਥਨਾ ਕਰਨਾ ਤੇ ਸਾਰੇ ਮਸੀਹ ਭਜਨ ਰਲ ਕੇ ਗਾਉਂਦੇ ਤੇ ਸਮੂਹਿਕ ਪ੍ਰਾਰਥਨਾ ਤੋਂ ਪਿੱਛੋਂ ਇਲਾਜ ਦਾ ਕਾਰਜ ਸ਼ੁਰੂ ਕਰਨਾ। ਇਸ ਪ੍ਰਾਰਥਨਾ ਨਾਲ ਰੋਗੀਆਂ ਨੂੰ ਮਾਨਸਿਕ ਤੌਰ ਤੇ ਤਸੱਲੀ ਮਿਲਦੀ ਸੀ। ਇਸ ਹਸਪਤਾਲ ਅਤੇ ਇਸ ਦੇ ਅਮਲੇ-ਫ਼ੈਲੇ ਨਾਲ ਇਲਾਜ ਲਈ ਲੰਮਾ ਸਮਾਂ ਰਹਿਣ ਕਾਰਨ ਇਸ ਦਾ ਵਾਤਾਵਰਨ ਮੈਨੂੰ ਬੜਾ ਸੁਖਾਵਾਂ ਲਗਾ। ਡਾਕਟਰਾਂ ਅਤੇ ਨਰਸਾਂ ਦੇ ਮਾਨਵਵਾਦੀ ਸੇਵਾ ਭਾਵ ਨੇ ਮੇਰੇ ਮਨ ਨੂੰ ਮੱਲੀ ਰਖਿਆ। ਇਸ ਮਾਨਵੀ ਹਮਦਰਦੀ ਦਾ ਮੋੜਵਾਂ ਉੱਤਰ ਦੇਣ ਲਈ ਮੈਨੂੰ ਇਕ ਵੱਡ-ਅਕਾਰੀ ਨਾਵਲ ਵਾਰਡ ਨੰ: 10 ਦੀ ਰਚਨਾ ਕਰਨੀ ਪਈ, ਜਿਸ ਦੇ ਬਿਰਤਾਂਤ ਦਾ ਮੁੱਖ ਕਰਮ ਖੇਤਰ ਭਾਵੇਂ 14 ਬਿਸਤਰੇ ਰੋਗੀਆਂ ਦੇ ਇਸ ਵਾਰਡ ਤੱਕ ਹੀ ਸੀਮਤ ਹੈ, ਪਰ ਜਿਸ ਨੇ ਮੇਰੀ ਸੋਚ ਅਤੇ ਰਚਨਾਤਮਕ ਅਨੁਭਵ ਨੂੰ ਵਿਸ਼ਵਵਿਆਪੀ ਸੰਸਾਰ ਨਾਲ ਜੋੜੀ ਰਖਿਆ ਅਤੇ 1947ਤੋਂ ਲੈ ਕੇ 1964 ਤੱਕ ਦੇ17 ਸਾਲਾਂ ਦੇ ਜੀਵਨ ਕਾਲ ਦੇ ਸਮੁੱਚੇ ਪ੍ਰਤੀਕਰਮ ਇਸ ਨਾਵਲ ਵਿਚ ਅੰਕਿਤ ਕੀਤੇ ਗਏ ਹਨ। ਇਹ ਨਾਵਲ ਵਾਸਤਵ ਵਿਚ ਮੇਰੇ ਆਪਣੇ ਜੀਵਨ ਯਥਾਰਥ ਦਾ ਕਾਲਪਨਿਕ ਚਿੱਤਰ ਹੀ ਨਹੀਂ, ਸਗੋਂ ਸੁਤੰਤਰਤਾ ਪ੍ਰਾਪਤੀ ਤੋਂ ਲੈ ਕੇ ਸਮੁੱਚੇ ਨਹਿਰੂ ਯੁੱਗ ਦਾ ਵਿਸਥਾਰਪੂਰਵਕ ਵਰਣਨ ਹੈ, ਜਿਸ ਵਿਚ ਉਸ ਸਮੇਂ ਦਾ ਮੈਂ, ਮੇਰਾ ਭਾਰਤ ਤੇ ਸੰਸਾਰ ਸਭ ਇਕਸੁਰ ਹਨ। ਇਸ ਹਸਪਤਾਲ ਵਿਚ ਹੀ ਬਣੇ ਮੇਰੇ ਇਕ ਈਸਾਈ ਨੌਜਵਾਨ ਮਿੱਤਰ ਫ਼ਰੈਡੀ ਜੋਜ਼ਫ਼ ਨੇ ਇਸ ਦੇ ਲਿਖਣ ਕਾਰਜ ਵਿਚ ਮੇਰੀ ਸਹਾਇਤਾ ਕੀਤੀ। ਸਾਹਿਤਕ ਤੌਰ ਤੇ ਇਹ ਮੇਰੀ ਹੁਣ ਤੱਕ ਦੀ ਰਚੀ ਹੋਈ ਸ਼ੋਮਣੀ ਰਚਨਾ ਹੈ, ਜਿਸ



Sri Satguru Jagjit Singh Ji eLibrary NamdhariElibrary@gmail.com

ਵਿਚ ਮੇਰਾ ਸਾਰਾ ਸੰਵੇਦਨਸ਼ੀਲ ਆਪਾ ਤੇ ਜੀਵਨ ਦ੍ਰਿਸ਼ਟੀਕੋਣ ਪਸਰਿਆ ਹੋਇਆ ਵੇਖਿਆ ਜਾ ਸਕਦਾ ਹੈ। ਲੇਖਕ ਵਜੋਂ ਮੇਰੇ ਅੰਦਰਲਾ ਸਮਾਲੋਚਕ ਹੁਣ ਸਿਰਜਣਾਤਮਕ ਪ੍ਰਵਾਹ ਵਿਚ ਭਰਪੂਰ ਕਾਲਪਨਿਕ ਉਡਾਰੀਆਂ ਮਾਰ ਰਿਹਾ ਸੀ ਅਤੇ ਮੈਨੂੰ ਰੋਗੀਆਂ ਦੇ ਸੰਸਾਰ ਦਾ ਇਕ ਪਾਤਰ ਬਣਾ ਕੇ ਉਨ੍ਹਾਂ ਨਾਲ ਦੁਖ-ਸੁਖ ਦਾ ਭਾਈਵਾਲ ਬਣਾ ਰਿਹਾ ਸੀ।

ਮੇਰੀ ਨਿਗ੍ਹਾ ਸਹਿਜੇ-ਸਹਿਜੇ ਘਟਦੀ ਜਾ ਰਹੀ ਸੀ ਤੇ ਮੇਰਾ ਰੌਸ਼ਨ ਸੰਸਾਰ ਅੰਧਕਾਰ ਵਿਚ ਬਦਲਣ ਵਾਲਾ ਸੀ। ਮੈਂ ਕੁਝ ਵਧੇਰੇ ਹੀ ਸੋਚਵਾਨ ਅਤੇ ਗੰਭੀਰ ਹੋ ਗਿਆ ਸਾਂ ਅਤੇ ਇਸ ਅਸਾਧ ਰੋਗ ਦੇ ਸਿਟੇ ਵਜੋਂ ਆਉਣ ਵਾਲੇ ਭਵਿਖ ਦਾ ਜੀਵਨ ਚਿੱਤਰ ਡਾਢਾ ਨਿਰਾਸ਼ ਕਰਨ ਵਾਲਾ ਸੀ। ਜਿਹੜਾ ਕੋਈ ਮੇਰੀ ਖ਼ਬਰ ਲੈਣ ਆਉਂਦਾ ਅਤੇ ਆ ਕੇ ਮੇਰੇ ਨਾਲ ਗੱਲਬਾਤ ਕਰਦਾ, ਉਸ ਦੇ ਜਾਣ ਲਗਿਆਂ ਮੇਰੀ ਕੰਨੀ ਆਵਾਜ਼ ਪੈਂਦੀ – 'ਬੇਚਾਰਾ, ਬੜਾ ਲਾਇਕ ਹੁੰਦਾ ਸੀ'। 'ਸੀ' ਸ਼ਬਦ ਸੁਣ ਕੇ ਮੈਨੂੰ ਇੰਝ ਜਾਪਦਾ ਜਿਵੇਂ ਉਨ੍ਹਾਂ ਦੇ ਭਾਣੇ ਮੇਰੀ ਲਿਆਕਤ ਹੁਣ ਸਿਫ਼ਰ ਵਿਚ ਬਦਲ ਗਈ ਹੋਵੇ, ਪਰ ਇਹ ਗੱਲ ਨਹੀਂ ਸੀ। ਇਸ ਨੇਤਰ ਰੋਗ ਕਾਰਨ ਮੇਰੀਆਂ ਅੰਦਰਲੀਆਂ ਸੁਰਤੀਆਂ ਹੋਰ ਜਾਗ ਪਈਆਂ ਸਨ, ਪਰ ਹਕੀਕਤ ਇਹ ਸੀ ਕਿ ਭਵਿਖ ਵਿਚ ਆਉਣ ਵਾਲੀ ਅੰਧਕਾਰਮਈ ਅਵਸਥਾ ਮੈਨੂੰ ਬੜੀ ਡਰਾਉਣੀ ਤੇ ਭੈਭੀਤ ਕਰਨ ਵਾਲੀ ਲਗ ਰਹੀ ਸੀ।

ਇਲਾਜ ਪੂਰੀ ਸੁਹਿਰਦਤਾ ਨਾਲ ਅੱਖਾਂ ਦੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਡਾ. ਸਾਈਮਨ ਫਰੈਂਕਨ ਅਤੇ ਉਨ੍ਹਾਂ ਦੇ ਸਾਥੀ ਕਰ ਰਹੇ ਸਨ, ਪਰ ਮੇਰਾ ਅੰਦਰਲਾ ਹਿਰਦਾ ਸਚਮੁੱਚ ਹੀ ਡੋਲ ਗਿਆ ਸੀ। ਇਕ ਬੰਨੇ ਅੰਦਰਲੀ ਸਰੀਰਕ ਅਤੇ ਮਾਨਸਿਕ ਚਿੰਤਾ, ਦੂਜੇ ਬੰਨੇ ਪਰਿਵਾਰਿਕ ਜ਼ਿੰਮੇਵਾਰੀਆਂ, ਬਿਨਾਂ ਤਨਖ਼ਾਹ ਤੇ ਲੰਮੀ ਛੁਟੀ ਅਤੇ ਭਵਿਖ ਦੀ ਡਾਵਾਂਡੋਲ ਵਾਲੀ ਚਿੰਤਾ ਨੇ ਮੇਰੇ ਜੀਵਨ ਜਹਾਜ਼ ਨੂੰ ਸੰਸਾਰ ਦੇ ਅਥਾਹ ਸਾਗਰ ਦੇ ਭਵਰਾਂ ਵਿਚ ਲਿਆ ਖਲ੍ਹਾਰਿਆ ਸੀ। ਮੇਰੀ ਹਾਲਤ ਬਾਬਾ ਫ਼ਰੀਦ ਦੇ ਇਸ ਕਥਨ ਵਾਲੀ ਸੀ :

*ਫਰੀਦਾ ਸਰਵਰ ਪੰਛੀ ਹੇਕੜੋ ਫਾਹੀਵਾਲ ਪਚਾਸ,*
*ਇਹ ਤਨ ਲਹਿਰੀ ਗੱਡ ਥੀਆ ਸਚੇ ਤੇਰੀ ਆਸ।*

ਮੇਰੇ ਨਾਲ ਮੇਰੇ ਪਰਿਵਾਰ ਨੂੰ ਵੀ ਬੜੀ ਚਿੰਤਾ ਸੀ। ਇਹ ਇਕ ਤਰ੍ਹਾਂ ਨਾਲ ਅਨਿਸਚਿਤਤਾ ਦਾ ਦੌਰ ਸੀ, ਜਿਸ ਨੇ ਮੈਨੂੰ ਪੂਰੀ ਤਰ੍ਹਾਂ ਮਾਨਸਿਕ ਤੌਰ ਤੇ ਘੇਰਿਆ ਹੋਇਆ ਸੀ। ਉਧਰ ਮੇਰਾ ਡਾਕਟਰ ਸੀ ਜਿਸ ਨੇ ਮੈਨੂੰ ਬੈੱਡ ਉਤੇ ਬੈਕ ਰੈਸਟ ਲਗਾ ਕੇ ਸਿਰ ਨੂੰ ਦੋ ਫੁੱਟ ਉਚਾ ਰੱਖ ਕੇ ਸਿੱਧਾ ਲੇਟਣ ਲਈ ਕਿਹਾ ਸੀ। ਅੱਖਾਂ ਉਤੇ ਇਕ ਕਾਲੇ ਕਾਗ਼ਜ਼ਾਂ ਦੀ ਐਨਕ ਲਗਾ ਕੇ ਇਕ ਪਿੰਨ ਪੁਆਇੰਟ ਵਿਚੋਂ ਵੇਖਣ ਲਈ ਕਿਹਾ ਸੀ। ਜਦੋਂ ਮੈਂ ਡਾ. ਫਰੈਂਕਨ ਨੂੰ ਕਹਿੰਦਾ-'ਡਾਕਟਰ ਸਾਹਿਬ, ਮੇਰੀ ਛਾਤੀ ਦੁੱਖਣ ਲਗ



Sri Satguru Jagjit Singh Ji eLibrary NamdhariElibrary@gmail.com

ਪਈ ਹੈ' ਤਾਂ ਉਹ ਮੇਰੀਆਂ ਅੱਖਾਂ ਨੂੰ ਹੱਥ ਲਾ ਕੇ ਕਹਿੰਦੇ। ਇਹ ਬਹੁਤ ਜ਼ਰੂਰੀ ਹਨ- 'ਯੂਅਰ ਆਈਜ਼ ਆਰ ਮੋਰ ਇੰਮਪਾਰਤੈਂਤ' ਅਜਿਹੀ ਹਾਲਤ ਵਿਚ ਹੀ ਹਸਪਤਾਲ ਵਿਚ ਮੇਰੇ ਉਤੇ ਇਕ ਅਪਾਰ ਕਿਰਪਾ ਹੋਈ। ਉਹ ਸੀ ਹਸਪਤਾਲ ਵਿਚ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੇਰਾ ਹਾਲ-ਚਾਲ ਪੁੱਛਣ ਆਉਣਾ। ਹਾਲ-ਚਾਲ ਕੀ, ਉਹ ਤਾਂ ਜੀਵਨ ਦੇ ਇਸ ਰਣਖੇਤਰ ਵਿਚ ਜਿਸ ਵਿਚ ਮੈਂ ਇਕ ਭੀਸ਼ਣ ਰੋਗ ਵਿਚ ਗ੍ਰਸਿਆ ਘੋਲ ਕਰ ਰਿਹਾ ਸਾਂ, ਵਿਚ ਮੇਰੀ ਢਾਲ ਬਣ ਕੇ ਆਏ। ਪਤਾ ਨਹੀਂ ਕਿਵੇਂ, ਆਪ ਜੀ ਨੂੰ ਖ਼ਬਰ ਮਿਲੀ। ਸ਼ਾਇਦ ਕੁਝ ਦਿਨ ਪਹਿਲਾਂ ਮੇਰੇ ਮਾਤਾ ਜੀ ਉਨ੍ਹਾਂ ਦਾ ਦਰਸ਼ਨ ਕਰਨ ਲਈ ਅਤੇ ਬੇਨਤੀ ਕਰਨ ਲਈ ਸ਼੍ਰੀ ਭੈਣੀ ਸਾਹਿਬ ਗਏ ਸਨ। ਜਦੋਂ ਸ਼੍ਰੀ ਸਤਿਗੁਰੂ ਜੀ ਮੇਰੇ ਕੋਲ ਆ ਕੇ ਖੜੇ ਸਨ ਤਾਂ ਮੈਂ ਉਹ ਮਾਲਾ ਜੋ ਕਦੀ ਆਪ ਜੀ ਨੇ ਸ਼੍ਰੀ ਭੈਣੀ ਸਾਹਿਬ ਵਿਖੇ ਲੇਖਕਾਂ ਦੀ ਪੰਜਾਬੀ ਕਾਨਫਰੰਸ ਤੋਂ ਪਿਛੋਂ ਮੈਨੂੰ ਬਖ਼ਸ਼ੀ ਸੀ, ਉਹ ਮੇਰੇ ਕੋਲ ਸੀ। ਮਾਲਾ ਤਾਂ ਮੇਰੇ ਕੋਲ ਸੀ, ਪਰ ਗੁਰਮੰਤਰ ਬਾਰੇ ਮੈਨੂੰ ਥਓ ਪਤਾ ਨਹੀਂ ਸੀ। ਮੈਂ ਅਰਜ਼ ਕੀਤੀ ਸਚੇ ਪਾਤਸ਼ਾਹ! ਇਹ ਮਾਲਾ ਤਾਂ ਤੁਸਾਂ ਮੈਨੂੰ ਬਖ਼ਸ਼ੀ ਸੀ, ਮੈਨੂੰ ਅਗਲਾ ਮਾਰਗ ਵੀ ਦਸ ਦਿਓ, ਆਪ ਜੀ ਨੇ ਉਨ੍ਹਾਂ ਦੇ ਨਾਲ ਆਏ ਇਕ ਸੂਬਾ ਜੀ ਨੂੰ ਹੁਕਮ ਦਿਤਾ-'ਪ੍ਰੋ. ਕਸੇਲ ਜੀ ਨੂੰ ਭਜਨ ਦਸ ਦਿਓ।' ਸੂਬਾ ਜੀ ਨੇ ਮੇਰੇ ਦੋਹਾਂ ਕੰਨਾਂ ਵਿਚ ਗੁਰਮੰਤਰ ਦਾ ਨਾਮ -ਨਾਦ ਸੁਣਾ ਦਿਤਾ ਅਤੇ ਬਸ ਮੇਰੀ ਅਵਸਥਾ ਕੁਝ ਅਜਿਹੀ ਅਡੋਲ ਹੋ ਗਈ, ਜਿਸ ਦਾ ਵਰਣਨ ਸ਼੍ਰੀ ਸੁਖਮਨੀ ਸਾਹਿਬ ਵਿਚ ਆਉਂਦਾ ਹੈ :

*ਜਿਉ ਮੰਦਰ ਕਉ ਥਾਮੈ ਥੰਮਨੁ,*
*ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ।*

ਗੁਰਮੰਤਰ ਦੀ ਬਖ਼ਸ਼ਿਸ਼ ਨੇ ਮੇਰੇ ਮਨ ਦੇ ਡੋਲਦੇ ਜਹਾਜ਼ ਨੂੰ ਅਡੋਲ ਕਰ ਦਿਤਾ ਅਤੇ ਮੈਂ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਮੇਰੀ ਹਾਲਤ ਸੂਫ਼ੀ ਦਰਵੇਸ਼ ਸ਼ਾਹ ਹੁਸੈਨ ਦੇ ਅਨਮੋਲ ਬੋਲਾਂ ਵਾਲੀ ਹੋ ਗਈ :

*ਸਾਈ ਜਿਨ੍ਹਾਂ ਦੇ ਵਲ, ਤਿਨ੍ਹਾਂ ਨੂੰ ਗ਼ਮ ਕੈਂਦਾ ਵੇ ਲੋਕਾ।*

ਕੁਝ ਦਿਨਾਂ ਪਿਛੋਂ ਡਾ. ਸਾਈਮਨ ਫਰੈਂਕਨ ਨੇ ਮੇਰੀ ਖਬੀ ਅੱਖ ਦਾ ਅਪਰੇਸ਼ਨ ਕਰਨ ਦਾ ਨਿਰਣੇ ਕੀਤਾ। ਅਪਰੇਸ਼ਨ ਦੀ ਤਿਆਰੀ ਹੋ ਚੁਕੀ ਸੀ। ਜਦੋਂ ਬਿਸਤਰੇ ਤੋਂ ਚੁੱਕ ਕੇ ਮੈਨੂੰ ਟਰਾਲੀ ਤੇ ਲਿਟਾ ਕੇ ਅਪਰੇਸ਼ਨ ਥੀਏਟਰ ਵੱਲ ਲਿਜਾ ਰਹੇ ਸਨ ਤਾਂ ਮੈਨੂੰ ਇੰਝ ਆਭਾਸ ਹੋਇਆ ਕਿ ਸ਼੍ਰੀ ਸਤਿਗੁਰੂ ਜੀ ਮੇਰੇ ਨਾਲ-ਨਾਲ ਹੀ ਜਾ ਰਹੇ ਹਨ ਅਤੇ ਜਦੋਂ ਮੈਂ ਅਪਰੇਸ਼ਨ ਟੇਬਲ ਉਤੇ ਲੇਟਿਆ ਹੋਇਆ ਸਾਂ ਤਾਂ ਉਦੋਂ ਵੀ ਆਪ ਜੀ ਮੇਰੇ ਕੋਲ ਖੜ੍ਹੇ ਸਨ।

ਅਜਿਹੇ ਹਮਦਰਦ ਤੇ ਮਾਹਿਰ ਡਾਕਟਰ ਤੋਂ ਇਲਾਜ ਕਰਵਾਉਣ ਦੇ ਬਾਵਜੂਦ ਮੇਰੀ ਹਾਲਤ ਵਿਚ ਕੋਈ ਵਿਸ਼ੇਸ਼ ਸੁਧਾਰ ਨਾ ਹੋਇਆ। ਮੇਰੀ ਨਿਰਾਸ਼ਾ ਵਧਦੀ ਹੀ



Sri Satguru Jagjit Singh Ji eLibrary NamdhariElibrary@gmail.com

ਗਈ। ਇਲਾਜ ਭਾਵੇਂ ਸੀ.ਐਮ.ਸੀ. ਹਸਪਤਾਲ ਦਾ ਚਲ ਰਿਹਾ ਸੀ, ਪਰ ਅੱਖਾਂ ਦੇ ਉਸੇ ਭਾਗ ਵਿਚ ਮੁੜ-ਮੁੜ ਖ਼ੂਨ ਦੇ ਕਲਾਟ ਆ ਰਹੇ ਸਨ। ਫਿਰ ਦੂਜੀ ਅੱਖ ਨੂੰ ਵੀ ਇਸੇ ਰੋਗ ਨੇ ਆ ਗ੍ਰਸਿਆ। ਇਨ੍ਹਾਂ ਦਿਨਾਂ ਵਿਚ **ਮਹਿੰਦਰਜੀਤ** ਨੂੰ ਬੜੀ ਨੱਠ-ਭੱਜ ਕਰਨੀ ਪਈ। ਉਸ ਦੀ ਸੰਗੀਤ ਕਲਾ ਸਹਾਈ ਹੋਈ। ਚੰਗੇ ਭਾਗਾਂ ਨੂੰ ਸਵਰਗਵਾਸੀ **ਉਸਤਾਦ ਲਾਲ ਚੰਦ ਯਮਲਾ ਜੱਟ** ਦਾ ਸਹਿਯੋਗ ਪ੍ਰਾਪਤ ਹੋ ਗਿਆ ਤੇ ਮਹਿੰਦਰਜੀਤ ਨੇ ਉਸ ਨਾਲ ਮਿਲ ਕੇ ਬਾਹਰਲੇ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿਤੇ, ਘਰ ਦੀ ਸੇਵਾ ਸੰਭਾਲ, ਬੱਚਿਆਂ ਦੀ ਪੜ੍ਹਾਈ, ਮੇਰਾ ਇਲਾਜ ਤੇ ਖ਼ਬਰਸਾਰ ਲੈਣ ਆਉਣ ਵਾਲੇ ਹਮਦਰਦਾਂ ਦੀ ਆਵਾਜਾਈ ਨੇ ਮੇਰੇ ਮਾਨਸਿਕ ਤਾਣੇ-ਬਾਣੇ ਨੂੰ ਉਲਝਾਈ ਰਖਿਆ। ਇਨ੍ਹਾਂ ਦਿਨਾਂ ਵਿਚ ਹੀ ਮੈਂ ਪੰਜਾਬ ਯੂਨੀਵਰਸਿਟੀ ਦੀ ਮੈਟ੍ਰਿਕ ਪ੍ਰੀਖਿਆ ਦੇ ਪੰਜਾਬੀ ਦੇ ਇਕ ਪੇਪਰ ਦਾ ਪੇਪਰ ਸੈਟਰ ਅਤੇ ਹੈਡ ਐਗਜਾਮੀਨਰ ਸਾਂ, ਜਿਸ ਦਾ ਬਹੁਤਾ ਕਾਰਜ ਮੇਰੇ ਭਰਾਵਾਂ ਵਰਗੇ ਮਿਤਰ ਪ੍ਰੋ. ਪਰਮਿੰਦਰ ਸਿੰਘ ਨੇ ਨਿਭਾਇਆ ਅਤੇ ਮੈਂ ਤਾਂ ਕੇਵਲ ਮੁਲਾਂਕਣ ਸੂਚੀਆਂ ਤੇ ਅੱਖਾਂ ਬੰਦ ਕਰਕੇ ਹਸਤਾਖਰ ਹੀ ਕਰਦਾ ਰਿਹਾ ਸਾਂ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਦੋਂ ਮੇਰੀ ਇਸ ਸਥਿਤੀ ਦਾ ਪਤਾ ਲਗਾ ਤਾਂ ਉਹ ਮੈਨੂੰ ਸ਼੍ਰੀ ਜੀਵਨ ਨਗਰ ਲੈ ਗਏ, ਜਿਥੇ ਉਨ੍ਹਾਂ ਦੇ ਨਿਜੀ ਵੈਦ **ਡਾਕਟਰ ਤਰਲੋਕ ਸਿੰਘ** ਨੇ ਮੇਰਾ ਕੁਦਰਤੀ ਚਿਕਿਤਸਾ ਪ੍ਰਣਾਲੀ ਨਾਲ ਇਲਾਜ ਕਰਨਾ ਸ਼ੁਰੂ ਕਰ ਦਿਤਾ। ਟੱਬ ਇਸ਼ਨਾਨ, ਭਾਫ਼ ਇਸ਼ਨਾਨ ਅਤੇ ਲੰਮਾ ਉਪਵਾਸ ਕਰਵਾਇਆ, ਜੋ ਲਗਭਗ ਢਾਈ ਮਹੀਨੇ ਤਕ ਜਾਰੀ ਰਿਹਾ। ਸ਼੍ਰੀ ਸਤਿਗੁਰੂ ਜੀ ਜਦੋਂ ਜੀਵਨ ਨਗਰ ਆਉਂਦੇ ਤਾਂ ਉਨ੍ਹਾਂ ਦੇ ਦਰਸ਼ਨ ਕਰ ਕੇ ਮਨ ਨੂੰ ਬੜੀ ਧਰਵਾਸ ਮਿਲਦੀ। ਮੇਰੇ ਸੀ. ਐਮ. ਸੀ. ਵਾਲੇ ਦੋਸਤ ਫਰੈਡੀ ਜੋਜ਼ਫ ਨੇ ਇਨ੍ਹਾਂ ਦਿਨਾਂ ਵਿਚ ਮੇਰੀ ਬੜੀ ਟਹਿਲ ਸੇਵਾ ਕੀਤੀ। ਭਾਵੇਂ ਕੁਦਰਤੀ ਇਲਾਜ ਕਾਰਨ ਮੇਰੇ ਸਰੀਰ ਅੰਦਰ ਕਮਜ਼ੋਰੀ ਆ ਗਈ ਸੀ, ਪਰ ਮਾਨਸਿਕ ਤੌਰ ਤੇ ਮੈਂ ਚੜ੍ਹਦੀਕਲਾ ਵਿਚ ਸਾਂ। ਸਤਿਗੁਰੂ ਜੀ ਨੇ ਆਤਮਿਕ ਸ਼ਕਤੀ ਪ੍ਰਦਾਨ ਕਰ ਦਿਤੀ ਸੀ। ਕੁਝ ਦਿਨ ਮੇਰਾ ਵੱਡਾ ਲੜਕਾ ਤੇਜਬੀਰ ਸਿੰਘ ਵੀ ਉਥੇ ਰਿਹਾ। ਮਹਿੰਦਰਜੀਤ ਤੇ ਉਸਤਾਦ ਜੀ ਵੀ ਕਈ ਵਾਰ ਚਕਰ ਮਾਰ ਜਾਂਦੇ ਸਨ। ਸਤਿਗੁਰੂ ਜੀ ਸੰਗੀਤ ਕਲਾ ਦੇ ਪ੍ਰੇਮੀਆਂ ਤੇ ਕਲਾਕਾਰਾਂ ਨੂੰ ਸਦਾ ਨਿਵਾਜਦੇ ਰਹਿੰਦੇ ਹਨ। ਉਸਤਾਦ ਜੀ ਉਤੇ ਵੀ ਉਨ੍ਹਾਂ ਦੀ ਮਿਹਰ ਦੀ ਨਜ਼ਰ ਸੀ ਤੇ ਆਪ ਲਾਲ ਚੰਦ ਦੀ ਥਾਂ ਕਈ ਵਾਰ ਉਸ ਨੂੰ 'ਰੈੱਡ ਮੂਨ' ਕਹਿ ਕੇ ਬੁਲਾਉਂਦੇ ਹੁੰਦੇ ਸਨ। ਮੈਂ ਤਿੰਨ-ਚਾਰ ਮਹੀਨੇ ਸ਼੍ਰੀ ਜੀਵਨ ਨਗਰ ਹੀ ਰਿਹਾ, ਡਾ. ਤਰਲੋਕ ਸਿੰਘ ਦਾ ਕੁਦਰਤੀ ਇਲਾਜ ਜਾਰੀ ਰਿਹਾ ਅਤੇ ਨਾਲ-ਨਾਲ ਹੀ ਮੈਂ ਨਿਤਨੇਮ ਤੇ ਸ਼ਾਮ ਦੇ ਦੀਵਾਨ ਵਿਚ ਹਾਜ਼ਰੀ ਵੀ ਭਰਦਾ ਰਿਹਾ। ਮੈਨੂੰ ਕਈ ਨਾਮਧਾਰੀ ਸੰਤ ਪੁਰਸ਼ਾਂ ਤੇ ਉਥੋਂ ਦੇ ਸਥਾਨਕ ਲੇਖਕਾਂ ਨਾਲ ਵੀ ਮੇਲ-ਜੋਲ ਦਾ ਮੌਕਾ ਮਿਲਿਆ। **ਮਾ. ਨਿਹਾਲ**



Sri Satguru Jagjit Singh Ji eLibrary NamdhariElibrary@gmail.com

ਸਿਘ ਜੀ, ਸੰਤ ਤਰਨ ਸਿੰਘ ਵਹਿਮੀ ਤੇ ਹੋਰ ਬਹੁਤ ਸਾਰੇ ਸੱਜਣ ਮਿਲਦੇ-ਜੁਲਦੇ ਰਹੇ। ਮਹਾਰਾਜ ਬਾਬਾ ਬੀਰ ਸਿੰਘ ਤੇ ਬੇਬੇ ਜੀ ਵੀ ਸਤਿਗੁਰੂ ਜੀ ਦੀ ਗ਼ੈਰ-ਹਾਜ਼ਰੀ ਵਿਚ ਵਿਸ਼ੇਸ਼ ਤੌਰ ਤੇ ਧਿਆਨ ਰਖਦੇ ਰਹੇ। ਮੈਂ ਆਪਣਾ ਸਮਾਂ ਸਫਲਾ ਕਰਨ ਲਈ ਵੱਡੇ ਠਾਕੁਰ ਜੀ ਨੂੰ ਕੁਝ ਸਮਾਂ ਪੜ੍ਹਾਈ ਲਈ ਵੀ ਦਿੰਦਾ ਰਿਹਾ। ਕੁਦਰਤੀ ਇਲਾਜ ਨਾਲ ਮੇਰੀ ਨਿਗ੍ਹਾ ਵਿਚ ਤਾਂ ਸੁਧਾਰ ਨਾ ਹੋ ਸਕਿਆ, ਪਰ ਜਿਹੜਾ ਖ਼ੂਨ ਬਾਰ-ਬਾਰ ਅੱਖਾਂ ਵਿਚ ਆਉਂਦਾ ਸੀ, ਉਹ ਬੰਦ ਹੋ ਗਿਆ। ਢਾਈ ਤਿੰਨ ਮਹੀਨੇ ਦੇ ਇਲਾਜ ਪਿਛੋਂ ਮੈਂ ਵਾਪਸ ਲੁਧਿਆਣੇ ਆਪਣੇ ਘਰ ਆ ਗਿਆ। ਹੁਣ ਮੇਰੀ ਹਾਲਤ ਬਿਸਤਰੇ ਦੇ ਰੋਗੀਆਂ ਵਾਲੀ ਭਾਵੇਂ ਨਹੀਂ ਸੀ, ਪਰ ਦ੍ਰਿਸ਼ਟੀਹੀਣ ਹੋ ਜਾਣ ਕਾਰਨ ਕਿਸੇ ਦੂਜੇ ਦੇ ਸਹਾਰੇ ਹੀ ਚਲਨਾ-ਫਿਰਨਾ ਪੈਂਦਾ ਸੀ।

ਅਚਾਨਕ ਇਕ ਦਿਨ **ਡਾ. ਵੀ.ਸੀ.ਰੈਂਬੋ** ਕੁਝ ਡਾਕਟਰਾਂ ਨੂੰ ਨਾਲ ਲੈ ਕੇ ਮੇਰੇ ਘਰ ਆ ਗਏ। ਆਪ ਉਸ ਸਮੇਂ **ਸੀ.ਐੱਮ.ਸੀ. ਹਸਪਤਾਲ** ਤੇ ਕਾਲਜ ਵਲੋਂ ਪੇਂਡੂ ਨੇਤਰ ਸੇਵਾ ਦੇ ਸੰਸਥਾਪਕ ਸਨ। ਉਨ੍ਹਾਂ ਦੇ ਨਾਲ **ਸ਼੍ਰੀ ਈ.ਐਮ. ਜੌਨਸਨ** ਵੀ ਆਏ ਸਨ, ਜੋ ਉਮਰੋਂ ਤਾਂ ਭਾਵੇਂ ਮੇਰੇ ਨਾਲੋਂ ਕੁਝ ਛੋਟੇ ਸਨ, ਪਰ ਕੁਝ ਸਾਲ ਪਹਿਲਾਂ ਉਹ ਵੀ ਆਪਣੀ ਨਿਗ੍ਹਾ ਗਵਾ ਬੈਠੇ ਸਨ। ਉਨ੍ਹਾਂ ਦੇ ਪਿਤਾ **ਸ਼੍ਰੀ ਡੇਵਿਡ ਜੌਨਸਨ** ਮਦਰਾਸ ਵਿਚ ਨਿਵਾਸ ਰਖਦੇ ਸਨ ਤੇ ਰੇਲਵੇ ਵਿਭਾਗ ਦੇ ਉਚ ਅਧਿਕਾਰੀ ਰਹਿ ਚੁਕੇ ਸਨ, ਇਸ ਤੋਂ ਪਹਿਲਾਂ ਉਹ ਦੂਜੇ ਮਹਾਂ ਯੁੱਧ ਵਿਚ ਜ਼ਖ਼ਮੀ ਵੀ ਹੋਏ ਸਨ। ਜੌਨਸਨ ਸਾਹਿਬ ਦਾ ਪਹਿਲਾਂ ਵੈਲੋਰ ਦੇ ਹਸਪਤਾਲ ਵਿਚ ਇਲਾਜ ਹੋਇਆ, ਫਿਰ ਅਮਰੀਕਾ ਦੇ ਬੋਸਟਨ ਨਗਰ ਵਿਖੇ ਉਨ੍ਹਾਂ ਦੀ ਸਿਖਲਾਈ ਹੋਈ ਤੇ ਸੀ.ਐਮ.ਸੀ. ਹਸਪਤਾਲ ਵਿਚ ਉਨ੍ਹਾਂ ਨੂੰ ਨੇਤਰਹੀਣ ਪੁਨਰਵਾਸ ਕੇਂਦਰ ਦਾ ਡਾਇਰੈਕਟਰ ਬਣਾਇਆ ਗਿਆ।

ਜੌਨਸਨ ਸਾਹਿਬ ਮੈਨੂੰ ਘਰ ਆ ਕੇ ਸਫੈਦ ਬੈਂਤ ਦੀ ਸੋਟੀ ਨਾਲ ਤੁਰਨਾ ਸਿਖਾਉਂਦੇ ਰਹੇ ਅਤੇ ਫਿਰ ਬਰੇਲ ਟਾਈਪ ਰਾਈਟਰ ਲਿਆ ਕੇ ਬਰੇਲ ਲਿਪੀ ਦਾ ਅਭਿਆਸ ਕਰਾਉਂਦੇ ਰਹੇ। ਸਰਕਾਰੀ ਕਾਲਜ ਦੀ ਨੌਕਰੀ ਵਲੋਂ ਤਾਂ ਮੈਂ ਬਿਨਾਂ ਤਨਖ਼ਾਹ ਛੁਟੀ ਤੇ ਚਲਿਆ ਆ ਰਿਹਾ ਸਾਂ। ਜੌਨਸਨ ਸਾਹਿਬ ਨੇ ਮੇਰੇ ਪੁਨਰਵਾਸ ਲਈ ਵੀ ਯਤਨ ਕਰਨੇ ਆਰੰਭ ਕਰ ਦਿਤੇ ਅਤੇ ਮੈਨੂੰ ਕੁਝ ਮਹੀਨਿਆਂ ਪਿਛੋਂ ਆਪਣੇ ਨਾਲ ਹੀ ਇਕ ਆਸਾਮੀ ਉਤੇ ਬਤੌਰ ਸਮਾਜਿਕ ਸਲਾਹਕਾਰ ਡਾ. ਗਾਸਟ ਜੀ ਦਾ ਆਦੇਸ਼ ਵਾਲਾ ਨਿਯੁਕਤੀ ਪੱਤਰ ਦੇ ਦਿਤਾ ਤੇ ਮੈਂ ਸੀ.ਐਮ.ਸੀ. ਹਸਪਤਾਲ ਦੇ ਪੁਨਰਵਾਸ ਵਿਭਾਗ ਵਿਚ ਸਮਾਜਿਕ ਸਲਾਹਕਾਰ ਦੇ ਤੌਰ ਤੇ ਜੌਨਸਨ ਸਾਹਿਬ ਨਾਲ ਕੰਮ ਕਰਨ ਲਗਾ। ਮੈਨੂੰ ਤਨਖ਼ਾਹ ਜੋ ਮੈਂ ਸਰਕਾਰੀ ਕਾਲਜ ਵਿਚ ਲੈਂਦਾ ਸਾਂ, ਉਹੀ ਦਿਤੀ ਜਾਂਦੀ ਰਹੀ। ਜੌਨਸਨ ਸਾਹਿਬ ਨਾਲ ਕੰਮ ਕਰਕੇ ਮੈਨੂੰ ਮਾਨਸਿਕ ਰਾਹਤ ਪ੍ਰਾਪਤ ਹੋਈ। ਅਸੀਂ ਪਿੰਡਾਂ ਵਿਚ ਬਾਹਰ ਜਾਂਦੇ, ਬਲਾਕ ਡਵੈਲਪਮੈਂਟ ਅਫ਼ਸਰਾਂ ਦੀ ਸਹਾਇਤਾ ਨਾਲ ਉਥੋਂ ਦੇ ਨੇਤਰਹੀਣਾਂ ਨੂੰ ਮਿਲਦੇ, ਜਿਨ੍ਹਾਂ ਦਾ ਇਲਾਜ ਹੋ ਸਕਦਾ



Sri Satguru Jagjit Singh Ji eLibrary NamdhariElibrary@gmail.com

ਸੀ, ਉਨ੍ਹਾਂ ਦਾ ਇਲਾਜ ਕਰਵਾ ਦੇਂਦੇ ਅਤੇ ਜਿਨ੍ਹਾਂ ਵਿਚ ਸੁਧਾਰ ਹੋਣ ਦੀ ਸੰਭਾਵਨਾ ਨਹੀਂ ਸੀ, ਉਨ੍ਹਾਂ ਨੂੰ ਵਿਸ਼ੇਸ਼ ਕਿੱਤਿਆਂ ਦੀ ਸਿਖਲਾਈ ਕਰਾਉਂਦੇ। ਇਸ ਤਰ੍ਹਾਂ ਇਹ ਨੇਤਰਹੀਣਾਂ ਦਾ ਪੁਨਰਵਾਸ ਕੇਂਦਰ ਕਈ ਨੇਤਰਹੀਣਾਂ ਦੇ ਉਥਾਨ ਤੇ ਪੁਨਰਵਾਸ ਵਿਚ ਸਹਾਈ ਹੋਇਆ।

ਲੁਧਿਆਣੇ ਦੇ ਮਿਲਰਗੰਜ ਇਲਾਕੇ ਵਿਚ ਕਲਸੀਆਂ ਵਾਲੇ ਸੰਤ ਬਾਬੇ ਦਾ ਆਸ਼ਰਮ ਸੀ। ਉਥੇ ਵੀ ਨੇਤਰਹੀਣ ਤੇ ਅਪੰਗ ਵਿਅਕਤੀਆਂ ਲਈ ਇਕ ਅਰਧ ਸਰਕਾਰੀ ਕੇਂਦਰ ਚਲਾਇਆ ਜਾ ਰਿਹਾ ਸੀ, ਜਿਸ ਦੀ ਸਾਡੇ ਸੀ.ਐੱਮ.ਸੀ. ਦੇ ਕੇਂਦਰ ਵਲੋਂ ਵੀ ਸਹਾਇਤਾ ਕੀਤੀ ਜਾਂਦੀ ਸੀ। ਇਸ ਆਸ਼ਰਮ ਵਿਚ ਵੀ ਮੈਨੂੰ ਕੁਝ ਸਮਾਂ ਸੇਵਾ ਕਰਨੀ ਪੈਂਦੀ ਅਤੇ ਕੁਝ ਸਮਾਂ ਜੌਨਸਨ ਸਾਹਿਬ ਨਾਲ ਬਾਹਰ ਜਾ ਕੇ ਨਵੇਂ ਰੋਗੀਆਂ ਦੀ ਭਾਲ ਵਿਚ ਪਿੰਡਾਂ ਵਿਚ ਜਾਣਾ ਪੈਂਦਾ।

ਜੌਨਸਨ ਸਾਹਿਬ ਮਦਰਾਸੀ ਸਨ। ਉਹ ਪੰਜਾਬੀ, ਹਿੰਦੀ ਘੱਟ ਬੋਲ ਸਕਦੇ ਸਨ। ਬਹੁਤਾ ਅੰਗ੍ਰੇਜ਼ੀ ਵਿਚ ਹੀ ਗੱਲ ਕਰਦੇ ਅਤੇ ਜਦੋਂ ਉਨ੍ਹਾਂ ਨੇ ਆਪਣਾ ਭਾਸ਼ਣ ਅੰਗ੍ਰੇਜ਼ੀ ਵਿਚ ਦੇਣਾ ਹੁੰਦਾ ਤਾਂ ਮੈਂ ਦੁਭਾਸ਼ੀਏ ਦੀ ਸੇਵਾ ਵੀ ਨਿਭਾ ਦਿੰਦਾ। ਕੁਝ ਵਿਦੇਸ਼ੀ ਡਾਕਟਰਾਂ ਦੇ ਸੰਬੰਧ ਵਿਚ ਵੀ ਮੈਨੂੰ ਦੁਭਾਸ਼ੀਏ ਦਾ ਇਹੋ ਕਾਰਜ ਕਰਨਾ ਪੈਂਦਾ। ਜੌਨਸਨ ਸਾਹਿਬ ਤੇ ਕੁਝ ਹੋਰ ਸਜਣਾਂ ਦੇ ਯਤਨ ਮੇਰੇ ਪੁਨਰਵਾਸ ਵਿਚ ਵੀ ਸਹਾਈ ਹੋਏ।

ਜਦੋਂ ਮੈਂ ਜੀਵਨ ਨਗਰ ਵਿਚ ਕੁਦਰਤੀ ਇਲਾਜ ਕਰਵਾ ਰਿਹਾ ਸਾਂ ਤਾਂ ਇਕ ਦਿਨ ਦੁਪਹਿਰ ਸਮੇਂ ਜਦੋਂ ਮੈਂ ਬਾਹਰ ਮੰਜੇ ਉਤੇ ਧੁੱਪ ਵਿਚ ਲੇਟਿਆ ਹੋਇਆ ਸਾਂ ਤਾਂ ਮੈਨੂੰ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ, ਜਿਨ੍ਹਾਂ ਦੇ ਚਰਨ ਘੁੱਟਣ ਦਾ ਮੈਨੂੰ ਸੁਪਨੇ ਵਿਚ ਹੀ ਸੁਭਾਗ ਪ੍ਰਾਪਤ ਹੋਇਆ। ਜਦੋਂ ਮੈਂ ਦੂਜੇ ਦਿਨ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਹ ਗੱਲ ਦਸੀ ਤਾਂ ਆਪ ਜੀ ਨੇ ਬਚਨ ਕੀਤਾ ਕਿ, 'ਸੇਠ ਤਰਲੋਕ ਸਿੰਘ ਕਹਿੰਦੇ ਹੁੰਦੇ ਨੇ, ਜਦੋਂ ਇਸ ਤਰ੍ਹਾਂ ਸਤਿਗੁਰੂ ਜੀ ਦੇ ਦਰਸ਼ਨ ਹੁੰਦੇ ਨੇ, ਤਾਂ ਕੋਈ ਵੱਡਾ ਇਨਾਮ ਕਰਾਮ ਪ੍ਰਾਪਤ ਹੁੰਦਾ ਹੈ।' ਮੈਂ ਅਰਜ਼ ਕੀਤੀ, 'ਸੱਚੇ ਪਾਤਸ਼ਾਹ! ਉਹ ਬਖ਼ਸ਼ਿਸ਼ ਤਾਂ ਮੇਰੇ ਉਤੇ ਵੱਡੇ ਸਤਿਗੁਰੂ ਜੀ ਵਲੋਂ ਹੋ ਗਈ, ਪਰ ਇਹ ਜੋ ਮੋਹਰ ਤੁਸਾਂ ਲਗਾ ਦਿਤੀ ਹੈ, ਇਹ ਹੋਰ ਵੀ ਮੇਰੇ ਵਡਭਾਗ ਹਨ।' ਇਕ ਵਾਰ ਮੈਂ ਤੇ ਮੇਰਾ ਸਹਾਇਕ ਫਰੈਡੀ ਜੋਜ਼ਫ ਜਦੋਂ ਬਾਹਰ ਸੈਰ ਕਰਨ ਲਈ ਗਏ ਤਾਂ ਸਤਿਗੁਰੂ ਜੀ ਦੇ ਰਸਤੇ ਵਿਚ ਵੀ ਦਰਸ਼ਨ ਹੋਏ। ਪਤਾ ਨਹੀਂ ਉਨ੍ਹਾਂ ਨਾਲ ਹੋਰ ਕਿਹੜੇ ਸਰੀਰ ਸਨ। ਆਪ ਜੀ ਨੇ ਮੇਰੇ ਵੱਲ ਇਸ਼ਾਰਾ ਕਰਕੇ ਇਹ ਬਚਨ ਤਿੰਨ ਵਾਰ ਆਪਣੇ ਮੁਖਾਰਬਿੰਦ ਤੋਂ ਦੁਹਰਾਏ, 'ਇਨ੍ਹਾਂ ਉਤੇ ਸਤਿਗੁਰੂ ਜੀ ਦੀ ਬੜੀ ਕਿਰਪਾ ਹੈ। ਸਤਿਗੁਰੂ ਦੀ ਬੜੀ ਕਿਰਪਾ ਹੈ। ਸਤਿਗੁਰੂ ਜੀ ਦੀ ਬੜੀ ਕਿਰਪਾ ਹੈ।'

ਜਦੋਂ ਮੈਂ ਲੁਧਿਆਣੇ ਆਪਣੇ ਘਰ ਵਿਚ ਸਾਂ ਤਾਂ ਕੁਝ ਚਿਰ ਰਹਿ ਚੁਕੇ ਪੰਜਾਬ



Sri Satguru Jagjit Singh Ji eLibrary NamdhariElibrary@gmail.com

ਕਾਂਗਰਸ ਦੇ ਪ੍ਰਧਾਨ ਤੇ ਪੰਜਾਬ ਦੇ ਮੁਖ ਮੰਤਰੀ ਗਿ. **ਗੁਰਮੁਖ ਸਿੰਘ ਮੁਸਾਫਿਰ** ਮੇਰਾ ਹਾਲ-ਚਾਲ ਪੁਛਣ ਆਏ। ਮੈਨੂੰ ਕਹਿਣ ਲਗੇ, 'ਕਸੇਲ, ਦਸ ਤੇਰੀ ਕਿਵੇਂ ਮਦਦ ਕਰੀਏ।' ਮੈਂ ਕਿਹਾ, 'ਮੁਸਾਫਿਰ ਜੀ, ਜਦੋਂ ਤੁਸੀਂ ਮੁਖ ਮੰਤਰੀ ਸੋ ਤਾਂ **ਸ. ਮੁਬਾਰਕ ਸਿੰਘ ਜੀ** ਦੀ ਜੇਬ ਵਿਚ ਮੇਰਾ ਬਿਨੈ-ਪਤਰ ਪਿਆ ਰਿਹਾ। ਉਦੋਂ ਤੁਸੀਂ ਜੋ ਜੀਅ ਚਾਹੁੰਦੇ ਕਰ ਸਕਦੇ ਸੀ। ਹੁਣ ਤੁਸੀਂ ਕੀ ਕਰੋਗੇ।' ਮੁਸਾਫ਼ਿਰ ਜੀ ਕਹਿਣ ਲਗੇ, 'ਨਹੀਂ, ਤੂੰ ਗ਼ੁੱਸਾ ਕਰ ਗਿਆ ਹੈਂ, ਹੁਣ ਵੀ ਮੁਖ ਮੰਤਰੀ **ਸ. ਲਛਮਣ ਸਿੰਘ ਗਿੱਲ** ਸਾਡਾ ਮਿਤਰ ਹੈ।' ਮੈਂ ਕਿਹਾ, 'ਮੁਸਾਫਿਰ ਜੀ, ਫਿਰ ਤੁਸੀਂ ਇੰਝ ਕਰੋ ਕਿ ਜਿਹੜਾ ਕੰਮ ਮੈਂ ਇਸ ਵਕਤ ਸੀ.ਐਮ.ਸੀ. ਦੇ ਨੇਤਰਹੀਣ ਪੁਨਰਵਾਸ ਕੇਂਦਰ ਦੀ ਸੇਵਾ ਵਿਚ ਰਹਿ ਕੇ ਕਰ ਰਿਹਾ ਹਾਂ, ਤੁਸੀਂ ਮੈਨੂੰ ਕਿਸੇ ਅਜਿਹੇ ਦੇਸ਼ ਵਿਚ ਭਿਜਵਾ ਦਿਓ, ਜਿਥੇ ਮੈਂ ਕੰਮ ਕਰਕੇ ਆਪਣੇ ਟੱਬਰ ਦਾ ਨਿਰਬਾਹ ਕਰ ਸਕਾਂ।

ਇਨ੍ਹਾਂ ਹੀ ਦਿਨਾਂ ਵਿਚ **ਸ. ਕਿਰਪਾਲ ਸਿੰਘ ਨਾਰੰਗ** ਜੋ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ, ਨੇ ਮੈਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵਿਸ਼ੇਸ਼ ਭਾਸ਼ਣ ਦੇਣ ਲਈ ਬੁਲਾ ਭੇਜਿਆ। ਮੈਂ ਆਪਣੇ ਇਕ ਸ਼ਿਸ਼ ਗੋਪਾਲ ਚੰਦ ਨੂੰ ਜੋ ਹੁਣ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐੱਮ.ਏ. ਵਿਚ ਪੜ੍ਹ ਰਿਹਾ ਸੀ, ਨੂੰ ਬੁਲਾ ਭੇਜਿਆ ਅਤੇ ਕਲਸੀਆ ਆਸ਼ਰਮ ਦੇ ਇਕ ਨੌਜਵਾਨ ਮਹਿੰਦਰ ਸਿੰਘ ਸੋਹੀ ਨੂੰ ਨਾਲ ਲਿਜਾ ਕੇ ਇਕ ਹਫਤਾ ਪਟਿਆਲੇ ਵਿਚ ਰਹਿ ਕੇ 4 ਭਾਸ਼ਨ ਪੰਜਾਬੀ ਦੀਆਂ ਐੱਮ. ਏ. ਜਮਾਤਾਂ ਨੂੰ ਦਿੱਤੇ। ਇਸ ਅਵਸਰ ਉਤੇ ਸ਼੍ਰੀ ਈ.ਐਮ.ਜੌਨਸਨ ਅਮਰੀਕਾ ਵਿਚੋਂ ਆਏ ਡਾ. ਸਟਲੇ ਨੂੰ ਲੈ ਕੇ ਆ ਪਹੁੰਚੇ, ਜਿਨ੍ਹਾਂ ਨੇ ਮੈਨੂੰ ਭਾਸ਼ਨ ਦਿੰਦਿਆਂ ਸੁਣਿਆਂ ਤੇ ਮੇਰੀ ਪ੍ਰਸ਼ੰਸਾ ਅਤੇ ਹੌਂਸਲਾ ਅਫਜ਼ਾਈ ਵੀ ਕੀਤੀ। ਮੈਂ ਆਪਣੇ ਪਰਮ ਮਿਤਰ ਤੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸਰਪ੍ਰਸਤ ਗਿ. **ਲਾਲ ਸਿੰਘ ਜੀ** ਨੂੰ ਵੀ ਮਿਲਿਆ, ਜੋ ਉਸ ਸਮੇਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸਨ ਅਤੇ ਸਾਡੇ ਵਲੋਂ ਬਣਾਈ ਗਈ ਸੰਸਥਾ 'ਪੰਜਾਬੀ ਸਾਹਿਤ ਸਮੀਖਿਆ ਬੋਰਡ' ਦੇ ਵੀ ਕਈ ਸਾਲ ਪ੍ਰਧਾਨ ਰਹਿ ਚੁਕੇ ਸਨ, ਜਿਸ ਦੀ ਮੈਂ ਵੀ ਕਈ ਸਾਲ ਜਨਰਲ ਸਕਤਰ ਵਜੋਂ ਸੇਵਾ ਕੀਤੀ ਸੀ। ਇਸ ਅਵਸਰ ਉਤੇ ਮੈਨੂੰ ਇਕ ਹੋਰ ਭਲੇ ਪੁਰਸ਼ **ਡਾ. ਤਾਰਨ ਸਿੰਘ** ਨੂੰ ਕਾਫੀ ਚਿਰ ਪਿਛੋਂ ਮਿਲਣ ਦਾ ਮੌਕਾ ਮਿਲਿਆ। ਉਹ ਹੁਣ ਪੰਜਾਬੀ ਯੂਨੀਵਰਸਿਟੀ ਵਿਚ ਗੁਰੂ ਗ੍ਰੰਥ ਅਧਿਐਨ ਵਿਭਾਗ ਦੇ ਮੁਖੀ ਵਜੋਂ ਕੰਮ ਕਰ ਰਹੇ ਸਨ। ਉਨ੍ਹਾਂ ਨੇ ਹੀ ਜਦੋਂ ਮੈਂ ਸ਼ੁਰੂ ਸ਼ੁਰੂ ਵਿਚ ਸੀ.ਐਮ.ਸੀ. ਹਸਪਤਾਲ ਵਿਚ ਨੇਤਰ ਰੋਗ ਦਾ ਇਲਾਜ ਕਰਵਾ ਰਿਹਾ ਸਾਂ ਤਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਕੁਝ ਪ੍ਰੋਫ਼ੈਸਰ ਸਾਹਿਬਾਨ ਨੂੰ ਨਾਲ ਲਿਜਾ ਕੇ ਮੇਰੀ ਤੰਦਰੁਸਤੀ ਲਈ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕੀਤੀ ਸੀ।

ਮੈਂ ਉਨ੍ਹਾਂ ਦੇ ਨਾਲ ਰਿਕਸ਼ੇ ਵਿਚ ਬੈਠ ਕੇ ਗਿ. ਲਾਲ ਸਿੰਘ ਜੀ ਨੂੰ ਉਨ੍ਹਾਂ ਦੇ



Sri Satguru Jagjit Singh Ji eLibrary NamdhariElibrary@gmail.com

ਨਿਵਾਸ ਪਾਸੀ ਰੋਡ ਉਤੇ ਮਿਲਣ ਚਲਾ ਗਿਆ। ਰਿਕਸ਼ੇ ਵਿਚ ਬੈਠਿਆਂ ਉਨ੍ਹਾਂ ਨੇ ਮੈਨੂੰ ਘੁਟ ਕੇ ਜਫੀ ਪਾ ਲਈ। ਆਪਣੀ ਜੇਬ ਵਿਚੋਂ ਇਕ ਲਿਫ਼ਾਫ਼ਾ ਕੱਢ ਕੇ ਕਹਿਣ ਲਗੇ, 'ਕਸੇਲ ਸਾਹਿਬ, ਮੇਰੀ ਇਹ ਤੁੱਛ ਭੇਟ ਪ੍ਰਵਾਨ ਕਰੋ।' ਮੇਰੇ ਨੈਣਾਂ ਵਿਚੋਂ ਹੰਝੂਆਂ ਦੀ ਲੜੀ ਵਹਿ ਤੁਰੀ। ਮੈਂ ਕਿਹਾ, 'ਡਾ. ਸਾਹਿਬ ਆਪ ਦਾ ਬਹੁਤ-ਬਹੁਤ ਧੰਨਵਾਦ, ਇਸ ਪਿਆਰ ਦਾ ਕੋਈ ਮੁੱਲ ਨਹੀਂ। ਇਹ ਮਾਇਆ ਤੁਸੀਂ ਰਖੋ। ਜਦੋਂ ਮੈਨੂੰ ਲੋੜ ਪਵੇਗੀ, ਮੈਂ ਆਪ ਮੰਗ ਲਵਾਂਗਾ। ਤੁਸੀਂ ਮੇਰੇ ਲਈ ਅਰਦਾਸ ਜ਼ਰੂਰ ਕਰ ਦਿਆ ਕਰੋ।

ਗਿ. ਲਾਲ ਸਿੰਘ ਜੀ ਬੜੇ ਪ੍ਰੇਮ ਅਤੇ ਸਨੇਹ ਨਾਲ ਮਿਲੇ। ਮੇਰਾ ਹਾਲ-ਚਾਲ ਪੁੱਛਿਆ ਅਤੇ ਇਹ ਜਾਣ ਕੇ ਕਿ ਹੁਣ ਮੈਂ ਕੁਝ ਲਿਖਣ ਪੜ੍ਹਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ, ਬੜੇ ਪ੍ਰਸੰਨ ਹੋਏ। ਇਨ੍ਹਾਂ ਦਿਨਾਂ ਵਿਚ ਹੀ ਮੈਂ 'ਛੱਤੀ ਅੰਮ੍ਰਿਤ' (ਕਾਵਿ ਸੰਗ੍ਰਹਿ) ਅਤੇ 'ਇੰਦਰ ਧਨੁਸ਼' (ਨਿਬੰਧ ਸੰਗ੍ਰਹਿ) ਲਿਖ ਚੁੱਕਾ ਸਾਂ। **ਫਰੈਡੀ ਜੋਜ਼ਫ** ਨੇ ਇਨ੍ਹਾਂ ਪੁਸਤਕਾਂ ਦੇ ਲਿਖਣ ਵਿਚ ਮੇਰੀ ਸਹਾਇਤਾ ਕੀਤੀ ਸੀ। ਮੈਂ ਬਰੇਲ ਲਿਪੀ ਭਾਵੇਂ ਜੌਨਸਨ ਸਾਹਿਬ ਤੋਂ ਸਿਖ ਲਈ ਸੀ, ਪਰ ਮੈਂ ਇਸ ਦੀ ਬਹੁਤੀ ਵਰਤੋਂ ਨਾ ਕਰ ਸਕਿਆ। ਮੈਨੂੰ ਸ਼ੁਰੂ ਤੋਂ ਹੀ ਬੋਲ ਕੇ ਲਿਖਵਾਉਣ (ਡਿਕਟੇਸ਼ਨ ਦੇਣ) ਦੀ ਆਦਤ ਸੀ। ਮੇਰੀਆਂ ਬਹੁਤੀਆਂ ਪੁਸਤਕਾਂ ਇਸੇ ਵਿਧੀ ਦੁਆਰਾ ਲਿਖੀਆਂ ਗਈਆਂ ਹਨ। ਇਸ ਲਈ ਬਰੇਲ ਲਿਪੀ ਦੀ ਵਰਤੋਂ ਦੀ ਥਾਂ ਮੈਂ ਲਿਖਵਾ ਕੇ ਹੀ ਆਪਣਾ ਲਿਖਣ ਪੜ੍ਹਨ ਦਾ ਕੰਮ ਚਲਾਉਂਦਾ ਰਿਹਾ। ਪੜ੍ਹਨ ਵਿਚ ਜ਼ਰੂਰ ਮੈਨੂੰ ਕਿਸੇ ਦੀ ਸਹਾਇਤਾ ਦੀ ਲੋੜ ਸੀ, ਪਰ ਇਸ ਸਮੇਂ ਮੈਂ ਕਿਸੇ ਖੋਜ ਦੇ ਕੰਮ ਵਿਚ ਨਹੀਂ ਸਾਂ ਰੁੱਝਾ ਹੋਇਆ ਜਿਸ ਲਈ ਮੈਨੂੰ ਨੋਟਿਸ ਆਦਿ ਤਿਆਰ ਕਰਨ ਦੀ ਲੋੜ ਪੈਂਦੀ। ਸਿਰਜਣਾਤਮਕ ਕਾਰਜ ਤਾਂ ਰਵਾਂ-ਰਵੀਂ ਤੁਰਿਆ ਜਾਂਦਾ ਹੈ। ਵਿਚਾਰਾਂ ਤੇ ਉਦਗਾਰਾਂ ਦੇ ਚਲਦੇ ਪ੍ਰਵਾਹ ਦੇ ਨਾਲ ਨਾਲ ਆਪਣੇ ਆਪ ਹੀ ਬੋਲ ਅੰਦਰੋਂ ਫੁਰਦੇ ਰਹਿੰਦੇ ਹਨ।

ਕੁਝ ਦਿਨ ਪਹਿਲਾਂ ਮੈਂ ਪੁਸਤਕ 'ਇੰਦਰ ਧਨੁਸ਼' ਦੇ ਲੇਖ ਲਿਖਵਾਉਣੇ ਆਰੰਭ ਕੀਤੇ। ਇਸ ਪੁਸਤਕ ਦਾ ਸਿਰਲੇਖ ਵੀ ਮੈਂ ਆਪਣੀ 'ਛੱਤੀ ਅੰਮ੍ਰਿਤ' ਦੀ ਕਵਿਤਾ ਦੀ ਇਕ ਪੰਕਤੀ 'ਸਹੇ ਨਾ ਜਾਂਦੇ ਅੜੀਓ, ਮੈਥੋਂ ਇੰਦਰ ਧਨੁਸ਼ ਦੇ ਬਾਣ' ਤੋਂ ਲਿਆ ਸੀ। ਇੰਦਰ ਧਨੁਸ਼ ਦੇ ਸੱਤ ਰੰਗਾਂ ਸਮਾਨ ਸੱਤ ਲੇਖ ਲਿਖਣ ਦਾ ਵਿਚਾਰ ਸੀ। ਹਾਲੀ ਮੈਂ ਪਹਿਲਾ ਲੇਖ 'ਕਲਾ ਤੇ ਕਲਾਕਾਰ ਦੀ ਮਹਿਮਾ' ਲਿਖਵਾਉਣਾ ਸ਼ੁਰੂ ਹੀ ਕੀਤਾ ਸੀ ਕਿ ਮੈਨੂੰ ਸੁਨੇਹਾ ਪੁੱਜਾ ਕਿ ਸਤਿਗੁਰੂ ਜੀ ਘਰ ਆ ਕੇ ਦਰਸ਼ਨ ਦੇਣਗੇ। ਆਪਣੇ ਕਿਸੇ ਜ਼ਰੂਰੀ ਰੁਝੇਵੇ ਕਾਰਨ ਆਪ ਉਸ ਦਿਨ ਤਾਂ ਦਰਸ਼ਨ ਨਾ ਦੇ ਸਕੇ, ਪਰ ਅਗਲੇ ਦਿਨ ਗੱਡੀ ਭੇਜ ਕੇ ਮੈਨੂੰ ਨਾਮਧਾਰੀ ਧਰਮਸ਼ਾਲਾ ਵਿਖੇ ਬੁਲਾ ਲਿਆ। ਮੈਂ ਆਪਣੇ ਬੇਟੇ ਤੇਜਬੀਰ ਸਿੰਘ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਚਲਾ ਗਿਆ ਤੇ 'ਇੰਦਰ ਧਨੁਸ਼' ਦੇ ਕੁਝ ਪੰਨੇ, ਜੋ ਮੈਂ ਲਿਖੇ ਸਨ, ਉਹ ਨਾਲ ਲੈ ਗਿਆ। ਹੋਰ ਬਚਨ ਬਿਲਾਸ ਤੋਂ ਪਿਛੋਂ ਮੈਂ ਆਪਣੇ ਬੇਟੇ ਨੂੰ ਕਿਹਾ, 'ਜੋ ਲਿਖ ਕੇ ਲਿਆਏ ਹਾਂ, ਉਹ



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਨੂੰ ਸੁਣਾ ਦਿਓ।' ਜਦੋਂ ਇਕ ਦੋ ਪੰਨੇ ਪੜ੍ਹ ਕੇ ਸੁਣਾਏ ਗਏ ਤਾਂ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਸਦਾ ਨਿਵਾਜਣ ਵਾਲੇ ਗੁਰੂ ਘਰ ਦੇ ਮਾਲਕ ਬੜੇ ਪ੍ਰਸੰਨ ਹੋਏ। ਉਨ੍ਹਾਂ ਤੋਂ ਮੈਨੂੰ ਇਹ ਵਰ ਪ੍ਰਾਪਤ ਹੋਇਆ - *"ਜੋ ਲਿਖੋਗੇ ਠੀਕ ਹੋਵੇਗਾ"* ਇਸ ਤੋਂ ਪਿਛੋਂ ਮੈਂ ਜੋ ਕੁਝ ਵੀ ਅੱਜ ਤਕ ਲਿਖਿਆ ਹੈ, ਉਹ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਤੇ ਅਰਦਾਸ ਕਰਕੇ ਹੀ ਲਿਖਿਆ ਹੈ ਅਤੇ ਸ਼੍ਰੀ ਸਤਿਗੁਰੂ ਜੀ ਨੇ ਮੇਰੀ ਰਚਨਾ ਦੀ ਸਦਾ ਲਾਜ ਰਖੀ ਹੈ। ਮੇਰੀਆਂ ਰਚਨਾਵਾਂ ਦੇ ਅਨੇਕ ਦੋਸ਼ ਤਾਂ ਮੇਰੇ ਆਪਣੇ ਹਨ, ਪਰ ਇਨ੍ਹਾਂ ਦੀਆਂ ਸਭ ਵਿਸ਼ੇਸ਼ਤਾਵਾਂ, ਖ਼ੂਬੀਆਂ ਤੇ ਗੁਣ ਸ਼੍ਰੀ ਸਤਿਗੁਰੂ ਜੀ ਦੇ ਬਖ਼ਸ਼ੇ ਹੋਏ ਹਨ। ਪੁਸਤਕ 'ਇੰਦਰ ਧਨੁਸ਼' ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਸਮਰਪਿਤ ਹੈ ਅਤੇ ਇਸ ਵਿਚ ਦੋ ਲੇਖ 'ਚਰਨ-ਕੰਵਲ-1, ਚਰਨ ਕੰਵਲ-2' ਸ਼੍ਰੀ ਸਤਿਗੁਰੂ ਜੀ ਦੀ ਬਖ਼ਸ਼ੀ ਹੋਈ ਭਾਓ-ਭਗਤ ਦੇ ਹੀ ਵਹਿੰਦੇ ਚਸ਼ਮੇ ਹਨ, ਜਿਨ੍ਹਾਂ ਵਿਚ ਗੁਰੂ ਘਰ ਦੀ ਮਹਿਮਾ ਦਾ ਹੀ ਬਖਾਨ ਕੀਤਾ ਗਿਆ ਹੈ।

ਮੈਂ ਇਕ ਦਿਨ ਆਪਣੇ 229 ਨਿਊ ਮਾਡਲ ਟਾਊਨ ਵਾਲੇ ਕਿਰਾਏ ਦੇ ਘਰ ਵਿਚ ਬੈਠਾ ਸਾਂ ਕਿ ਅਚਾਨਕ ਭਾਸ਼ਾ ਵਿਭਾਗ ਦੇ ਸਾਬਕਾ ਸਹਾਇਕ ਡਾਇਰੈਕਟਰ ਪ੍ਰਸਿੱਧ ਨਾਟਕਕਾਰ ਸ. ਕਪੂਰ ਸਿੰਘ ਘੁੰਮਣ ਆ ਪਹੁੰਚੇ ਤੇ ਉਨ੍ਹਾਂ ਮੈਨੂੰ ਦੱਸਿਆ ਕਿ ਇਸ ਸਾਲ ਭਾਸ਼ਾ ਵਿਭਾਗ ਵਲੋਂ ਪੰਜਾਬ ਸਰਕਾਰ ਨੇ ਤੁਹਾਨੂੰ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨ ਦੇਣ ਦਾ ਫੈਸਲਾ ਕੀਤਾ ਹੈ ਅਤੇ ਤੁਹਾਡੀ ਲਿਖੀ ਪੁਸਤਕ 'ਇੰਦਰ ਧਨੁਸ਼' ਨੂੰ ਵੀ ਪੁਰਸਕਾਰ ਦਿਤਾ ਜਾ ਰਿਹਾ ਹੈ। ਉਨ੍ਹਾਂ ਮੈਨੂੰ 27 ਮਾਰਚ 1968 ਦੀ ਤਾਰੀਖ਼ ਵੀ ਦਸ ਦਿਤੀ, ਜਿਸ ਦਿਨ ਇਹ ਸਨਮਾਨ ਪਟਿਆਲੇ ਦੀ ਸੈਂਟਰਲ ਲਾਇਬਰੇਰੀ ਵਿਚ ਦਿੱਤਾ ਜਾਣਾ ਸੀ, ਸੁਤੇ ਸਿਧ ਹੀ ਮੇਰੇ ਅੰਦਰਲੇ ਨੇ ਸ਼੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ, ਜਿਨ੍ਹਾਂ ਸ਼੍ਰੀ ਜੀਵਨ ਨਗਰ ਵਿਖੇ ਇਹ ਬੋਲ ਉਚਾਰ ਕੇ ਮੈਨੂੰ ਅਸੀਸ ਦਿਤੀ ਸੀ ਕਿ 'ਜਦੋਂ ਸ਼੍ਰੀ ਸਤਿਗੁਰੂ ਜੀ ਦੇ ਇਸ ਤਰ੍ਹਾਂ ਦਰਸ਼ਨ ਹੋਣ ਤਾਂ ਕੋਈ ਵੱਡਾ ਸਨਮਾਨ ਪ੍ਰਾਪਤ ਹੁੰਦਾ ਹੈ'।

ਪੰਜਾਬ ਸਰਕਾਰ ਵਲੋਂ ਮੇਰਾ ਤੇ ਰੋਜ਼ਾਨਾ ਅਜੀਤ ਅਖ਼ਬਾਰ ਦੇ ਸਵਰਗਵਾਸੀ ਸੰਪਾਦਕ ਸ. ਸਾਧੂ ਸਿੰਘ ਹਮਦਰਦ ਦਾ ਇਕੱਠਾ ਸਨਮਾਨ 27 ਮਾਰਚ 1968 ਨੂੰ ਕੀਤਾ ਗਿਆ। ਮੁਖ ਮੰਤਰੀ ਸ. ਲਛਮਣ ਸਿੰਘ ਗਿੱਲ, ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ. ਕਿਰਪਾਲ ਸਿੰਘ ਨਾਰੰਗ, ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਗਿ. ਲਾਲ ਸਿੰਘ ਜੀ ਤੇ ਹੋਰ ਅਨੇਕ ਸੱਜਣ ਮੰਚ ਉਤੇ ਸੁਸ਼ੋਭਿਤ ਸਨ। ਹਾਲ ਵੀ ਸ੍ਰੋਤਿਆਂ ਤੇ ਦਰਸ਼ਕਾਂ ਨਾਲ ਭਰਿਆ ਪਿਆ ਸੀ। ਮੇਰੇ ਪਰਿਵਾਰ ਦੇ ਮੈਂਬਰ ਤੇ ਮੇਰੇ ਹੋਰ ਸਨੇਹੀ ਈ.ਐਮ.ਜੌਨਸਨ ਸਾਹਿਬ, ਮੇਰੇ ਮਾਤਾ ਜੀ, ਸ਼੍ਰੀਮਤੀ ਮਹਿੰਦਰਜੀਤ ਤੇ ਉਸਤਾਦ ਲਾਲ ਚੰਦ ਯਮਲਾ ਜੱਟ ਅਤੇ ਮੇਰੇ ਸਹੁਰਾ ਸਾਹਿਬ ਇਸ ਸਮਾਗਮ ਵਿਚ



Sri Satguru Jagjit Singh Ji eLibrary NamdhariElibrary@gmail.com

ਸ਼ਾਮਿਲ ਸਨ। ਸ. ਕਪੂਰ ਸਿੰਘ ਘੁੰਮਣ ਨੇ ਮੇਰਾ ਸਨਮਾਨ-ਪੱਤਰ ਪੜ੍ਹਿਆ ਸੀ, ਜਿਸ ਵਿਚ ਮੈਨੂੰ 'ਪੰਜਾਬੀ ਦਾ ਮਿਲਟਨ' ਕਰਕੇ ਸੰਬੋਧਿਤ ਕੀਤਾ ਗਿਆ ਸੀ। ਇਸ ਅਵਸਰ 'ਤੇ ਮੈਂ ਵੀ ਪੰਜਾਬ ਸਰਕਾਰ ਤੇ ਭਾਸ਼ਾ ਵਿਭਾਗ ਦਾ ਧੰਨਵਾਦ ਕੀਤਾ ਅਤੇ ਕੁਝ ਟੁੱਟੇ-ਫੁੱਟੇ ਸ਼ਬਦ ਵੀ ਕਹੇ। ਮੈਂ ਉਸ ਰਾਤ ਪੰਜਾਬੀ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਠਹਿਰਿਆ ਸਾਂ, ਜਿਥੇ ਅਗਲੇ ਦਿਨ ਸਵੇਰ ਸਮੇਂ ਹੀ ਮੈਨੂੰ ਵੀਹਵੀਂ ਸਦੀ ਦੇ ਪੰਜਾਬੀ ਕਾਵਿ-ਜਗਤ ਦੇ ਦੋ ਸਿਰਮੌਰ ਕਵੀ ਪ੍ਰੋ. ਮੋਹਨ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਮਿਲਣ ਅਤੇ ਵਧਾਈ ਦੇਣ ਆ ਗਏ। ਫਿਰ ਜਦੋਂ ਪ੍ਰਮੁੱਖ ਨਾਟਕਕਾਰ ਸੁਰਜੀਤ ਸਿੰਘ ਸੇਠੀ ਮੈਨੂੰ ਆਪਣੇ 4-5 ਸਾਲ ਦੇ ਬੱਚੇ (ਸ਼ੈਲੀ) ਨਾਲ ਮਿਲਣ ਆਏ ਤਾਂ ਉਸ ਛੋਟੇ ਬਾਲ ਨੇ ਕਿਹਾ 'ਪਾਪਾ ਇਹ ਉਹ ਅੰਕਲ ਨੇ ਨਾ, ਜਿਨ੍ਹਾਂ ਦਾ ਕੱਲ੍ਹ ਵਿਆਹ ਹੋਇਆ ਸੀ।' ਸਚਮੁੱਚ! ਮੈਨੂੰ ਇਹ ਅਵਸਰ ਆਪਣੇ ਵਿਆਹ ਦੀ ਖ਼ੁਸ਼ੀ ਨਾਲੋਂ ਵੀ ਵਧੇਰੇ ਉਤਸ਼ਾਹ ਦੇਣ ਵਾਲਾ ਸੀ, ਕਿਉਂਜੋ ਇਸ ਨਾਲ ਮੇਰੀਆਂ ਰਚਨਾਵਾਂ ਨੂੰ ਉਚੇਚੀ ਮਾਨਤਾ ਮਿਲ ਗਈ ਸੀ।



Sri Satguru Jagjit Singh Ji eLibrary NamdhariElibrary@gmail.com

## ਭਾਸ਼ਾ ਵਿਭਾਗ ਵਿਚ ਨਿਯੁਕਤੀ

ਛੇਤੀ ਹੀ ਪਤਾ ਨਹੀਂ ਉਥੇ ਜਾਂ ਪਿਛੋਂ ਜਾ ਕੇ ਪੰਜਾਬ ਸਰਕਾਰ ਵਲੋਂ ਇਕ ਫੈਸਲਾ ਲਿਆ ਗਿਆ ਜਿਸ ਵਿਚ ਮੈਨੂੰ ਡੈਪੂਟੇਸ਼ਨ ਉਤੇ ਭਾਸ਼ਾ ਵਿਭਾਗ ਵਿਚ ਕੰਮ ਕਰਨ ਲਈ ਖੋਜ ਅਧਿਕਾਰੀ ਵਜੋਂ ਆਪਣੇ ਹੀ ਸਿੱਖਿਆ ਵਿਭਾਗ ਦੇ ਵੇਤਨਮਾਨ ਉਤੇ ਹੀ ਤਿੰਨ ਸਾਲ ਲਈ ਲਗਾ ਦਿਤਾ ਗਿਆ ਸੀ।

ਮੈਂ ਲੁਧਿਆਣੇ ਤੋਂ ਪਰਿਵਾਰ ਸਹਿਤ ਪਟਿਆਲੇ ਆ ਗਿਆ ਤੇ ਭਾਸ਼ਾ ਵਿਭਾਗ ਜਿਸ ਦਾ ਮੁਖ ਦਫ਼ਤਰ ਉਸ ਸਮੇਂ ਕਿਲ੍ਹਾ ਮੁਬਾਰਕ ਵਿਚ ਸੀ, ਵਿਚ ਕੰਮ ਕਰਨ ਲਗਾ। ਗਿ. ਲਾਲ ਸਿੰਘ ਜੀ ਦੇ ਯਤਨਾਂ ਸਦਕਾ ਮੈਂ ਸੂਈਗਰਾਂ ਦੇ ਮੁਹੱਲੇ ਦੇ ਤਹਿਸੀਲਦਾਰ ਪਿਆਰਾ ਲਾਲ ਦੇ ਮਕਾਨ ਵਿਚ ਕਿਰਾਏ ਤੇ ਰਹਿਣ ਲਗ ਪਿਆ, ਜੋ ਪਿਛੋਂ ਜਾ ਕੇ ਸੰਨ 1980 ਵਿਚ ਮੈਂ ਖ਼ਰੀਦ ਲਿਆ ਤੇ ਹੁਣ ਵੀ 1968 ਤੋਂ ਉਸੇ ਮਕਾਨ ਵਿਚ ਹੀ ਰਹਿ ਰਿਹਾ ਹਾਂ। ਭਾਸ਼ਾ ਵਿਭਾਗ ਵਿਚ ਮੈਂ 1975 ਤਕ ਕੰਮ ਕਰਦਾ ਰਿਹਾ। ਇਸ ਸੰਸਥਾ ਵਿਚ ਆ ਕੇ ਮੈਂ ਕਈ ਕੰਮ ਨੇਪਰੇ ਚਾੜ੍ਹੇ ਹਨ। ਸਭ ਤੋਂ ਪਹਿਲਾਂ ਅੰਗ੍ਰੇਜ਼ੀ ਸਾਹਿਤ ਦੇ ਇਤਿਹਾਸ, ਜੋ ਲੈਗਵੀ ਦਾ ਰਚਿਆ ਹੋਇਆ ਸੀ, ਦੇ ਅੰਤਲੇ ਭਾਗ ਦਾ ਅਨੁਵਾਦ ਕੀਤਾ ਜੋ ਮੇਰੀ ਨਿਗਰਾਨੀ ਵਿਚ ਪੁਸਤਕ ਰੂਪ ਵਿਚ ਛੱਪ ਤਾਂ ਉਦੋਂ ਹੀ ਗਿਆ ਅਤੇ ਮਗਰੋਂ ਕਿਸੇ ਪ੍ਰਕਾਸ਼ਕ ਨੇ ਉਸ ਸੰਸਕਰਣ ਨੂੰ ਇਸ ਤਰ੍ਹਾਂ ਛੁਪਾ ਲਿਆ ਕਿ ਕਈ ਸਾਲਾਂ ਤਕ ਉਸ ਦੀ ਕੋਈ ਉਘ-ਸੁਘ ਹੀ ਨਾ ਨਿਕਲੀ। ਫਿਰ ਪਿੱਛੋਂ ਜਾ ਕੇ ਕਈ ਸਾਲਾਂ ਮਗਰੋਂ ਭਾਸ਼ਾ ਵਿਭਾਗ ਨੇ ਉਸ ਦਾ ਨਵਾਂ ਸੰਸਕਰਣ ਪ੍ਰਕਾਸ਼ਿਤ ਕੀਤਾ।

ਦੂਜਾ ਮਹੱਤਵਪੂਰਨ ਕੰਮ ਜੋ ਮੈਂ ਇਥੇ ਆ ਕੇ ਕੀਤਾ, ਉਹ ਸ਼ਬਦਾਰਥ ਬਾਣੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਬਾਰੇ ਸੀ, ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ 500



Sri Satguru Jagjit Singh Ji eLibrary NamdhariElibrary@gmail.com

ਸਾਲਾ ਜਨਮ ਉਤਸਵ ਤੇ ਛਾਪਿਆ ਗਿਆ ਸੀ। ਇਥੇ ਆ ਕੇ ਹੀ ਮੈਂ ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ 'ਪੰਜਾਬੀ ਸਾਹਿਤ ਦੇ ਇਤਿਹਾਸ' ਨੂੰ ਜੋ ਤਿੰਨ ਖੰਡਾਂ ਵਿਚ ਸੀ, ਨੂੰ ਦੋ ਜਿਲਦਾਂ ਵਿਚ ਸੰਪਾਦਿਤ ਕਰਕੇ ਪ੍ਰਕਾਸ਼ਿਤ ਕਰਵਾਇਆ ਅਤੇ ਇਸ ਦੇ ਦੋਹਾਂ ਭਾਗਾਂ ਵਿਚ ਸੈਂਕੜੇ ਪੰਨਿਆਂ ਦਾ ਵਾਧਾ ਆਪ ਨਵਾਂ ਮੈਟਰ ਲਿਖ ਕੇ ਕੀਤਾ। ਇਸ ਤੋਂ ਪਿਛੋਂ ਸ਼੍ਰੀ ਨਾਮਦੇਵ ਜੀ ਦੀ ਜਨਮ ਸ਼ਤਾਬਦੀ ਉਤੇ ਵਿਸ਼ੇਸ਼ ਪੁਸਤਕ 'ਭਗਤ ਨਾਮਦੇਵ ਜੀਵਨ ਤੇ ਰਚਨਾ' ਲਿਖੀ, ਜਿਸ ਨੂੰ ਸ਼੍ਰੀ ਨਾਮਦੇਵ ਜੀ ਦੇ ਸਥਾਨ ਪਿੰਡ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ ਜਾਰੀ ਕੀਤਾ ਗਿਆ। ਇਸ ਤਰ੍ਹਾਂ ਭਾਈ ਵੀਰ ਸਿੰਘ ਦੀ ਪਹਿਲੀ ਜਨਮ ਸ਼ਤਾਬਦੀ ਦੇ ਸੰਬੰਧ ਵਿਚ 'ਭਾਈ ਵੀਰ ਸਿੰਘ ਦੀ ਕਵਿਤਾ' ਦਾ ਸੰਪਾਦਨ ਕੀਤਾ। ਇਸੇ ਵਿਭਾਗ ਵਿਚ ਸੇਵਾ ਕਰਦਿਆਂ ਹੋਇਆਂ ਮੈਂ 'ਸ਼ਾਹ ਮੁਹੰਮਦ ਦਾ ਜੰਗਨਾਮਾ' ਅਤੇ ਕਈ ਹੋਰ ਮਹੱਤਵਪੂਰਨ ਯੋਜਨਾਵਾਂ ਨੂੰ ਸਿਰੇ ਚਾੜ੍ਹਿਆ।

ਤਿੰਨ ਸਾਲਾਂ ਪਿਛੋਂ ਮੈਨੂੰ ਆਪਣੇ ਡੈਪੂਟੇਸ਼ਨ ਦੇ ਸਮੇਂ ਦੇ ਵਾਧੇ ਲਈ ਇਕ ਵਾਰ ਪੰਜਾਬ ਸਕੱਤਰੇਤ ਵਿਚ ਚੰਡੀਗੜ੍ਹ ਜਾ ਕੇ ਸਿੱਖਿਆ ਵਿਭਾਗ ਦੇ ਸੱਕਤਰ ਨੂੰ ਮਿਲਣਾ ਪਿਆ। ਸਕੱਤਰ ਸਾਹਿਬ ਨੇ ਮੇਰੇ ਤੇ ਇਹ ਸਵਾਲ ਕੀਤਾ 'ਤੁਸੀਂ ਕੰਮ ਕਿਵੇਂ ਕਰਦੇ ਹੋ ? ਮੈਂ ਕਿਹਾ, 'ਸ਼੍ਰੀਮਾਨ ਜੀ ! ਇਹ ਤਾਂ ਮੈਨੂੰ ਵੀ ਪਤਾ ਨਹੀਂ ਕਿ ਕਿਵੇਂ ਤੇ ਕਿੰਨਾ ਕੰਮ ਕਰਦਾ ਹਾਂ, ਪਰ ਜੇ ਆਪ ਭਾਸ਼ਾ ਵਿਭਾਗ ਦੇ ਮੇਰੇ ਬਰਾਬਰ ਦੇ ਅਧਿਕਾਰੀਆਂ ਨਾਲ ਮੇਰੇ ਕਾਰਜ ਦੀ ਤੁਲਨਾ ਕਰਕੇ ਦੇਖੋਗੇ ਤਾਂ ਤੁਹਾਡਾ ਇਹ ਭਰਮ ਦੂਰ ਹੋ ਜਾਵੇਗਾ ਕਿ ਮੇਰਾ ਕੀਤਾ ਸਾਹਿਤਕ ਕਾਰਜ ਆਕਾਰ ਤੇ ਮਿਆਰ ਦੇ ਪੱਖਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ।' ਚੰਗੇ ਭਾਗਾਂ ਨੂੰ ਉਸ ਸਮੇਂ **ਸਰਦਾਰ ਸੁਰਜੀਤ ਸਿੰਘ ਜੀ ਬਰਨਾਲਾ** ਸਿੱਖਿਆ ਅਤੇ ਭਾਸ਼ਾ ਮੰਤਰੀ ਸਨ। ਜਦੋਂ ਮੈਂ ਉਨ੍ਹਾਂ ਨੂੰ ਮਿਲਿਆ ਤਾਂ ਉਨ੍ਹਾਂ ਨੇ ਸਕੱਤਰ ਸਾਹਿਬ ਨੂੰ ਬੁਲਾ ਕੇ ਕਿਹਾ ਕਿ ਪ੍ਰੋ. ਕਸੇਲ ਦੇ ਡੈਪੂਟੇਸ਼ਨ ਦੇ ਕਾਰਜ ਵਿਚ ਵਾਧਾ ਕਰਕੇ ਮੈਨੂੰ ਸੂਚਿਤ ਕਰ ਦਿਓ। ਇਨ੍ਹਾਂ ਨੂੰ ਇਸ ਕੰਮ ਲਈ ਦੁਬਾਰਾ ਸਕੱਤਰੇਤ ਵਿਚ ਨਾ ਆਉਣਾ ਪਵੇ।

ਕਾਲਜ ਦੇ ਅਧਿਆਪਨ ਤੇ ਭਾਸ਼ਾ ਵਿਭਾਗ ਦੇ ਸਾਹਿਤਕ ਕਾਰਜ ਵਿਚ ਕਾਫੀ ਅੰਤਰ ਸੀ। ਭਾਸ਼ਾ ਵਿਭਾਗ ਦੇ ਕੁਝ ਅਧਿਕਾਰੀ ਤੇ ਕਰਮਚਾਰੀ ਇਹ ਮਹਿਸੂਸ ਕਰਦੇ ਸਨ ਕਿ ਮੈਂ ਉਨ੍ਹਾਂ ਦੀ ਇਕ ਆਸਾਮੀ ਮੱਲ ਕੇ ਬੈਠਾ ਹਾਂ। ਇਕ ਵਾਰ ਜਦੋਂ ਮੁਖ ਮੰਤਰੀ ਗਿ: **ਜ਼ੈਲ ਸਿੰਘ ਜੀ** ਪਟਿਆਲੇ ਆਏ ਤਾਂ ਮੈਂ ਉਨ੍ਹਾਂ ਨੂੰ ਭਾਸ਼ਾ ਵਿਭਾਗ ਤੋਂ ਆਪਣੀ ਬਦਲੀ ਮਹਿੰਦਰਾ ਕਾਲਜ ਪਟਿਆਲਾ ਵਿਚ ਕਰਨ ਲਈ ਬੇਨਤੀ ਕੀਤੀ, ਜੋ ਮੇਰਾ ਆਪਣਾ ਵਿਭਾਗ ਸੀ ਅਤੇ ਜਿਥੋਂ ਮੇਰੇ ਆਪਣੇ ਵਿਸ਼ੇ ਦੇ ਦੋ ਪ੍ਰੋਫ਼ੈਸਰ



Sri Satguru Jagjit Singh Ji eLibrary NamdhariElibrary@gmail.com

ਸਾਹਿਬਾਨ ਸੇਵਾ ਨਿਵਿਰਤ ਹੋਣ ਵਾਲੇ ਸਨ। ਇਸ ਕਾਰਜ ਵਿਚ ਵੀ ਕਈ ਅੜਿਕੇ ਆਏ। ਜਿਹਾ ਕਿ ਸਰਕਾਰੀ ਦਫ਼ਤਰਾਂ ਵਿਚ ਵਧੇਰੇ ਕਰਕੇ ਹੁੰਦਾ ਹੀ ਰਹਿੰਦਾ ਹੈ, ਜਦੋਂ ਉਸ ਸਮੇਂ ਦੇ ਸਿਖਿਆ ਸਕੱਤਰ ਮੇਰੇ ਨਾਲ ਨਰਾਜ਼ ਹੋ ਗਏ। ਆਪਣੇ ਵਿਭਾਗ ਵਿਚ ਬਦਲੇ ਜਾਣ ਦੀ ਸੂਚਨਾ ਮੈਨੂੰ ਮਿਲ ਚੁਕੀ ਸੀ, ਪਰ ਕਿਥੇ ਨਿਯੁਕਤ ਹੋਣਾ ਹੈ, ਇਸ ਗੱਲ ਦਾ ਹਾਲੇ ਫੈਸਲਾ ਨਹੀਂ ਸੀ ਹੋਇਆ। ਜਦੋਂ ਮੈਂ ਸਕੱਤਰ ਸਿਖਿਆ ਵਿਭਾਗ ਦਾ ਧੰਨਵਾਦ ਕੀਤਾ ਤੇ ਕਿਹਾ 'ਮੇਰੀ ਪੋਸਟਿੰਗ ਪਟਿਆਲੇ ਮਹਿੰਦਰਾ ਕਾਲਜ ਵਿਖੇ ਹੀ ਕਰਨਾ' ਤਾਂ ਉਨ੍ਹਾਂ ਨੇ ਮੇਰੇ ਉਤੇ ਅਫ਼ਸਰਾਂ ਵਾਲੀ ਨਾਰਾਜ਼ਗੀ ਪ੍ਰਗਟ ਕਰਕੇ ਆਪਣੇ ਅਫ਼ਸਰਸ਼ਾਹੀ ਅਭਿਮਾਨ ਦਾ ਪ੍ਰਗਟਾਵਾ ਕੀਤਾ। ਕਾਫੀ ਸਮੇਂ ਤਕ ਮੈਨੂੰ ਸਿੱਖਿਆ ਵਿਭਾਗ ਦਾ ਨਿਯੁਕਤੀ ਪੱਤਰ ਨਾ ਮਿਲਿਆ ਤਾਂ ਮੈਂ ਸਿੱਧਾ ਮੁਖ ਮੰਤਰੀ ਪੰਜਾਬ ਸਰਕ਼ਾਰ ਨੂੰ ਪੱਤਰ ਲਿਖ ਕੇ ਇਹ ਬੇਨਤੀ ਕੀਤੀ ਕਿ 'ਸਰਕਾਰੀ ਦਫ਼ਤਰੀ ਮਸ਼ੀਨਰੀ ਤਾਂ ਲੋਹੇ ਦਾ ਸ਼ਿਕੰਜਾ ਹੈ', ਜੇ ਤੁਸੀਂ ਮੇਰੀ ਬਦਲੀ ਕਰ ਹੀ ਦਿਤੀ ਹੈ ਤਾਂ ਮੈਨੂੰ ਪਟਿਆਲੇ ਦਾ ਨਿਯੁਕਤੀ-ਪੱਤਰ ਸ਼ੀਘਰ ਹੀ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ, ਜਿਥੇ ਮੇਰੇ ਵਿਸ਼ੇ ਦੇ ਦੋ ਪ੍ਰਾਧਿਆਪਕ ਹੁਣੇ-ਹੁਣੇ ਸੇਵਾ ਨਿਵਿਰਤ ਹੋਏ ਹਨ। ਇਸ ਕਾਰਜ ਵਿਚ ਭਾਵੇਂ 3-4 ਮਹੀਨੇ ਲਗ ਗਏ, ਪਰ ਅੰਤ ਮੈਨੂੰ 11 ਜਨਵਰੀ 1975 ਨੂੰ ਸਰਕਾਰੀ ਮਹਿੰਦਰਾ ਕਾਲਜ ਪਟਿਆਲੇ ਵਿਚ ਬਦਲ ਦਿੱਤਾ ਗਿਆ।



Sri Satguru Jagjit Singh Ji eLibrary NamdhariElibrary@gmail.com

## ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੀ ਸੇਵਾ

ਮਹਿੰਦਰਾ ਕਾਲਜ ਵਿਚ ਦਫ਼ਤਰੀ ਮਾਹੌਲ ਦੀ ਤੁਲਨਾ ਵਿਚ ਮੈਨੂੰ ਬੜਾ ਸੁਖਾਵਾਂ ਵਾਤਾਵਰਣ ਮਿਲਿਆ। ਮੇਰੇ ਕੁਝ ਮਿਤਰਾਂ ਨੂੰ ਇਹ ਤੌਖਲਾ ਸੀ ਕਿ ਨੇਤਰਹੀਣਤਾ ਦੀ ਅਵਸਥਾ ਵਿਚ ਮੈਂ ਅਧਿਆਪਨ ਦਾ ਕਾਰਜ ਕਿਵੇਂ ਕਰ ਸਕਾਂਗਾ, ਪਰ ਪਰਮਾਤਮਾ ਦੇ ਭਰੋਸੇ ਅਤੇ ਆਤਮ ਵਿਸ਼ਵਾਸ ਨੂੰ ਮੁਖ ਰਖ ਕੇ ਮੈਂ ਪੂਰੇ 13 ਸਾਲ 1975 ਤੋਂ 1988 ਤਕ ਮਹਿੰਦਰਾ ਕਾਲਜ ਵਿਚ ਪੜ੍ਹਾਇਆ ਹੈ। ਮੇਰੇ ਪ੍ਰਿੰਸੀਪਲ ਸਾਹਿਬਾਨ, ਸਹਿਯੋਗੀ ਅਧਿਆਪਕਾਂ ਅਤੇ ਵਿਦਿਆਰਥੀਆਂ ਵਲੋਂ ਮੈਨੂੰ ਨਿੱਘਾ ਸਨੇਹ ਤੇ ਸਤਿਕਾਰ ਪ੍ਰਾਪਤ ਹੋਇਆ ਹੈ। ਇਥੋਂ ਤੱਕ ਕਿ 6 ਸਾਲ ਤਕ ਆਪਣੇ ਵਿਸ਼ੇ ਦੇ ਪੋਸਟ ਗਰੈਜੂਏਟ ਵਿਭਾਗ ਦੇ ਮੁਖੀ ਦੇ ਰੂਪ ਵਿਚ ਵੀ ਕੰਮ ਕੀਤਾ ਹੈ ਅਤੇ ਮੈਨੂੰ ਕੋਈ ਔਕੜ ਮਹਿਸੂਸ ਨਹੀਂ ਹੋਈ, ਸਗੋਂ ਅਧਿਆਪਨ ਦੇ ਕਾਰਜ ਦੇ ਨਾਲ-ਨਾਲ ਮੇਰਾ ਸਾਹਿਤਕ ਕਾਰਜ ਵੀ ਜਾਰੀ ਰਿਹਾ ਅਤੇ ਇਸ ਦੌਰਾਨ ਮੈਨੂੰ ਕੁਝ ਵਿਸ਼ੇਸ਼ ਸੰਸਥਾਵਾਂ ਵਲੋਂ ਪੁਰਸਕਾਰ ਵੀ ਪ੍ਰਾਪਤ ਹੋਏ।

1965-66 ਤੋਂ ਹੀ ਮੈਂ ਨੇਤਰਹੀਣਾਂ ਦੀਆਂ ਸੰਸਥਾਵਾਂ ਨਾਲ ਜੁੜਿਆ ਆ ਰਿਹਾ ਹਾਂ ਅਤੇ ਕੁਝ ਰਿਆਇਤਾਂ ਵੀ ਅਸੀਂ ਪੰਜਾਬ ਸਰਕਾਰ ਤੋਂ ਪ੍ਰਾਪਤ ਕਰ ਲਈਆਂ ਸਨ। ਇਨ੍ਹਾਂ ਵਿਚੋਂ ਇਕ ਨੇਤਰਹੀਣ ਕਰਮਚਾਰੀਆਂ ਅਤੇ ਅਧਿਕਾਰੀਆਂ ਲਈ ਸੇਵਾ ਨਿਵਿਰਤੀ ਦੀ ਅਵਧੀ ਪਿਛੋਂ 2 ਸਾਲ ਲਈ ਸੇਵਾ ਵਿਚ ਵਾਧਾ ਕਰਨ ਦੀ ਸੀ, ਪਰ 30 ਅਪ੍ਰੈਲ 1986 ਨੂੰ ਨਿਯਮਿਤ ਰੂਪ ਵਿਚ ਸਰਕਾਰੀ ਸੇਵਾ ਤੋਂ ਸੁਰਖ਼ਰੂ ਹੋਣ ਪਿਛੋਂ ਜਦੋਂ ਮੈਂ ਪੰਜਾਬ ਸਰਕਾਰ ਨੂੰ ਆਪਣੇ ਸੇਵਾ ਕਾਲ ਵਿਚ 2 ਸਾਲ ਦਾ ਵਾਧਾ ਕਰਨ ਲਈ ਬਿਨੈ-ਪੱਤਰ ਭੇਜਿਆ ਤਾਂ ਉਸ ਸਮੇਂ ਦੇ ਸਿਖਿਆ ਵਿਭਾਗ ਦੇ ਮੰਤਰੀ ਜੀ ਨੇ ਨੇਤਰਹੀਣਾਂ ਨੂੰ ਇਸ ਦਿਤੀ ਗਈ ਛੋਟ ਨੂੰ ਮੇਰੇ ਸੰਬੰਧ ਵਿਚ ਲਾਗੂ ਕਰਨ ਤੋਂ ਕੁਝ ਢਿਲ-ਮੱਠ ਦਿਖਾਈ। ਜਦੋਂ ਮੈਂ ਉਨ੍ਹਾਂ ਨੂੰ ਦਫ਼ਤਰ ਵਿਚ ਜਾ ਕੇ ਬੇਨਤੀ ਕੀਤੀ ਤਾਂ ਉਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸ. ਬਿਸ਼ਨ ਸਿੰਘ ਸਮੁੰਦਰੀ ਵੀ ਉਥੇ ਹਾਜ਼ਰ ਸਨ। ਸਿਖਿਆ ਮੰਤਰੀ ਜੀ ਨੇ ਬੜਾ ਰੁਖਾ ਜਵਾਬ ਦਿਤਾ। ਕਹਿਣ ਲਗੇ, 'ਤੁਹਾਨੂੰ ਪੰਜਾਬ ਸਰਕਾਰ ਨੇ ਪੈਨਸ਼ਨ ਦੇ ਦਿਤੀ ਹੈ।



Sri Satguru Jagjit Singh Ji eLibrary NamdhariElibrary@gmail.com

ਬਾਬਾ ਜੀ, ਜਾ ਕੇ ਆਰਾਮ ਕਰੋ।' ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਨੇ ਮੈਨੂੰ ਵੀ ਉਤੇਜਿਤ ਕਰ ਦਿਤਾ, ਪਰ ਮੈਂ ਆਪਣੇ ਉਪਰ ਕਾਬੂ ਪਾ ਕੇ ਬੜੇ ਵਿਸ਼ਵਾਸ ਨਾਲ ਕਿਹਾ ਕਿ 'ਸ਼੍ਰੀਮਾਨ ਜੀ, ਪੈਨਸ਼ਨ ਤਾਂ ਮੈਂ 31-32 ਸਾਲ ਸਰਕਾਰ ਦੀ ਸੇਵਾ ਕਰਨ ਪਿਛੋਂ ਲਈ ਹੈ। ਇਹ ਮੇਰੇ ਉਤੇ ਕੋਈ ਰਿਆਇਤ ਨਹੀਂ ਸਗੋਂ ਮੇਰਾ ਹੱਕ ਬਣਦਾ ਹੈ, ਪਰ ਤੁਸੀਂ ਆਪਣੀਆਂ ਵਿਸ਼ੇਸ਼ ਸ਼੍ਰੇਣੀ ਦੀਆਂ ਪੋਸਟਾਂ ਦੇ ਰਾਖਵੇਂਕਰਣ ਉਤੇ ਕਈ ਤਰ੍ਹਾਂ ਨਾਲ ਤਰਲੋ ਮੱਛੀ ਹੁੰਦੇ ਹੋ ਤਾਂ ਜੋ ਇਨ੍ਹਾਂ ਵਰਗਾਂ ਦੇ ਹੱਕ ਨਾ ਮਾਰੇ ਜਾ ਸਕਣ। ਅਸੀਂ ਵੀ ਤਾਂ ਨੇਤਰਹੀਣ ਕਰਮਚਾਰੀਆਂ ਲਈ ਇਹ ਰਿਆਇਤਾਂ ਉਸੇ ਤਰ੍ਹਾਂ ਪ੍ਰਾਪਤ ਕੀਤੀਆਂ ਹਨ। ਜੇ ਤੁਸੀਂ ਮੈਨੂੰ ਅੱਜ ਇਹ ਛੋਟ ਨਹੀਂ ਦਿਓਗੇ ਤਾਂ ਕੱਲ੍ਹ ਨੂੰ ਇਹ ਰਿਆਇਤ ਕੋਈ ਹੋਰ ਵੀ ਨਹੀਂ ਲੈ ਸਕੇਗਾ। ਸਾਨੂੰ 'ਸਹੇ ਦੀ ਨਹੀਂ ਪਹੇ ਦੀ ਹੈ।' ਮੈਂ ਤਾਂ ਇਹ ਕਹਿ ਕੇ ਬਾਹਰ ਆ ਗਿਆ, ਪਰ ਪਿਛੋਂ ਮੈਨੂੰ ਪਤਾ ਲਗਾ ਕਿ ਮੰਤਰੀ ਜੀ ਨੇ ਮੇਰੇ ਬਾਰੇ ਕੁਝ ਹੋਰ ਅਪਸ਼ਬਦ ਵੀ ਬੋਲੇ ਸਨ।

ਜੋ ਮੇਰੇ ਸੁਣਨ ਵਿਚ ਆਇਆ, ਉਹ ਇਹ ਸ਼ਬਦ ਸਨ, 'ਆ ਗਿਆ ਸੀ, ਚਿੱਟੇ ਕਪੜੇ ਪਾ ਕੇ।' ਮੈਂ ਉਸ ਸਮੇਂ ਤਾਂ ਮੰਤਰੀ ਜੀ ਨੂੰ ਕੋਈ ਉਤਰ ਨਾ ਦਿਤਾ, ਪਰ ਉਨ੍ਹਾਂ ਦੇ ਕਿਸੇ ਜਾਣੂ ਰਾਹੀਂ ਇਹ ਗੱਲ ਉਨ੍ਹਾਂ ਤਕ ਪਹੁੰਚਾ ਦਿਤੀ ਕਿ 'ਮੈਂ ਸਰਕਾਰ ਦਾ ਗਜ਼ਟਿਡ ਅਧਿਕਾਰੀ ਸਾਂ। ਕੀ ਮੈਂ ਤੇਰੇ ਕੋਲ ਚੀਥੜੇ ਪਾ ਕੇ ਆਉਂਦਾ ਤੇ ਤੇਰੇ ਕੋਲੋਂ ਭੀਖ ਮੰਗਦਾ।' ਪਤਾ ਨਹੀਂ ਕਿ ਇਹ ਗੱਲ ਉਨ੍ਹਾਂ ਤਕ ਪਹੁੰਚੀ ਸੀ ਕਿ ਨਹੀਂ। ਮੈਨੂੰ ਮੰਤਰੀ ਦੇ ਅਭਿਮਾਨ ਭਾਵ ਵਿਚ 'ਬਾਬਾ' ਕਹਿਣ ਵਾਲਾ ਵੀ ਸ਼ਾਇਦ ਮੈਥੋਂ ਦੋ-ਚਾਰ ਵਰ੍ਹੇ ਹੀ ਛੋਟਾ ਹੋਵੇਗਾ।

ਮੈਂ ਮੁੜ ਕੇ ਉਸ ਮੰਤਰੀ ਦੇ ਮੱਥੇ ਨਹੀਂ ਸਾਂ ਲਗਾ। ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਵਿਸ਼ੇਸ਼ ਕਰਕੇ ਪੰਜਾਬ ਵੈਲਫੇਅਰ ਐਸੋਸੀਏਸ਼ਨ ਫਾਰ ਬਲਾਈਂਡ ਦੇ ਮੇਰੇ ਮਿੱਤਰ ਡਾ. ਐੱਸ.ਤਰਸੇਮ ਹੀ ਇਸ ਕੇਸ ਦੀ ਪੈਰਵੀ ਕਰਦੇ ਰਹੇ। ਜਦੋਂ ਉਸ ਸਿੱਖਿਆ ਮੰਤਰੀ ਨੂੰ ਉਸ ਅਹੁਦੇ ਤੋਂ ਹਟਾ ਦਿਤਾ ਗਿਆ ਅਤੇ ਸ. ਸੁਰਜੀਤ ਸਿੰਘ ਬਰਨਾਲਾ ਮੁਖ ਮੰਤਰੀ ਪੰਜਾਬ ਨੇ ਸਿਖਿਆ ਵਿਭਾਗ ਨੂੰ ਆਪਣੇ ਅਧੀਨ ਕਰ ਲਿਆ ਤਾਂ 6 ਮਹੀਨੇ ਪਿਛੋਂ ਜਾ ਕੇ ਮੈਨੂੰ ਫਿਰ ਇਸ ਸੇਵਾ ਕਾਲ ਵਿਚ ਵਾਧੇ ਦਾ ਲਾਭ ਮਿਲ ਸਕਿਆ।



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧ

1962 ਵਿਚ ਪੰਜਾਬੀ ਯੂਨੀਵਰਸਿਟੀ ਦੇ ਬਣ ਜਾਣ ਨਾਲ ਬਹੁਤ ਸਾਰੇ ਕਾਲਜ ਪ੍ਰਾਧਿਆਪਕਾਂ ਅਤੇ ਖ਼ਾਸ ਕਰਕੇ ਪੰਜਾਬੀ ਦੇ ਪ੍ਰਾਧਿਅਪਕਾਂ ਨੇ ਪੰਜਾਬੀ ਯੂਨੀਵਰਸਿਟੀ ਵਿਚ ਲਗਣ ਲਈ ਕੋਸ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਮੈਂ ਵੀ ਇਸ ਦੌੜ ਵਿਚ ਸ਼ਾਮਲ ਹੋ ਗਿਆ, ਪਰ ਪਹਿਲਾਂ ਪਹਿਲ ਮੈਨੂੰ ਇਸ ਵਿਚ ਕਾਮਯਾਬੀ ਨਸੀਬ ਨਾ ਹੋ ਸਕੀ। ਫਿਰ 1964 ਵਿਚ ਮੈਂ ਨੇਤਰਹੀਣ ਹੋ ਗਿਆ। ਜਦੋਂ 1968 ਵਿਚ ਭਾਸ਼ਾ ਵਿਭਾਗ ਵਲੋਂ ਮੈਨੂੰ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ ਗਿਆ ਤਾਂ ਉਸ ਸਮੇਂ ਸ. ਕਿਰਪਾਲ ਸਿੰਘ ਨਾਰੰਗ, ਡਾ. ਭਾਈ ਜੋਧ ਸਿੰਘ ਦੀ ਥਾਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣ ਚੁਕੇ ਸਨ, ਜਿਨ੍ਹਾਂ ਨੇ ਮੇਰੇ ਪੁਨਰਵਾਸ ਵਿਚ ਡੂੰਘੀ ਦਿਲਚਸਪੀ ਲਈ ਸੀ। ਉਹ ਧਾਰਮਿਕ ਪ੍ਰਵਿਰਤੀ ਵਾਲੇ ਕੁਸ਼ਲ ਪ੍ਰਬੰਧਕ ਸਨ ਅਤੇ ਪੰਜਾਬੀ ਯੂਨੀਵਰਸਿਟੀ ਦਾ ਹਰ ਪੱਖ ਤੋਂ ਨਵ-ਨਿਰਮਾਣ ਕਰਕੇ ਇਸ ਨੂੰ ਸਿਰਕਢ ਯੂਨੀਵਰਸਿਟੀ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਮੈਨੂੰ ਕਈ ਤਰ੍ਹਾਂ ਨਾਲ ਪੰਜਾਬੀ ਯੂਨੀਵਰਸਿਟੀ ਨਾਲ ਜੋੜਨਾ ਚਾਹਿਆ। ਮੈਨੂੰ ਪ੍ਰੋ. ਪੂਰਨ ਸਿੰਘ ਦੇ ਸੰਬੰਧ ਵਿਚ ਮੋਨੋਗਰਾਫ (ਵਿਸ਼ੇਸ਼ ਜੀਵਨੀ ਪੁਸਤਕ) ਅਤੇ ਉਨ੍ਹਾਂ ਦੀ ਪ੍ਰਮਾਣਿਕ ਜੀਵਨੀ ਲਿਖਣ ਦੇ ਪ੍ਰੋਜੈਕਟ ਸੌਂਪੇ। ਬਸ ਫਿਰ ਕੀ ਸੀ, ਪ੍ਰੋ. ਪੂਰਨ ਸਿੰਘ ਦੇ ਰੂਪ ਵਿਚ ਮੈਨੂੰ ਇਕ ਨਵਾਂ ਸੰਸਾਰ ਤੇ ਨਵਾਂ ਆਹਰ ਮਿਲ ਗਿਆ, ਜਿਸ ਨੇ ਮੈਨੂੰ ਪ੍ਰੋ. ਪੂਰਨ ਸਿੰਘ ਦੀਆਂ ਲਗਭਗ ਸਾਰੀਆਂ ਰਚਨਾਵਾਂ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਅੰਗ੍ਰੇਜ਼ੀ ਵਿਚ ਲਿਖੀਆਂ ਗਈਆਂ ਸਨ, ਅਧਿਐਨ ਕਰਨ ਦਾ ਮੌਕਾ ਦਿਤਾ। ਜਿਉਂ-ਜਿਉਂ ਮੈਂ ਪੜ੍ਹਦਾ ਜਾਵਾਂ, ਮੇਰੇ ਅੰਦਰਲੇ ਕਪਾਟ ਖੁਲ੍ਹਦੇ ਜਾਣ। ਪੰਜਾਬ ਦੇ ਇਸ ਮਹਾਂ ਕਵੀ, ਸੰਤ, ਚਿੰਤਕ ਤੇ ਸਭਿਆਚਾਰਕ ਪ੍ਰਵਕਤਾ ਤੇ ਵਿਆਖਿਆਕਾਰ ਦੀ ਅਸਾਂ ਪੰਜਾਬੀਆਂ ਨੇ ਠੀਕ ਤਰ੍ਹਾਂ ਕਦਰ ਨਹੀਂ ਪਛਾਣੀ। ਆਪ ਜੀ ਦੀਆਂ ਬਹੁਤ ਸਾਰੀਆਂ



Sri Satguru Jagjit Singh Ji eLibrary NamdhariElibrary@gmail.com

ਰਚਨਾਵਾਂ ਤਾਂ ਪ੍ਰਕਾਸ਼ਿਤ ਹੋਣ ਤੋਂ ਹੀ ਰਹਿ ਗਈਆਂ ਸਨ, ਹਾਲਾਂਕਿ ਉਨ੍ਹਾਂ ਦੇ ਸਾਹਿਤਕ ਮੁਰਸ਼ਦ ਤੇ ਅਧਿਆਤਮਕ ਰਾਹਨੁਮਾ ਡਾ. ਭਾਈ ਵੀਰ ਸਿੰਘ ਜੀ ਨੇ ਵੀ ਉਨ੍ਹਾਂ ਰਚਨਾਵਾਂ ਨੂੰ ਅਣਗੌਲਿਆਂ ਕਰ ਛਡਿਆ ਸੀ। ਇਹ ਸਿਹਰਾ ਤਾਂ ਸਵਰਗਵਾਸੀ **ਡਾ. ਮਹਿੰਦਰ ਸਿੰਘ ਰੰਧਾਵਾ** ਨੂੰ ਜਾਂਦਾ ਹੈ, ਜਿਨ੍ਹਾਂ ਨੇ ਸ. ਕਿਰਪਾਲ ਸਿੰਘ ਨਾਰੰਗ ਦੇ ਸਹਿਯੋਗ ਨਾਲ ਪੂਰਨ ਸਿੰਘ ਵਰਗੇ ਮਹਾਨ ਸਾਹਿਤਕਾਰ ਨੂੰ ਪੁਨਰ-ਸੁਰਜੀਤ ਕੀਤਾ। ਪ੍ਰੋ. ਪੂਰਨ ਸਿੰਘ ਤਾਂ ਭਾਰਤ ਦੇ ਸਮੁੱਚੇ ਨਵ-ਜਾਗ੍ਰਿਤੀ ਅੰਦੋਲਨ ਦੇ ਉਨ੍ਹਾਂ ਮਹਾਨ ਲੇਖਕਾਂ ਦੇ ਚਮਕਦੇ ਸਿਤਾਰਿਆਂ ਵਿਚੋਂ ਸਨ, ਜਿਨ੍ਹਾਂ ਵਿਚੋਂ ਸਰਬ ਸ੍ਰੀ **ਸਵਾਮੀ ਵਿਵੇਕਾਨੰਦ, ਸਵਾਮੀ ਰਾਮਤੀਰਥ, ਅਰਬਿੰਦੂ ਘੋਸ਼, ਡਾ. ਮੁਹੰਮਦ ਇਕਬਾਲ, ਸ੍ਰੀਮਤੀ ਸਰੋਜਨੀ ਨਾਇਡੂ, ਗੁਰੂ ਦੇਵ ਟੈਗੋਰ** ਤੇ ਹੋਰ ਬਹੁਤ ਸਾਰੇ ਉਘੇ ਭਾਰਤੀ ਸਾਹਿਤਕਾਰ ਸ਼ਾਮਲ ਸਨ। ਮੈਨੂੰ ਇਸ ਗੱਲ ਦਾ ਉਚੇਚਾ ਮਾਣ ਹੈ ਕਿ ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਸਾਹਿਤਕਾਰ ਲੜੀ ਦੀਆਂ ਪੁਸਤਕਾਂ ਵਿਚੋਂ ਸਭ ਤੋਂ ਪਹਿਲਾਂ ਮੇਰੀ ਪੁਸਤਕ 'ਪ੍ਰੋ. ਪੂਰਨ ਸਿੰਘ' ਹੀ ਪ੍ਰਕਾਸ਼ਿਤ ਹੋਈ। ਫਿਰ ਤਾਂ ਕੀ ਸੀ, ਮੈਂ 3-4 ਸਾਲਾਂ ਵਿਚ ਹੀ ਉਨ੍ਹਾਂ ਦੀ ਜੀਵਨੀ **'ਰਾਜ-ਹੰਸ'** ਉਨ੍ਹਾਂ ਦੀ ਪੁਸਤਕ **'ਦ ਬੁੱਕ ਆਫ ਟੈੱਨ ਮਾਸਟਰਜ਼'** ਦਾ ਪੰਜਾਬੀ ਅਨੁਵਾਦ **'ਦਸ ਗੁਰੂ ਦਰਸ਼ਨ'** ਤੇ ਦੋ ਲਘੂ ਕਾਵਿ ਪੁਸਤਕਾਂ **'ਚਰਨ ਛੁਹ'** (ਐਟ ਹਿਜ਼ ਫੀਟ) ਅਤੇ **'ਲੌਢੇ ਪਹਿਰ ਦਾ ਆਤਮ ਚਿੰਤਨ'** (ਐਨ ਆਫਟਰ ਨੂਨ ਵਿਦ ਸੈਲ.ਫ) ਦੇ ਕਾਵਿ ਅਨੁਵਾਦ ਪੰਜਾਬੀ ਯੂਨੀਵਰਸਿਟੀ ਨੂੰ ਛਾਪਣ ਲਈ ਦੇ ਦਿਤੇ।

ਇਨ੍ਹਾਂ ਦਿਨਾਂ ਵਿਚ ਸ. ਕਪੂਰ ਸਿੰਘ ਘੁੰਮਣ, ਡਾਇਰੈਕਟਰ ਭਾਸ਼ਾ ਵਿਭਾਗ ਨੇ ਮੈਨੂੰ ਪ੍ਰਸਿੱਧ ਰੂਸੀ ਸਾਹਿਤਕਾਰ ਚੈਖ਼ੋਵ ਦੇ ਨਾਟਕ **'ਤਿੰਨ ਭੈਣਾਂ'** ਦਾ ਅਨੁਵਾਦ ਕਰਨ ਲਈ ਦਿੱਤਾ। ਮੈਂ ਉਹ ਅਨੁਵਾਦ ਤਾਂ ਭਾਸ਼ਾ ਵਿਭਾਗ ਨੂੰ ਛਾਪਣ ਲਈ ਦੇ ਦਿਤਾ, ਪਰ ਕਪੂਰ ਸਿੰਘ ਘੁੰਮਣ ਜੀ ਨੂੰ ਪ੍ਰੋ. ਪੂਰਨ ਸਿੰਘ ਦੀਆਂ ਅੰਗ੍ਰੇਜ਼ੀ ਪੁਸਤਕਾਂ ਦਾ ਅਨੁਵਾਦ ਕਰਵਾਉਣ ਲਈ ਬੇਨਤੀ ਕੀਤੀ, ਜੋ ਉਨ੍ਹਾਂ ਨੇ ਪ੍ਰਵਾਨ ਕਰ ਲਈ। ਫਿਰ ਕੀ ਸੀ, ਉਨ੍ਹਾਂ ਨੇ ਮੈਨੂੰ ਚਾਰ-ਪੰਜ ਪੁਸਤਕਾਂ ਅਨੁਵਾਦ ਕਰਨ ਲਈ ਦੇ ਦਿਤੀਆਂ। **'ਪੂਰਬੀ ਕਵਿਤਾ ਦੀ ਆਤਮਾ', 'ਸਵਾਮੀ ਰਾਮਤੀਰਥ ਦੀ ਜੀਵਨ ਕਥਾ'**, ਪ੍ਰੋ. ਪੂਰਨ ਸਿੰਘ ਦੀਆਂ ਦੋ ਮਹਾਨ ਸਾਹਿਤਕ ਰਚਨਾਵਾਂ ਹਨ, ਜਿਨ੍ਹਾਂ ਦਾ ਅਨੁਵਾਦ ਕਰਕੇ ਮੈਂ ਸਮਝਦਾ ਹਾਂ ਕਿ ਮੈਂ ਵਡੀ ਸਾਹਿਤਕ ਪ੍ਰਾਪਤੀ ਕਰ ਲਈ ਹੈ। ਪ੍ਰੋ. ਪੂਰਨ ਸਿੰਘ ਦੀ ਅੰਗ੍ਰੇਜ਼ੀ ਰਚਨਾ ਦਾ ਅਨੁਵਾਦ ਕਰ ਸਕਣਾ ਕੋਈ ਸੌਖੀ ਗੱਲ ਨਹੀਂ ਹੈ। ਵਿਸ਼ੇ ਅਤੇ ਸ਼ੈਲੀ ਦੇ ਪੱਖ ਤੋਂ ਉਨ੍ਹਾਂ ਦੀ ਪ੍ਰਤਿਭਾ ਨਾਲ ਇਕਸੁਰ ਹੋਣਾ ਬੜਾ ਹੀ ਜ਼ਰੂਰੀ ਹੈ। ਕਿਥੇ ਉਹ ਮਹਾਨ ਸਾਗਰ ਤੇ ਮੈਂ ਉਸ ਵਿਚ ਤਰ ਰਹੀ ਇਕ ਨਿਕੀ ਜਿਹੀ ਮੱਛੀ, ਪਰ ਗੁਰੂ ਜੀ ਨੇ ਮੇਰੀ ਲਾਜ ਰਖੀ ਅਤੇ ਇਹ ਅਨੁਵਾਦ ਇਕ ਤਰ੍ਹਾਂ ਦੀ ਸਰਲ ਸਾਹਿਤਕ ਭਾਸ਼ਾ ਵਿਚ ਸਿਰੇ ਚੜ੍ਹੇ ਕਿ ਉਹ ਅਨੁਵਾਦ ਦੀ ਥਾਂ ਮੌਲਿਕ ਕਿਰਤਾਂ ਹੀ ਪ੍ਰਤੀਤ



Sri Satguru Jagjit Singh Ji eLibrary NamdhariElibrary@gmail.com

ਹੁੰਦੀਆਂ ਹਨ। ਇਸ ਸੰਬੰਧ ਵਿਚ ਮੈਂ ਕੋਈ ਵਿਸ਼ੇਸ਼ ਦਾਅਵਾ ਨਹੀਂ ਕਰਦਾ, ਸਗੋਂ ਇਸ ਨੂੰ ਮੈਂ ਗੁਰੂ ਦੀ ਮਿਹਰ ਹੀ ਸਮਝਦਾ ਹਾਂ, ਜਿਸ ਨੇ ਮੈਥੋਂ ਇਹ ਕਾਰਜ ਕਰਵਾਉਣਾ ਹੀ ਸੀ, ਜਿਵੇਂ ਕੁਦਰਤ ਵਲੋਂ ਇਹ ਕਾਰਜ ਮੇਰੇ ਕਰਨ ਯੋਗ ਹੀ ਨਿਸ਼ਚਿਤ ਹੋਵੇ।

1981 ਵਿਚ ਪ੍ਰੋ. ਪੂਰਨ ਸਿੰਘ ਦੀ ਪ੍ਰਥਮ ਜਨਮ ਸ਼ਤਾਬਦੀ ਮਨਾਈ ਗਈ। ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰੋ. ਪੂਰਨ ਸਿੰਘ ਦੀਆਂ ਉਦੋਂ ਤਕ ਅਣਪ੍ਰਕਾਸ਼ਿਤ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ। ਮੈਂ ਸਭ ਤੋਂ ਪਹਿਲਾਂ ਉਨ੍ਹਾਂ ਵਿਚੋਂ ਇਕ ਕਾਵਿ ਪੁਸਤਕ **'ਦੀ ਬਰਾਈਡ ਆਫ਼ ਦ ਸਕਾਈ'** ਦਾ ਕਾਵਿ ਅਨੁਵਾਦ **'ਅਨੀਲਕਾ'** ਨਾਂ ਥਲੇ ਕੀਤਾ। ਇਹ ਕਿਸੇ ਨਿਜੀ ਪ੍ਰਕਾਸ਼ਕ ਨੇ ਛਾਪੀ ਸੀ। ਇਸ ਪੁਸਤਕ ਦਾ ਰਸਮੀ ਉਦਘਾਟਨ ਭਾਰਤ ਦੇ ਰਾਸ਼ਟਰਪਤੀ ਗਿ. ਜ਼ੈਲ ਸਿੰਘ ਜੀ ਨੇ ਰਾਸ਼ਟਰਪਤੀ ਭਵਨ ਵਿਚ 30 ਮਾਰਚ 1983 ਨੂੰ ਕੀਤਾ ਸੀ ਅਤੇ ਇਹ ਪੁਸਤਕ ਵੀ ਰਾਸ਼ਟਰਪਤੀ ਗਿ. ਜ਼ੈਲ ਸਿੰਘ ਜੀ ਨੂੰ ਹੀ ਸਮਰਪਿਤ ਹੈ।

ਪੁਸਤਕ 'ਅਨੀਲਕਾ' ਤੋਂ ਪ੍ਰਭਾਵਿਤ ਹੋ ਕੇ ਮੈਂ ਪ੍ਰੋ. ਪੂਰਨ ਸਿੰਘ ਦੀਆਂ ਕੁਝ ਹੋਰ ਰਚਨਾਵਾਂ **'ਸਿੱਖੀ ਦੀ ਆਤਮਾ'** (ਦ ਸਪਿਰਟ ਆਫ ਦ ਸਿਖ' ਦੇ ਤਿੰਨ ਭਾਗਾਂ ਦਾ ਅਨੁਵਾਦ **'ਸਿਖੀ ਦੀ ਆਤਮਾ-ਭਾਗ ਪਹਿਲਾ-ਯੁਗਾਂ ਯੁਗਾਤਰਾਂ ਦੀ ਸਾਂਝ'**, **'ਸਿਖੀ ਦੀ ਆਤਮਾ-ਭਾਗ ਦੂਜਾ-ਆਤਮਾ ਦਾ ਸੰਗੀਤ,'** ਅਤੇ **'ਸਿਖੀ ਦੀ ਆਤਮਾ -ਭਾਗ ਤੀਜਾ-ਚਿੰਤਨ ਧਾਰਾ'** ਆਪਣੇ ਯਤਨਾਂ ਨਾਲ ਹੀ ਪ੍ਰਕਾਸ਼ਿਤ ਕਰਵਾਈਆਂ)। ਹੁਣ ਇਹ ਤਿੰਨੇ ਪੁਸਤਕਾਂ ਸੰਯੁਕਤ ਰੂਪ ਵਿਚ **'ਸਿਖੀ ਦੀ ਆਤਮਾ'** ਸਿਰਲੇਖ ਅਧੀਨ ਲਾਹੌਰ ਬੁੱਕ ਸ਼ਾਪ ਨੇ ਛਾਪ ਲਈਆਂ ਹਨ। ਪ੍ਰੋ. ਪੂਰਨ ਸਿੰਘ ਦਾ ਕੀਤਾ ਗਿਆ ਸਵਾਮੀ ਰਾਮਤੀਰਥ ਦੀਆਂ ਕਵਿਤਾਵਾਂ ਦਾ ਕਾਵਿ ਅਨੁਵਾਦ **'ਅਲਿ.ਫ ਅੱਖਰ'** ਸਵਾਮੀ (ਰਾਮਤੀਰਥ ਜੀ ਆਪਣੇ ਜੀਵਨ ਵਿਚ **'ਅਲਿ.ਫ'** ਨਾਂ ਦਾ ਪੱਤਰ ਛਾਪਦੇ ਰਹੇ ਹਨ) ਅਤੇ **'ਗੀਤ ਗੋਬਿੰਦ'** ਵੀ ਮੇਰੇ ਨਿਜੀ ਯਤਨਾਂ ਨਾਲ ਹੀ ਛਪੇ ਸਨ।

ਮੈਂ ਪ੍ਰੋ. ਪੂਰਨ ਸਿੰਘ ਦੀ ਸਾਰੀ ਅੰਗ੍ਰੇਜ਼ੀ ਕਵਿਤਾ ਜੋ ਸੱਤ-ਅੱਠ ਜਿਲਦਾਂ ਵਿਚ ਹੈ, ਦਾ ਪੰਜਾਬੀ ਕਾਵਿ ਰੂਪਾਂਤਰਣ ਕਰਨ ਦਾ ਸੰਕਲਪ ਕੀਤਾ। ਇਸ ਕਾਰਜ ਵਿਚ ਸਹਿਯੋਗ ਦੇਣ ਲਈ ਰੱਬ ਵੱਲੋਂ ਹੀ ਮੈਨੂੰ ਆਪਣਾ ਇਕ ਸੁਹਿਰਦ ਸ਼ਿਸ਼ ਅਤੇ ਮਿੱਤਰ ਸ. ਸਤਿੰਦਰ ਸਿੰਘ ਨੰਦਾ ਮਿਲ ਗਿਆ, ਜਿਸ ਦੀ ਸਿਰੜਤਾ, ਦ੍ਰਿੜ੍ਹਤਾ, ਨਿਸ਼ਕਾਮ ਸੇਵਾ ਭਾਵਨਾ ਅਤੇ ਸੁਹਿਰਦ ਸਹਿਯੋਗ ਨੇ ਇਸ ਮਹਾਨ ਯੋਜਨਾ ਨੂੰ ਸੰਪੂਰਨ ਕਰਨ ਵਿਚ ਕੇਵਲ ਲਿਖਣ ਦੇ ਕਾਰਜ ਵਿਚ ਹੀ ਸਹਾਇਕ ਦੇ ਰੂਪ ਵਿਚ ਮੇਰੀ ਸਹਾਇਤਾ ਨਹੀਂ ਕੀਤੀ ਸਗੋਂ ਇਨ੍ਹਾਂ ਪੁਸਤਕਾਂ ਦੇ ਟਾਈਪ ਕੀਤੇ ਖਰੜੇ ਤਿਆਰ ਕਰਨ ਅਤੇ ਪ੍ਰਿੰਟਿੰਗ ਕਰਵਾਉਣ ਵਿਚ ਵੀ ਉਸ ਦੀ ਵੱਡੀ ਭੂਮਿਕਾ ਹੈ। ਸੱਚ ਤਾਂ ਇਹ ਹੈ ਕਿ ਉਸ ਦੇ ਸਹਿਯੋਗ ਤੋਂ ਬਿਨਾਂ ਮੈਂ ਸ਼ਾਇਦ ਇਹ ਕੰਮ ਇੰਨੀ ਸਫ਼ਲਤਾ



Sri Satguru Jagjit Singh Ji eLibrary NamdhariElibrary@gmail.com

ਨਾਲ ਕਰ ਹੀ ਨਾ ਸਕਦਾ। ਇਸ ਦੌਰਾਨ ਸਤਿੰਦਰ ਸਿੰਘ ਨੰਦਾ ਨੇ ਮੇਰੇ ਨਾਵਲ 'ਪੁਸ਼ਪਬਨ' ਦੇ ਖਰੜੇ ਨੂੰ ਲਿਖਣ ਦਾ ਕਾਰਜ ਵੀ ਨਿਭਾਇਆ। ਇਹ ਨਾਵਲ ਇਕ ਤਰ੍ਹਾਂ ਨਾਲ ਵਾਰਡ ਨੰ. 10 ਦਾ ਹੀ ਅਗਲਾ ਵਿਸਥਾਰ ਹੈ। ਵਾਰਡ ਨੰ. 10 ਵਿਚ ਤਾਂ ਮੈਂ ਅੱਖਾਂ ਦੇ ਰੋਗ ਸਮੇਂ ਸੀ.ਐਮ.ਸੀ. ਹਸਪਤਾਲ ਵਿਚ ਆਪਣੇ ਇਲਾਜ ਕਰਾਉਣ ਦੀ ਵਿਥਿਆ ਦਾ ਹੀ ਬਿਰਤਾਂਤ ਪੇਸ਼ ਕੀਤਾ ਹੈ, ਜੋ ਇਕ ਤਰ੍ਹਾਂ ਨਾਲ ਅੰਗ੍ਰੇਜ਼ੀ ਕਵੀ ਜਾਨ ਮਿਲਟਨ ਦੇ ਮਹਾਂਕਾਵਿ 'ਸਵਰਗ ਦੇ ਖੁਸ ਜਾਣ' ਦੀ ਵਾਰਤਾ ਹੈ ਅਤੇ 'ਪੁਸ਼ਪਬਨ' ਵਿਚ ਇਨ੍ਹਾਂ ਨਾਵਲਾਂ ਦੇ ਮੁਖ ਪਾਤਰ ਧਰਮਪਾਲ ਦੇ ਪੁਨਰਵਾਸ ਦੀ ਕਥਾ ਨੂੰ ਬਿਆਨ ਕਰਦਾ ਹੈ, ਜੋ ਇਕ ਤਰ੍ਹਾਂ ਨਾਲ ਮਿਲਟਨ ਦੇ 'ਸਵਰਗ ਦੀ ਪੁਨਰ ਪ੍ਰਾਪਤੀ' ਦਾ ਹੀ ਪ੍ਰਤੀਕ ਹੈ।

1993 ਵਿਚ ਪੰਜਾਬੀ ਯੂਨੀਵਰਸਿਟੀ ਨੇ ਮੈਨੂੰ ਜੀਵਨ ਫੈਲੋਸ਼ਿਪ ਪ੍ਰਦਾਨ ਕਰਕੇ ਵੀ ਮੇਰੀਆਂ ਸਾਹਿਤਕ ਸੇਵਾਵਾਂ ਨੂੰ ਪ੍ਰਵਾਨ ਕੀਤਾ ਹੈ ਅਤੇ 12 ਅਕਤੂਬਰ 2000 ਨੂੰ ਮੈਨੂੰ ਡਾ. ਅਤਰ ਸਿੰਘ ਪੁਰਸਕਾਰ ਵੀ ਦਿੱਤਾ ਹੈ। ਮੇਰੇ ਪਰਮ ਮਿਤਰ ਤੇ ਸਨੇਹੀ ਸਵਰਗਵਾਸੀ ਪ੍ਰਿੰ. ਸਤਿਬੀਰ ਸਿੰਘ ਜੀ ਨੂੰ ਜਦੋਂ ਇਹ ਪਤਾ ਲਗਾ ਕਿ ਮੈਂ ਪ੍ਰੋ. ਪੂਰਨ ਸਿੰਘ ਦੇ ਅਨੁਵਾਦ ਕਾਰਜ ਵਿਚ ਵਿਸ਼ੇਸ਼ ਰੁਚੀ ਲਈ ਹੈ ਅਤੇ ਉਨ੍ਹਾਂ ਦੀ ਅੰਗ੍ਰੇਜ਼ੀ ਕਵਿਤਾ ਦਾ ਸੰਪੂਰਨ ਕਾਵਿ ਰੂਪਾਂਤਰਣ ਕਰ ਦਿਤਾ ਹੈ ਤਾਂ ਉਨ੍ਹਾਂ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਮੈਨੂੰ ਇਹ ਉਤਸ਼ਾਹ ਦਿਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪਚਾਰ ਕਮੇਟੀ ਲਈ ਉਨ੍ਹਾਂ ਦੀਆਂ ਗੁਰਮਤਿ ਸੰਬੰਧੀ ਕਵਿਤਾਵਾਂ ਦਾ ਇਕ ਵਖਰਾ ਸੰਗ੍ਰਹਿ ਤਿਆਰ ਕਰ ਦਿਓ। ਇਸ ਕਾਵਿ ਸੰਗ੍ਰਹਿ ਦੇ ਦੋ ਸੰਸਕਰਣ 'ਪੰਜਾਬ ਜਿਊਂਦਾ ਗੁਰਾਂ ਦੇ ਨਾਂ ਤੇ' ਦੇ ਨਾਂ ਹੇਠ ਛਪ ਚੁਕੇ ਹਨ, ਜਿਨ੍ਹਾਂ ਦੀ ਬੜੀ ਪ੍ਰਸ਼ੰਸਾ ਹੋਈ ਹੈ। ਇਸ ਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਵਲੋਂ 'ਕਰਨਾ ਖਿੜਿਆ ਵਿਚ ਪੰਜਾਬ' ਪੁਸਤਕ ਵੀ ਛਪ ਚੁਕੀ ਹੈ, ਜਿਸ ਵਿਚ ਪ੍ਰੋ. ਪੂਰਨ ਸਿੰਘ ਦੀ ਅੰਗ੍ਰੇਜ਼ੀ ਕਵਿਤਾ ਦੀਆਂ ਸਭਿਆਚਾਰਕ ਕਵਿਤਾਵਾਂ ਸੰਕਲਿਤ ਹਨ। ਪ੍ਰੋ. ਪੂਰਨ ਸਿੰਘ ਅਮਰੀਕਾ ਦੇ ਮਹਾਂਕਵੀ ਵਾਲਟ ਵਿਟਮੈਨ ਦੀਆਂ ਰਚਨਾਵਾਂ ਦੇ ਪ੍ਰਸ਼ੰਸਕ ਹੀ ਨਹੀਂ, ਉਪਾਸ਼ਕ ਵੀ ਸਨ। ਆਪ ਜੀ ਨੂੰ ਵਾਲਟ ਵਿਟਮੈਨ ਦੇ ਰੂਪ ਵਿਚ ਗੁਰੂ ਦਾ ਸੱਚਾ ਸਿੱਖ ਲਭ ਪਿਆ, ਜਿਸ ਬਾਰੇ ਉਨ੍ਹਾਂ ਨੇ ਇਕ ਵਿਸ਼ੇਸ਼ ਪੁਸਤਕ 'ਵਾਲਟ ਵਿਟਮੈਨ-ਸਿਖੀ ਦਾ ਪ੍ਰੇਰਨਾ ਸ੍ਰੋਤ' ਲਿਖੀ, ਜਿਸ ਦਾ ਮੇਰੇ ਵਲੋਂ ਕੀਤਾ ਗਿਆ ਅਨੁਵਾਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕਰ ਦਿਤਾ ਹੈ। ਹਾਲੇ ਵੀ ਪ੍ਰੋ. ਪੂਰਨ ਸਿੰਘ ਦੇ ਸੰਬੰਧ ਵਿਚ ਬਹੁਤ ਸਾਰਾ ਕੰਮ ਕਰਨ ਵਾਲਾ ਪਿਆ ਹੈ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਦੇ ਕਈ ਸੰਗ੍ਰਹਿ ਭਾਸ਼ਾ ਵਿਭਾਗ ਵਿਚ ਹਾਲੀ ਛਪਾਈ ਅਧੀਨ ਹਨ। ਮੇਰੀ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੇ ਸੰਬੰਧ ਵਿਚ ਕੀਤੀ ਗਈ ਮਿਹਨਤ ਤਾਂ ਤਦੋਂ ਹੀ ਸੰਪੂਰਨ ਹੋਵੇਗੀ ਜਦੋਂ ਬੰਗਾਲ ਦੇ ਮਹਾਂਕਵੀ



Sri Satguru Jagjit Singh Ji eLibrary NamdhariElibrary@gmail.com

ਗੁਰੂਦੇਵ ਟੈਗੋਰ ਸਮਾਨ ਪੰਜਾਬ ਦੇ ਲੋਕ ਵੀ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਨੂੰ ਉਸੇ ਲਗਨ, ਦਿਲੀ ਚਾਅ ਤੇ ਉਤਸ਼ਾਹ ਨਾਲ ਪੜ੍ਹਿਆ ਕਰਨਗੇ। ਪੰਜਾਬੀ ਯੂਨੀਵਰਸਿਟੀ ਨੇ ਇਕ ਸਮੇਂ ਮੈਨੂੰ ਆਪਣੇ ਵਿਭਾਗਾਂ ਨਾਲ ਜੋੜਨਾ ਚਾਹਿਆ ਸੀ। ਇਹ 1973-74 ਦੀ ਗੱਲ ਹੈ, ਜਦੋਂ ਇਸ ਦੇ ਵਾਈਸ ਚਾਂਸਲਰ ਸ. ਕਿਰਪਾਲ ਸਿੰਘ ਨਾਰੰਗ ਜੀ ਨੇ ਮੈਨੂੰ ਇਸ ਦੇ ਸਾਹਿਤ ਅਧਿਐਨ ਵਿਭਾਗ ਅਤੇ ਪੰਜਾਬੀ ਭਾਸ਼ਾ ਵਿਕਾਸ ਤੇ ਯੋਜਨਾ ਵਿਭਾਗ ਨਾਲ ਜੋੜਨਾ ਚਾਹਿਆ ਸੀ, ਪਰ ਮੈਂ ਸਰਕਾਰੀ ਸੇਵਾ ਤੋਂ ਲਾਂਭੇ ਜਾਣਾ ਪ੍ਰਵਾਨ ਨਹੀਂ ਸੀ ਕੀਤਾ। ਫਿਰ ਵੀ ਮੈਂ ਹੁਣ ਤਕ ਪੰਜਾਬੀ ਯੂਨੀਵਰਸਿਟੀ ਨਾਲ ਬਤੌਰ ਜੀਵਨ ਫੈਲੋ ਵਜੋਂ ਜੁੜਿਆ ਹੋਇਆ ਹਾਂ ਅਤੇ ਇਹ ਰਿਸ਼ਤਾ ਮੇਰੇ ਅੰਤਿਮ ਸਾਹਾਂ ਤਕ ਜੁੜਿਆ ਹੀ ਰਹੇਗਾ। ਪੰਜਾਬੀ ਯੂਨੀਵਰਸਿਟੀ ਨੇ ਮੈਨੂੰ ਆਪਣੀਆਂ ਰਚਨਾਵਾਂ ਨੂੰ ਸੰਪੂਰਨ ਕਰਨ ਲਈ ਸਹਾਇਕਾਂ ਦੀਆਂ ਸੇਵਾਵਾਂ ਵੀ ਸਮੇਂ-ਸਮੇਂ ਸਿਰ ਪ੍ਰਦਾਨ ਕੀਤੀਆਂ ਹਨ।



Sri Satguru Jagjit Singh Ji eLibrary NamdhariElibrary@gmail.com

# ਮੇਰੇ ਕੁਝ ਹੋਰ ਸਾਹਿਤਕ ਕਾਰਜ

ਆਪਣੇ ਅਧਿਆਪਨ ਤੇ ਖੋਜ ਕਾਰਜ ਦੇ ਨਾਲ-ਨਾਲ ਮੈਂ ਪੰਜਾਬੀ ਦੀਆਂ ਸਹਾਇਕ ਸੰਸਥਾਵਾਂ ਦੇ ਕਾਰਜਾਂ ਵਿਚ ਵੀ ਸਮੇਂ-ਸਮੇਂ ਸਿਰ ਕੇਵਲ ਦਿਲਚਸਪੀ ਹੀ ਨਹੀਂ ਲਈ ਸਗੋਂ ਇਨ੍ਹਾਂ ਵਿਚ ਸਕਰਮਕ ਰੂਪ ਵਿਚ ਵੀ ਸੇਵਾ ਕੀਤੀ ਹੈ। ਕੇਂਦਰੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕਾਡਮੀ ਤੋਂ ਬਿਨਾਂ ਪੰਜਾਬੀ ਸਾਹਿਤ ਸਮੀਖਿਆ ਬੋਰਡ ਨੇ ਵੀ ਨਿਗਰ ਸਾਹਿਤਕ ਕੰਮ ਕੀਤਾ ਹੈ। 1957-58 ਤੋਂ ਲੈ ਕੇ ਇਹ ਸਾਹਿਤਕ ਸੰਸਥਾ ਲਗਭਗ ਤਿੰਨ ਦਹਾਕੇ ਤਕ ਸਰਗਰਮ ਰਹੀ ਹੈ। ਇਹ ਸੰਸਥਾ ਪੰਜਾਬੀ ਸਮਾਲੋਚਨਾ ਵਿਚ ਨਰੋਏ ਮਿਆਰ ਸਥਾਪਿਤ ਕਰਨ ਲਈ ਅਤੇ ਲੇਖਕਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਨੂੰ ਮਾਨਤਾ ਦੇਣ ਵਜੋਂ ਬਣਾਈ ਗਈ ਸੀ। **'ਪੰਜਾਬੀ ਸਾਹਿਤ ਦੇ 60 ਸਾਲ', 'ਇਕਾਦਸ਼ੀ', 'ਭਾਈ ਵੀਰ ਸਿੰਘ ਸਿਮਰਤੀ ਗ੍ਰੰਥ', 'ਪ੍ਰੋ. ਪੂਰਨ ਸਿੰਘ ਸਿਮਰਤੀ ਗ੍ਰੰਥ', 'ਗਿ: ਗਿਆਨ ਸਿੰਘ ਸਿਮਰਤੀ ਗ੍ਰੰਥ', 'ਲਾਲਾ ਕਿਰਪਾ ਸਾਗਰ ਸਿਮਰਤੀ ਗ੍ਰੰਥ', 'ਗੁਰੂ ਰਵਿਦਾਸ ਸਾਗਰ ਸਿਮਰਤੀ ਗ੍ਰੰਥ', 'ਗਿ: ਗੁਰਮੁਖ ਸਿੰਘ ਮੁਸਾਫਿਰ ਅਭਿਨੰਦਨ ਗ੍ਰੰਥ'** ਆਦਿ ਪੁਸਤਕਾਂ ਪ੍ਰਕਾਸ਼ਿਤ ਕਰਕੇ ਪੰਜਾਬੀ ਸਮਾਲੋਚਨਾ ਅਤੇ ਖੋਜ ਦੇ ਖੇਤਰ ਵਿਚ ਵਡਮੁੱਲਾ ਕਾਰਜ ਕੀਤਾ ਹੈ। ਹਰ ਸਾਲ ਪ੍ਰਮੁੱਖ ਲੇਖਕਾਂ ਦੀਆਂ ਰਚਨਾਵਾਂ ਨੂੰ ਪੁਰਸਕਾਰਿਤ ਕਰਕੇ ਉਨ੍ਹਾਂ ਦਾ ਉਤਸ਼ਾਹ ਵਧਾਇਆ ਹੈ। ਪੰਜਾਬੀ ਦੇ ਸ੍ਰੇਸ਼ਟ ਲੇਖਕਾਂ ਸਰਬ **ਸ਼੍ਰੀ ਅਵਤਾਰ ਸਿੰਘ ਆਜ਼ਾਦ, ਜਸਵੰਤ ਸਿੰਘ ਕੰਵਲ, ਸੁਖਪਾਲਵੀਰ ਸਿੰਘ ਹਸਰਤ, ਪ੍ਰੀਤਮ ਸਿੰਘ ਸਫੀਰ, ਡਾ. ਹਰਚਰਨ ਸਿੰਘ, ਕਿਰਪਾਲ ਸਿੰਘ ਕਸੇਲ** ਆਦਿ ਪ੍ਰਮੁੱਖ ਸਾਹਿਤਕਾਰਾਂ ਨੂੰ 'ਸਾਹਿਤ ਸ਼੍ਰੋਮਣੀ' ਪੁਰਸਕਾਰ ਪ੍ਰਦਾਨ ਕਰਕੇ ਵੀ ਇਨ੍ਹਾਂ ਲੇਖਕਾਂ ਦੀ ਵਿਲਖਣ ਪ੍ਰਤਿਭਾ ਦਾ ਸਤਿਕਾਰ ਕੀਤਾ ਹੈ।



Sri Satguru Jagjit Singh Ji eLibrary NamdhariElibrary@gmail.com

ਇਸ ਸੰਬੰਧ ਵਿਚ ਸਵਰਗਵਾਸੀ ਸ. ਈਸ਼ਰ ਸਿੰਘ ਅਟਾਰੀ, ਸ. ਸੁਖਪਾਲਵੀਰ ਸਿੰਘ ਹਸਰਤ ਅਤੇ ਡਾ. ਸੁਰਜੀਤ ਸਿੰਘ ਸੇਠੀ ਨੇ ਇਸ ਸੰਸਥਾ ਨੂੰ ਪੂਰੇ ਤਿੰਨ ਦਹਾਕੇ ਸਰਗਰਮ ਰਖਿਆ ਅਤੇ ਬਹੁਤ ਮਹੱਤਵਪੂਰਨ ਸਾਹਿਤਕ ਕਾਰਜ ਨਿਭਾਏ। 1983 ਵਿਚ ਇਸ ਸੰਸਥਾ ਵਲੋਂ ਮੇਰਾ ਵੀ ਬਤੌਰ 'ਸਾਹਿਤ ਸ਼੍ਰੋਮਣੀ' ਪੁਰਸਕਾਰ ਦੇ ਕੇ ਸਨਮਾਨ ਕੀਤਾ ਗਿਆ ਸੀ। ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਹੀ ਹਰ ਸਾਲ ਜਿਥੇ ਪੰਜਾਬੀ ਦੀਆਂ ਉਘੀਆਂ ਸਾਹਿਤਕ ਰਚਨਾਵਾਂ ਨੂੰ ਪੁਰਸਕਾਰ ਦਿਤੇ ਜਾਂਦੇ ਸਨ, ਉਥੇ ਇਨ੍ਹਾਂ ਪੁਸਤਕਾਂ ਸੰਬੰਧੀ ਇਕ ਵਿਸ਼ੇਸ਼ ਨਿਸ਼ਾਨੀ ਵਜੋਂ ਵਿਸ਼ੇਸ਼ ਪੁਸਤਕ ਵੀ ਛਾਪੀ ਜਾਂਦੀ ਰਹੀ ਹੈ, ਜਿਸ ਵਿਚ ਇਨ੍ਹਾਂ ਪੁਸਤਕਾਂ ਦਾ ਸਾਹਿਤਕ ਮੁਲਾਂਕਣ ਵੀ ਪੇਸ਼ ਕੀਤਾ ਜਾਂਦਾ ਸੀ।



Sri Satguru Jagjit Singh Ji eLibrary NamdhariElibrary@gmail.com

# ਨੇਤਰਹੀਣਤਾ ਤੇ ਪੁਨਰਵਾਸ

ਆਮ ਤੌਰ ਤੇ ਕਿਸੇ ਨੇਤਰਹੀਣ ਨੂੰ ਇਸ ਸਮਾਜ ਵਿਚ ਇਕ ਵਾਧੂ ਬੋਝ ਹੀ ਸਮਝਿਆ ਜਾਂਦਾ ਹੈ। ਨੌ-ਬਰ-ਨੌ ਪ੍ਰਾਣੀ ਆਪਣੀ ਇੱਛਾ ਅਨੁਸਾਰ ਹਰ ਕੰਮ ਕਰ ਸਕਦਾ ਹੈ ਅਤੇ ਆਪਣੇ ਗੁਜ਼ਾਰੇ ਲਈ ਉਸ ਨੂੰ ਕਿਸੇ ਨਾ ਕਿਸੇ ਕਿੱਤੇ ਨੂੰ ਅਪਣਾਉਣਾ ਪੈਂਦਾ ਹੈ, ਪਰ ਅੱਜ ਤੋਂ ਅੱਧੀ ਪੌਣੀ ਸਦੀ ਪਹਿਲਾਂ ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਨੇਤਰਹੀਣ ਪ੍ਰਾਣੀ ਜਾਂ ਕਿਸੇ ਹੋਰ ਅੰਗ ਤੋਂ ਵਾਂਝਾ ਜਾਂ ਸੱਟ-ਫੇਟ ਖਾ ਕੇ ਕਿਸੇ ਹਾਦਸੇ ਦਾ ਸ਼ਿਕਾਰ ਹੋਇਆ ਵਿਅਕਤੀ ਸਮਾਜ ਉਤੇ ਇਕ ਵਾਧੂ ਭਾਰ ਹੈ ਅਤੇ ਉਸ ਦੀ ਸੰਭਾਲ ਲਈ ਉਸ ਨੂੰ ਰਹਿਣਵਾਸ ਤੇ ਖਾਧ-ਖੁਰਾਕ ਦੀ ਲੋੜ ਪੈਂਦੀ ਹੈ। ਇਸ ਸੰਬੰਧ ਵਿਚ ਕੁਝ ਵਿਸ਼ੇਸ਼ ਸੰਸਥਾਵਾਂ ਵੀ ਲੋਕਾਂ ਦੇ ਦਾਨ-ਪੁੰਨ ਰਾਹੀਂ ਚਲਦੀਆਂ ਸਨ। ਯਤੀਮਾਂ, ਅਨਾਥਾਂ ਲਈ ਅਨਾਥਘਰ, ਨੇਤਰਹੀਣਾਂ ਲਈ ਅੰਧਵਿਦਿਆਲੇ ਅਤੇ ਅਪੰਗ ਲੂਲ੍ਹੇ-ਲੰਗੜਿਆਂ ਲਈ ਪਿੰਗਲਵਾੜੇ ਜਿਥੇ ਲੋਕਾਂ ਵਲੋਂ ਦਿਤੇ ਗਏ ਦਾਨ ਦੁਆਰਾ ਇਨ੍ਹਾਂ ਦੇ ਖਾਣੇ ਅਤੇ ਰਿਹਾਇਸ਼ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਸੀ। ਕੁਝ ਉਘੀਆਂ ਹਸਤੀਆਂ ਅਤੇ ਸੇਵਾ ਭਾਵ ਰਖਣ ਵਾਲੇ ਲੋਕ ਇਨ੍ਹਾਂ ਸੰਸਥਾਵਾਂ ਦਾ ਸਵੈ-ਇਛਾ ਨਾਲ ਪ੍ਰਬੰਧ ਚਲਾਉਂਦੇ ਸਨ, ਪਰ ਇਨ੍ਹਾਂ ਸਭ ਵਿਚ ਬਹੁਤੇ ਵਿਅਕਤੀਆਂ ਨੂੰ ਨਕਾਰਾ ਸਮਝ ਕੇ ਕਿਸੇ ਕਿੱਤੇ ਆਦਿ ਦੀ ਸਿਖਲਾਈ ਨਹੀਂ ਸੀ ਦਿਤੀ ਜਾਂਦੀ। ਫਿਰ ਸਹਿਜੇ-ਸਹਿਜੇ ਸਮਾਜ ਵਿਚ ਜਾਗ੍ਰਿਤੀ ਆਉਣ ਨਾਲ ਅਤੇ ਵਿਗਿਆਨਿਕ ਸਹੂਲਤਾਂ ਵੱਧ ਜਾਣ ਨਾਲ ਇਨ੍ਹਾਂ ਨੂੰ ਕਿਸੇ ਸਾਰਥਕ ਕਿੱਤੇ ਵੱਲ ਵੀ ਲਗਾਇਆ ਜਾਂਦਾ। ਇਨ੍ਹਾਂ ਵਿਅਕਤੀਆਂ ਵਿਚ ਕੁਝ ਅਜਿਹੇ ਸੰਵੇਦਨਸ਼ੀਲ ਵਿਅਕਤੀ ਵੀ ਸਾਹਮਣੇ ਆਉਂਦੇ ਜੋ ਇਸ ਜੀਵਨ ਨੂੰ ਦੂਭਰ ਸਮਝਦੇ ਸਨ ਅਤੇ ਆਪਣੇ ਆਪ ਨੂੰ ਕਿਸੇ ਹੋਰ ਦੇ ਤਰਸ ਦਾ ਪਾਤਰ ਬਣਾਉਣ ਦੀ ਥਾਂ ਆਪਣੇ ਉਦਮ ਅਤੇ ਬੁਧ ਬਲ ਨਾਲ ਸਮਾਜ ਵਿਚ ਸਵੈ-ਮਾਨ ਤੇ ਸਤਿਕਾਰ ਨਾਲ ਜੀਉਣਾ ਲੋਚਦੇ ਸਨ। ਇਨ੍ਹਾਂ



Sri Satguru Jagjit Singh Ji eLibrary NamdhariElibrary@gmail.com

ਲੋਕਾਂ ਵਿਚ ਹੀ ਕੁਝ ਪੱਕੇ ਇਰਾਦੇ ਵਾਲੇ ਵਿਅਕਤੀਆਂ ਨੇ ਜਦੋਂ ਆਪਣੀ ਹਿੰਮਤ ਅਤੇ ਮਿਹਨਤ ਦੁਆਰਾ ਸਵੈ-ਨਿਰਭਰਤਾ ਦਾ ਜੀਵਨ ਜੀਉਣ ਲਈ ਉਦਮ ਕੀਤਾ ਤਾਂ ਇਨ੍ਹਾਂ ਲਈ ਨਵੇਂ ਮਾਰਗ ਵੀ ਖੁਲ੍ਹ ਗਏ। ਇੰਝ ਇਨ੍ਹਾਂ ਅਪੰਗ ਅਤੇ ਨੇਤਰਹੀਣ ਵਿਅਕਤੀਆਂ ਲਈ ਪੁਨਰਵਾਸ ਦਾ ਨਵਾਂ ਸੰਕਲਪ ਹੋਂਦ ਵਿਚ ਆਇਆ। ਸਹਿਜੇ-ਸਹਿਜੇ ਸਮਾਜ ਵਿਚ ਇਹ ਚੇਤਨਤਾ ਉਤਪੰਨ ਹੋ ਗਈ ਕਿ ਨੇਤਰਹੀਣ ਤੇ ਅਪੰਗ ਵਿਅਕਤੀ ਵੀ ਕੁਝ ਵਿਸ਼ੇਸ਼ ਕਿਤਿਆਂ ਨਾਲ ਜੁੜ ਕੇ ਸਿਖਲਾਈ ਤੇ ਸਿਖਿਆ ਦੁਆਰਾ ਉਨਤੀ ਕਰਕੇ ਸਮਾਜ ਦਾ ਨਰੋਆ ਅੰਗ ਸਿੱਧ ਹੋ ਸਕਦੇ ਹਨ, ਪਰ ਇਸ ਬੰਨੇ ਬੜੇ ਉਦਮ ਕਰਨ ਦੀ ਲੋੜ ਸੀ ਤੇ ਕੁਝ ਸੰਸਥਾਵਾਂ ਨੇ ਇਸ ਬੰਨੇ ਵਿਸ਼ੇਸ਼ ਯਤਨ ਵੀ ਕੀਤੇ ਹਨ।

ਆਪਣੀ ਨੇਤਰਹੀਣ ਅਵਸਥਾ ਦੇ ਅਨੁਭਵ ਤੋਂ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਇਸ ਸੰਬੰਧ ਵਿਚ ਦੋ ਤਰ੍ਹਾਂ ਦੇ ਕਾਰਜ ਸਹਾਈ ਹੋ ਸਕਦੇ ਹਨ। ਇਕ ਨਿੱਜੀ ਯਤਨ ਅਤੇ ਦੂਜਾ ਸਮਾਜਕ ਸੰਸਥਾਵਾਂ ਦੇ ਸੰਗਠਨਾਂ ਵਲੋਂ ਕੀਤੇ ਗਏ ਯਤਨ। ਜਿਥੋਂ ਤਕ ਮੇਰੇ ਨਿਜੀ ਅਨੁਭਵ ਦਾ ਸੰਬੰਧ ਹੈ, ਮੈਂ ਇਹ ਮੰਨ ਕੇ ਤੁਰਿਆ ਸਾਂ ਕਿ ਸਰੀਰ ਦੇ ਕਿਸੇ ਗਿਆਨ ਇੰਦਰੇ ਦੇ ਵਿਚ ਕਿਸੇ ਦੋਸ਼ ਦੇ ਆ ਜਾਣ ਨਾਲ ਮਨੁੱਖ ਬਿਲਕੁਲ ਨਕਾਰਾ ਨਹੀਂ ਹੁੰਦਾ ਸਗੋਂ ਉਸ ਲਈ ਕਈ ਹੋਰ ਨਵੇਂ ਰਾਹ ਜਾਂ ਵਿਕਲਪ ਖੁਲ੍ਹੇ ਹੁੰਦੇ ਹਨ। ਕੇਵਲ ਹਿੰਮਤ ਅਤੇ ਉਤਸ਼ਾਹ ਦੀ ਉਸ ਨੂੰ ਲੋੜ ਪੈਂਦੀ ਹੈ। ਮੇਰੇ ਆਪਣੇ ਨਿਜੀ ਜੀਵਨ ਵਿਚ ਡਾ. ਈ.ਐਮ.ਜੌਨਸਨ ਦਾ ਸੀ.ਐਮ.ਸੀ. ਹਸਪਤਾਲ ਲੁਧਿਆਣਾ ਦਾ ਨੇਤਰਹੀਣ ਪੁਨਰਵਾਸ ਕੇਂਦਰ ਵਿਚ ਡਾਇਰੈਕਟਰ ਦੇ ਰੂਪ ਵਿਚ ਆਉਣਾ ਬੜਾ ਸਹਾਈ ਸਿੱਧ ਹੋਇਆ। ਉਸ ਨੇ ਤੇ ਡਾ. ਵੀ.ਸੀ.ਰੈਬੋ ਨੇ ਜੋ ਹੁਣ ਨੇਤਰਹੀਣ ਪੇਂਡੂ ਸਿਹਤ ਸੇਵਾਵਾਂ ਦਾ ਡਾਇਰੈਕਟਰ ਸੀ, ਨੇ ਮੈਨੂੰ ਭਾਲ ਲਿਆ। ਮੇਰੇ ਘਰ ਆ ਕੇ ਮੇਰੀ ਸਹਾਇਤਾ ਲਈ ਬਹੁੜੇ। ਮੇਰੇ ਲਈ ਤਾਂ ਇਹ ਇਕ ਰੱਬੀ ਮਿਹਰ ਵਾਲੀ ਗੱਲ ਸੀ, ਜੋ ਮੇਰੀ ਝੋਲੀ ਵਿਚ ਆ ਪਈ ਸੀ। ਇਕ ਵਧੇਰੇ ਸੁਖਾਵੀਂ ਗੱਲ ਇਹ ਹੋਈ ਕਿ ਈ.ਐਮ.ਜੌਨਸਨ ਕੁਝ ਚਿਰ ਪਹਿਲਾਂ ਹੀ ਮੇਰੇ ਵਾਂਗ ਸੁਨੇਤਰ ਹੁੰਦਾ ਹੋਇਆ ਇਕ ਹਾਦਸੇ ਦਾ ਸ਼ਿਕਾਰ ਹੋ ਕੇ ਨੇਤਰਹੀਣ ਹੋ ਗਿਆ ਸੀ। ਉਸ ਨੇ ਆਪਣਾ ਪੁਨਰਵਾਸ ਹੀ ਨਹੀਂ ਸੀ ਕੀਤਾ ਸਗੋਂ ਉਹ ਹੁਣ ਦੂਜੇ ਨੇਤਰਹੀਣ ਪ੍ਰਾਣੀਆਂ ਦੇ ਪੁਨਰਵਾਸ ਦਾ ਮਾਰਗ ਲੈ ਕੇ ਪੰਜਾਬ ਆਇਆ ਸੀ। ਸਭ ਤੋਂ ਪਹਿਲਾਂ ਉਸ ਨੇ ਮੈਨੂੰ ਸਫੈਦ ਬੈਂਤ ਦੀ ਸੋਟੀ ਨਾਂਲ ਤੁਰਨਾ ਸਿਖਾਇਆ, ਨੇਤਰਹੀਣਾਂ ਦੇ ਪੁਨਰਵਾਸ ਵਿਚ ਇਹ ਪਹਿਲਾਂ ਕਦਮ ਹੁੰਦਾ ਹੈ ਕਿ ਉਹ ਸੋਟੀ ਜਾਂ ਜਿਸ ਨੂੰ ਬਾਣੀ ਵਿਚ 'ਟੋਹਣੀ' ਕਿਹਾ ਜਾਂਦਾ ਹੈ, ਦੀ ਸਹਾਇਤਾ ਨਾਲ ਤੁਰ ਫਿਰ ਸਕਣ। ਮੈਂ ਜੋ ਉਸ ਸਮੇਂ ਤਕ ਹੱਥ ਵਿਚ ਸੋਟੀ ਫੜ ਕੇ ਤੁਰਨ ਨੂੰ ਠੀਕ ਨਹੀਂ ਸਾਂ ਸਮਝਦਾ, ਉਸ ਸੋਟੀ ਨੂੰ ਪਕੜਨ ਅਤੇ ਕੁਝ ਅਭਿਆਸ ਪਿਛੋਂ ਮੈਨੂੰ ਇਹ ਯਕੀਨ ਹੋ ਗਿਆ ਕਿ ਇਕ ਨੇਤਰਹੀਣ ਵਿਅਕਤੀ ਲਈ ਇਸ ਦਾ



Sri Satguru Jagjit Singh Ji eLibrary NamdhariElibrary@gmail.com

ਆਸਰਾ ਲੈਣਾ ਬੜਾ ਜ਼ਰੂਰੀ ਹੈ। ਭਗਤ ਨਾਮਦੇਵ ਜੀ ਨੇ ਤਾਂ ਕਿਹਾ ਸੀ, 'ਮੈਂ ਅੰਧੁਲੇ ਕੀ ਟੇਕ, ਤੇਰਾ ਨਾਮ ਖੁੰਦਕਾਰਾ,' ਪਰ ਮੈਨੂੰ ਇਸ ਸੋਟੀ ਵਿਚੋਂ ਹੀ ਅੰਧਲੇ ਦੀ ਟੇਕ ਦਾ ਅਹਿਸਾਸ ਹੋਇਆ। ਦੂਜੀ ਗੱਲ ਜਿਹੜੀ ਮੈਨੂੰ ਜੌਨਸਨ ਸਾਹਿਬ ਨੇ ਇਕ ਨੇਤਰਹੀਣਾਂ ਦੇ ਅਧਿਆਪਕ ਵਜੋਂ ਸਿਖਾਈ, ਉਹ ਬਰੇਲ ਲਿਪੀ ਦੁਆਰਾ ਪੜ੍ਹਨ ਦੀ ਵਿਧੀ ਸੀ। ਅੱਜ ਫਰਾਂਸ ਦੇ ਲੂਈ ਬਰੇਲ ਦਾ ਨਾਮ ਸੰਸਾਰ ਵਿਚ ਨੇਤਰਹੀਣਾਂ ਦੇ ਉਥਾਨ ਵਿਚ ਬੜਾ ਸਨਮਾਨ ਨਾਲ ਲਿਆ ਜਾਂਦਾ ਹੈ। ਉਸ ਦੀ ਵੱਡੀ ਦੇਣ ਇਹੋ ਹੀ ਸੀ ਕਿ ਉਸਨੇ ਛੇ ਨੁਕਤਿਆਂ ਵਾਲੀ ਲਿਪੀ ਦੀ ਕਾਢ ਕੱਢ ਕੇ ਨੇਤਰਹੀਣਾਂ ਲਈ ਵਿਦਿਆ ਦੇ ਪ੍ਰਕਾਸ਼ ਦਾ ਮਾਰਗ ਖੋਲ੍ਹ ਦਿਤਾ। ਮੈਂ ਭਾਵੇਂ ਬਰੇਲ ਲਿਪੀ ਦਾ ਬਹੁਤਾ ਲਾਭ ਨਾ ਉਠਾ ਸਕਿਆ। ਉਸ ਦੇ ਕੁਝ ਹੋਰ ਵਿਸ਼ੇਸ਼ ਕਾਰਨ ਸਨ ਜੋ ਮੇਰੇ ਲਿਖਣ ਪੜ੍ਹਨ ਦੇ ਕਾਰਜ ਵਿਚ ਸਹਾਈ ਹੋ ਰਹੇ ਸਨ, ਪਰ ਆਮ ਨੇਤਰਹੀਣਾਂ ਲਈ ਬਰੇਲ ਲਿਪੀ ਦੁਆਰਾ ਸਿਖਿਆ ਦੀ ਪਧਤੀ ਬੜੀ ਮੁਕੰਮਲ ਤੇ ਵਿਗਿਆਨਕ ਹੈ ਜਿਸ ਦੁਆਰਾ ਉਹ ਸਿਖਿਆ ਦੇ ਖੇਤਰ ਵਿਚ ਵੱਡੀਆਂ ਤੇ ਉਚੀਆਂ ਮੱਲਾਂ ਮਾਰ ਸਕਦੇ ਹਨ ਅਤੇ ਇਸ ਵਿਧੀ ਨਾਲ ਸੰਸਾਰ ਦੇ ਸਾਰੇ ਵਿਸ਼ਵ ਵਿਦਿਆਲੇ, ਨੇਤਰਹੀਣਾਂ ਦੇ ਸਿਖਿਆ ਕਾਰਜ ਵਿਚ ਸਹਾਈ ਹੋ ਰਹੇ ਹਨ। ਇਹ ਸਿਖਿਆ ਨੇਤਰਹੀਣ ਪ੍ਰਾਣੀਆਂ ਵਿਚ ਆਤਮ ਵਿਸ਼ਵਾਸ ਨੂੰ ਦ੍ਰਿੜ ਕਰਵਾਉਂਦੀ ਹੈ ਅਤੇ ਉਸ ਦੇ ਵਿਅਕਤੀਤਵ ਨੂੰ ਸੰਤੁਲਿਤ ਬਣਾ ਦਿੰਦੀ ਹੈ।

ਤੀਜੀ ਗੱਲ ਜੋ ਮੈਂ ਜੌਨਸਨ ਸਾਹਿਬ ਦੇ ਸਾਥ ਤੋਂ ਸਿਖੀ, ਉਹ ਇਹ ਸੀ ਕਿ ਜੇ ਨੇਤਰਹੀਣ ਵਿਅਕਤੀ ਇਕੱਲਾ ਹੋਵੇ ਤਾਂ ਉਸ ਵਿਚ ਨਿਰਾਸ਼ਾ ਤੇ ਉਦਾਸੀ ਦੀ ਭਾਵਨਾ ਜ਼ਰੂਰ ਆ ਜਾਂਦੀ ਹੈ, ਪਰ ਜਦੋਂ ਨੇਤਰਹੀਣ ਇਕ ਵਿਅਕਤੀ ਨਾ ਰਹਿ ਕੇ ਦੂਜਿਆਂ ਦੇ ਸਾਥ ਵਿਚ ਇਕ ਤੋਂ ਦੋ ਤੇ ਫਿਰ ਨੇਤਰਹੀਣ ਸਮੂਹ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਉਸ ਵਿਚ ਸਵੈ ਉਥਾਨ ਦੀ ਭਾਵਨਾ ਹੋਰ ਬਲਵਾਨ ਹੋ ਜਾਂਦੀ ਹੈ। ਜੌਨਸਨ ਸਾਹਿਬ ਦੇ ਸਾਥ ਨੇ ਮੈਨੂੰ ਇਸ ਪੱਖ ਤੋਂ ਵੀ ਬਲ ਬਖ਼ਸ਼ਿਆ। ਉਤਸ਼ਾਹ ਦਿਤਾ ਕਿ ਜੇ ਇਹ ਵਿਅਕਤੀ ਸਮਾਜ ਵਿਚ ਇਸ ਤਰ੍ਹਾਂ ਵਿਚਰ ਸਕਦਾ ਹੈ ਤਾਂ ਮੈਂ ਕਿਉਂ ਨਹੀਂ।

ਜੌਨਸਨ ਸਾਹਿਬ ਮੇਰੇ ਪਹਿਲੇ ਉਸਤਾਦ ਸਨ। ਮੈਂ ਉਨ੍ਹਾਂ ਦਾ ਪਹਿਲਾ ਨੇਤਰਹੀਣ ਸ਼ਾਗਿਰਦ ਜਿਸ ਉਤੇ ਉਨ੍ਹਾਂ ਨੇ ਆਪਣੇ ਪੁਨਰਵਾਸ ਦਾ ਵਿਗਿਆਨਕ ਮੰਤਰ ਅਜ਼ਮਾਇਆ ਸੀ ਅਤੇ ਇਸ ਵਿਚ ਉਹ ਕਾਮਯਾਬ ਹੋਏ ਸਨ। ਸਾਡੇ ਦੋਹਾਂ, ਉਸਤਾਦ ਤੇ ਸ਼ਾਗਿਰਦ ਵਿਚ ਕੁਝ ਗੱਲਾਂ ਸਾਂਝੀਆਂ ਸਨ। ਉਹ ਦੱਖਣ ਤਾਮਿਲਨਾਡੂ ਮਦਰਾਸ ਦਾ ਵਾਸੀ ਅਤੇ ਮੈਂ ਉਤਰ ਦਾ ਪੰਜਾਬ-ਵਾਸੀ। ਦੋਵੇਂ ਪੜ੍ਹੇ ਲਿਖੇ ਤੇ ਦੋਵੇਂ ਲਗਭਗ ਇਕੋ ਜਿਹੀ ਉਮਰ ਵਿਚ ਸੁਜਾਖੇ ਤੋਂ ਮੁਨਾਖੇ ਹੋਏ, ਪਰ ਸਾਡੀ ਦੋਹਾਂ ਦੀ ਇਹ ਸਾਂਝ ਹੁਣ ਤਕ ਪੱਕੀ ਤਰ੍ਹਾਂ ਨਿਭੀ ਹੈ। ਸ਼ੁਰੂ-ਸ਼ੁਰੂ ਵਿਚ ਮੈਂ ਉਸ ਨਾਲ ਸਮਾਜਕ ਸਲਾਹਕਾਰ



Sri Satguru Jagjit Singh Ji eLibrary NamdhariElibrary@gmail.com

ਦੇ ਤੌਰ ਤੇ ਸੀ.ਐਮ.ਸੀ. ਹਸਪਤਾਲ ਦੇ ਪੁਨਰਵਾਸ ਵਿਭਾਗ ਵਿਚ ਕੰਮ ਕੀਤਾ। ਇਸ ਦੁਆਰਾ ਮੈਨੂੰ ਰੋਜ਼ਗਾਰ ਵੀ ਮਿਲਿਆ ਤੇ ਜੌਨਸਨ ਸਾਹਿਬ ਦਾ ਸਾਥ ਵੀ। ਫਿਰ ਅਸਾਂ ਦੋਹਾਂ ਨੇ ਰੱਲ ਕੇ ਨੇਤਰਹੀਣਾਂ ਦੇ ਉਥਾਨ ਲਈ ਕਈ ਕਾਰਜ ਕੀਤੇ। ਸਾਡਾ ਨੇਤਰਹੀਣ ਪੁਨਰਵਾਸ ਸਿਖਿਆ, ਸਿਖਲਾਈ ਤੇ ਪੁਨਰਵਾਸ ਕੇਂਦਰ ਚਲ ਹੀ ਰਿਹਾ ਸੀ ਕਿ ਅਸੀਂ ਬਹੁਤ ਸਾਰੀਆਂ ਨੇਤਰਹੀਣਾਂ ਦੀਆਂ ਸੰਸਥਾਵਾਂ ਵਿਚ ਵੀ ਜਥੇਬੰਦਕ ਰੂਪ ਵਿਚ ਰੁਚੀ ਲਈ। **ਭਾਰਤ ਨੇਤਰਹੀਣ ਸੇਵਕ ਸਮਾਜ, ਨੈਸ਼ਨਲ ਫੈਡਰੇਸ਼ਨ ਆਫ ਬਲਾਈਂਡਜ਼, ਨੈਸ਼ਨਲ ਐਸੋਸੀਏਸ਼ਨ ਆਫ ਬਲਾਈਂਡ ਅਤੇ ਦ ਪੰਜਾਬ ਵੈਲਫੇਅਰ ਐਸੋਸੀਏਸ਼ਨ ਫਾਰ ਦ ਬਲਾਈਂਡ** ਇਨ੍ਹਾਂ ਸੰਸਥਾਵਾਂ ਨੇ ਰਲ ਕੇ ਪੰਜਾਬ ਅਤੇ ਉੱਤਰ ਪੱਛਮੀ ਭਾਰਤ ਦੇ ਖੇਤਰ ਵਿਚ ਨੇਤਰਹੀਣਾਂ ਦੇ ਉਥਾਨ ਲਈ ਕਈ ਮਹੱਤਵਪੂਰਨ ਕਾਰਜ ਕੀਤੇ ਤੇ ਕਈ ਪ੍ਰਾਪਤੀਆਂ ਕੀਤੀਆਂ ਹਨ।

ਮੈਨੂੰ ਯਾਦ ਹੈ ਕਿ ਡਾ. ਈ.ਐਮ.ਜੌਨਸਨ ਦੇ ਮਾਤਾ ਪਿਤਾ ਜੀ ਸਾਨੂੰ ਦੋਹਾਂ ਨੂੰ **'ਪੰਜਾਬ ਬ੍ਰਦਰਜ਼'** ਕਰਕੇ ਬੁਲਾਇਆ ਕਰਦੇ ਸਨ। ਉਨ੍ਹਾਂ ਦੇ ਸਾਨੂੰ ਇਸ ਤਰ੍ਹਾਂ ਬੁਲਾਉਣ ਵਿਚ ਇਕ ਤਰ੍ਹਾਂ ਦੀ ਅਪਣਤ ਤੇ ਅਥਾਹ ਪ੍ਰੇਮ ਸੀ, ਜਿਸ ਨੇ ਹੁਣ ਤਕ ਵੀ ਮੈਨੂੰ ਤੇ ਡਾ. ਈ.ਐਮ.ਜੌਨਸਨ ਨੂੰ ਸੱਚੇ ਸੁਚੇ ਭਰਾਤਰੀ ਰਿਸ਼ਤੇ ਵਿਚ ਬੰਨ੍ਹਿਆ ਹੋਇਆ ਹੈ। ਭਾਵੇਂ ਮੇਰੇ ਅਤੇ ਉਸ ਦੇ ਜੀਵਨ ਦੇ ਖੇਤਰ ਵਖਰੇ-ਵਖਰੇ ਰਹੇ ਹਨ। ਮੈਂ ਕਾਲਜ ਅਧਿਆਪਕ ਅਤੇ ਸਾਹਿਤਕਾਰ, ਉਹ ਨੇਤਰਹੀਣਾਂ ਦੇ ਪੁਨਰਵਾਸ ਦਾ ਮਾਹਿਰ। ਮੈਨੂੰ ਇਸ ਗੱਲ ਦਾ ਅਹਿਸਾਸ ਤਾਂ ਸਦਾ ਹੀ ਰਹਿੰਦਾ ਹੈ ਕਿ ਡਾ. ਈ.ਐਮ. ਜੌਨਸਨ ਦਾ ਮੇਰੇ ਪੁਨਰਵਾਸ ਅਰਥਾਤ ਮੈਨੂੰ ਮੁੜ ਸਰਕਾਰੀ ਨੌਕਰੀ ਵਿਚ ਜੋੜਨ ਵਿਚ 90 ਫ਼ੀ ਸਦੀ ਹੱਥ ਹੈ।

ਆਰੰਭ ਤੋਂ ਹੀ ਉਸ ਨੇ ਮੈਨੂੰ ਨੇਤਰਹੀਣਾਂ ਦੀ ਭਲਾਈ ਦੇ ਕਾਰਜ ਵਿਚ ਆਪਣੇ ਸਹਿਯੋਗੀ ਵਜੋਂ ਨਾਲ ਰਖਿਆ ਹੈ। ਅੱਜ ਵੀ ਮੈਂ ਉਸ ਦੀ ਸਥਾਪਿਤ ਸੰਸਥਾ **'ਵੋਕੇਸ਼ਨਲ ਰੀਹੈਬਲੀਟੇਸ਼ਨ ਟ੍ਰੇਨਿੰਗ ਸੈਂਟਰ ਫਾਰ ਦਾ ਬਲਾਈਂਡ'** ਕਿਚਲੂ ਨਗਰ, ਹੈਬੋਵਾਲ ਰੋਡ, ਲੁਧਿਆਣਾ ਦੇ ਸੰਚਾਲਕ ਮੰਡਲ ਦਾ ਪਿਛਲੇ 30-35 ਸਾਲਾਂ ਤੋਂ ਮੈਂਬਰ ਤੁਰਿਆ ਆ ਰਿਹਾ ਹਾਂ ਅਤੇ ਇਹ ਸੰਸਥਾ ਅੱਜ ਨੇਤਰਹੀਣ ਅਤੇ ਅਪੰਗ ਵਿਅਕਤੀਆਂ ਦੇ ਸਿਖਲਾਈ ਅਤੇ ਪੁਨਰਵਾਸ ਕੇਂਦਰ ਵਜੋਂ ਉਤਰੀ ਭਾਰਤ ਦੀ ਸਭ ਤੋਂ ਪ੍ਰਮੁੱਖ ਸੰਸਥਾ ਮੰਨੀ ਜਾਂਦੀ ਹੈ। ਅੱਜ ਜਦੋਂ ਮੈਂ ਇਹ ਸੋਚਦਾ ਹਾਂ ਕਿ ਜੇ ਜੌਨਸਨ ਸਾਹਿਬ ਵਰਗਾ ਮੇਰੇ ਨੇਤਰਹੀਣ ਦਾ ਨੇਤਰਹੀਣ ਅਧਿਆਪਕ ਮੇਰਾ ਮਸੀਹਾ ਬਣ ਕੇ ਨਾ ਆਉਂਦਾ ਤਾਂ ਅੱਜ ਮੈਂ ਉਹ ਪ੍ਰਾਪਤੀ ਨਾ ਕਰ ਸਕਦਾ, ਜੋ ਮੈਂ 40 ਸਾਲਾਂ ਦੀ ਨੇਤਰਹੀਣ ਅਵਸਥਾ ਵਿਚ ਕੀਤੀ ਹੈ।

ਅਰਧ ਆਯੂ ਵਿਚ ਅੱਖਾਂ ਦੀ ਜੋਤ ਦਾ ਖੁਸ ਜਾਣਾ ਹਾਦਸਾ ਤਾਂ ਬਹੁਤ ਵਡਾ ਸੀ, ਪਰ ਮੈਂ ਕਿਵੇਂ ਇਸ ਭਉਜਲ ਨੂੰ ਪਾਰ ਕੀਤਾ, ਇਹ ਵੀ ਇਕ ਵਡਾਣਾ ਕੌਤਕ



Sri Satguru Jagjit Singh Ji eLibrary NamdhariElibrary@gmail.com

ਹੈ। ਇਸ ਦਾ ਬਹੁਤ ਵਡਾ ਕਾਰਨ ਤਾਂ ਉਹ ਗੁਰੂ ਮਿਹਰ ਸਤਿਗੁਰੂ ਜੀ ਦੀ ਬਖ਼ਸ਼ਿਸ਼ ਹੈ ਜੋ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਦੇ ਚਰਨ ਕੰਵਲਾਂ ਤੋਂ ਪ੍ਰਾਪਤ ਹੋਈ। ਉਨ੍ਹਾਂ ਦਾ ਬਖ਼ਸ਼ਿਆ ਹੋਇਆ ਪਵਿਤਰ ਗੁਰਮੰਤਰ ਜਦੋਂ ਮੇਰੀ ਕੰਨੀ ਪਿਆ ਤਾਂ ਮੇਰੇ ਅੰਦਰਲਾ ਆਤਮ ਕੰਵਲ ਅਡੋਲ ਹੋ ਗਿਆ। ਨਾਮ ਦੀ ਅੰਮ੍ਰਿਤ - ਵਰਖਾ ਨੇ ਮੇਰੇ ਤਨ, ਮਨ ਨੂੰ ਸਦਾ ਠੰਢਾ ਰਖਿਆ ਹੈ ਅਤੇ ਮੇਰੇ ਅੰਦਰ ਇਕ ਅਨੋਖੀ ਆਤਮ ਵਿਸ਼ਵਾਸ ਦੀ ਜੋਤ ਨੂੰ ਜਗਾਈ ਰਖਿਆ ਹੈ। ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਜਾਣ ਨਾਲ ਮੈਂ ਸਦਾ ਅਚਿੰਤ ਰਿਹਾ ਹਾਂ। ਜਦੋਂ ਵੀ ਕੋਈ ਘਰੋਗੀ, ਪਰਿਵਾਰਿਕ ਜਾਂ ਹੋਰ ਕਿਸੇ ਤੌਖਲੇ ਨੇ ਘੇਰਿਆ ਹੈ ਤਾਂ ਸਤਿਗੁਰੂ ਜੀ ਦੇ ਚਰਨਾਂ ਕੰਵਲਾਂ ਤੇ ਅਰਦਾਸ ਕਰਕੇ ਮੇਰੇ ਸਭ ਕਸ਼ਟ ਕਲੇਸ਼ ਦੂਰ ਹੁੰਦੇ ਰਹੇ ਹਨ। ਦਿਨ ਵਿਚ ਕਈ-ਕਈ ਵਾਰ ਸਤਿਗੁਰੂ ਜੀ ਦੇ ਚਰਨ ਕੰਵਲਾਂ ਦਾ ਧਿਆਨ ਧਰ ਕੇ ਅਰਦਾਸ ਕਰਦਾ ਹਾਂ ਕਿ ਮੈਂ ਸਦਾ ਹਜ਼ੂਰ ਦੀ ਚਰਨ ਸ਼ਰਨ ਵਿਚ ਵਿਚਰਾਂ।

ਮੇਰੇ ਲਿਖਣ ਪੜ੍ਹਨ ਦੇ ਕਾਰਜ ਵਿਚ ਤਾਂ ਉਨ੍ਹਾਂ ਦਾ ਵਰ ਤੇ ਅਸੀਸ ਸਦਾ ਮੇਰੇ ਨਾਲ ਰਹੇ ਹਨ, ਨਹੀਂ ਤਾਂ ਕਿਹੜਾ ਅਜਿਹਾ ਨੇਤਰਹੀਣ ਲੇਖਕ ਹੋ ਸਕਦਾ ਹੈ, ਜੋ ਇਸ ਤਰ੍ਹਾਂ ਨਿਰੰਤਰ ਸਾਹਿਤਕ ਕਾਰਜ ਵਿਚ ਜੁਟਿਆ ਰਹੇ। ਫਿਰ ਜਦੋਂ ਕਿਸੇ ਦੂਜੇ ਦੇ ਆਸਰੇ ਲਿਖਣ ਪੜ੍ਹਨ ਦਾ ਕੰਮ ਕਰਨਾ ਪਵੇ ਪਰ, ਇਸ ਨੇਤਰਹੀਣ ਅਵਸਥਾ ਵਿਚ ਵੀ ਮੈਨੂੰ ਅਜਿਹੇ ਸਹਿਯੋਗੀ, ਮਿੱਤਰ ਤੇ ਸਹਾਇਕਾਂ ਦਾ ਸੰਗ ਪ੍ਰਾਪਤ ਹੋਇਆ, ਜਿਨ੍ਹਾਂ ਦੇ ਸੁਹਿਰਦ ਸਹਿਯੋਗ ਨਾਲ ਮੈਂ ਆਪਣੇ ਸਾਹਿਤਕ ਕਾਰਜ ਨੂੰ ਜਾਰੀ ਰਖ ਸਕਿਆ ਹਾਂ।

ਸਰਬ ਸ੍ਰੀ ਫ਼ਰੈਡੀ ਜੋਜ਼ਫ਼, ਪ੍ਰੋ. ਕਰਤਾਰ ਸਿੰਘ ਕਾਲੜਾ, ਡਾ. ਗੋਬਿੰਦ ਸਿੰਘ ਲਾਂਬਾ, ਪ੍ਰੋ. ਮਨਮੋਹਨ ਸਿੰਘ, ਨਾਟਕਕਾਰ ਸਤਿੰਦਰ ਸਿੰਘ ਨੰਦਾ ਅਤੇ ਮਿਹਰਬਾਨ ਬਟਾਲਵੀ ਦੇ ਰੂਪ ਵਿਚ ਮੈਨੂੰ ਅਜਿਹੇ ਸਹਿਯੋਗੀ ਲੇਖਕਾਂ ਤੇ ਸਹਾਇਕਾਂ ਦਾ ਨਿੱਘਾ ਪ੍ਰੇਮ ਤੇ ਆਸਰਾ ਮਿਲਿਆ ਕਿ ਮੈਂ ਆਪਣੀ ਨੇਤਰਹੀਣ ਅਵਸਥਾ ਦੇ ਲੱਗਭੱਗ ਚਾਰ ਦਹਾਕਿਆਂ ਦੇ ਸਮੇਂ ਵਿਚ ਪੁਸਤਕਾਂ ਦੀ ਇੰਨੀ ਵੱਡੀ ਗਿਣਤੀ ਪੰਜਾਬੀ ਮਾਤ-ਭਾਸ਼ਾ ਦੀ ਝੋਲੀ ਪਾ ਸਕਿਆ ਹਾਂ। ਮੇਰੇ ਲਈ ਇਹ ਕ੍ਰੋਈ ਘੱਟ ਤਸੱਲੀ ਵਾਲੀ ਗੱਲ ਨਹੀਂ ਹੈ, ਪਰ ਮੇਰਾ ਰੋਮ-ਰੋਮ ਇਨ੍ਹਾਂ ਸੁਹਿਰਦ ਮਿੱਤਰਾਂ ਦਾ ਪਲ-ਪਲ ਸ਼ੁਕਰਗੁਜ਼ਾਰ ਹੈ।

ਫਿਰ ਮੈਂ ਆਪਣੇ ਕੁਝ ਸਰਪ੍ਰਸਤਾਂ ਅਤੇ ਹਮਦਰਦਾਂ ਦੀ ਵੀ ਦੇਣ ਨਹੀਂ ਦੇ ਸਕਦਾ, ਜਿਨ੍ਹਾਂ ਨੇ ਸਮੇਂ-ਸਮੇਂ ਸਿਰ ਮੇਰੀ ਰਹਿਨੁਮਾਈ ਤੇ ਸਹਇਤਾ ਕੀਤੀ ਹੈ। ਇਨ੍ਹਾਂ ਮਹਾਨੁਭਾਵਾਂ ਵਿਚ ਹੀ ਸਤਿਕਾਰਯੋਗ ਗਿ. ਲਾਲ ਸਿੰਘ ਜੀ, ਸ. ਕਿਰਪਾਲ ਸਿੰਘ ਨਾਰੰਗ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ, ਡਾ. ਸਰਦਾਰਾ ਸਿੰਘ ਜੌਹਲ, ਪ੍ਰੋ.ਪ੍ਰੀਤਮ ਸਿੰਘ, ਭਾਪਾ ਪ੍ਰੀਤਮ ਸਿੰਘ ਨਵਯੁਗ, ਪ੍ਰੋ.



Sri Satguru Jagjit Singh Ji eLibrary NamdhariElibrary@gmail.com

ਦੀਵਾਨ ਸਿੰਘ ਅਤੇ ਕਈ ਹੋਰ ਸੱਜਣ ਸ਼ਾਮਲ ਹਨ, ਜਿਨ੍ਹਾਂ ਤੋਂ ਮੈਨੂੰ ਸਦਾ ਉਤਸ਼ਾਹ, ਹਮਦਰਦੀ ਤੇ ਮਿੱਠੀਆਂ ਪ੍ਰੇਮ ਦੀਆਂ ਮਹਿਕਾਂ ਪ੍ਰਾਪਤ ਹੋਈਆਂ ਹਨ।

ਪਰ ਇਨ੍ਹਾਂ ਤੋਂ ਛੁਟ ਇਕ ਹੋਰ ਮੇਰੇ ਸ਼ਿਸ਼ ਮੰਡਲ ਸ਼ਾਗਿਰਦਾਂ ਦਾ ਘੇਰਾ ਹੈ, ਜਿਨ੍ਹਾਂ ਨੂੰ ਭਾਵੇਂ ਮੈਂ ਬਹੁਤ ਕੁਝ ਦਿੱਤਾ ਤਾਂ ਨਹੀਂ, ਪਰ ਉਨ੍ਹਾਂ ਦੇ ਪਿਆਰ, ਨਿੱਘ ਤੇ ਸਤਿਕਾਰ ਸਦਕਾ ਮੈਂ ਜੀਵਨ ਵਿਚ ਸਦਾ ਆਸ਼ਾਵਾਦੀ ਰਿਹਾ ਹਾਂ। ਇਨ੍ਹਾਂ ਵਿਚੋਂ ਕੁਝ ਸੱਜਣ ਤਾਂ ਅਜਿਹੇ ਹਨ, ਜਿਨ੍ਹਾਂ ਤੋਂ ਮੈਨੂੰ ਸਕੇ ਭਰਾਵਾਂ ਤੋਂ ਵੀ ਵੱਧ ਪਿਆਰ ਮਿਲਿਆ ਹੈ। ਪ੍ਰਿੰ. ਨਿਸ਼ਾਨ ਸਿੰਘ ਢਿੱਲੋਂ, ਡਾ. ਪਰਮਿੰਦਰ ਸਿੰਘ, ਪ੍ਰੀਤਮ ਸਿੰਘ ਕਵੀ, ਸ. ਜੀਵਨ ਸਿੰਘ ਲਾਹੌਰ ਬੁੱਕ ਸ਼ਾਪ, ਪ੍ਰੋ. ਮਨਮੋਹਨ ਸਿੰਘ, ਡਾ. ਪ੍ਰੀਤਮ ਸੈਨੀ, ਡਾ. ਐੱਸ. ਤਰਸੇਮ ਅਤੇ ਰਘਬੀਰ ਸਿੰਘ ਸੀਹੜਾ ਮੇਰੇ ਕੁਝ ਭਰਾਵਾਂ ਵਰਗੇ ਮਿੱਤਰ ਤੇ ਸਨੇਹੀ ਹਨ।

ਮੇਰੇ ਲੰਮੇ ਅਧਿਆਪਕ ਜੀਵਨ ਵਿਚ ਮੈਨੂੰ ਕਈ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਮੌਕਾ ਮਿਲਿਆ ਹੈ, ਪਰ ਨਿਯਮਿਤ ਜਮਾਤਾਂ ਵਿਚ ਪੜ੍ਹਨ ਵਾਲਿਆਂ ਦੀ ਗਿਣਤੀ ਤਾਂ ਹਜ਼ਾਰਾਂ ਤੱਕ ਹੋ ਸਕਦੀ ਹੈ, ਪਰ ਉਹ ਮੇਰੇ ਪਿਆਰੇ ਸ਼ਿਸ਼ ਉਂਗਲਾਂ ਤੇ ਗਿਣਨ ਜੋਗੇ ਹੀ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਤੇ ਮਾਤ-ਭਾਸ਼ਾ ਦੀ ਸੇਵਾ ਦੀ ਪ੍ਰਤੀਬੱਧਤਾ ਨੂੰ ਆਪਣਾ ਲਖ਼ਸ਼ ਬਣਾਇਆ ਹੈ ਅਤੇ ਉਚੇਰੀਆਂ ਮਾਨਵੀ ਕਦਰਾਂ-ਕੀਮਤਾਂ ਵਿਚ ਯਕੀਨ ਰਖਿਆ ਹੈ। ਮੇਰੇ ਇਸ ਸ਼ਿਸ਼ ਮੰਡਲ ਦੇ ਉੱਜਲ ਸਿਤਾਰੇ ਹਨ-ਪ੍ਰਿੰ: ਮੋਹਨ ਸਿੰਘ ਜੌਹਲ, ਪ੍ਰੋ. ਕਰਤਾਰ ਸਿੰਘ ਕਾਲੜਾ, ਪ੍ਰਿੰ: ਪ੍ਰਕਾਸ਼ ਸਿੰਘ, ਸਵਰਗਵਾਸੀ ਕਰਤਾਰ ਸਿੰਘ ਤਾਰ, ਡਾ. ਚਾਨਣ ਸਿੰਘ ਨਿਰਮਲ, ਪ੍ਰਿੰ. ਗੋਪਾਲ ਚੰਦ, ਡਾ: ਚਰਨਜੀਤ ਸਿੰਘ ਪੱਡਾ, ਅਵਤਾਰ ਸਿੰਘ ਟੌਹੜਾ ਅਤੇ ਸਤਿੰਦਰ ਸਿੰਘ ਨੰਦਾ, ਜਿਨ੍ਹਾਂ 'ਤੇ ਮੈਂ ਨਿਸਚੇ ਹੀ ਮਾਣ ਕਰ ਸਕਦਾ ਹਾਂ। ਇਸ ਨੇਤਰਹੀਣ ਅਵਸਥਾ ਵਿਚ ਪ੍ਰੋ. ਅਵਤਾਰ ਸਿੰਘ ਅਤੇ ਜਸਵਿੰਦਰ ਸਿੰਘ ਮੇਰੇ ਬੜੇ ਨਿਕਟਵਰਤੀ ਸਹਾਇਕ ਸਨ, ਜਿਨ੍ਹਾਂ ਦੇ ਆਸਰੇ ਮੈਂ 13 ਸਾਲਾਂ ਤਕ ਮਹਿੰਦਰਾ ਕਾਲਜ ਵਿਚ ਅਧਿਆਪਕ ਦੇ ਕਾਰਜ ਨੂੰ ਨਿਭਾ ਸਕਿਆ। ਇਸ ਸਮੇਂ ਮੈਨੂੰ ਆਪਣੇ ਕੁਝ ਸਹਿਕਰਮੀਆਂ ਡਾ. ਗੁਰਬਚਨ ਸਿੰਘ ਰਾਹੀ, ਪ੍ਰਿੰ. ਪ੍ਰਿਤਪਾਲ ਸਿੰਘ, ਸ. ਸਰੂਪ ਸਿੰਘ ਧਨੋਆ, ਪ੍ਰਿੰ. ਪ੍ਰਕਾਸ਼ ਸਿੰਘ ਅਤੇ ਪ੍ਰੋ. ਕਿਰਪਾਲ ਸਿੰਘ ਕੋਮਲ ਦਾ ਨਿੱਘਾ ਸਹਿਯੋਗ ਪ੍ਰਾਪਤ ਹੋਇਆ ਹੈ। ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਸਾਹਿਬਾਨ ਪ੍ਰੋ. ਗੁਰਸੇਵਕ ਸਿੰਘ, ਪ੍ਰੋ. ਉਮਰਾਓ ਸਿੰਘ, ਪ੍ਰੋ. ਹਰਬਖ਼ਸ਼ ਸਿੰਘ ਅਤੇ ਡਾ. ਜੋਗਿੰਦਰ ਸਿੰਘ ਤੋਂ ਸਦਾ ਮੈਨੂੰ ਉਤਸ਼ਾਹ ਮਿਲਿਆ। ਜਦੋਂ ਮੈਂ ਭਾਸ਼ਾ ਵਿਭਾਗ ਦੇ ਦਫ਼ਤਰੀ ਕਾਰਜ ਨੂੰ ਛਡ ਕੇ ਦੁਬਾਰਾ ਮਹਿੰਦਰਾ ਕਾਲਜ ਵਿਚ ਜਾ ਕੇ ਪੜ੍ਹਾਉਣ ਦਾ ਫ਼ੈਸਲਾ ਕੀਤਾ ਤਾਂ ਮੇਰੇ ਕਈ ਮਿੱਤਰਾਂ ਨੂੰ ਇਹ ਤੌਖਲਾ ਸੀ ਕਿ ਸਮੇਂ ਦੇ ਵਿਗੜੇ ਹੋਏ ਕਾਲਜਾਂ ਦੇ ਅਕਾਡਮਿਕ



Sri Satguru Jagjit Singh Ji eLibrary NamdhariElibrary@gmail.com

ਮਾਹੌਲ ਵਿਚ ਮੇਰੇ ਵਰਗਾ ਨੇਤਰਹੀਣ ਵਿਅਕਤੀ ਕਿਵੇਂ ਅਧਿਆਪਨ ਦਾ ਕਾਰਜ ਕਰ ਸਕੇਗਾ, ਪਰ ਇਹ ਗੁਰੂ ਦੀ ਮਿਹਰ ਸੀ ਜਾਂ ਮੇਰੇ ਅੰਦਰ ਦੀ ਆਤਮਿਕ ਜੋਤ ਦਾ ਪ੍ਰਕਾਸ਼, ਮੇਰੇ ਉਚ ਅਧਿਕਾਰੀਆਂ ਦੀ ਸਰਪ੍ਰਸਤੀ ਤੇ ਹਮਦਰਦੀ, ਸਾਥੀ ਅਧਿਆਪਕਾਂ ਦਾ ਸਹਿਯੋਗ ਅਤੇ ਸਭ ਤੋਂ ਵੱਧ ਉਨ੍ਹਾਂ ਵਿਦਿਆਰਥੀਆਂ ਵਲੋਂ ਪ੍ਰਗਟਾਇਆ ਗਿਆ ਸਨੇਹ ਤੇ ਸਤਿਕਾਰ, ਜਿਸ ਨੇ ਮੈਨੂੰ 13 ਸਾਲਾਂ ਦੇ ਅਧਿਆਪਨ ਕਾਰਜ ਵਿਚ ਕਦੇ ਕੋਈ ਔਕੜ ਨਹੀਂ ਆਉਣ ਦਿੱਤੀ ਅਤੇ ਮੈਂ ਰਬ ਦਾ ਅਤੇ ਇਨ੍ਹਾਂ ਸਭ ਦਾ ਸ਼ੁਕਰਗੁਜ਼ਾਰ ਹੋ ਕੇ ਸਿਖਿਆ ਵਿਭਾਗ ਦੀ ਆਪਣੀ ਸਰਕਾਰੀ ਸੇਵਾ ਤੋਂ 30.4.88 ਨੂੰ ਸੇਵਾ- ਨਿਵਿਰਤ ਹੋਇਆ ਸਾਂ।



Sri Satguru Jagjit Singh Ji eLibrary NamdhariElibrary@gmail.com

## ਪ੍ਰਸ਼ੰਸਾ ਤੇ ਮਾਨਤਾ

ਹਰ ਲੇਖਕ ਦੇ ਮਨ-ਅੰਤਰ ਵਿਚ ਇਹ ਰੀਝ ਸਮਾਈ ਹੋਈ ਹੁੰਦੀ ਹੈ ਕਿ ਉਸ ਦੀ ਰਚਨਾ ਨੂੰ ਪਰਵਾਨਿਤ ਤੇ ਪ੍ਰਮਾਣਿਕ ਮੰਨਿਆ ਜਾਵੇ। ਸਾਹਿਤ ਤੇ ਕਲਾ ਵਿਚ ਪ੍ਰਮਾਣਿਕਤਾ ਨੂੰ ਪ੍ਰਾਪਤ ਕਰ ਸਕਣਾ ਬਹੁਤ ਉਚਾ ਲਖ਼ਸ਼ ਹੁੰਦਾ ਹੈ ਅਤੇ ਇਸ ਪਿਛੇ ਲੇਖਕ ਦੀ ਪ੍ਰਤੀਬਧਤਾ, ਅੰਤਰੀਵ ਲਗਨ, ਧਾਰਮਿਕ ਕਰਤਵ ਵਰਗੀ ਸਾਰਥਕ ਪ੍ਰੇਰਨਾ ਤੇ ਪ੍ਰਾਰਥਨਾ ਦਾ ਹੋਣਾ ਬੜਾ ਜ਼ਰੂਰੀ ਹੈ। 'ਜਪੁਜੀ' ਵਿਚ ਇਸ 'ਸ਼ਬਦ ਦੀ ਟਕਸਾਲ' ਨੂੰ ਨਦਰਿ-ਕਰਮ ਦੀ ਕਾਰ ਕਿਹਾ ਗਿਆ ਹੈ ਅਰਥਾਤ ਇਹ ਸਭ ਕੁਝ ਤਾਂ ਪ੍ਰਭੂ ਬਖ਼ਸ਼ਿਸ਼ ਦੀ ਮਿਹਰ ਹੁੰਦੀ ਹੈ। ਇਸੇ ਲਈ ਮੈਂ ਇਸ ਲਖ਼ਸ਼ ਨੂੰ ਹਾਸਲ ਕਰਨ ਲਈ ਸਾਧਨਾ ਤੇ ਪ੍ਰਾਰਥਨਾ ਦੋਵੇਂ ਹੀ ਕੀਤੀਆਂ ਹਨ, ਪਰ ਗੁਰੂ ਮਿਹਰ ਦਾ ਪਲੜਾ ਫਿਰ ਵੀ ਭਾਰੂ ਰਿਹਾ ਹੈ। ਜੂਨ 1950 ਵਿਚ ਗਿਆਨੀ ਦੀ ਪਰੀਖਿਆ ਵਿਚ ਪਹਿਲਾ ਸਥਾਨ ਅਤੇ ਫਿਰ ਅਪਰੈਲ 1951 ਵਿਚ ਐਮ. ਏ. ਪੰਜਾਬੀ ਦੀ ਪੰਜਾਬ ਯੂਨੀਵਰਸਿਟੀ ਦੀ ਪਹਿਲੀ ਪ੍ਰੀਖਿਆ ਵਿਚ ਪ੍ਰਥਮ ਸਥਾਨ। ਫਿਰ ਛੇਤੀ ਹੀ ਪਹਿਲੀਆਂ ਲਿਖੀਆਂ ਗਈਆਂ ਪੁਸਤਕਾਂ 'ਸਹਿਤ ਦੇ ਰੂਪ' ਅਤੇ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਦੀ ਅਜਿਹੀ ਪਛਾਣ ਕਿ ਲਗਭਗ ਅਧੀ ਸਦੀ ਤਕ ਇਨ੍ਹਾਂ ਦਾ ਕੋਈ ਹੋਰ ਬਦਲ ਪ੍ਰਾਪਤ ਨਹੀਂ ਹੋ ਸਕਿਆ। ਬਾਵਾ ਬਲਵੰਤ ਵਰਗੇ ਸ਼੍ਰੋਮਣੀ ਪੰਜਾਬੀ ਕਵੀ ਦੀ ਸਮੁਚੀ ਕਵਿਤਾ ਦੇ ਕਾਵਿ-ਸੰਗ੍ਰਹਿ 'ਕਾਵਿ-ਸਾਗਰ' ਦਾ ਸੰਪਾਦਨ ਤੇ ਇਸ ਦੀ ਭੂਮਿਕਾ ਲਿਖਣ ਦਾ ਮਾਣ ਮੈਨੂੰ ਸਵਰਗਵਾਸੀ ਬਾਵਾ ਬਲਵੰਤ ਨੇ ਬਖ਼ਸ਼ਿਆ। ਇਹ ਉਸ ਮਹਾਂਕਵੀ ਦਾ ਮੈਨੂੰ ਇਕ ਸਮਾਲੋਚਕ ਵਜੋਂ ਪ੍ਰਵਾਨ ਕਰਨ ਦਾ ਹੀ ਪ੍ਰਮਾਣ ਸੀ। ਸਵਰਗਵਾਸੀ ਗਿ. ਹਰਿੰਦਰ ਸਿੰਘ ਰੂਪ ਜੋ ਮੇਰੇ ਸੁਹਿਰਦ ਮਿਤਰਾਂ ਵਿਚੋਂ ਸਨ, ਜਿਨ੍ਹਾਂ ਦੇ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਬੁਰਜ ਗਿਆਨੀਆਂ ਵਿਚ ਬੈਠ ਕੇ ਅਸੀਂ ਸ਼੍ਰੀ ਹਰਿਮੰਦਿਰ ਸਾਹਿਬ ਦੀ ਦੀਪਮਾਲਾ ਦੇ



Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ ਉਤਸਵ ਨੂੰ ਮਾਣਦੇ ਰਹੇ, ਦੀ ਅੰਤਿਮ ਰਚਨਾ 'ਹਿਮਾਲਾ ਦੀ ਵਾਰ' ਦਾ ਕਵੀ ਦੇ ਕਾਲਵਾਸ ਹੋਣ ਉਪਰੰਤ ਦੇ ਸੰਪਾਦਨ ਨੇ ਮੈਨੂੰ ਉਹ ਤ੍ਰਿਪਤੀ ਕਰਵਾਈ ਕਿ ਮੈਂ ਕੋਈ ਨਿਸ਼ਕਾਮ ਕੰਮ ਕਰ ਸਕਿਆ ਹਾਂ। ਹਰਿੰਦਰ ਸਿੰਘ ਰੂਪ, ਜਦੋਂ ਉਨ੍ਹਾਂ ਨੂੰ ਪਤਾ ਲਗਦਾ ਕਿ ਮੈਂ ਅੰਮ੍ਰਿਤਸਰ ਆਇਆ ਹਾਂ ਤਾਂ ਮੈਨੂੰ ਸਵੇਰੇ-ਸਵੇਰੇ ਹੀ ਉਚੇਚਾ ਮਿਲਣ ਆ ਜਾਂਦੇ। ਜਦੋਂ ਮੈਂ ਤੇ ਡਾ: ਪਰਮਿੰਦਰ ਸਿੰਘ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਦੇ ਆਧੁਨਿਕ ਕਾਲ ਨੂੰ ਲਿਖ ਰਹੇ ਸਾਂ ਤਾਂ ਉਹ ਨਿਰੰਤਰ ਸਾਡੇ ਕੋਲ ਪੁਜਦੇ ਰਹੇ। ਮੈਂ ਤੇ ਪਰਮਿੰਦਰ ਸਿੰਘ ਦੋਵੇਂ ਹੀ ਸਾਡੇ ਗੁਰੂ ਨਾਨਕ ਵਾੜੇ ਵਾਲੇ ਮਕਾਨ ਦੀ ਉਪਰਲੀ ਛਤ ਉੱਤੇ ਬੈਠ ਕੇ ਇਸ ਪੁਸਤਕ ਨੂੰ ਲਿਖਦੇ ਰਹੇ ਸਾਂ। ਰੂਪ ਜੀ ਸਾਨੂੰ ਵਿਸ਼ੇਸ਼ ਸੁਝਾ ਵੀ ਦਿੰਦੇ ਰਹੇ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਇਕ ਸਾਲ ਪਹਿਲਾਂ ਅਸੀਂ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਲਿਖ ਰਹੇ ਸਾਂ ਤਾਂ ਲੁਧਿਆਣੇ ਦੇ ਇਕ ਕਿਰਾਏ ਦੇ ਮਕਾਨ ਵਿਚ ਅਸੀਂ ਹਵਾਲਾ ਪੁਸਤਕਾਂ ਦੇ ਢੇਰ ਵਿਚ ਦਬੇ ਹੁੰਦੇ ਸਾਂ। ਸਾਡੀਆਂ ਇਨ੍ਹਾਂ ਦੋਹਾਂ ਪੁਸਤਕਾਂ ਨੂੰ ਛੇਤੀ ਹੀ ਮਾਨਤਾ ਪ੍ਰਾਪਤ ਹੋ ਗਈ ਅਤੇ ਇਹ ਪੁਸਤਕਾਂ ਗਿਆਨੀ, ਬੀ. ਏ. ਅਤੇ ਐੱਮ. ਏ. ਦੀਆਂ ਸ਼੍ਰੇਣੀਆਂ ਵਿਚ ਪੜ੍ਹੀਆਂ ਤੇ ਪੜ੍ਹਾਈਆਂ ਜਾਣ ਲਗੀਆਂ। ਅਗਲੇ ਸਾਲ ਗਰਮੀਆਂ ਦੀਆਂ ਛੁਟੀਆਂ ਵਿਚ ਮੈਂ ਤੇ ਮੇਰੇ ਸ਼ਿਸ਼ ਮੋਹਨ ਸਿੰਘ ਜੌਹਲ ਨੇ 'ਆਧੁਨਿਕ ਗਦਕਾਰ' ਵਰਗੀ ਨਿਆਰੀ ਪੁਸਤਕ ਦੋ ਰਾਤਾਂ ਵਿਚ ਹੀ ਮੁਕੰਮਲ ਕਰ ਲਈ, ਜਿਸ ਨੂੰ ਕਈ ਸਾਲ ਬਤੌਰ ਸਹਾਇਕ ਪੁਸਤਕ ਦੇ ਐਫ਼. ਏ. ਦੀਆਂ ਸ਼੍ਰੇਣੀਆਂ ਵਿਚ ਪੜ੍ਹਾਇਆ ਜਾਂਦਾ ਰਿਹਾ। ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦਾ ਅਭਿਆਸ ਮੈਨੂੰ ਆਪਣੇ ਵਿਦਿਆਰਥੀ ਜੀਵਨ ਸਮੇਂ ਤੋਂ ਹੀ ਸੀ। 1964 ਅਰਥਾਤ ਆਪਣੇ ਨੇਤਰਹੀਣਤਾ ਦੀ ਅਵਸਥਾ ਤੋਂ ਪਹਿਲਾਂ ਮੈਨੂੰ ਪ੍ਰੋ. ਵਰਿਆਮ ਸਿੰਘ ਜੀ ਦੇ 'ਰਾਜਨੀਤੀ ਵਿਗਿਆਨ', 'ਟੈਗੋਰ ਦੇ ਚੋਣਵੇਂ ਨਿਬੰਧ' ਅਤੇ 'ਅਨੰਤ ਦਰਸ਼ਨ' ਵਰਗੀ ਪੁਸਤਕ ਦੇ ਅਨੁਵਾਦ ਵੀ ਕਰਨੇ ਪਏ।

ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੇ ਖੇਤਰ ਵਿਚ ਮੈਨੂੰ ਕੁਝ ਵਿਸ਼ੇਸ਼ ਕਾਰਜ ਕਰਨ ਦਾ ਮੌਕਾ ਮਿਲਿਆ ਹੈ ਅਤੇ ਇਸ ਖੇਤਰ ਵਿਚ ਮੇਰਾ ਨਾਮ ਮੁਢਲੇ ਲੇਖਕਾਂ ਵਾਲਾ ਹੀ ਮੰਨਿਆ ਜਾਂਦਾ ਹੈ, ਪਰ ਇਸ ਦੀ ਪ੍ਰੇਰਨਾ ਮੈਨੂੰ ਡਾ : ਮੋਹਨ ਸਿੰਘ ਦੀਵਾਨਾ ਤੋਂ ਮਿਲੀ, ਜਿਸ ਨੂੰ ਮੇਰੇ ਮਾਰਕਸਵਾਦੀ ਗਿਆਨ ਦੇ ਇਤਿਹਾਸਿਕ ਪਦਾਰਥਵਾਦ ਦੇ ਅਧਿਐਨ ਤੇ ਬੋਧ ਨੇ ਇਸ ਤਥ ਦੀ ਸੋਝੀ ਕਰਵਾਈ ਕਿ ਕਿਸੇ ਵਿਸ਼ੇਸ਼ ਸਾਹਿਤ ਦੀ ਇਤਿਹਾਸਕਾਰੀ ਕੇਵਲ ਵਿਭਿੰਨ ਕਾਲਾਂ ਵਿਚ ਤੱਥਗਤ ਸੰਗ੍ਰਹਿਆਂ ਅਤੇ ਉਨ੍ਹਾਂ ਦੀ ਵਿਆਖਿਆ ਤੱਕ ਹੀ ਸੀਮਤ ਨਹੀਂ ਹੁੰਦੀ ਸਗੋਂ ਉਸ ਭਾਸ਼ਾ ਤੇ ਸਾਹਿਤ ਦੇ ਇਤਿਹਾਸਿਕ ਬਿਰਤਾਂਤ ਵਿਚੋਂ ਨਿਰੰਤਰ ਵਿਕਾਸ ਦੇ ਲੁਪਤ ਤਥਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਮੂਰਤੀਮਾਨ ਕਰਨਾ ਹੁੰਦਾ ਹੈ। ਇਸ ਬਿਨਾਂ ਤਾਂ



Sri Satguru Jagjit Singh Ji eLibrary NamdhariElibrary@gmail.com

ਕਿਸੇ ਭਾਸ਼ਾ ਤੇ ਸਾਹਿਤ ਦੇ ਵਿਕਾਸ ਦੀ ਗਾਥਾ ਨਿਰਜਿੰਦ ਜਿਹਾ ਵਰਣਨ ਹੀ ਰਹਿ ਜਾਂਦਾ ਹੈ। ਵਿਭਿੰਨ ਕਾਲ ਖੰਡਾਂ ਵਿਚ ਸਾਹਿਤਕ ਵਿਕਾਸ ਨੇ ਕਿਵੇਂ ਆਪਣੇ ਆਪ ਨੂੰ ਸਥਿਰ , ਸੁਰਖਿਅਤ ਅਤੇ ਵਿਕਸਿਤ ਕੀਤਾ, ਇਹੋ ਹੀ ਕਿਸੇ ਭਾਸ਼ਾ ਤੇ ਸਾਹਿਤ ਦੇ ਪ੍ਰਾਣਧਾਰੀ ਤੇ ਜੀਵੰਤ ਹੋਣ ਦਾ ਪ੍ਰਮਾਣ ਹੁੰਦਾ ਹੈ। ਭਾਸ਼ਾ ਵਿਭਾਗ ਪੰਜਾਬ ਵਲੋਂ ਲਿਖਵਾਏ ਗਏ 'ਪੰਜਾਬੀ ਸਾਹਿਤ ਦੇ ਇਤਿਹਾਸ' ਨੂੰ ਵਰਤਮਾਨ ਸਰੂਪ ਦੇਣ ਲਈ ਮੇਰਾ ਵਿਸ਼ੇਸ਼ ਯੋਗਦਾਨ ਹੈ। ਇਹ ਪੁਸਤਕ ਤਿੰਨ ਭਾਗਾਂ ਵਿਚ ਵੱਖ-ਵੱਖ ਲੇਖਕਾਂ ਵਲੋਂ ਪੰਜਾਬੀ ਸਾਹਿਤ ਦੇ ਇਤਿਹਾਸ ਸੰਬੰਧੀ ਕਈ ਵਿਸ਼ਿਆਂ ਉਤੇ ਲਿਖਾਏ ਗਏ ਲੇਖਾਂ ਦਾ ਸੰਗ੍ਰਹਿ ਮਾਤਰ ਹੀ ਸੀ, ਜਿਸ ਵਿਚ ਕਿਸੇ ਬਝਵੇਂ ਦ੍ਰਿਸ਼ਟੀਕੋਣ ਦਾ ਅਭਾਵ ਸੀ। ਇਸ ਪੁਸਤਕ ਨੂੰ ਦੋ ਭਾਗਾਂ ਵਿਚ ਬਦਲ ਕੇ ਫ਼ਾਲਤੂ ਸਾਮਗਰੀ ਦੀ ਕਾਂਟ-ਛਾਂਟ ਕਰਕੇ ਕਈ ਵਿਥਾਂ ਦੀ ਪੂਰਤੀ ਲਈ ਮੈਨੂੰ ਸੈਂਕੜੇ ਸਫ਼ੇ ਆਪ ਲਿਖ ਕੇ ਪਾਉਣੇ ਪਏ ਹਨ। ਇਸ ਤਰ੍ਹਾਂ ਇਹ ਪੁਸਤਕ ਮੇਰੇ ਤੇ ਮੇਰੇ ਭਾਸ਼ਾ ਵਿਭਾਗ ਦੇ ਸਹਾਇਕ ਕਰਮਚਾਰੀਆਂ ਸਰਬ-ਸ਼੍ਰੀ ਡਾ. ਗੋਬਿੰਦ ਸਿੰਘ ਲਾਂਬਾ, ਓਅੰਕਾਰ ਸਿੰਘ ਅਤੇ ਵਿਸ਼ੇਸ਼ ਕਰਕੇ ਜਬਰਜੰਗ ਸਿੰਘ ਦੇ ਸਹਿਯੋਗ ਨਾਲ ਵਰਤਮਾਨ ਸਰੂਪ ਨੂੰ ਧਾਰਨ ਕਰ ਸਕੀ ਹੈ, ਜਿਸ ਦਾ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਪਾਠਕਾਂ, ਲੇਖਕਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਖੋਜਾਰਥੀਆਂ ਨੇ ਭਰਪੂਰ ਲਾਭ ਉਠਾਇਆ ਹੈ।

ਮੈਂ ਭਾਸ਼ਾ ਵਿਭਾਗ ਵਲੋਂ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਨਵੇਂ ਸਿਰਿਓਂ ਲਿਖਣ ਲਈ ਯੋਜਨਾ ਬਣਾ ਕੇ ਦਿਤੀ ਸੀ। 1978 ਵਿਚ ਭਾਸ਼ਾ ਵਿਭਾਗ ਵਲੋਂ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲਵੰਡ ਸੁਨਿਸ਼ਚਿਤ ਕਰਨ ਲਈ ਨੰਗਲ ਵਿਖੇ ਵਿਸ਼ੇਸ਼ ਵਿਚਾਰ ਗੋਸ਼ਟੀ ਕਰਾਈ ਗਈ ਸੀ, ਪਰ ਉਥੇ ਵਿਦਵਾਨ ਕਿਸੇ ਵਿਸ਼ੇਸ਼ ਸਰਵ-ਪ੍ਰਮਾਣਿਤ ਸਹਿਮਤੀ ਉਤੇ ਨਹੀਂ ਸਨ ਪਹੁੰਚ ਸਕੇ। ਭਾਸ਼ਾ ਵਿਭਾਗ ਦੇ 'ਪੰਜਾਬੀ ਸਾਹਿਤ ਦੇ ਇਤਿਹਾਸ' ਅਤੇ ਸਾਡੀ ਪੁਸਤਕ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਦੀ ਕਾਲਵੰਡ ਨੂੰ ਲਗਭਗ ਬਹੁਤ ਸਾਰੇ ਵਿਦਵਾਨਾਂ ਨੇ ਪ੍ਰਮਾਣਿਕ ਪ੍ਰਵਾਨ ਕਰ ਲਿਆ ਹੈ। ਇਸ ਸੰਬੰਧ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਆਧੁਨਿਕ ਸਰੂਪ ਨੂੰ ਧਾਰਨ ਕਰਨ ਦਾ ਸਮਾਂ ਸਤਵੀਂ-ਅਠਵੀਂ ਸਦੀ ਜਾਂ ਪੰਜਾਬ ਵਿਚ ਮੁਸਲਿਮ ਸ਼ਾਸਨ ਕਾਲ ਦੀ ਸਥਾਪਤੀ ਨੂੰ ਮੰਨਿਆ ਗਿਆ ਹੈ। 1849, ਜਦੋਂ ਪੰਜਾਬ ਉਤੇ ਬਰਤਾਨਵੀ ਸਾਮਰਾਜ ਦਾ ਕਬਜ਼ਾ ਹੋਇਆ, ਤਕ ਦੇ ਸਮੇਂ ਨੂੰ ਮਧਕਾਲੀਨ ਸਾਹਿਤ ਦੀ ਸੰਗਿਆ ਦਿਤੀ ਗਈ ਹੈ। 1849 ਤੋਂ ਪਿਛੋਂ ਦੇ ਸਾਹਿਤ ਦੀ ਪਛਾਣ ਆਧੁਨਿਕ ਕਾਲ ਦੇ ਸਾਹਿਤ ਵਜੋਂ ਕੀਤੀ ਗਈ ਹੈ। ਇਸ ਵਿਚ 1947 ਨੂੰ ਮੁੜ ਇਕ ਵਿਸ਼ੇਸ਼ ਸੀਮਾ ਰੇਖਾ ਮੰਨਿਆਂ ਗਿਆ ਹੈ। 1947 ਤੋਂ ਪਿਛੋਂ ਰਚੇ ਗਏ ਪੰਜਾਬੀ ਸਾਹਿਤ ਨੂੰ ਸੁਤੰਤਰਤਾ ਕਾਲ ਦੇ ਸਾਹਿਤ ਵਜੋਂ ਪ੍ਰਵਾਨ ਕੀਤਾ ਗਿਆ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਦੀ ਇਹ ਕਾਲ ਵੰਡ ਸਮੁੱਚੇ ਪੰਜਾਬ ਦੇ ਇਤਿਹਾਸ ਨਾਲ



Sri Satguru Jagjit Singh Ji eLibrary NamdhariElibrary@gmail.com

ਸਮਾਨੰਤਰ ਚਲਦੀ ਹੈ ਅਤੇ ਇਹ ਬੜੀ ਕੁਦਰਤੀ ਤੇ ਸੁਭਾਵਿਕ ਪ੍ਰਤੀਤ ਹੁੰਦੀ ਹੈ। ਇਸ ਦੀ ਇਤਿਹਾਸਕ ਵਿਆਖਿਆ ਲਈ ਮੈਂ ਇਤਿਹਾਸਕ ਪਦਾਰਥਵਾਦ ਦੇ ਸਾਰਥਕ ਦ੍ਰਿਸ਼ਟੀਕੋਣ ਨੂੰ ਸਨਮੁਖ ਰਖਿਆ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਵਲੋਂ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਕਈ ਜਿਲਦਾਂ ਵਿਚ ਲਿਖਵਾਉਣ ਦੀ ਯੋਜਨਾ ਤਾਂ ਸਮੇਂ- ਸਮੇਂ ਸਿਰ ਬਣਾਈ ਜਾਂਦੀ ਰਹੀ ਹੈ, ਪਰ ਹਾਲੀ ਤਕ ਵੀ ਇਹ ਕਾਰਜ ਆਪਣੀ ਮੁਕੰਮਲ ਰੂਪਰੇਖਾ, ਕਾਰਜਵਿਧੀ ਅਤੇ ਨੇਪਰੇ ਚਾੜ੍ਹਨ ਦੇ ਮਨੋਰਥ ਨੂੰ ਸੁਨਿਸ਼ਚਿਤ ਢੰਗ ਨਾਲ ਪ੍ਰਾਪਤ ਨਹੀਂ ਕਰ ਸਕਿਆ। (ਹੁਣ ਮੇਰੇ ਵੱਲੋਂ ਭਾਸ਼ਾ ਵਿਭਾਗ ਪੰਜਾਬ ਰਾਹੀਂ ਡਾ. ਈਸ਼ਰ ਸਿੰਘ ਤਾਂਘ ਨਾਲ ਮਿਲ ਕੇ ਇਹ ਕਾਰਜ ਮੁਕੰਮਲ ਕੀਤਾ ਜਾ ਰਿਹਾ ਹੈ।)

ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਵੀ ਵਧੀਕ ਸਮੇਂ ਵਿਚ ਮੈਂ ਵਿਸ਼ੇਸ਼ ਤੌਰ ਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੇ ਅਧਿਐਨ, ਸੰਪਾਦਨ, ਅਨੁਵਾਦਨ ਅਤੇ ਵਿਆਖਿਆ ਆਦਿ ਵਿਚ ਰੁਝਾ ਰਿਹਾ ਹਾਂ। ਇਹ ਕਾਰਜ ਬੜਾ ਗੰਭੀਰ, ਮਹਤਵਪੂਰਨ ਅਤੇ ਅਤਿ ਲੋੜੀਂਦਾ ਹੈ। ਹੁਣ ਤੱਕ ਵੀ ਅਸੀਂ ਇਸ ਮਹਾਨ ਸਾਹਿਤਕ ਪ੍ਰਤਿਭਾ ਨੂੰ ਸਮੁਚੇ ਵਿਸ਼ਵ ਵਿਆਪੀ, ਭਾਰਤੀ ਅਤੇ ਪੰਜਾਬੀਅਤ ਦੇ ਪ੍ਰਕਰਨ ਵਿਚ ਵਿਗਿਆਨਕ ਤੇ ਸੁਗਿਆਨਕ ਰੂਪ ਵਿਚ ਪੇਸ਼ ਕਰਨ ਤੋਂ ਊਣੇ ਰਹੇ ਹਾਂ। ਮੇਰੀ ਇੱਛਾ ਤਾਂ ਇਹ ਹੈ ਕਿ ਜਿਸ ਤਰ੍ਹਾਂ ਪ੍ਰੋ. ਪੂਰਨ ਸਿੰਘ ਨੂੰ ਇੰਡੋ-ਜੈਪਨੀਜ਼ ਕਲੱਬ ਵਿਚ ਸਵਾਮੀ ਰਾਮਤੀਰਥ ਨੇ ਸੁਆਲ ਕੀਤਾ 'ਕਿ ਤੇਰਾ ਦੇਸ਼ ਕਿਹੜਾ ਹੈ' ਦੇ ਉਤਰ ਵਿਚ ਇਹ ਆਖ ਦਿੱਤਾ ਸੀ ਕਿ ਸਾਰਾ ਸੰਸਾਰ ਹੀ ਮੇਰਾ ਦੇਸ਼ ਹੈ ਦੇ ਸਮਾਨ ਪ੍ਰੋ. ਪੂਰਨ ਸਿੰਘ ਦੀ ਵਿਸ਼ਵ ਵਿਆਪੀ ਪ੍ਰਤਿਭਾ ਨੂੰ ਗੁਰੁਦੇਵ ਟੈਗੋਰ ਸਮਾਨ ਸੁਵਿਖਿਆਤ ਕੀਤਾ ਜਾਵੇ। ਪੰਜਾਬ ਦਾ ਹਰ ਵਾਸੀ ਉਸ ਦਾ ਸਤਿਕਾਰ ਇਸ ਤਰ੍ਹਾਂ ਕਰੇ ਜਿਵੇਂ ਬੰਗਾਲੀ ਲੋਕ ਗੁਰੁਦੇਵ ਟੈਗੋਰ ਦਾ ਕਰਦੇ ਹਨ। ਮੇਰੇ ਕੋਲ ਸਮੱਗਰੀ ਤੇ ਪ੍ਰੀਸ਼ਰਮ ਕਰਨ ਦੀ ਸਮਰਥਾ ਤਾਂ ਹੈ, ਪਰ ਉਹ ਸਾਧਨ ਨਹੀਂ ਜਿਸ ਰਾਹੀਂ ਕਿਸੇ ਫ਼ਾਊਂਡੇਸ਼ਨ ਜਾਂ ਸੰਸਥਾ ਦੇ ਰੂਪ ਵਿਚ ਇਸ ਕਾਰਜ ਨੂੰ ਸਿਰੇ ਚਾੜ੍ਹਿਆ ਜਾ ਸਕੇ।

ਹੋਰ ਖੇਤਰਾਂ ਵਿਚ ਤਾਂ ਮੈਂ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਨਿਮਾਣਾ ਜਿਹਾ ਸੇਵਕ ਤੇ ਲੇਖਕ ਹਾਂ, ਫਿਰ ਵੀ ਮੈਂ ਆਪਣੇ ਨਾਵਲਾਂ 'ਵਾਰਡ ਨੰ: 10 ਅਤੇ ਪੁਸ਼ਪਬਨ' ਵਿਚ ਆਪਣੇ ਸਾਹਿਤਕ ਵਿਅਕਤੀਤਵ ਦੀ ਸੰਵੇਦਨਸ਼ੀਲਤਾ ਨੂੰ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ। ਇੰਦਰ ਧਨੁਸ਼ ਦੇ ਰੂਪ ਵਿਚ ਮੈਂ ਆਪਣੀ ਨਿਬੰਧ ਰਚਨਾ ਤੇ ਵਾਰਤਕ ਕਲਾ ਦਾ ਨਿਰਮਾਣ ਜਿਹੇ ਸਰੂਪ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਜੇ ਜੀਵਨ ਅਤੇ ਕੁਦਰਤ ਨੇ ਸਾਥ ਦਿਤਾ ਤਾਂ ਮੈਂ ਇਕੀਸ ਨਿਬੰਧ ਸੰਗ੍ਰਹਿ ਨੂੰ ਮੁਕੰਮਲ ਕਰਨ ਦਾ ਯਤਨ ਕਰਾਂਗਾ।

ਕਵੀ ਤਾਂ ਮੈਂ ਹਾਂ ਨਹੀਂ, ਫਿਰ ਵੀ 'ਛੱਤੀ-ਅੰਮ੍ਰਿਤ' ਕਾਵਿ-ਸੰਗ੍ਰਹਿ ਅਤੇ



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਸਤਿਗੁਰੂ ਜੀ ਦੀ ਮਿਹਰ ਸਦਕਾ ਰਚੀਆਂ ਗਈਆਂ ਦੋ ਪੁਸਤਕਾਂ 'ਜੈਸਾ ਸਤਿਗੁਰੂ ਸੁਣੀਂਦਾ' ਅਤੇ 'ਚਾਲੀਸਾ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ' ਵਿਚ ਕੁਝ ਸੁਹਿਰਦ ਯਤਨ ਕੀਤੇ ਹਨ ਕਿ ਆਪਣੇ ਅੰਦਰ ਦੇ ਸੰਵੇਦਨਸ਼ੀਲ ਕਾਵਿਮਈ ਉਦਗਾਰਾਂ ਨੂੰ ਅਭਿਵਿਅਕਤ ਕਰ ਸਕਾਂ।

ਸਮੁਚੇ ਤੌਰ ਤੇ ਆਪਣੇ ਸਾਹਿਤਕ ਪ੍ਰਗਟਾ ਲਈ ਮੈਂ ਵਿਸਵ ਵਿਆਪੀ ਮਾਨਵਵਾਦ ਦੇ ਪ੍ਰਗਤੀਸ਼ੀਲ ਅੰਸ਼ਾਂ ਨੂੰ ਹੀ ਆਪਣਾ ਲਖ਼ਸ਼ ਬਣਾਇਆ ਹੈ ਅਤੇ ਇਸੇ ਦੀ ਪ੍ਰਾਪਤੀ ਤੇ ਪ੍ਰਸਾਰ ਲਈ ਆਪਣੇ ਵਲੋਂ ਸੁਹਿਰਦ ਯਤਨ ਕਰਦਾ ਰਿਹਾ ਹਾਂ। ਸਾਹਿਤ ਨਾ ਕੋਈ ਖੇਲ ਤਮਾਸ਼ਾ ਹੈ, ਨਾ ਸ਼ਬਦਾਂ ਦਾ ਆਡੰਬਰ, ਨਾ ਹੀ ਅਹੰਮ ਵਾਚਕ ਪ੍ਰਦਰਸ਼ਨ। ਇਹ ਤਾਂ ਦੀਨ ਦੁਖੀ, ਦਬੀ, ਢਠੀ, ਆਪਣੇ ਵਿਕਾਸ ਲਈ ਨਿਤ ਅਗੇ ਵਧ ਰਹੀ ਮਾਨਵਤਾ ਦੇ ਸੰਗ ਜਾ ਖਲੋਣ ਦਾ ਇਕ ਉਦਮ ਹੈ, ਜਿਸ ਰਾਹੀਂ ਅਸੀਂ ਆਪਣੇ ਸੰਸਾਰ ਨੂੰ ਹੋਰ ਸੁਹਣਿਰਾ, ਚੰਗੇਰਾ, ਭਲੇਰਾ ਤੇ ਹਰ ਮਨੁੱਖ ਮਾਤਰ ਲਈ ਸਮਾਨਤਾ ਤੇ ਸੁਤੰਤਰਤਾ ਦਾ ਸਾਂਝੀਵਾਲ ਬਣਾ ਸਕਦੇ ਹਾਂ ਤਾਂ ਜੋ ਹਰ ਦੇਸ਼, ਹਰ ਕੌਮ ਤੇ ਹਰ ਸਮਾਜ ਦੇ ਪੂਰਨ ਸੁਤੰਤਰਤਾ ਵਿਚ ਵਿਚਰਨ ਦੇ ਪ੍ਰੇਮ ਮਾਰਗ ਦੇ ਸੁਪਨਿਆਂ ਤੇ ਆਦਰਸ਼ਾਂ ਨੂੰ ਫਲੀਭੂਤ ਕਰ ਸਕੀਏ।

21ਵੀਂ ਸਦੀ ਵਿਚ ਭਾਸ਼ਾਈ, ਸਾਹਿਤਕ ਤੇ ਗਿਆਨ ਦੇ ਖੇਤਰਾਂ ਵਿਚ ਸਾਮਰਾਜੀ ਆਕਰਮਣ ਕਰਨ ਦੇ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਖੇਤਰੀ ਤੇ ਮਾਤ-ਭਾਸ਼ਾਵਾਂ ਦੇ ਗਲੇ ਘੁੱਟਣ ਤੇ ਸੰਘੀ ਨੱਪਣ ਦੇ ਜ਼ੋਰਦਾਰ ਉਪਰਾਲੇ ਹੋ ਰਹੇ ਹਨ। ਸੰਸਾਰ ਦੇ ਸਭ ਬੁਧੀਜੀਵੀਆਂ, ਲੇਖਕਾਂ ਤੇ ਸਾਹਿਤਕਾਰਾਂ ਦਾ ਇਹ ਪਵਿੱਤਰ ਫ਼ਰਜ਼ ਹੈ ਕਿ ਸੰਸਾਰ ਦੀ ਹਰ ਭਾਸ਼ਾ ਵਿਗਿਆਨਕ ਲੀਹਾਂ ਉਤੇ ਵਿਕਾਸ ਕਰੇ, ਆਪਣੀ ਹੋਂਦ ਨੂੰ ਸੁਰਖਿਅਤ ਰਖ ਸਕੇ ਤੇ ਸਾਡਾ ਸੰਸਾਰ ਇਕ ਸੁਹਾਵਣੇ ਬਾਗ਼ ਦੀ ਤਰ੍ਹਾਂ ਭਿੰਨ-ਭਿੰਨ ਫ਼ੁਲਾਂ, ਫ਼ਲਾਂ ਤੇ ਆਪਣੀ ਭਿੰਨੀ ਮਹਿਕ ਰਾਹੀਂ ਮਨੁਖਤਾ ਨੂੰ ਜੰਗ ਰਹਿਤ ਤੇ ਅਮਨਪਸੰਦ ਮਾਹੌਲ ਵਿਚ ਵਿਚਰਨ ਦੀ ਸੋਝੀ ਕਰਵਾ ਸਕੇ।



Sri Satguru Jagjit Singh Ji eLibrary NamdhariElibrary@gmail.com

## ਵੱਖ-ਵੱਖ ਸੰਸਥਾਵਾਂ ਵਲੋਂ ਮਿਲੇ ਪੁਰਸਕਾਰ

ਹਰ ਸਾਹਿਤਕਾਰ ਦੇ ਜੀਵਨ ਵਿਚ ਵੱਖ-ਵੱਖ ਸੰਸਥਾਵਾਂ ਵਲੋਂ ਪ੍ਰਾਪਤ ਹੋਏ ਮਾਨ-ਸਨਮਾਨ ਤੇ ਪੁਰਸਕਾਰ ਮਹਤਵਪੂਰਨ ਸਥਾਨ ਰਖਦੇ ਹਨ। ਇਨ੍ਹਾਂ ਰਾਹੀਂ ਲੇਖਕ ਨੂੰ ਪ੍ਰਵਾਨਗੀ ਅਤੇ ਪ੍ਰਮਾਣਿਕਤਾ ਪ੍ਰਾਪਤ ਹੁੰਦੀ ਹੈ। ਜੇ ਇਹ ਪੁਰਸਕਾਰ ਬਿਨਾਂ ਕਿਸੇ ਉਚੇਚ ਜਾਂ ਅਭਿਲਾਸ਼ਾ ਦੇ ਸਹਿਜ-ਸੁਭਾ ਰੂਪ ਵਿਚ ਹੀ ਮਿਲ ਜਾਣ ਤਾਂ ਇਨ੍ਹਾਂ ਰਾਹੀਂ ਲੇਖਕ ਨੂੰ ਹੋਰ ਪ੍ਰੇਰਨਾ ਤੇ ਉਤਸ਼ਾਹ ਮਿਲਦਾ ਹੈ, ਪਰ ਅੱਜ ਕਲ੍ਹ ਜਿਵੇਂ ਪੁਰਸਕਾਰ ਪ੍ਰਾਪਤ ਕਰਨ ਲਈ ਦੌੜ ਭਜ ਕੀਤੀ ਜਾਣ ਲਗ ਪਈ ਹੈ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਸਿਧੇ ਟੇਢੇ ਢੰਗ ਨਾਲ ਸਿਰਤੋੜ ਯਤਨ ਕੀਤੇ ਜਾਂਦੇ ਹਨ, ਉਨ੍ਹਾਂ ਨਾਲ ਤਾਂ ਇਨ੍ਹਾਂ ਮਾਨ ਸਨਮਾਨਾਂ ਦਾ ਗੌਰਵ ਗ੍ਰਹਿਣਿਆਂ ਜਾਂਦਾ ਹੈ। ਪੁਰਸਕਾਰਾਂ ਦੇ ਸੰਬੰਧ ਵਿਚ ਕੁਦਰਤ ਮੇਰੇ ਤੇ ਬੜੀ ਦਿਆਲ ਰਹੀ ਹੈ। ਭਿੰਨ-ਭਿੰਨ ਸੰਸਥਾਵਾਂ ਵਲੋਂ ਪ੍ਰਾਪਤ ਕੀਤੇ ਗਏ ਪੁਰਸਕਾਰ ਸਹਿਜ ਰੂਪ ਵਿਚ ਹੀ ਮੇਰੀ ਝੋਲੀ ਪੈਂਦੇ ਰਹੇ ਹਨ।

ਫਿਰ 1971-72 ਦੇ ਨੇੜੇ ਤੇੜੇ ਮੇਰੇ ਨਾਵਲ 'ਵਾਰਡ ਨੰ: 10' ਨੂੰ ਭਾਰਤੀ ਸਾਹਿਤ ਅਕਾਡਮੀ ਦੇ ਪੁਰਸਕਾਰ ਲਈ ਵਿਚਾਰਿਆ ਗਿਆ, ਪਰ ਕਿਸੇ ਖ਼ਾਸ ਕਾਰਨ ਜਿਸ ਦਾ ਮੈਂ ਇਥੇ ਜ਼ਿਕਰ ਨਹੀਂ ਕਰਨਾ ਚਾਹੁੰਦਾ, ਇਹ ਪੁਰਸਕਾਰ ਮੈਨੂੰ ਨਾ ਮਿਲ ਸਕਿਆ। ਸ਼ਾਇਦ ਇਸ ਦੇ ਪਿਛੇ ਇਹ ਕਾਰਨ ਸੀ ਕਿ ਮੈਂ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਗਰਭਵਤੀ' ਬਾਰੇ ਅਜੀਤ ਅਖ਼ਬਾਰ ਵਿਚ ਇਕ ਆਲੋਚਨਾਤਮਕ ਟਿਪਣੀ ਕੀਤੀ ਸੀ ਤੇ ਇਸ ਪਿਛੋਂ 30-40 ਦਿਨ ਇਸੇ ਬਾਰੇ ਬੜੀ ਚਰਚਾ ਚਲਦੀ ਰਹੀ। ਅੰਮ੍ਰਿਤਾ ਪ੍ਰੀਤਮ ਨੇ ਆਪਣੀ ਸਵੈ-ਜੀਵਨੀ 'ਰਸੀਦੀ ਟਿਕਟ' ਵਿਚ ਇਸ ਦਾ ਜ਼ਿਕਰ ਵੀ ਕੀਤਾ ਹੈ। ਪੰਜਾਬੀ ਦੇ ਸਿਰਮੌਰ ਕਵੀ ਤੇ ਸਮਾਲੋਚਕ ਸਵਰਗਵਾਸੀ ਡਾ. ਹਰਿਭਜਨ ਸਿੰਘ ਜੀ ਨੇ ਮੈਨੂੰ ਮਿਲਣ ਸਮੇਂ ਇਹ ਕਿਹਾ ਕਿ ਮੈਂ ਤਾਂ 'ਵਾਰਡ ਨੰ: 10' ਬਾਰੇ ਨੋਟਸ ਵੀ ਤਿਆਰ ਕਰ ਲਏ ਸਨ। ਮੇਰਾ ਸਨਿਮਰ ਉਤਰ ਸੀ ਕਿ ਜੇ



Sri Satguru Jagjit Singh Ji eLibrary NamdhariElibrary@gmail.com

ਡਾਕਟਰ ਸਾਹਿਬ ਤੁਹਾਡੀ ਇਹ ਰਾਏ ਸੀ ਤਾਂ ਮੈਂ ਸਮਝਦਾ ਹਾਂ ਕਿ ਮੈਨੂੰ ਭਾਰਤੀ ਸਾਹਿਤ ਅਕਾਡਮੀ ਦਾ ਪੁਰਸਕਾਰ ਮਿਲ ਗਿਆ ਹੈ। ਡਾ. ਹਰਿਭਜਨ ਸਿੰਘ ਦੀ ਇਸ ਵਿਸ਼ੇਸ਼ ਟਿਪਣੀ ਨੇ ਮੈਨੂੰ ਸਦਾ ਹੀ ਆਤਮਕ ਸੰਤੁਸ਼ਟੀ ਦਿਤੀ ਹੈ। ਡਾ. ਸੁਰਿੰਦਰ ਸਿੰਘ ਨਰੂਲਾ ਭਾਰਤੀ ਸਾਹਿਤ ਅਕਾਡਮੀ ਦੇ ਸਲਾਹਕਾਰਾਂ ਵਿਚੋਂ ਸਨ, ਉਹ ਇਕ ਦਿਨ ਮੇਰੇ ਕੋਲ ਆਏ ਅਤੇ ਕਹਿਣ ਲਗੇ, 'ਕਸੇਲ ਤੂੰ ਯਤਨ ਕਰ ਲੈ, ਐਤਕੀਂ ਪ੍ਰੀਤਮ ਸਿੰਘ ਸਫ਼ੀਰ ਨੂੰ ਭਾਰਤੀ ਸਾਹਿਤ ਅਕਾਡਮੀ ਦਾ ਪੁਰਸਕਾਰ ਦੇਣ ਲਈ ਵਿਚਾਰ ਹੋ ਰਹੀ ਹੈ। ਮੈਂ ਕਿਹਾ "ਨਰੂਲਾ ਸਾਹਿਬ ਮੈਂ ਉਦੋਂ ਜੰਮਿਆ ਵੀ ਨਹੀਂ ਸਾਂ ਜਦੋਂ ਸਫ਼ੀਰ ਇਕ ਸਥਾਪਿਤ ਕਵੀ ਸੀ ਤੇ ਜੇ ਉਸ ਨੂੰ ਭਾਰਤੀ ਸਾਹਿਤ ਅਕਾਡਮੀ ਦਾ ਪੁਰਸਕਾਰ ਮਿਲ ਜਾਂਦਾ ਹੈ ਤਾਂ ਮੈਨੂੰ ਤਾਂ ਬਹੁਤ ਖ਼ੁਸ਼ੀ ਹੋਵੇਗੀ।

4 ਦਸੰਬਰ 1977 ਨੂੰ ਮੈਨੂੰ ਇਕ ਅਜਿਹੇ ਸੰਤ ਮਹਾਪੁਰਸ਼ ਬਾਬਾ ਖੜਕ ਸਿੰਘ ਜੀ ਵੱਲੋਂ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਉਹ ਪੁਰਸਕਾਰ ਪ੍ਰਾਪਤ ਹੋਇਆ, ਜਿਸ ਨੂੰ ਮੈਂ ਪੁਰਸਕਾਰ ਨਾਲੋਂ ਵਧੇਰੇ ਬਾਬਾ ਖੜਕ ਸਿੰਘ ਜੀ ਵੱਲੋਂ ਦਿੱਤੇ ਗਏ ਅਸ਼ੀਰਵਾਦ ਦੇ ਰੂਪ ਵਿਚ ਹੀ ਲੈਂਦਾ ਹਾਂ। ਇਹ ਅਵਸਰ ਸੀ -ਪਹਿਲੀ ਸਿੱਖ ਇਤਿਹਾਸ ਕਾਨਫ਼ਰੰਸ ਦਾ, ਜਿਸ ਵਿਚ ਮੇਰੇ ਨਾਲ ਦੋ ਹੋਰ ਪ੍ਰਮੁੱਖ ਲੇਖਕਾਂ ਦਾ ਸਨਮਾਨ ਕੀਤਾ ਗਿਆ ਸੀ। ਇਕ ਸਨ-ਸ. ਨਾਰਾਇਣ ਸਿੰਘ, ਸਾਬਕਾ ਮੈਨੇਜਰ ਸ਼੍ਰੀ ਨਨਕਾਣਾ ਸਾਹਿਬ, ਜਿਨ੍ਹਾਂ ਨੇ ਪਟਿਆਲਾ ਵਿਖੇ ਬਾਬਾ ਜੱਸਾ ਸਿੰਘ ਦੇ ਡੇਰੇ ਵਿਚ ਗੁਰਮਤਿ ਕਾਲਜ ਨੂੰ ਸਥਾਪਤ ਕਰਨ ਲਈ ਵੱਡੀ ਭੂਮਿਕਾ ਨੂੰ ਨਿਭਾਇਆ ਹੈ ਅਤੇ ਦੂਜੇ ਸਨ ਮੇਰੇ ਆਪਣੇ ਹੀ ਅਧਿਆਪਕ ਤੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਜੀ। ਇੰਨੇ ਵੱਡੇ ਕੱਦ ਦੇ ਵਿਅਕਤੀਆਂ ਨਾਲ ਮੇਰਾ ਇਕ ਨਿਗੁਣੇ ਜਿਹੇ ਲੇਖਕ ਦਾ ਸਨਮਾਨ ਮੈਨੂੰ ਪ੍ਰਾਪਤ ਹੋਈ ਵੱਡੀ ਦਾਤ ਸੀ।

30 ਮਾਰਚ, 1983 ਨੂੰ ਰਾਸ਼ਟਰਪਤੀ ਭਵਨ ਵਿਚ ਮੇਰੀ ਕਾਵਿ-ਪੁਸਤਕ 'ਅਨੀਲਕਾ' ਦਾ ਵਿਮੋਚਨ ਭਾਰਤ ਦੇ ਸਤਵੇਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਵੱਲੋਂ ਕੀਤਾ ਗਿਆ। ਇਹ ਪੁਸਤਕ ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਕਾਵਿ-ਪੁਸਤਕ 'The bride of the sky' (ਅਰਸ਼ੀ ਲਾੜੀ) ਦਾ ਕਾਵਿਮਈ ਰੁਪਾਂਤਰਣ ਹੈ। ਰਾਸ਼ਟਰਪਤੀ ਜੀ ਨੇ ਇਸ ਸਮਾਰੋਹ ਲਈ ਲਗਭਗ ਇਕ ਘੰਟੇ ਦਾ ਸਮਾਂ ਦਿੱਤਾ ਅਤੇ ਇਸ ਪੁਸਤਕ ਉਤੇ ਆਪਣੇ ਹਸਤਾਖਰ ਕਰਨ ਸਮੇਂ ਇਹ ਸ਼ਬਦ ਲਿਖ ਦਿੱਤੇ-'ਲਿਖਾਰੀ ਸਮਾਜ ਨੂੰ ਜੋ ਦੇ ਜਾਂਦਾ ਹੈ, ਉਹ ਅਮਿਟ ਹੁੰਦਾ ਹੈ। ਬੁਲਾਰਾ ਜੋ ਦਿੰਦਾ ਹੈ, ਉਹ ਵਕਤ ਤੋਂ ਬਾਅਦ ਮਿਟ ਜਾਂਦਾ ਹੈ।' ਰਾਸ਼ਟਰਪਤੀ ਗਿ: ਜ਼ੈਲ ਸਿੰਘ ਜੀ ਉੱਚ ਕੋਟੀ ਦੇ ਬੁਲਾਰੇ ਸਨ। ਆਪਣੀ ਸੁਭਾਸ਼ਣ ਸ਼ਕਤੀ ਤੇ ਭਾਸ਼ਣਾਂ ਦੀ ਮਹੱਤਤਾ ਨੂੰ ਜਾਣਦਿਆਂ ਹੋਇਆਂ ਉਨ੍ਹਾਂ ਨੇ ਭਾਸ਼ਣਾਂ ਨੂੰ ਜੇ ਉਹ ਮੌਖਿਕ ਰੂਪ ਵਿਚ ਹੀ ਦਿੱਤੇ ਗਏ ਹੋਣ ਤਾਂ ਥੋੜ੍ਹਚਿਰੀ ਮਹੱਤਤਾ ਵਾਲੇ ਦਸਿਆ ਹੈ, ਪਰ ਕਿਸੇ ਲੇਖਕ



Sri Satguru Jagjit Singh Ji eLibrary NamdhariElibrary@gmail.com

ਦੀ ਕੀਰਤੀ ਨੂੰ ਉਨ੍ਹਾਂ ਨੇ ਚਿਰੰਜੀਵ ਮਹੱਤਤਾ ਵਾਲੀ ਕਿਹਾ ਹੈ।

3 ਜੂਨ, 1983 ਨੂੰ ਮੈਨੂੰ ਪੰਜਾਬੀ ਸਾਹਿਤ ਸਮੀਖਿਆ ਬੋਰਡ ਦਾ ਸਾਹਿਤ ਸ਼੍ਰੋਮਣੀ ਪੁਰਸਕਾਰ ਦਿੱਤਾ ਗਿਆ, ਜਿਸ ਦੇ ਮੁਖ ਮਹਿਮਾਨ ਸਨ ਸ਼੍ਰੀ ਇੰਦਰ ਕੁਮਾਰ ਗੁਜਰਾਲ ਜੋ ਉਸ ਸਮੇਂ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਸਨ। ਇਸ ਸਮੇਂ ਪੰਜਾਬੀ ਸਾਹਿਤ ਸਮੀਖਿਆ ਬੋਰਡ ਦੇ ਪ੍ਰਧਾਨ ਗਿ. ਗੁਰਮੁਖ ਸਿੰਘ ਜੀ ਮੁਸਾਫ਼ਰ ਸਨ।

15 ਅਕਤੂਬਰ, 1987 ਨੂੰ ਆਲ ਇੰਡੀਆ ਕਾਨਫੈਡਰੇਸ਼ਨ ਆਫ਼ ਦੀ ਬਲਾਈਂਡ ਵੱਲੋਂ ਨੇਤਰਹੀਣ ਸਮਾਜ ਲਈ ਕੀਤੀ ਗਈ ਵਿਸ਼ੇਸ਼ ਸੇਵਾ ਨੂੰ ਮੁਖ ਰਖ ਕੇ ਇਕ ਰਾਸ਼ਟਰੀ ਪੁਰਸਕਾਰ ਤਦੋਂ ਦੇ ਉਪ-ਰਾਸ਼ਟਰਪਤੀ ਸ਼੍ਰੀ ਸ਼ੰਕਰ ਦਿਆਲ ਸ਼ਰਮਾ ਜੀ ਵੱਲੋਂ ਮੈਨੂੰ ਪ੍ਰਦਾਨ ਕੀਤਾ ਗਿਆ ਸੀ।

18 ਜਨਵਰੀ, 1993 ਨੂੰ ਮੈਨੂੰ ਆਪਣੇ ਹੀ ਸਿੱਖਿਆ ਧਾਮ ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਉਚੇਚੇ ਤੌਰ ਤੇ ਸਨਮਾਨ ਦਿੱਤਾ ਗਿਆ। ਇਹ ਸ਼ਾਇਦ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਪ੍ਰਥਮ ਸ਼ਤਾਬਦੀ ਦਾ ਮੰਗਲ ਅਵਸਰ ਸੀ, ਜਿਸ ਵਿਚ ਕਾਲਜ ਦੇ ਪੁਰਾਣੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਸੀ।

7 ਅਗਸਤ 1993 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 5 ਪ੍ਰਮੁੱਖ ਲੇਖਕਾਂ ਤੇ ਸਾਹਿਤਕਾਰਾਂ ਨੂੰ ਜੀਵਨ-ਫ਼ੈਲੋਸ਼ਿਪ ਪ੍ਰਦਾਨ ਕੀਤੀ ਗਈ। ਇਨ੍ਹਾਂ ਪੰਜਾਂ ਵਿਚ ਮੇਰਾ ਨਾਂ ਵੀ ਸ਼ਾਮਲ ਸੀ। ਹੋਰ ਲੇਖਕ ਸਨ: ਪ੍ਰੋ. ਪਿਆਰਾ ਸਿੰਘ ਪਦਮ, ਸ਼੍ਰੀ ਹਰਨਾਮ ਦਾਸ ਸਹਿਰਾਈ, ਡਾ: ਹਰਕੀਰਤ ਸਿੰਘ ਅਤੇ ਪ੍ਰੋ. ਗੁਲਵੰਤ ਸਿੰਘ।

20 ਨਵੰਬਰ, 1994 ਨੂੰ ਪੰਜਾਬੀ ਸਾਹਿਤ ਸਭਾ ਢੁਡੀਕੇ ਵੱਲੋਂ ਮੈਨੂੰ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਸ. ਜਸਵੰਤ ਸਿੰਘ ਕੰਵਲ ਵੱਲੋਂ ਸ਼੍ਰੀ ਬਲਰਾਜ ਸਾਹਨੀ ਪੁਰਸਕਾਰ ਪ੍ਰਾਪਤ ਹੋਇਆ। ਇਸ ਸਨਮਾਨ ਦੀ ਨਿਵੇਕਲੀ ਹੀ ਮਹੱਤਤਾ ਹੈ ਕਿਉਂਜੋ ਇਹ ਪੰਜਾਬੀ ਦੇ ਦੋ ਪ੍ਰਮੁੱਖ ਨਿਸ਼ਕਾਮ ਸਾਹਿਤਕਾਰਾਂ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਦੀ ਯਾਦ ਵਿਚ ਹਰ ਸਾਲ ਦਿੱਤਾ ਜਾਂਦਾ ਹੈ ਅਤੇ ਹੁਣ ਕੰਵਲ ਜੀ ਨੇ ਇਸ ਵਿਚ ਇਕ ਹੋਰ ਪੁਰਸਕਾਰ ਡਾ. ਜਸਵੰਤ ਗਿੱਲ ਦੀ ਯਾਦ ਵਿਚ ਦੇਣਾ ਆਰੰਭ ਕੀਤਾ ਹੈ; ਜੋ ਕਿਸੇ ਇਸਤਰੀ ਲੇਖਕ ਨੂੰ ਦਿੱਤਾ ਜਾਂਦਾ ਹੈ।

9 ਦਸੰਬਰ, 1995 ਨੂੰ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਮੈਨੂੰ ਸ. ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਪ੍ਰਾਪਤ ਹੋਇਆ। ਇਸ ਪੁਰਸਕਾਰ ਦੀ ਪ੍ਰਾਪਤੀ ਸਮੇਂ ਮੈਨੂੰ ਵੱਡੀ ਆਤਮਕ ਤ੍ਰਿਪਤੀ ਦਾ ਅਨੁਭਵ ਹੋਇਆ ਕਿਉਂਜੋ ਇਸ ਪੁਰਸਕਾਰ ਦੇ ਸਮੇਂ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਮਾਗਮ ਵਿਚ ਦਰਸ਼ਨ ਦੇ ਰਹੇ ਸਨ।



Sri Satguru Jagjit Singh Ji eLibrary NamdhariElibrary@gmail.com

ਪੰਜਾਬ ਦੇ ਮੁਖ ਮੰਤਰੀ ਸ. ਬੇਅੰਤ ਸਿੰਘ ਅਤੇ ਭਾਰਤ ਦੇ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਵੀ ਹਾਜ਼ਰ ਸਨ। ਮੈਂ ਸਭ ਤੋਂ ਪਹਿਲਾਂ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਫਿਰ ਇਹ ਪੁਰਸਕਾਰ ਭਾਰਤ ਦੇ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਤੋਂ ਪ੍ਰਾਪਤ ਕੀਤਾ।

27 ਅਕਤੂਬਰ, 1996 ਨੂੰ ਅੰਮ੍ਰਿਤਸਰ ਵਿਖੇ ਸਾਹਿਤ ਵਿਚਾਰ ਕੇਂਦਰ ਵੱਲੋਂ ਮੈਨੂੰ ਨਾਨਕ ਸਿੰਘ ਗਲਪ ਪੁਰਸਕਾਰ ਪ੍ਰਦਾਨ ਕੀਤਾ ਗਿਆ। ਇਸ ਅਵਸਰ ਉਤੇ ਸ. ਨਾਨਕ ਸਿੰਘ ਦੇ ਪਰਿਵਾਰ ਦੇ ਬਹੁਤ ਸਾਰੇ ਸੱਜਣ ਹਾਜ਼ਰ ਸਨ ਅਤੇ ਸ. ਨਾਨਕ ਸਿੰਘ ਜੀ ਦੀ ਧਰਮ ਪਤਨੀ ਵੀ ਹਾਜ਼ਰ ਸੀ। ਸ. ਨਾਨਕ ਸਿੰਘ ਨਾਲ ਮੇਰਾ ਸਨੇਹ ਆਪਣੇ ਵਿਦਿਆਰਥੀ ਜੀਵਨ ਤੋਂ ਹੀ ਹੈ। ਉਨ੍ਹਾਂ ਦਾ ਵੱਡਾ ਸੁਪੁੱਤਰ ਸ. ਕਰਤਾਰ ਸਿੰਘ ਸੂਰੀ ਮੇਰੇ ਐੱਮ. ਏ. ਦੇ ਵਿਦਿਆਰਥੀ ਸਮੇਂ ਮੇਰਾ ਜਮਾਤੀ ਸੀ ਅਤੇ ਉਹ ਸਾਡੀ ਉਸ ਵਿਦਿਆਰਥੀ ਮੰਡਲੀ ਵਿਚ ਸ਼ਾਮਲ ਸੀ, ਜਿਸ ਵਿਚ ਅਸੀਂ ਸਾਰੇ ਰਲ ਕੇ ਪੰਜਾਬੀ ਸਾਹਿਤ ਤੇ ਭਾਸ਼ਾ ਦੇ ਮੁਖ ਵਿਸ਼ਿਆਂ ਬਾਰੇ ਸਾਂਝੀ ਚਰਚਾ ਕਰਦੇ ਹੁੰਦੇ ਸਾਂ।

13 ਅਕਤੂਬਰ 1996 ਨੂੰ ਬਾਬਾ ਆਇਆ ਸਿੰਘ ਗਰਲਜ਼ ਕਾਲਜ ਤੁਗਲਵਾਲਾ ਵੱਲੋਂ ਮੈਨੂੰ ਵਾਰਸ਼ਿਕ ਸਮਾਗਮ ਉਤੇ ਉਚੇਚੇ ਤੌਰ ਤੇ ਪ੍ਰਧਾਨਗੀ ਕਰਨ ਲਈ ਬੁਲਾਇਆ ਗਿਆ, ਪਰ ਇੱਥੇ ਮੇਰਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਕਾ: ਚੰਨਣ ਸਿੰਘ ਇਸ ਸਮੇਂ ਇਸ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ ਅਤੇ ਮੇਰੇ ਪੁਰਾਣੇ ਯੋਲ ਕੈਂਪ ਦੀ ਨਜ਼ਰਬੰਦੀ ਸਮੇਂ ਦੇ ਸਾਥੀ ਵੀ ਸਨ। ਇਸ ਵਿਦਿਅਕ ਸੰਸਥਾ ਨੇ ਵੀ ਕਈ ਪੱਖਾਂ ਤੋਂ ਨਿਵੇਕਲੀਆਂ ਵਿਦਿਅਕ ਰਵਾਇਤਾਂ ਨੂੰ ਕਾਇਮ ਕੀਤਾ ਹੈ। ਵਿਸ਼ੇਸ਼ ਤੌਰ ਤੇ ਸੀਨੀਅਰ ਵਿਦਿਆਰਥਣਾਂ ਆਪਣੇ ਤੋਂ ਹੇਠਲੀਆਂ ਸ਼੍ਰੇਣੀਆਂ ਨੂੰ ਅਧਿਆਪਨ ਦਾ ਕਾਰਜ ਵੀ ਕਰਾਉਂਦੀਆਂ ਹਨ ਅਤੇ ਹੋਸਟਲ ਦੀਆਂ ਵਿਦਿਆਰਥਣਾਂ ਲਈ ਖਾਣੇ-ਪਕਾਣੇ ਦਾ ਕਾਰਜ ਵੀ ਆਪ ਹੀ ਕਰਦੀਆਂ ਹਨ। ਇਥੇ ਨਾ ਤਾਂ ਨਕਲ ਕਰਨ ਦੀ ਭੈੜੀ ਬਿਮਾਰੀ ਹੈ ਅਤੇ ਨਾ ਹੀ ਵਿਦਿਆਰਥਣਾਂ ਆਪਣੇ ਕਾਰਜਾਂ ਵਿਚ ਮਿਹਨਤ ਤੇ ਹੱਥੀਂ ਕੰਮ ਕਰਨ ਤੋਂ ਸੰਕੋਚ ਕਰਦੀਆਂ ਹਨ। ਇਸ ਲਈ ਇਸ ਸੰਸਥਾ ਵਿਚ ਖ਼ਰਚਾ ਵੀ ਘੱਟ ਆਉਂਦਾ ਹੈ ਅਤੇ ਰਲ-ਮਿਲ ਕੇ ਕੰਮ ਕਰਨ ਦੀ ਸਾਂਝੀਵਾਲਤਾ ਦੀ ਭਾਵਨਾ ਨੂੰ ਉਤਸ਼ਾਹ ਮਿਲਦਾ ਹੈ। ਮੇਰੀ ਪਹਿਲੀ ਨਿਯੁਕਤੀ ਸਮੇਂ ਬਾਬਾ ਆਇਆ ਸਿੰਘ ਜੀ ਵੱਲੋਂ ਵੀ ਮੈਨੂੰ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਹੋਇਆ ਸੀ।

18 ਨਵੰਬਰ, 1996 ਨੂੰ ਮੈਨੂੰ ਸਰਸੇ ਵਿਖੇ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਉਨ੍ਹਾਂ ਦੇ ਕਰ ਕੰਵਲਾਂ ਤੋਂ ਨਾਮਧਾਰੀ ਸਾਹਿਤ ਸਭਾ ਵੱਲੋਂ ਸੰਤ ਤਰਨ ਸਿੰਘ ਵਹਿਮੀ ਪੁਰਸਕਾਰ ਪ੍ਰਦਾਨ ਕੀਤਾ ਗਿਆ। ਇਸ ਸਨਮਾਨ ਦਾ ਇਕ ਵੱਖਰਾ ਹੀ ਮਹੱਤਵ ਸੀ। ਮੈਂ ਉਸ ਸਮੇਂ ਇੰਝ ਅਨੁਭਵ ਕੀਤਾ ਜਿਵੇਂ ਆਪਣੇ ਘਰ



Sri Satguru Jagjit Singh Ji eLibrary NamdhariElibrary@gmail.com

ਵਿਚ ਹੀ ਮੇਰਾ ਸਨਮਾਨ ਕੀਤਾ ਜਾ ਰਿਹਾ ਹੋਵੇ। ਸੰਤ ਤਰਨ ਸਿੰਘ ਵਹਿਮੀ ਨੇ ਨਾਮਧਾਰੀ ਇਤਿਹਾਸ ਨੂੰ ਆਪਣੇ ਹੀ ਨਿਵੇਕਲੇ ਢੰਗ ਨਾਲ 'ਜਸ-ਜੀਵਨ' ਪੁਸਤਕ ਲੜੀ ਦੁਆਰਾ ਰਚਿਆ ਹੈ ਅਤੇ ਇਸ ਰਚਨਾ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਸ਼ੀਰਵਾਦ ਪ੍ਰਾਪਤ ਸੀ। ਅੱਜਕਲ੍ਹ ਸੰਤ ਤਰਨ ਸਿੰਘ ਵਹਿਮੀ ਦੇ ਵੱਡੇ ਸੁਪੁੱਤਰ ਸ. ਸਾਧੂ ਸਿੰਘ ਕਿਸਾਨ ਦੇ ਉਦਮ ਨਾਲ ਇਹ ਪੁਰਸਕਾਰ ਹਰ ਸਾਲ ਕਿਸੇ ਉੱਘੇ ਸਾਹਿਤਕਾਰ ਨੂੰ ਦਿੱਤਾ ਜਾਂਦਾ ਹੈ।

22-23 ਫ਼ਰਵਰੀ, 1993 ਨੂੰ ਸੰਸਕ੍ਰਿਤ ਵਿਸ਼ਵ ਵਿਦਿਆਲਾ ਬਨਾਰਸ ਵਿਚ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪੀਠ ਸਥਾਪਤ ਕੀਤੀ ਗਈ ਸੀ। ਇਹ ਮੇਰੇ ਸਾਹਿਤਕ ਜੀਵਨ ਦਾ ਇਕ ਯਾਦਗਾਰੀ ਅਵਸਰ ਸੀ। ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਇਸ ਸਮਾਗਮ ਵਿਚ ਹਾਜ਼ਰ ਸਨ। ਇਸ ਅਵਸਰ ਉਤੇ ਮੈਂ ਵੀ ਇਕ ਖੋਜ ਪੱਤਰ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪਾਏ ਗਏ ਵਿਲੱਖਣ ਯੋਗਦਾਨ ਬਾਰੇ ਹਿੰਦੀ ਭਾਸ਼ਾ ਵਿਚ ਲਿਖ ਕੇ ਪੜ੍ਹਿਆ ਸੀ। ਪੜ੍ਹਨ ਨਾਲੋਂ ਇਹ ਇਕ ਤਰ੍ਹਾਂ ਨਾਲ ਹਿੰਦੀ ਵਿਚ ਦਿੱਤਾ ਗਿਆ ਵਿਖਿਆਨ ਹੀ ਸੀ। ਮੈਨੂੰ ਹਿੰਦੀ ਭਾਸ਼ਾ ਵਿਚ ਬੋਲਣ ਦਾ ਅਭਿਆਸ ਘੱਟ ਸੀ। ਇਸ ਲਈ ਮੈਂ ਪਹਿਲਾਂ ਤਾਂ ਝਿਜਕਦੇ-ਝਿਜਕਦੇ ਹੀ ਭਾਸ਼ਣ ਦੇਣਾ ਆਰੰਭ ਕੀਤਾ, ਪਰ ਸਤਿਗੁਰੂ ਜੀ ਦੀ ਅਜਿਹੀ ਕਿਰਪਾ ਹੋਈ ਕਿ ਮੇਰੇ ਇਸ ਵਿਖਿਆਨ ਦੀ ਸਰੋਤਿਆਂ ਵੱਲੋਂ ਕਾਫ਼ੀ ਪ੍ਰਸ਼ੰਸਾ ਕੀਤੀ ਗਈ।

ਇਹ ਸਮਾਗਮ ਇਕ ਹੋਰ ਪੱਖ ਤੋਂ ਵੀ ਬੜਾ ਅਦੁੱਤੀ ਸੀ। ਇਸ ਵਿਚ ਬਨਾਰਸ ਦੇ ਪ੍ਰਮੁੱਖ ਵਿਦਵਾਨਾਂ ਨੂੰ ਬੁਲਾਇਆ ਗਿਆ ਸੀ। ਉਹ ਸਾਰੇ ਆਪਣੀ ਪਰੰਪਰਾਗਤ ਵੇਸ਼ਭੂਸ਼ਾ ਵਿਚ ਸ਼ਾਮਲ ਹੋਏ ਅਤੇ ਸਭ ਨੇ ਸਤਿਗੁਰੂ ਦੀ ਮਹਿਮਾ ਬਾਰੇ ਆਪਣੇ-ਆਪਣੇ ਵਿਚਾਰ ਰਖੇ। ਵਿਚਾਰ ਗੋਸ਼ਟੀ ਦਾ ਇਹ ਵਿਸ਼ੇਸ਼ ਢੰਗ ਬੜਾ ਹੀ ਉਪਯੋਗੀ ਸੀ, ਕਿਉਂਜੋ ਹਰ ਇਕ ਵਕਤਾ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਖੁਲ੍ਹਾ ਸਮਾਂ ਦਿੱਤਾ ਗਿਆ ਸੀ।

29 ਮਾਰਚ, 1998 ਨੂੰ ਫ਼ਰੀਦਕੋਟ ਦੀ ਸਾਹਿਤ ਸਭਾ ਨੇ ਮੈਨੂੰ ਬਿਸਮਿਲ ਫ਼ਰੀਦਕੋਟੀ ਪੁਰਸਕਾਰ ਪ੍ਰਦਾਨ ਕੀਤਾ, ਜਿਸ ਵਿਚ ਉਸ ਖੇਤਰ ਦੇ ਬਹੁਤ ਸਾਰੇ ਲੇਖਕ ਤੇ ਵਿਦਵਾਨ ਸ਼ਾਮਿਲ ਹੋਏ। ਪ੍ਰਸਿੱਧ ਨਾਵਲਕਾਰ ਸ. ਜਸਵੰਤ ਸਿੰਘ ਕੰਵਲ ਇਸ ਸਮਾਗਮ ਦੇ ਮੁਖ ਮਹਿਮਾਨ ਸਨ।

12 ਮਈ, 2000 ਨੂੰ ਭਾਸ਼ਾ ਭਵਨ ਪਟਿਆਲਾ ਵਿਖੇ ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਮੈਨੂੰ ਅਤੇ ਪ੍ਰੋ. ਪਿਆਰਾ ਸਿੰਘ ਪਦਮ ਨੂੰ ਫ਼ੈਲੋਸ਼ਿਪ ਪ੍ਰਦਾਨ ਕੀਤੀ ਗਈ। ਇਸ ਮੌਕੇ ਤੇ ਭਾਪਾ ਪ੍ਰੀਤਮ ਸਿੰਘ ਨਵਯੁਗ ਅਤੇ ਡਾ. ਕਰਨਜੀਤ ਸਿੰਘ ਵਿਸ਼ੇਸ਼ ਤੌਰ ਤੇ ਦਿੱਲੀ ਤੋਂ ਆਏ ਸਨ।



Sri Satguru Jagjit Singh Ji eLibrary NamdhariElibrary@gmail.com

12 ਅਕਤੂਬਰ 2000 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਮੈਨੂੰ ਡਾ. ਅਤਰ ਸਿੰਘ ਪੁਰਸਕਾਰ ਦਿਤਾ ਗਿਆ। ਇਸ ਪੁਰਸਕਾਰ ਦਾ ਵੀ ਵਿਸ਼ੇਸ਼ ਮਹੱਤਵ ਹੈ। ਇਕ ਤਾਂ ਇਸ ਲਈ ਕਿ ਸਵਰਗਵਾਸੀ ਡਾ. ਅਤਰ ਸਿੰਘ ਪੰਜਾਬੀ ਦੇ ਸ਼੍ਰੋਮਣੀ ਸਮਾਲੋਚਕਾਂ ਵਿਚੋਂ ਸਨ ਅਤੇ ਆਰੰਭ ਵਿਚ ਮੈਂ ਵੀ ਸਮਾਲੋਚਨਾ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਇਆ ਸੀ। ਉਹ ਮੇਰੇ ਕਦਰਦਾਨ ਅਤੇ ਪ੍ਰਸ਼ੰਸਕਾਂ ਵਿਚੋਂ ਸਨ। ਇਕ ਵਾਰ ਅਕਾਸ਼ਵਾਣੀ ਜਲੰਧਰ ਤੋਂ 'ਇੰਦਰ-ਧਨੁਸ਼' ਦੀ ਸਮੀਖਿਆ ਕਰਦੇ ਹੋਏ ਉਨ੍ਹਾਂ ਨੇ ਇਹ ਕਿਹਾ ਸੀ ਕਿ ਪ੍ਰੋ. ਪੂਰਨ ਸਿੰਘ ਦੀ 'ਖੁਲ੍ਹੇ ਲੇਖ' ਪੁਸਤਕ ਪਿਛੋਂ ਇਸ ਨਿਬੰਧ ਸੰਗ੍ਰਹਿ ਵਿਚ ਵੀ ਕੁਝ ਅਜਿਹੇ ਹੀ ਨਕਸ਼ ਦ੍ਰਿਸ਼ਟੀਗੋਚਰ ਹੋਏ ਹਨ।

21 ਅਕਤੂਬਰ, 2000 ਨੂੰ ਪ੍ਰੋ. ਮੋਹਨ ਸਿੰਘ ਦੇ ਮੇਲੇ ਉਤੇ ਮੇਰਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ । ਇਸ ਮੇਲੇ ਦੇ ਸੰਸਥਾਪਕ ਸ. ਜਗਦੇਵ ਸਿੰਘ ਜਸੋਵਾਲ ਜਿਥੇ ਕਿਸੇ ਸਮੇਂ ਸਰਕਾਰੀ ਕਾਲਜ ਲੁਧਿਆਣਾ ਵਿਖੇ ਮੇਰੇ ਵਿਦਿਆਰਥੀ ਰਹੇ ਸਨ, ਉਥੇ ਉਨ੍ਹਾਂ ਨੇ ਇਸ ਯਾਦਗਾਰੀ ਮੇਲੇ ਵਿਚ ਆਰੰਭ ਤੋਂ ਹੀ ਮੈਨੂੰ ਆਪਣੇ ਨਾਲ ਜੋੜੀ ਰਖਿਆ ਹੈ। ਸਭ ਤੋਂ ਪਹਿਲੇ ਮੋਹਨ ਸਿੰਘ ਮੇਲੇ ਉਤੇ ਮੈਂ ਹੀ ਆਪਣਾ ਖੋਜ-ਪੱਤਰ ਪ੍ਰੋ. ਮੋਹਨ ਸਿੰਘ ਜੀ ਦੇ ਯੋਗਦਾਨ ਬਾਰੇ ਪੜ੍ਹਿਆ ਸੀ। ਪ੍ਰੋ. ਮੋਹਨ ਸਿੰਘ ਜੀ ਵੀ ਮੇਰੇ ਕਦਰਦਾਨਾਂ ਵਿਚੋਂ ਸਨ ਤੇ ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਪੁਸਤਕ 'ਪੰਜਾਬ ਵਿਚ ਪੰਜਾਬੀ' ਸਾਹਿਤ ਬਾਰੇ ਲਿਖੇ ਕਾਂਡ ਵਿਚ ਉਨ੍ਹਾਂ ਨੇ ਆਪਣੀ ਕਵਿਤਾ ਬਾਰੇ ਮੇਰੇ ਹੀ ਵਿਚਾਰਾਂ ਦਾ ਉਦਾਹਰਣ ਦਿਤਾ ਹੈ।

26 ਅਗਸਤ 2001 ਨੂੰ ਪੰਜਾਬੀ ਦੇ ਪ੍ਰਸਿਧ ਕਵੀ ਤੇ ਭਾਰਤੀ ਸਾਹਿਤ ਅਕਾਡਮੀ ਦੇ ਇਨਾਮ ਜੇਤੂ ਸੁਖਪਾਲਵੀਰ ਸਿੰਘ ਹਸਰਤ ਦੀ ਯਾਦ ਵਿਚ ਪਹਿਲਾ 'ਸੁਖਪਾਲਵੀਰ ਸਿੰਘ ਹਸਰਤ ਪੁਰਸਕਾਰ' ਚੰਡੀਗੜ੍ਹ ਦੇ ਪੰਜਾਬ ਆਰਟ ਕੌਂਸਲ ਦੇ ਹਾਲ ਵਿਚ ਮੈਨੂੰ ਪ੍ਰਦਾਨ ਕੀਤਾ ਗਿਆ। ਆਪਣੇ ਸੰਕਲਪ ਅਨੁਸਾਰ ਇਸ ਪੁਰਸਕਾਰ ਵਿਚ ਪ੍ਰਾਪਤ ਹੋਈ ਰਾਸ਼ੀ ਉਸੇ ਦਿਨ ਹੀ ਮੈਂ ਸ਼੍ਰੀ ਭੈਣੀ ਸਾਹਿਬ ਜਾ ਕੇ ਸ਼੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਪਣ ਕਰ ਦਿਤੀ, ਕਿਉਂਜੋ ਮੈਂ ਇਸ ਨੇਤਰਹੀਣਤਾ ਦੀ ਅਵਸਥਾ ਵਿਚ ਇਹ ਭਲੀ ਪ੍ਰਕਾਰ ਅਨੁਭਵ ਕਰਦਾ ਹਾਂ ਕਿ ਜੋ ਕੁਝ ਵੀ ਮੈਂ 1964 ਪਿਛੋਂ ਲਿਖਿਆ ਹੈ, ਉਹ ਸ਼੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਕੇ ਅਤੇ ਉਨ੍ਹਾਂ ਦੇ ਵਰਦਾਨ ਸਦਕਾ ਹੀ ਲਿਖ ਸਕਿਆ ਹਾਂ।



Sri Satguru Jagjit Singh Ji eLibrary NamdhariElibrary@gmail.com

## ਸਾਹਿਤਕ ਤੇ ਸਮਾਜਕ ਸੰਸਥਾਵਾਂ ਨਾਲ ਸੰਬੰਧ

ਆਰੰਭ ਤੋਂ ਹੀ ਮੈਂ ਇਸ ਗੱਲ ਦਾ ਸਮਰਥਕ ਰਿਹਾ ਹਾਂ ਕਿ ਮਨੁੱਖ ਦਾ ਅਸਲੀ ਜੀਵਨ ਜੋ ਲੇਖੇ ਲਗਦਾ ਹੈ, ਉਹ ਉਹੋ ਹੀ ਹੁੰਦਾ ਹੈ, ਜੋ ਕਿਸੇ ਵਿਅਕਤੀ ਨੇ ਆਪਣੇ ਲਈ ਨਹੀਂ ਸਗੋਂ ਦੂਜਿਆਂ ਲਈ ਅਰਥਾਤ ਮਨੁੱਖਤਾ ਦੀ ਸੇਵਾ ਲਈ ਗੁਜ਼ਾਰਿਆ ਹੁੰਦਾ ਹੈ। ਇਸ ਲਈ ਕਿਸੇ ਮਨੁੱਖ ਦੇ ਜੀਵਨ ਦਾ ਉਹ ਭਾਗ ਜੋ ਆਪਣੇ ਲਈ ਨਹੀਂ ਦੂਜਿਆਂ ਲਈ ਅਰਪਣ ਹੁੰਦਾ ਹੈ, ਉਹੋ ਹੀ ਵਧੇਰੇ ਮੁਲਵਾਨ ਹੁੰਦਾ ਹੈ। ਮੈਂ ਆਰੰਭ ਤੋਂ ਹੀ ਯਤਨ ਕੀਤਾ ਹੈ ਕਿ ਆਪਣੇ ਨਿਜੀ ਜੀਵਨ ਨੂੰ ਸਮਾਜਕ ਜੀਵਨ ਨਾਲ ਜੋੜ ਕੇ ਅਤੇ ਉਸ ਦਾ ਭਾਈਵਾਲ ਬਣ ਕੇ ਤੁਰਾਂ। ਸਮਾਜਕ ਜੀਵਨ ਨਾਲ ਕਦਮ ਮਿਲਾ ਕੇ ਉਸ ਦੇ ਵਿਕਾਸ ਵਿਚ ਆਪਣੇ ਵਲੋਂ ਕੁਝ ਤਿਲ-ਫੁਲ ਭੇਟ ਕਰ ਸਕਾਂ। ਅਸਲ ਵਿਚ ਸਾਹਿਤਕ ਪ੍ਰਕਿਰਿਆ ਇਕ ਤਰ੍ਹਾਂ ਦੀ ਸਮਾਜਕ ਪ੍ਰਕਿਰਿਆ ਹੀ ਹੁੰਦੀ ਹੈ। ਸਾਹਿਤ ਦਾ ਅਸਲੀ ਮਨੋਰਥ ਤਾਂ ਮਨੁੱਖੀ ਜੀਵਨ ਕੀਮਤਾਂ ਦੇ ਵਾਧੇ ਵਿਚ ਸਹਾਈ ਹੋਣਾ ਹੈ ਤਾਂ ਜੋ ਮਨੁੱਖੀ ਸਮਾਜ ਵਿਚ ਵਿਆਪਕ ਅੰਧਕਾਰ ਤੇ ਅਨਿਆਂ ਨੂੰ ਮੇਟ ਕੇ ਨਿਆਂ ਭਰਪੂਰ ਤੇ ਸ਼ੋਸ਼ਣ ਰਹਿਤ ਅਰੋਗ ਸਮਾਜਕ ਵਿਵਸਥਾ ਸਥਾਪਿਤ ਕੀਤੀ ਜਾ ਸਕੇ। ਆਪਣੀ ਸਾਹਿਤਕ ਜੀਵਨ ਯਾਤਰਾ ਵਿਚ ਮੈਂ ਪੰਜਾਬੀ ਦੀਆਂ ਸਾਹਿਤ ਸਭਾਵਾਂ, ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਸਾਹਿਤ ਸਮੀਖਿਆ ਬੋਰਡ ਆਦਿ ਸਾਹਿਤਕ ਸੰਸਥਾਵਾਂ ਵਿਚ ਆਪਣੇ ਆਪ ਨੂੰ ਕਰਮਸ਼ੀਲ ਰਖਿਆ ਹੈ। ਪੰਜਾਬੀ ਸਾਹਿਤ ਸਮੀਖਿਆ ਬੋਰਡ ਦੀ ਸਥਾਪਨਾ 1958-59 ਵਿਚ ਕੀਤੀ ਗਈ ਸੀ। ਇਸ ਵਿਚ ਸਾਡਾ ਮਨੋਰਥ ਇਹ ਸੀ ਕਿ ਪੰਜਾਬੀ ਸਾਹਿਤ ਦੇ ਖੇਤਰ ਵਿਚ ਸਮੂਹਕ ਦ੍ਰਿਸ਼ਟੀਕੋਣ ਦੀ ਪਰੰਪਰਾ ਨੂੰ ਅਗੇ ਤੋਰਿਆ ਜਾਵੇ। ਪੰਜਾਬੀ ਸਾਹਿਤ ਸਮੀਖਿਆ ਬੋਰਡ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਵਜੋਂ, ਪੰਜਾਬੀ ਸਾਹਿਤ ਅਕਾਡਮੀ ਦੇ ਕੁਝ ਸਮੇਂ ਲਈ ਸਕੱਤਰ ਦੀ ਸੇਵਾ


Sri Satguru Jagjit Singh Ji eLibrary NamdhariElibrary@gmail.com

ਕਰਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਮੇਰਾ ਕਰਤੱਵ ਇਨ੍ਹਾਂ ਸੰਸਥਾਵਾਂ ਦੀਆਂ ਕਾਰਵਾਈਆਂ ਦੁਆਰਾ ਅਜਿਹੇ ਮਨੋਰਥ ਨੂੰ ਪ੍ਰਸਾਰਨਾ ਹੀ ਰਿਹਾ ਹੈ। ਅਜਿਹਾ ਹੀ ਦ੍ਰਿਸ਼ਟੀਕੋਣ ਨੇਤਰਹੀਣ ਹੋਣ ਪਿਛੋਂ ਨੇਤਰਹੀਣ ਸੰਸਥਾਵਾਂ ਵਿਚ ਕੰਮ ਕਰਨ ਦਾ ਸੀ। ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਲਈ ਪ੍ਰਤੀਬਧ ਸਾਹਿਤਕਾਰਾਂ ਤੇ ਪੰਜਾਬੀ ਪ੍ਰੇਮੀਆਂ ਦੀ ਲੋੜ ਸੀ, ਪਰ ਵਰਤਮਾਨ ਸਮੇਂ ਬਹੁਤੇ ਲੋਕ ਇਨ੍ਹਾਂ ਸੰਸਥਾਵਾਂ ਵਿਚ ਸੇਵਾ ਕਰਨ ਲਈ ਨਹੀਂ, ਸਗੋਂ ਇਨ੍ਹਾਂ ਸੰਸਥਾਵਾਂ ਵਿਚ ਅਹੁਦੇ ਪ੍ਰਾਪਤ ਕਰਕੇ ਆਪਣੇ ਸੁਆਰਥ ਦੀ ਸਿਧੀ ਕਰਨਾ ਲੋਚਦੇ ਹਨ। ਮੇਰਾ ਸੰਬੰਧ ਇਨ੍ਹਾਂ ਦੋਹਾਂ ਖੇਤਰਾਂ ਦੀਆਂ ਸਮਾਜਕ ਸੰਸਥਾਵਾਂ ਨਾਲ ਰਿਹਾ ਹੈ। ਪੰਜਾਬੀ ਸਾਹਿਤ ਨਾਲ ਸੰਬੰਧਿਤ ਸੰਸਥਾਵਾਂ ਵਿਚ ਤਾਂ ਮੈਂ ਇਹ ਸਮਝਦਾ ਹਾਂ ਕਿ ਜਦੋਂ ਤਕ ਪੰਜਾਬੀ ਭਾਸ਼ਾ ਨੂੰ ਆਪਣੇ ਪੰਜਾਬੀ ਭਾਸ਼ੀ ਖੇਤਰ ਵਿਚ ਪੂਰਾ ਦਰਜਾ ਨਹੀਂ ਦਿਤਾ ਜਾਂਦਾ, ਉਨਾਂ ਚਿਰ ਤਕ ਲੇਖਕਾਂ ਨੂੰ ਉਨ੍ਹਾਂ ਆਦਰਸ਼ਾਂ ਦੀ ਪ੍ਰਾਪਤੀ ਲਈ ਨਿਰੰਤਰ ਸੰਘਰਸ਼ ਕਰਨਾ ਪਵੇਗਾ। ਪੰਜਾਬੀ ਭਾਸ਼ਾ ਆਪਣੇ ਸਾਰੇ ਲੰਮੇ ਇਤਿਹਾਸ ਵਿਚ ਵਿਦੇਸ਼ੀ ਭਾਸ਼ਾਵਾਂ ਦੇ ਸਾਮਰਾਜੀ ਆਕਰਮਣ ਦਾ ਸ਼ਿਕਾਰ ਰਹੀ ਹੈ। ਪੰਜਾਬੀ ਨੂੰ ਮਾਤ-ਭਾਸ਼ਾ ਦੇ ਰੂਪ ਵਿਚ ਪੰਜਾਬੀ ਬੋਲਣ ਵਾਲੇ ਕਰੋੜਾਂ ਲੋਕਾਂ ਵਿਚ ਹਾਲੀ ਇਹ ਅਹਿਸਾਸ ਨਹੀਂ ਜਾਗਿਆ ਕਿ ਮਾਤ ਭਾਸ਼ਾ ਦਾ ਮਹੱਤਵ ਕੀ ਹੁੰਦਾ ਹੈ ਅਤੇ ਮਨੁਖ ਦੇ ਵਿਅਕਤੀਗਤ ਵਿਕਾਸ ਅਤੇ ਸਿਖਿਆ ਪ੍ਰਾਪਤੀ ਅਤੇ ਸਮਾਜਕ ਕਾਰ ਵਿਹਾਰ ਵਿਚ ਇਸ ਦਾ ਕੀ ਯੋਗਦਾਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ, ਜੋ ਵਰਤਮਾਨ ਪੰਜਾਬ ਦੇ ਅਸਲੀ ਨਿਰਮਾਤਾ ਹਨ, ਨੇ ਤਾਂ ਇਥੋਂ ਤਕ ਲੋਕਾਂ ਨੂੰ ਝਾੜ ਪਾਈ ਸੀ ਕਿ *'ਘਰਿ ਘਰਿ ਮੀਆ, ਸਭਨਾਂ ਜੀਆਂ ਬੋਲੀ ਅਵਰਿ ਤੁਮਾਰੀ'।*

ਵਰਤਮਾਨ ਪੰਜਾਬ ਭਾਵੇਂ 1968 ਦੇ ਭਾਸ਼ਾ ਐਕਟ ਅਧੀਨ ਇਕ ਭਾਸ਼ੀ ਪ੍ਰਦੇਸ਼ ਹੈ, ਪਰ ਇਸ ਵਿਚ ਨਾ ਤਾਂ ਰਾਜ ਦਰਬਾਰ ਵਿਚ, ਨਾ ਹੀ ਲੋਕਾਂ ਦੇ ਕਾਰ ਵਿਹਾਰ ਅਤੇ ਨਾ ਹੀ ਸਿੱਖਿਆ ਦੇ ਖੇਤਰ ਵਿਚ ਪੰਜਾਬੀ ਭਾਸ਼ਾ ਨੂੰ ਸਚੇ ਦਿਲੋਂ ਲਾਗੂ ਕੀਤਾ ਗਿਆ ਹੈ। ਇਥੋਂ ਤਕ ਕਿ ਚੰਡੀਗੜ੍ਹ ਵਰਗੇ ਮਹਾਂਨਗਰ ਜੋ ਪੰਜਾਬ ਦੀ ਰਾਜਧਾਨੀ ਲਈ ਬਣਾਇਆ ਗਿਆ ਸੀ, ਵਿਚ ਵਰਤਮਾਨ ਸਮੇਂ ਪੰਜਾਬੀ ਦਾ ਸਰਕਾਰੇ ਦਰਬਾਰੇ ਕੋਈ ਸਥਾਨ ਨਹੀਂ ਹੈ। ਹਾਲੀ ਵੀ ਪੰਜਾਬੀ ਨੂੰ ਸਰਕਾਰੀ ਤੌਰ ਤੇ ਮਾਨਤਾ ਦਿਵਾਉਣ ਲਈ ਲੇਖਕਾਂ ਨੂੰ ਧਰਨੇ ਦੇਣੇ ਪੈਂਦੇ ਹਨ ਅਤੇ ਸਰਕਾਰ ਨੂੰ ਸੁਚੇਤ ਕਰਨ ਲਈ ਗ੍ਰਿਫ਼ਤਾਰੀਆਂ ਵੀ ਦੇਣੀਆਂ ਪੈਂਦੀਆਂ ਹਨ। ਮੈਂ ਵੀ ਅਜਿਹੇ ਅੰਦੋਲਨਾਂ ਵਿਚ ਪੰਜਾਬੀ ਮਾਤ ਭਾਸ਼ਾ ਦਾ ਇਕ ਸੱਚਾ ਸੇਵਕ ਹੋਣ ਦੇ ਨਾਤੇ ਇਸ ਉਦੇਸ਼ ਦੀ ਪ੍ਰਾਪਤੀ ਲਈ, ਜਦੋਂ ਵੀ ਲੋੜ ਪਈ ਹੈ, ਯਥਾਸ਼ਕਤ ਹਿੱਸਾ ਪਾਉਂਦਾ ਰਿਹਾ ਹਾਂ ਅਤੇ ਜਦੋਂ ਤਕ ਪੰਜਾਬੀ ਭਾਸ਼ਾ ਨੂੰ ਰਾਜ ਦਰਬਾਰ, ਸਿੱਖਿਆ ਦੇ ਖੇਤਰ ਅਤੇ ਕਾਰ ਵਿਹਾਰ ਵਿਚ ਪੂਰੀ ਤਰ੍ਹਾਂ ਸੱਚੇ ਦਿਲੋਂ ਨਹੀਂ ਅਪਣਾ ਲਿਆ ਜਾਂਦਾ, ਸੰਘਰਸ਼ ਜਾਰੀ ਰਹਿਣਾ



Sri Satguru Jagjit Singh Ji eLibrary NamdhariElibrary@gmail.com

ਚਾਹੀਦਾ ਹੈ। ਸ਼ੋਕ ਦੀ ਗੱਲ ਤਾਂ ਇਹ ਹੈ ਕਿ ਪੰਜਾਬੀ ਲੋਕ ਇਸ ਪੱਖ ਤੋਂ ਬਹੁਤ ਹੀ ਅਵੇਸਲੇ ਅਤੇ ਲਾਪਰਵਾਹ ਹਨ ਅਤੇ ਹੁਣ ਅੰਗਰੇਜ਼ੀ ਭਾਸ਼ਾ ਦੇ ਅੰਨ੍ਹੇ ਭਗਤ ਬਣ ਚੁੱਕੇ ਹਨ। ਇਕ ਬੰਨੇ ਤਾਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਲੋਕਤੰਤਰ ਵਿਚ ਹਰ ਵਿਦਿਆਰਥੀ ਨੂੰ ਬਰਾਬਰ ਦਾ ਅਧਿਕਾਰ ਹੈ, ਪਰ ਦੂਜੇ ਹੀ ਬੰਨੇ ਅਮੀਰ ਤੇ ਪ੍ਰਭੁਤਾਵਾਨ ਲੋਕਾਂ ਲਈ ਵਖਰੀ ਤੇ ਮਹਿੰਗੀ ਸਿੱਖਿਆ ਦਿਤੀ ਜਾ ਰਹੀ ਹੈ। ਅੰਗਰੇਜ਼ੀ ਮਾਧਿਅਮ ਵਾਲੇ ਅਖੌਤੀ ਪਬਲਿਕ ਸਕੂਲਾਂ ਦਾ ਸਾਰੇ ਦੇਸ਼ ਵਿਚ ਜਾਲ ਵਿਛ ਗਿਆ ਹੈ, ਜਿਸ ਵਿਚ ਸਿੱਖਿਆ ਗ੍ਰਹਿਣ ਕਰਨਾ ਦਿਨੋਂ ਦਿਨ ਮਹਿੰਗਾ ਹੁੰਦਾ ਜਾ ਰਿਹਾ ਹੈ ਤੇ ਸਮਾਜ ਦੇ ਹੇਠਲੇ ਵਰਗ ਤੇ ਇਥੋਂ ਤਕ ਕਿ ਛੁਟੇਰੀ ਮਧ-ਸ਼੍ਰੇਣੀ ਲਈ ਵੀ ਉਚੇਰੀ ਸਿਖਿਆ ਦੇ ਦਰਵਾਜ਼ੇ ਬੰਦ ਕੀਤੇ ਜਾ ਰਹੇ ਹਨ। ਸਾਡਾ ਲਖ਼ਸ਼ ਇਹ ਹੋਣਾ ਚਾਹੀਦਾ ਹੈ ਕਿ ਭਾਰਤੀ ਭਾਸ਼ਾਵਾਂ ਨੂੰ ਸੰਪੂਰਨ ਤੌਰ ਤੇ ਵਿਕਸਿਤ ਕੀਤਾ ਜਾਵੇ ਅਤੇ ਇਨ੍ਹਾਂ ਦੁਆਰਾ ਹੀ ਸਿੱਖਿਆ ਦਿਤੀ ਜਾਵੇ। ਸਿੱਖਿਆ ਨੂੰ ਇੰਨੀ ਮਹਿੰਗੀ ਨਾ ਬਣਾ ਦਿਤਾ ਜਾਵੇ ਕਿ ਉਹ ਆਮ ਜਨਤਾ ਦੀ ਪਹੁੰਚ ਤੋਂ ਦੂਰ ਚਲੀ ਜਾਵੇ।

ਨੇਤਰਹੀਣ ਸੰਸਥਾਵਾਂ ਵਿਚ ਵੀ ਸਾਡਾ ਲਖ਼ਸ਼ ਵਰਤਮਾਨ ਵਿਗਿਆਨਿਕ ਯੁਗ ਦੀਆਂ ਸਹੂਲਤਾਂ ਦਾ ਪ੍ਰਸਾਰ ਕਰ ਕੇ ਨੇਤਰਹੀਣਾਂ ਨੂੰ ਸੁਸਿਖਿਅਤ ਕਰ ਕੇ ਉਨ੍ਹਾਂ ਦਾ ਪੁਨਰਵਾਸ ਕਰਨਾ ਅਤੇ ਹਰ ਨੇਤਰਹੀਣ ਤੇ ਅਪੰਗ ਵਿਅਕਤੀ ਨੂੰ ਸਨਮਾਨ ਯੋਗ ਜੀਵਨ ਬਿਤਾ ਸਕਣ ਦਾ ਅਧਿਕਾਰ ਦਿਵਾਉਣਾ ਹੈ। ਮੈਂ ਯਥਾਸ਼ਕਤ ਭਾਰਤ ਨੇਤਰਹੀਣ ਸੇਵਕ ਸਮਾਜ, ਨੈਸ਼ਨਲ ਫ਼ੈਡਰੇਸ਼ਨ ਆਫ਼ ਬਲਾਈਂਡਜ਼ (N.F.B) ਐਨ. ਐਫ. ਬੀ. ਅਤੇ ਪੰਜਾਬ ਵੈਲਫ਼ੇਅਰ ਐਸੋਸੀਏਸ਼ਨ ਫ਼ਾਰ ਦਾ ਬਲਾਈਂਡ ਦੀਆਂ ਕਾਰਵਾਈਆਂ ਵਿਚ ਡੂੰਘੀ ਦਿਲਚਸਪੀ ਲਈ ਹੈ ਅਤੇ ਆਪਣਾ ਸੰਭਵ ਯੋਗਦਾਨ ਪਾਇਆ ਹੈ। ਇਨ੍ਹਾਂ ਸਾਹਿਤਕ ਤੇ ਨੇਤਰਹੀਣ ਸਮਾਜਕ ਸੰਸਥਾਵਾਂ ਵਿਚ ਮੈਂ ਨਾ ਤਾਂ ਕਿਸੇ ਪਦਵੀ ਦੀ ਝਾਕ ਰਖੀ ਹੈ, ਨਾ ਹੀ ਕੋਈ ਚੋਣ ਲੜੀ ਹੈ। ਬਹੁਤੀ ਵਾਰੀ ਮੈਨੂੰ ਸਰਬ ਸੰਮਤੀ ਨਾਲ ਹੀ ਕੁਝ ਜ਼ਿੰਮੇਵਾਰੀਆਂ ਸੌਂਪ ਦਿਤੀਆਂ ਜਾਂਦੀਆਂ ਰਹੀਆਂ ਹਨ, ਜਿਨ੍ਹਾਂ ਨੂੰ ਮੈਂ ਖਿੜੇ ਮਥੇ ਸਵੀਕਾਰ ਕਰ ਕੇ ਸੱਚੇ ਦਿਲੋਂ ਨਿਭਾਉਣ ਦਾ ਯਤਨ ਕਰਦਾ ਹਾਂ।

ਆਰੰਭ ਵਿਚ ਹੀ ਮੈਂ ਆਪਣੇ ਵਿਦਿਆ ਗੁਰੂ ਪ੍ਰਿੰ. ਸੰਤ ਸਿੰਘ ਸੇਖੋਂ ਵਲੋਂ ਦਿੱਤੇ ਗਏ ਸਾਡੇ ਐੱਮ. ਏ. ਦੇ ਵਿਦਿਆਰਥੀਆਂ ਨੂੰ ਦੀਖਿਆਂਤ ਭਾਸ਼ਨ ਦਾ ਜ਼ਿਕਰ ਕੀਤਾ ਸੀ। ਸਾਨੂੰ ਉਨ੍ਹਾਂ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸੰਬੰਧ ਵਿਚ ਦੋ ਪਖੀ ਲਖ਼ਸ਼ਾਂ ਬਾਰੇ ਸੁਚੇਤ ਕੀਤਾ ਸੀ। ਪੰਜਾਬੀ ਭਾਸ਼ਾ ਨੂੰ ਹਰ ਪਖ ਤੋਂ ਆਧੁਨਿਕ ਭਾਸ਼ਾ ਦੇ ਰੂਪ ਵਿਚ ਵਿਕਸਿਤ ਕਰਨਾ ਅਤੇ ਇਸ ਨੂੰ ਹਰ ਪੱਧਰ ਉਤੇ ਇਸ ਦਾ ਬਣਦਾ ਉਚਿਤ ਸਥਾਨ ਦਿਵਾਉਣਾ। ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ 20ਵੀਂ ਸਦੀ ਦੇ ਦੂਜੇ ਅਧ ਵਿਚ ਭਾਰਤੀ ਭਾਸ਼ਾਵਾਂ ਨੂੰ ਵਿਕਸਿਤ ਕਰਨ ਲਈ ਰਾਸ਼ਟਰੀ ਪੱਧਰ ਉਤੇ ਕਈ



Sri Satguru Jagjit Singh Ji eLibrary NamdhariElibrary@gmail.com

ਯਤਨ ਹੋਏ। ਸਭ ਤੋਂ ਮਹੱਤਵਪੂਰਨ ਗੱਲ ਭਾਰਤੀ ਸਾਹਿਤ ਅਕਾਡਮੀ ਵਰਗੀ ਰਾਸ਼ਟਰੀ ਸੰਸਥਾ ਦੀ ਸਥਾਪਨਾ ਸੀ। ਇਸੇ ਤਰ੍ਹਾਂ ਪੰਜਾਬ ਵਿਚ ਪਟਿਆਲਾ ਵਿਖੇ ਪਹਿਲਾ 'ਮਹਿਕਮਾ ਪੰਜਾਬੀ' ਬਣਿਆ ਅਤੇ ਫਿਰ ਇਸ ਦਾ ਵਿਸਤਾਰ 'ਭਾਸ਼ਾ ਵਿਭਾਗ' ਵਜੋਂ ਹੋਇਆ। ਪੰਜਾਬ ਯੂਨੀਵਰਸਿਟੀ ਵਿਚ ਪ੍ਰਕਾਸ਼ਨ ਬਿਊਰੋ ਅਤੇ 1962 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੋਈ। ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਲਈ ਕਈ ਸਾਲ ਪੰਜਾਬੀ ਸਾਹਿਤ ਅਕਾਡਮੀ ਅਤੇ ਕੇਂਦਰੀ ਲੇਖਕ ਸਭਾ ਵਰਗੀਆਂ ਪ੍ਰਮੁਖ ਸੰਸਥਾਵਾਂ ਵਲੋਂ ਲਗਾਤਾਰ ਮਤੇ ਪਾਸ ਕੀਤੇ ਗਏ ਕਿ ਪੰਜਾਬ ਵਿਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਦੇ ਤੌਰ ਤੇ ਪ੍ਰਵਾਨ ਕੀਤਾ ਜਾਵੇ ਅਤੇ ਪੰਜਾਬੀ ਭਾਸ਼ਾ ਦੇ ਸਰਬ ਪਖੀ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾਵੇ। ਪੰਜਾਬੀ ਭਾਸ਼ੀ ਪ੍ਰਦੇਸ਼ ਦੀ ਸਥਾਪਨਾ ਲਈ ਤਾਂ ਲਗਾਤਾਰ ਕਈ ਸਾਲ ਅੰਦੋਲਨ ਚਲਿਆ। ਹਜ਼ਾਰਾਂ ਪੰਜਾਬੀ ਪ੍ਰੇਮੀਆਂ ਨੇ ਗ੍ਰਿਫ਼ਤਾਰੀਆਂ ਦਿਤੀਆਂ ਅਤੇ 1 ਨਵੰਬਰ, 1956 ਨੂੰ ਭੂਤਪੂਰਵ ਪੈਪਸੂ ਅਤੇ ਪੰਜਾਬ ਨੂੰ ਮਿਲਾ ਕੇ ਨਵੇਂ ਭਾਸ਼ਾਈ ਪ੍ਰਦੇਸ਼ ਦਾ ਜਨਮ ਹੋਇਆ। 1962 ਵਿਚ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਹੋਈ, ਜਿਸ ਨੂੰ ਪੰਜਾਬੀ ਭਾਸ਼ਾ ਦੇ ਸਰਬਪੱਖੀ ਵਿਕਾਸ ਲਈ ਸੰਵਿਧਾਨਿਕ ਜ਼ਿੰਮੇਵਾਰੀ ਸੌਂਪੀ ਗਈ। 1968 ਦੇ ਪੰਜਾਬੀ ਭਾਸ਼ਾ ਐਕਟ ਰਾਹੀਂ ਪੰਜਾਬੀ ਨੂੰ ਪੰਜਾਬ ਪ੍ਰਦੇਸ਼ ਦੀ ਸਰਕਾਰੀ ਭਾਸ਼ਾ ਹੋਣ ਦਾ ਮਾਣ ਦਿਤਾ ਗਿਆ। ਸਰਕਾਰੀ ਮਹਿਕਮਿਆਂ ਅਤੇ ਦਫ਼ਤਰਾਂ ਵਿਚ ਪੰਜਾਬੀ ਨੂੰ ਲਾਗੂ ਕਰਨ ਦੇ ਕਈ ਨਿਗਰ ਯਤਨ ਕੀਤੇ ਗਏ। ਪੰਜਾਬੀ ਭਾਸ਼ਾ ਨੂੰ ਸਰਕਾਰੀ ਪਧਰ ਉਤੇ ਪ੍ਰਚਲਿਤ ਕਰਨ ਲਈ ਤਦੋਂ ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸਵਰਗਵਾਸੀ ਗਿ: ਲਾਲ ਸਿੰਘ ਦਾ ਵਿਸ਼ੇਸ਼ ਹੱਥ ਸੀ। ਉਨ੍ਹਾਂ ਨੂੰ ਅਤੇ ਉਸ ਸਮੇਂ ਦੇ ਮੁਖ ਮੰਤਰੀ ਸ. ਲਛਮਣ ਸਿੰਘ ਗਿੱਲ ਨੂੰ ਇਸ ਪ੍ਰਾਪਤੀ ਦਾ ਮਾਣ ਜਾਂਦਾ ਹੈ।

ਪਰ ਸ਼ੋਕ ਦੀ ਗੱਲ ਤਾਂ ਇਹ ਹੈ ਕਿ ਹਾਲੀ ਵੀ ਪੰਜਾਬੀ ਭਾਸ਼ਾ ਸੰਬੰਧੀ ਪੰਜਾਬੀ ਲੋਕਾਂ ਵਿਚ ਉਹ ਮੋਹ ਪਿਆਰ ਤੇ ਸਨਮਾਨ ਦੀ ਭਾਵਨਾ ਉਤਪੰਨ ਨਹੀਂ ਹੋਈ, ਜੋ ਮਾਤ ਭਾਸ਼ਾ ਦੇ ਰੂਪ ਵਿਚ ਪੰਜਾਬੀਆਂ ਵਿਚ ਹੋਣੀ ਚਾਹੀਦੀ ਹੈ। ਇਸ ਉਦੇਸ਼ ਲਈ ਹਾਲੀ ਵੀ ਲੇਖਕਾਂ ਨੂੰ ਧਰਨੇ ਦੇਣੇ ਪੈਂਦੇ ਹਨ ਅਤੇ ਗ੍ਰਿਫ਼ਤਾਰੀਆਂ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਪਵਿਤਰ ਉਦੇਸ਼ ਦੀ ਪ੍ਰਾਪਤੀ ਲਈ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਕਈ ਵਾਰ ਧਰਨੇ ਦਿਤੇ ਗਏ ਅਤੇ ਗ੍ਰਿਫ਼ਤਾਰੀਆਂ ਵੀ ਦਿਤੀਆਂ ਗਈਆਂ। 15 ਮਾਰਚ, 1993 ਨੂੰ ਚੰਡੀਗੜ੍ਹ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਅਗਵਾਈ ਵਿਚ ਪ੍ਰਮੁੱਖ ਸਾਹਿਤਕਾਰਾਂ ਵਲੋਂ ਗ੍ਰਿਫ਼ਤਾਰੀਆਂ ਦਿਤੀਆਂ ਗਈਆਂ। ਇਨ੍ਹਾਂ ਪ੍ਰਮੁਖ ਸਾਹਿਤਕਾਰਾਂ ਵਿਚ ਸੰਤੋਖ ਸਿੰਘ ਧੀਰ, ਡਾ. ਹਰਚਰਨ ਸਿੰਘ, ਡਾ. ਪਰਮਿੰਦਰ ਸਿੰਘ, ਤੇਰਾ ਸਿੰਘ ਚੰਨ, ਪ੍ਰਿੰ. ਸੁਜਾਨ



Sri Satguru Jagjit Singh Ji eLibrary NamdhariElibrary@gmail.com

ਸਿੰਘ, ਡਾ. ਐੱਸ. ਤਰਸੇਮ ਅਤੇ ਮੈਂ ਸ਼ਾਮਿਲ ਸਾਂ। ਇਸੇ ਤਰ੍ਹਾਂ ਫਿਰ ਦੂਜੀ ਵਾਰ 30 ਮਾਰਚ, 1999 ਨੂੰ ਮੁੜ ਪ੍ਰਮੁੱਖ ਲੇਖਕਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ, ਜਿਸ ਵਿਚ ਇਹ ਲਖ਼ਸ਼ ਵੀ ਮਿਥਿਆ ਗਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਨੂੰ ਪਹਿਲੀ ਜਮਾਤ ਤੋਂ ਪੜ੍ਹਾਏ ਜਾਣ ਦੇ ਫ਼ੈਸਲੇ ਨੂੰ ਵਾਪਿਸ ਲਿਆ ਜਾਵੇ ਅਤੇ ਮੁਢਲੀ ਪਧਰ ਉਤੇ ਕੇਵਲ ਮਾਤ ਭਾਸ਼ਾ ਪੰਜਾਬੀ ਨੂੰ ਹੀ ਪੜ੍ਹਾਇਆ ਜਾਵੇ। ਇਹ ਗੱਲ ਸਿਧਾਂਤਕ ਅਤੇ ਵਿਹਾਰਿਕ ਦੋਹਾਂ ਪੱਖਾਂ ਤੋਂ ਮੰਨਿਆ ਪਰਮੰਨਿਆ ਵਿਸ਼ਵ ਵਿਆਪੀ ਆਦਰਸ਼ ਹੈ ਕਿ ਮਾਤ ਭਾਸ਼ਾ ਹੀ ਸਿਖਿਆ ਦਾ ਉਚਿਤ ਮਾਧਿਅਮ ਹੋ ਸਕਦੀ ਹੈ, ਪਰ ਸਭ ਤੋਂ ਮੰਦੀ ਅਤੇ ਦੁਖਦਾਈ ਗੱਲ ਤਾਂ ਇਹ ਹੈ ਕਿ ਸਾਡਾ ਪੜ੍ਹਿਆ ਲਿਖਿਆ ਤਬਕਾ ਵੀ ਇਹ ਗੱਲ ਸਵੀਕਾਰ ਕਰਨ ਨੂੰ ਤਿਆਰ ਨਹੀਂ। 30 ਮਾਰਚ, 1999 ਦੇ ਧਰਨੇ ਅਤੇ ਗ੍ਰਿਫ਼ਤਾਰੀਆਂ ਸਮੇਂ ਮੈਂ ਵੀ ਉਨ੍ਹਾਂ ਲੇਖਕਾਂ ਵਿਚੋਂ ਇਕ ਸਾਂ, ਜੋ ਪੰਜਾਬੀ ਭਾਸ਼ਾ ਨੂੰ ਉਚਿਤ ਸਥਾਨ ਦਿਵਾਉਣ ਲਈ ਸੰਘਰਸ਼ ਕਰ ਰਹੇ ਸਨ।

9 ਜੁਲਾਈ, 2000 ਨੂੰ ਦੂਰਦਰਸ਼ਨ ਕੇਂਦਰ ਜਲੰਧਰ ਦੇ ਸਾਹਮਣੇ ਦੇ ਮੈਦਾਨ ਵਿਚ ਪੰਜਾਬੀ ਲੇਖਕਾਂ ਵਲੋਂ ਫਿਰ ਧਰਨਾ ਦਿਤਾ ਗਿਆ, ਜਿਸ ਵਿਚ ਸੈਂਕੜੇ ਲੇਖਕ ਸ਼ਾਮਲ ਹੋਏ, ਇਸ ਦਾ ਉਦੇਸ਼ ਵੀ ਪੰਜਾਬ ਦੇ ਸੂਚਨਾ ਤੰਤਰ ਨੂੰ ਜਾਗਰੂਪ ਕਰਨਾ ਸੀ ਕਿ ਪੰਜਾਬੀ ਭਾਸ਼ਾ ਨੂੰ ਦੂਰਦਰਸ਼ਨ, ਅਕਾਸ਼ਵਾਣੀ ਅਤੇ ਪੰਜਾਬ ਦੇ ਸਭਿਆਚਾਰਕ ਪਤਰਾਂ ਵਿਚ ਉਚਿਤ ਸਥਾਨ ਦਿਤਾ ਜਾਵੇ।

26 ਮਾਰਚ, 2001 ਨੂੰ ਚੰਡੀਗੜ੍ਹ ਦੇ ਮਟਕਾ ਚੌਕ ਵਿਚ ਲੇਖਕ ਸਭਾਵਾਂ ਵਲੋਂ ਮੁੜ ਧਰਨਾ ਅਤੇ ਗ੍ਰਿਫ਼ਤਾਰੀਆਂ ਦਿੱਤੀਆਂ ਗਈਆਂ ਅਤੇ ਇਸ ਵਾਰ ਹਿੰਦੀ ਸਾਹਿਤ ਸੰਮੇਲਨ ਵਲੋਂ ਵੀ ਪੰਜਾਬੀਆਂ ਦੀ ਇਸ ਮੰਗ ਦੀ ਪ੍ਰੋੜ੍ਹਤਾ ਕੀਤੀ ਗਈ ਅਤੇ ਇਸ ਸੰਸਥਾ ਦੇ ਪ੍ਰਧਾਨ ਮੰਤਰੀ ਸ਼੍ਰੀਧਰ ਸ਼ਾਸਤਰੀ ਜੀ ਨੇ ਆਪ ਸ਼ਾਮਿਲ ਹੋ ਕੇ ਪੰਜਾਬੀ ਲੇਖਕਾਂ ਦੀਆਂ ਮੰਗਾਂ ਦੀ ਪ੍ਰੋੜ੍ਹਤਾ ਕੀਤੀ। ਸਿਟੇ ਵਜੋਂ 13-14 ਜੁਲਾਈ 2002 ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਹਿੰਦੀ ਸਾਹਿਤ ਸੰਮੇਲਨ ਵਲੋਂ ਚੰਡੀਗੜ੍ਹ ਵਿਖੇ ਸਾਂਝਾ ਸੰਮੇਲਨ ਕੀਤਾ ਗਿਆ, ਜਿਸ ਵਿਚ ਉਨ੍ਹਾਂ ਮੰਗਾਂ ਨੂੰ ਮੁੜ ਦੁਹਰਾਇਆ ਗਿਆ। ਹਾਲੀ ਵੀ ਪੰਜਾਬੀ 'ਤੇ ਹੋਰ ਰਾਸ਼ਟਰੀ ਭਾਸ਼ਾਵਾਂ ਵਲੋਂ ਇਹ ਲਹਿਰ ਜ਼ੋਰ ਫੜ ਰਹੀ ਹੈ ਕਿ ਪੱਛਮ ਅਤੇ ਵਿਸ਼ੇਸ਼ ਕਰ ਕੇ ਅੰਗਰੇਜ਼ੀ ਭਾਸ਼ਾ ਵਲੋਂ ਭਾਰਤੀ ਭਾਸ਼ਾਵਾਂ ਉਤੇ ਕੀਤੇ ਜਾ ਰਹੇ ਸਾਮਰਾਜੀ ਭਾਸ਼ਾਈ ਆਕਰਮਣ ਦਾ ਰਾਸ਼ਟਰੀ ਪਧਰ ਉਤੇ ਟਾਕਰਾ ਕੀਤਾ ਜਾਵੇ। 21 ਫ਼ਰਵਰੀ ਨੂੰ ਹਰ ਸਾਲ ਸਾਰੇ ਸੰਸਾਰ ਵਿਚ ਮਾਤ ਭਾਸ਼ਾ ਦਿਵਸ ਮਨਾਇਆ ਜਾਂਦਾ ਹੈ, ਜਿਸ ਦਾ ਮੁਖ ਉਦੇਸ਼ ਹੈ ਕਿ ਮਾਤ ਭਾਸ਼ਾ ਹੀ ਸਿਖਿਆ ਦਾ ਸਭ ਤੋਂ ਉਚਿਤ ਮਾਧਿਅਮ ਹੋ ਸਕਦਾ ਹੈ, ਪਰ ਭਾਰਤ ਵਿਚ ਤਾਂ ਅੰਗਰੇਜ਼ੀ ਮਾਧਿਆਮ ਵਾਲੇ ਅਖੌਤੀ ਪਬਲਿਕ ਸਕੂਲਾਂ ਦਾ ਮਕੜਜਾਲ ਵਿਛ ਗਿਆ ਹੈ, ਜਿਸ ਵਿਚ ਹਰ ਨਾਗਰਿਕ ਨੂੰ ਸਿੱਖਿਆ ਦੇ ਬੁਨਿਆਦੀ ਅਤੇ ਸਮਾਨ



Sri Satguru Jagjit Singh Ji eLibrary NamdhariElibrary@gmail.com

ਅਧਿਕਾਰ ਦੇਣ ਦੀ ਥਾਂ ਗਰੀਬ ਜਨਤਾ ਨੂੰ ਉਚੇਰੀ ਸਿੱਖਿਆ ਤੋਂ ਵੰਚਿਤ ਕੀਤਾ ਜਾ ਰਿਹਾ ਹੈ ਅਤੇ ਅਮੀਰਾਂ ਲਈ ਹੋਰ ਅਤੇ ਗਰੀਬਾਂ ਲਈ ਹੋਰ ਸਿੱਖਿਆ ਤੰਤਰ ਨੂੰ ਸਿਧੇ ਜਾਂ ਅਸਿਧੇ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਭਾਰਤ ਸਰਕਾਰ ਦਾ ਸਰਬ ਸਿੱਖਿਆ ਅਭਿਆਨ ਵੀ ਇਸ ਮਾਰੂ ਸਭਿਆਚਾਰਕ ਆਕਰਮਣ ਨੂੰ ਠੱਲ ਨਹੀਂ ਪਾ ਸਕਿਆ। ਸਿੱਖਿਆ ਦੀ ਇਹ ਦੂਹਰੀ ਨੀਤੀ ਕਿੰਨੀ ਖ਼ਤਰਨਾਕ ਸਿਧ ਹੋਵੇਗੀ, ਇਸ ਗੱਲ ਦਾ ਅਨੁਮਾਨ ਅਸੀਂ ਹੁਣ ਨਹੀਂ ਲਗਾ ਸਕਦੇ, ਪਰ ਅਗਲੀਆਂ ਦੋ ਪੀੜ੍ਹੀਆਂ ਦੇ ਮਾਨਸਿਕ ਤੇ ਬੌਧਿਕ ਵਿਕਾਸ ਲਈ ਅਜਿਹੀ ਦੋਗਲੀ ਨੀਤੀ ਬਹੁਤ ਖ਼ਤਰਨਾਕ ਸਿਧ ਹੋਵੇਗੀ।



Sri Satguru Jagjit Singh Ji eLibrary NamdhariElibrary@gmail.com

# ਮੇਰਾ ਸਭ ਤੋਂ ਵਡਾ ਸਨਮਾਨ

26 ਤੇ 27 ਮਈ, 1997 ਨੂੰ ਸ਼੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਵਿਦਿਅਕ ਜਥੇ ਦੇ ਵਾਰਸ਼ਿਕ ਸਮਾਗਮ ਚਲ ਰਹੇ ਸਨ, ਜਿਸ ਵਿਚ ਮੈਂ ਵੀ ਇਨਾਮੀ ਭਾਸ਼ਣ ਪ੍ਰਤੀਯੋਗਤਾ ਲਈ ਨਿਰਣਾਇਕਾਂ ਵਿਚੋਂ ਇਕ ਸਾਂ। 27 ਮਈ, 1997 ਨੂੰ ਪ੍ਰੋ: ਸੰਤ ਸਿੰਘ ਸੇਖੋਂ ਜੀ, ਜਿਨ੍ਹਾਂ ਦੇ ਇਲਾਜ ਲਈ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ 25,000 ਰੁਪਏ ਦੀ ਰਕਮ ਸਹਾਇਤਾ ਵਜੋਂ ਭੇਜੀ ਗਈ ਸੀ, ਆਪਣੀ ਸਵੈ-ਇਛਾ ਅਨੁਸਾਰ ਸ਼੍ਰੀ ਸਤਿਗੁਰੂ ਜੀ ਦਾ ਧੰਨਵਾਦ ਕਰਨ ਆਏ ਸਨ। ਮੈਂ ਵੀ ਉਸ ਦਿਨ ਉਥੇ ਹਾਜ਼ਰ ਸਾਂ।

ਸ਼੍ਰੀ ਸਤਿਗੁਰੂ ਜੀ ਦੀ ਕੋਠੀ ਦੇ ਹਾਲ ਵਿਚ ਪ੍ਰੋ. ਸੇਖੋਂ ਜੀ ਅਰਾਮ ਕੁਰਸੀ ਉਤੇ ਬੈਠੇ ਸਨ। ਬਾਕੀ ਦੀ ਸਾਧ ਸੰਗਤ ਕਮਰੇ ਵਿਚ ਵਿਛੇ ਗਲੀਚੇ ਉਤੇ ਬਿਰਾਜਮਾਨ ਸੀ। ਸ਼੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੋਂ ਪਹਿਲਾਂ ਮੈਂ ਆਪਣੇ ਸਾਹਿਤਕ ਮੁਰਸ਼ਦ ਦੇ ਚਰਨ ਘੁਟਣ ਲਗ ਗਿਆ। ਮੈਨੂੰ ਸੇਖੋਂ ਸਾਹਿਬ ਕਹਿਣ ਲਗੇ, ਇਹ ਕੀ ਕਰਦਾ ਹੈਂ? ਮੈਂ ਉਨ੍ਹਾਂ ਦੇ ਪ੍ਰਸਿਧ ਕਾਵਿ-ਨਾਟਕ ਬਾਬਾ ਬੋਹੜ ਵਿਚੋਂ ਇਹ ਪੰਕਤੀਆਂ ਬੋਲਣ ਲਗਾ, 'ਨਹੀਂ ਘੁਟਾਏ ਚਰਨ ਉਸ, ਉਹ ਸਤਿਗੁਰੂ ਪੂਰਾ', ਫਿਰ ਕੀ ਸੀ, ਸੇਖੋਂ ਸਾਹਿਬ ਬਾਬਾ ਬੋਹੜ ਦੀਆਂ ਕੁਝ ਹੋਰ ਪੰਕਤੀਆਂ ਨੂੰ ਉਚਾਰਨ ਲਗ ਪਏ, 'ਮੇਰੇ ਹੇਠ ਬੈਠਾ ਸੀ ਵਿਛਾ ਕੇ ਭੂਰਾ, ਮਾਈਆਂ ਆਈਆਂ ਲੈਣ ਨੂੰ ਚਰਨਾਂ ਦੀ ਧੂੜਾ, ਨਹੀਂ ਘੁਟਾਏ ਚਰਨ ਉਸ, ਉਹ ਸਤਿਗੁਰੂ ਪੂਰਾ', ਇੰਨੇ ਨੂੰ ਸ਼੍ਰੀ ਸਤਿਗੁਰੂ ਜੀ ਵੀ ਉਸ ਕਮਰੇ ਵਿਚ ਆ ਗਏ। ਸੇਖੋਂ ਸਾਹਿਬ ਮੌਜ ਵਿਚ ਗੁਰੂ ਗੋਬਿੰਦ ਸਿੰਘ ਰਚਿਤ ਸਵੈਯੇ ਦੀ ਇਸ ਪੰਕਤੀ ਨੂੰ ਬਾਰ ਬਾਰ ਗਾ ਰਹੇ ਸਨ :

*ਕੂੜ ਕਿਰਿਆ ਉਰਜਿਓ, ਸਭ ਹੀ ਜਗ ਸ਼੍ਰੀ ਭਗਵਾਨ ਕੋ ਭੇਦ ਨਾ ਪਾਇਓ।*

ਕਾਫ਼ੀ ਸਮੇਂ ਤਕ ਗਲਾਂ ਬਾਤਾਂ ਚਲਦੀਆਂ ਰਹੀਆਂ , ਸੇਖੋਂ ਸਾਹਿਬ ਇਹ



Sri Satguru Jagjit Singh Ji eLibrary NamdhariElibrary@gmail.com

ਗੱਲ ਸ਼੍ਰੀ ਸਤਿਗੁਰੂ ਜੀ ਦੇ ਧੰਨਵਾਦ ਵਜੋਂ ਕਹਿ ਰਹੇ ਸਨ- ਮੈਂ ਕਿਹਾ, ਮੈਨੂੰ ਏਡੀ ਵਡੀ ਰਕਮ ਕਿਸ ਭੇਜ ਦਿਤੀ ਹੈ? ਇਸ ਮੇਲ ਮਿਲਾਪ ਦੀ ਸਮਾਪਤੀ ਦੇ ਸਮੇਂ ਸੇਖੋਂ ਸਾਹਿਬ ਆਪਣੇ ਪਰਿਵਾਰ ਦੇ ਜੀਆਂ ਦਾ ਸ਼੍ਰੀ ਸਤਿਗੁਰੂ ਜੀ ਨੂੰ ਪਰਿਚੈ ਕਰਾ ਰਹੇ ਸਨ - ਇਹ ਮੇਰੇ ਘਰੋਂ ਹਨ, ਇਹ ਮੇਰਾ ਬੇਟਾ ਹੈ, ਇਹ ਮੇਰੀ ਪੁਤਰੀ ਹੈ ਆਦਿ, ਮੈਂ ਕਿਹਾ ਸੇਖੋਂ ਸਾਹਿਬ, ਮੈਂ ਤੁਹਾਡਾ ਕੀ ਲਗਦਾ ਹਾਂ? ਸੇਖੋਂ ਸਾਹਿਬ ਨੇ ਮੇਰੇ ਮੋਢੇ ਨੂੰ ਥਾਪੜ ਕੇ ਕਿਹਾ? "ਤੂੰ ਮੇਰਾ 'ਸ਼ਾਗਿਰਦ-ਏ-ਆਜ਼ਮ' ਹੈਂ"। ਸਚ ਪੁਛੋ ਤਾਂ ਮੈਨੂੰ ਆਪਣੇ ਜੀਵਨ ਦਾ ਸਭ ਤੋਂ ਵਡਾ ਸਨਮਾਨ ਉਸ ਦਿਨ ਪ੍ਰਾਪਤ ਹੋ ਗਿਆ, ਜਦੋਂ ਮੇਰੇ ਵਿਦਿਆ ਗੁਰੂ ਨੇ ਮੈਨੂੰ ਆਪਣਾ ਸ਼ਾਗਿਰਦ-ਏ-ਆਜ਼ਮ ਕਹਿ ਕੇ ਨਿਵਾਜਿਆ ਸੀ। ਮੈਂ ਇਸ ਨੂੰ ਆਪਣੇ ਜੀਵਨ ਦੀ ਸਭ ਤੋਂ ਵਡੀ ਪ੍ਰਾਪਤੀ ਅਤੇ ਸਭ ਤੋਂ ਵਡਾ ਸਨਮਾਨ ਸਮਝਦਾ ਹਾਂ।



Sri Satguru Jagjit Singh Ji eLibrary NamdhariElibrary@gmail.com

# ਮੇਰਾ ਸ਼ਿਸ਼ ਮੰਡਲ

ਇਕ ਅਧਿਆਪਕ ਦੀ ਸਭ ਤੋਂ ਵੱਡੀ ਪ੍ਰਾਪਤੀ ਅਤੇ ਦੇਣ ਉਸ ਦੇ ਸ਼ਾਗਿਰਦ ਹੀ ਹੁੰਦੇ ਹਨ। ਸ਼ਾਗਿਰਦ ਵੀ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਨਾਦੀ ਅਤੇ ਇਕ ਬਿੰਦੀ। ਇਕ ਪਿਤਾ ਨੂੰ ਤਾਂ ਦੋਵੇਂ ਹੀ ਪਿਆਰੇ ਹੁੰਦੇ ਹਨ, ਪਰ ਇਕ ਅਧਿਆਪਕ ਨੇ ਵੇਖਣਾ ਇਹ ਹੁੰਦਾ ਹੈ ਕਿ ਉਸ ਦਾ ਸਰੂਪ ਕਿਹੜੀ ਸ਼੍ਰੇਣੀ ਦੀ ਸੰਤਾਨ ਵਿਚੋਂ ਵਧੇਰੇ ਉਜਾਗਰ ਹੁੰਦਾ ਹੈ। ਅਧਿਆਪਕ ਦਾ ਜੀਵਨ ਵੀ ਇਕ ਅਧਿਆਤਮਕ ਅਭਿਆਸ ਹੁੰਦਾ ਹੈ ਤੇ ਵਧੇਰੇ ਪਛਾਣ ਕਰਨ ਵਾਲੀ ਅਤੇ ਮੁਲਵਾਨ ਗੱਲ ਇਹ ਹੁੰਦੀ ਹੈ ਕਿ ਉਸ ਦਾ ਆਤਮਿਕ ਸਰੂਪ, ਆਦਰਸ਼ ਚਰਿਤਰ ਜਾਂ ਸਮੁਚੇ ਦ੍ਰਿਸ਼ਟੀਕੋਣ ਨੂੰ ਕਿਸ ਸ਼ਿਸ਼ ਨੇ ਵਧੇਰੇ ਅਪਣਾਇਆ ਹੈ। ਸਾਡੇ ਵਰਗੇ ਸੰਸਾਰੀ ਜੀਵਾਂ ਤੋਂ ਗੁਰੂਆਂ, ਭਗਤਾਂ ਤੇ ਸੂਫ਼ੀਆਂ ਵਾਲੀ ਪਧਰ ਦੀ ਆਸ ਰਖਣਾ ਤਾਂ ਨਿਰਮੂਲ ਹੈ। ਉਹ ਮੇਰੇ ਵਰਗੇ ਸਾਧਾਰਨ ਬੁਧ ਤੇ ਸਾਧਾਰਨ ਵਿਅਕਤੀ ਦੇ ਵਸ ਦਾ ਰੋਗ ਨਹੀਂ ਹੋ ਸਕਦਾ। ਫਿਰ ਵੀ ਇਕ ਅਧਿਆਪਕ ਦੀ ਆਸ ਇਹੀ ਹੁੰਦੀ ਹੈ ਕਿ ਉਸ ਦੇ ਸ਼ਾਗਿਰਦ ਉਸ ਤੋਂ ਅਗੇ ਨਿਕਲ ਕੇ ਵਧ ਤੋਂ ਵਧ ਤਰੱਕੀਆਂ ਕਰਨ। ਮੈਂ 1951 ਤੋਂ ਲੈ ਕੇ 1988 ਤੱਕ ਵੱਖ-ਵੱਖ ਕਾਲਜਾਂ ਵਿਚ ਹਜ਼ਾਰਾਂ ਹੀ ਵਿਦਿਆਰਥੀਆਂ ਨੂੰ ਪੜ੍ਹਾਇਆ ਹੋਵੇਗਾ, ਪਰ ਅੱਜ ਜਦੋਂ ਮੈਂ ਆਪਣੇ ਪੜ੍ਹਾਏ ਹੋਏ ਸੈਂਕੜੇ ਵਿਦਿਆਰਥੀਆਂ ਵਲ ਝਾਤੀ ਮਾਰਦਾ ਹਾਂ ਤਾਂ ਬਹੁਤਿਆਂ ਦੇ ਚਿਹਰੇ ਮੇਰੀ ਯਾਦ ਤੋਂ ਓਝਲ ਹੋ ਚੁੱਕੇ ਹਨ ਅਤੇ ਬਹੁਤ ਥੋੜ੍ਹੇ ਜੋ ਕਿ ਉਂਗਲਾਂ ਤੇ ਗਿਣਨ ਜੋਗੇ ਹਨ, ਮੇਰੇ ਮਨ ਨੂੰ ਮੱਲੀ ਬੈਠੇ ਹਨ। ਇਨ੍ਹਾਂ ਥੋੜ੍ਹਿਆਂ ਉਤੇ ਹੀ ਮੈਨੂੰ ਮਾਣ ਹੈ ਅਤੇ ਸ਼ਾਇਦ ਗਿਣਤੀ ਵਿਚ ਉਦੋਂ ਵੀ ਥੋੜ੍ਹੇ ਹੋਣਗੇ, ਜਿਨ੍ਹਾਂ ਨੇ ਵਿਦਿਆ-ਗੁਰੂ ਦੇ ਰੂਪ ਵਿਚ ਮੈਨੂੰ ਸੱਚੇ ਦਿਲੋਂ ਪਰਵਾਨ ਕੀਤਾ ਹੋਵੇਗਾ।

ਮੈਂ ਤਾਂ ਆਪਣੇ ਉਸਤਾਦਾਂ ਦੀ ਲੰਮੀ ਲੜੀ ਨੂੰ ਯਾਦ ਕਰ ਸਕਦਾ ਹਾਂ। ਦੋਵੇਂ ਮਾ. ਬਲਵੰਤ ਸਿੰਘ ਅਤੇ ਮਾ. ਰਾਮ ਚੰਦ, ਜਿਨ੍ਹਾਂ ਤੋਂ ਮੈਂ ਪ੍ਰਾਇਮਰੀ ਜਮਾਤਾਂ ਵਿਚ



Sri Satguru Jagjit Singh Ji eLibrary NamdhariElibrary@gmail.com

ਸੰਥਾ ਲਈ। ਮਾ. ਘਸੀਟਾ ਰਾਮ, ਹੈਡ ਮਾਸਟਰ ਮੁਹਕਮ ਚੰਦ, ਮੌਲਵੀ ਅਲਤਾਫ਼ ਹੁਸੈਨ, ਮੌਲਵੀ ਮੁਹੰਮਦ ਅਲੀ, ਮੌਲਵੀ ਮੁਹੰਮਦ ਸ਼ਰੀਫ਼, ਮਾ. ਦੇਵੀ ਲਾਲ ਅਤੇ ਮੌਲਵੀ ਜਮਾਤ ਅਲੀ ਸ਼ਾਹ, ਜੋ ਮੇਰੇ ਮਿਡਲ ਸਕੂਲ ਦੇ ਅਧਿਆਪਕ ਸਨ। ਸਭ ਤੋਂ ਪਿਆਰੇ ਮੇਰੇ ਗੁਰੂ ਗੋਬਿੰਦ ਸਿੰਘ ਹਾਈ ਸਕੂਲ ਸਿਰਹਾਲੀ ਦੇ ਅਧਿਆਪਕ ਅਤੇ ਉਨ੍ਹਾਂ ਵਿਚੋਂ ਉਹ ਤਿੰਨ ਦਾਨਸ਼ਵਰ ਤੇ ਮੁਢ-ਕਦੀਮਾਂ ਦੇ ਯਾਰ ਸਰਬ ਸ਼੍ਰੀ ਹੈਡਮਾਸਟਰ ਮੋਹਣ ਸਿੰਘ ਜੀ, ਮਾ. ਸ਼ੇਰ ਸਿੰਘ ਜੀ ਅਤੇ ਮਾ. ਸੁਜਾਨ ਸਿੰਘ ਜੋ ਖ਼ਾਲਸਾ ਹਾਈ ਸਕੂਲ ਸਿਰਹਾਲੀ ਦੀ ਜਿੰਦ ਜਾਨ ਸਨ। ਇਨ੍ਹਾਂ ਅਧਿਆਪਕਾਂ ਕੋਲੋਂ ਖਾਧੇ ਹੋਏ ਬੈਂਤ ਵੀ ਹੱਥਾਂ ਵਿਚ ਨਹੀਂ ਰੜਕਦੇ, ਪਰ ਉਨ੍ਹਾਂ ਦੀਆਂ ਥਾਪੜੀਆਂ ਅੱਜ ਤੱਕ ਯਾਦ ਹਨ। ਇਸ ਸਕੂਲ ਵਿਚ ਮੈਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੀ ਜਾਚ ਆਈ ਅਤੇ ਸਿਖੀ ਦੀ ਰਹੁ-ਰੀਤ ਦਾ ਗਿਆਨ ਹੋਇਆ। ਵਿਸਥਾਰ ਤੋਂ ਬਚਣ ਲਈ ਮੈਂ ਇਥੇ ਹੀ ਵਿਰਾਮ ਲਾਉਂਦਾ ਹਾਂ।

ਆਪਣੇ ਕਾਲਜ ਦੇ ਜੀਵਨ ਵਿਚ ਮੈਨੂੰ ਪ੍ਰਿੰ. ਜੋਧ ਸਿੰਘ, ਡਾ. ਕਰਮ ਸਿੰਘ ਗਿੱਲ, ਡਾ. ਹਰਦਿਤ ਸਿੰਘ ਢਿਲੋਂ, ਪ੍ਰੋ. ਹਰਨਾਮ ਸਿੰਘ, ਪ੍ਰੋ. ਗੰਡਾ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਰੋਸ਼ਨ ਲਾਲ ਆਹੂਜਾ, ਪ੍ਰੋ. ਗੁਰਬਚਨ ਸਿੰਘ ਤਾਲਿਬ, ਪ੍ਰੋ. ਦੀਵਾਨ ਸਿੰਘ, ਡਾ. ਪ੍ਰੇਮ ਪ੍ਰਕਾਸ਼, ਪ੍ਰੋ. ਗੁਲਵੰਤ ਸਿੰਘ, ਪ੍ਰੋ. ਸੰਤ ਸਿੰਘ ਸੇਖੋਂ ਅਤੇ ਪੰਜਾਬ ਯੂਨੀਵਰਸਿਟੀ ਵਲੋਂ ਡਾ. ਮੋਹਣ ਸਿੰਘ ਦੀਵਾਨਾ ਵਰਗੇ ਜਾਣੇ-ਪਛਾਣੇ ਵਿਦਵਾਨਾਂ ਤੋਂ ਸਿੱਖਿਆ ਗ੍ਰਹਿਣ ਕਰਨ ਦਾ ਅਵਸਰ ਪ੍ਰਾਪਤ ਹੋਇਆ। ਉਸ ਸਮੇਂ ਦੇ ਅਧਿਆਪਕਾਂ ਨੂੰ ਆਪਣੇ ਸ਼ਾਗਿਰਦਾਂ ਨਾਲ ਖਾਸਾ ਮੋਹ ਹੁੰਦਾ ਸੀ। ਇਸੇ ਕਰਕੇ ਕਈ ਵਾਰ ਪ੍ਰੋ. ਵਰਿਆਮ ਸਿੰਘ ਵਰਗੇ ਸੁਲਝੇ ਹੋਏ ਵਿਦਵਾਨ, ਨੀਤੀਵਾਨ ਅਤੇ ਗਿਆਨ ਦੇ ਭੰਡਾਰ ਨਾਲ ਨਿਜੀ ਸਾਂਝਾਂ ਪੈ ਜਾਂਦੀਆਂ ਸਨ ਅਤੇ ਵਿਦਿਆਰਥੀ ਜੀਵਨ ਤੋਂ ਪਿਛੋਂ ਵੀ ਇੰਝ ਮਹਿਸੂਸ ਹੁੰਦਾ ਸੀ ਕਿ ਜਦੋਂ ਵੀ ਉਨ੍ਹਾਂ ਨੂੰ ਮਿਲਣ ਜਾਈਏ ਤਾਂ ਇਸ ਤਰ੍ਹਾਂ ਜਾਪੇ ਜਿਵੇਂ ਆਪਣੇ ਮਾਪਿਆਂ ਨੂੰ ਮਿਲਣ ਜਾ ਰਹੇ ਹੁੰਦੇ ਹਾਂ। ਅਜਿਹੇ ਕੁਝ ਸ਼ਾਗਿਰਦਾਂ, ਜੋ ਨਿਜੀ ਜੀਵਨ ਦਾ ਅੰਗ ਬਣ ਜਾਂਦੇ ਹਨ ਅਤੇ ਜਿਨ੍ਹਾਂ ਨੂੰ ਮਿਲ ਕੇ ਹੁਣ ਵੀ ਅਪਾਰ ਖ਼ੁਸ਼ੀ ਹੁੰਦੀ ਹੈ, ਵੀ ਇਕ ਅਧਿਆਪਕ ਨੂੰ ਭਾਵੇਂ ਥੋੜੀ ਗਿਣਤੀ ਵਿਚ ਹੀ ਸਹੀ, ਮਿਲ ਜ਼ਰੂਰ ਪੈਂਦੇ ਹਨ। ਇਨ੍ਹਾਂ ਵਿਚੋਂ ਕੁਝ ਬਾਰੇ ਥੋੜ੍ਹਾ-ਥੋੜ੍ਹਾ, ਜੋ ਕੁਝ ਮੈਨੂੰ ਯਾਦ ਹੈ, ਇਥੇ ਲਿਖਣਾ ਅਣਉਚਿਤ ਨਹੀਂ ਹੋਵੇਗਾ।

ਮੇਰੇ ਕਾਲਜ ਅਧਿਆਪਕ ਜੀਵਨ ਦੇ ਪਹਿਲੇ ਸਾਲ ਦੇ ਸ਼ਿਸ਼ਾਂ ਵਿਚੋਂ ਮੈਨੂੰ ਸਭ ਤੋਂ ਪਿਆਰਾ ਸ਼ਿਸ਼ ਮੋਹਣ ਸਿੰਘ ਜੌਹਲ ਮਿਲਿਆ, ਜਿਸ ਬਾਰੇ ਕੁਝ ਵਰਣਨ ਮੈਂ ਪਹਿਲਾਂ ਵੀ ਕਰ ਚੁਕਾ ਹਾਂ। ਉਹ ਹੁਣ ਤਕ ਮੇਰੇ ਪਰਿਵਾਰ ਦੇ ਜੀਆਂ ਵਾਂਗ ਹੀ ਮੈਨੂੰ ਮਿਲਦਾ ਹੈ ਅਤੇ ਆਪ ਕਈ ਕਾਲਜਾਂ ਦਾ ਪ੍ਰਿੰਸੀਪਲ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਰਜਿਸਟਰਾਰ ਰਹਿ ਚੁਕਾ ਹੈ। ਉਹ ਮੇਰਾ ਅੱਜ ਵੀ ਬੜਾ ਮਾਣ



Sri Satguru Jagjit Singh Ji eLibrary NamdhariElibrary@gmail.com

ਕਰਦਾ ਹੈ। ਲਾਇਲਪੁਰ ਖ਼ਾਲਸਾ ਕਾਲਜ ਵਿਚ ਹੀ ਮੈਨੂੰ ਪ੍ਰਿੰ. ਕਰਤਾਰ ਸਿੰਘ ਤਾਰ ਅਤੇ ਸ. ਮੁਖਤਾਰ ਸਿੰਘ ਗਿੱਲ ਵਰਗੇ ਵਿਦਿਆਰਥੀ ਵੀ ਮਿਲੇ। ਪ੍ਰਿੰ. ਕਰਤਾਰ ਸਿੰਘ ਤਾਰ ਦੀ ਸੁਹਿਰਦਤਾ ਅਤੇ ਮੇਰੇ ਪ੍ਰਤੀ ਸਨੇਹ ਦਾ ਵਰਣਨ ਮੈਂ ਪਹਿਲਾਂ ਵੀ ਇਕ ਥਾਂ ਕਰ ਆਇਆ ਹਾਂ।

ਪ੍ਰਿੰ. ਪ੍ਰਕਾਸ਼ ਸਿੰਘ ਅਤੇ ਤਾਰਾ ਸਿੰਘ ਹੇਅਰ ਮੇਰੇ ਰਾਮਗੜ੍ਹੀਆ ਕਾਲਜ ਫਗਵਾੜਾ ਦੇ ਸ਼ਾਗਿਰਦਾਂ ਵਿਚੋਂ ਹਨ। ਪ੍ਰਿੰ. ਪ੍ਰਕਾਸ਼ ਸਿੰਘ ਮਹਿੰਦਰਾ ਕਾਲਜ ਵਿਚ ਮੇਰਾ ਸਹਿਯੋਗੀ ਵੀ ਰਿਹਾ ਹੈ, ਪਰ ਉਸ ਨੇ ਉਸਤਾਦ ਤੇ ਸ਼ਾਗਿਰਦ ਦੇ ਰਿਸ਼ਤੇ ਨੂੰ ਕਦੀ ਵੀ ਨਹੀਂ ਭੁਲਾਇਆ। ਜਦੋਂ ਉਹ ਮਹਿੰਦਰਾ ਕਾਲਜ ਦਾ ਪ੍ਰਿੰਸੀਪਲ ਬਣਿਆਂ ਤਾਂ ਸਰਕਾਰੀ ਆਦੇਸ਼ ਮਿਲਣ ਉਤੇ ਉਸ ਨੇ ਸਭ ਤੋਂ ਪਹਿਲਾਂ ਸੇਵਾਦਾਰ ਭੇਜ ਕੇ ਮੈਨੂੰ ਬੁਲਾਇਆ।

ਸਰਕਾਰੀ ਕਾਲਜ ਗੁਰਦਾਸਪੁਰ ਦੇ ਮੇਰੇ ਸ਼ਾਗਿਰਦ ਰਘਬੀਰ ਸਿੰਘ, (ਜਿਸ ਦਾ ਰਿਸ਼ਤਾ ਮੇਰੇ ਨਾਲ ਭਰਾਵਾਂ ਵਰਗਾ ਹੈ), ਡਾ. ਚਾਨਣ ਸਿੰਘ ਨਿਰਮਲ ਅਤੇ ਪ੍ਰਿੰ: ਗੋਪਾਲ ਚੰਦ ਅੱਜ ਵੀ ਮੇਰੇ ਨਿਘੇ ਸਨੇਹ ਤੇ ਪ੍ਰੇਮ ਦੇ ਪਾਤਰ ਹਨ। ਪ੍ਰਿੰ. ਅਨੂਪ ਕੌਰ ਅਤੇ ਪ੍ਰੋ. ਬਲਬੀਰ ਕੌਰ ਮੇਰੇ ਪੁਰਾਣੇ ਸ਼ਾਗਿਰਦਾਂ ਵਿਚੋਂ ਹਨ। ਸਰਕਾਰੀ ਕਾਲਜ, ਲੁਧਿਆਣਾ ਦੇ ਸ਼ਿਸ਼ ਰੂਪ ਵਿਚ ਮੇਰੀ ਸਭ ਤੋਂ ਵੱਡੀ ਪ੍ਰਾਪਤੀ ਪ੍ਰੋ. ਕਰਤਾਰ ਸਿੰਘ ਕਾਲੜਾ ਹੈ, ਜੋ ਮੈਨੂੰ ਜਦੋਂ ਵੀ ਮਿਲਦਾ ਹੈ, ਆਪਣੇ ਵਲੋਂ ਪ੍ਰਗਟਾਏ ਸਨੇਹ ਅਤੇ ਸਤਿਕਾਰ ਨਾਲ ਮੇਰੇ ਹਿਰਦੇ ਤਲ ਦੇ ਸਾਗਰ ਵਿਚ ਅਨੇਕ ਲਹਿਰਾਂ ਦੇ ਕਾਂਗ ਉਛਾਲੇ ਲੈ ਆਉਂਦਾ ਹੈ। ਉਹ ਵੀ ਸਿੱਖਿਆ ਵਿਭਾਗ ਦੇ ਡਿਪਟੀ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ ਨਵਿਰਤ ਹੋਇਆ ਅਤੇ ਮੰਨਿਆ ਪਰਮੰਨਿਆ ਕਵੀ ਤੇ ਸਾਹਿਤਕਾਰ ਹੈ, ਜੋ ਮੇਰੀਆਂ ਰਚਨਾਵਾਂ ਦੀ ਸੋਧ ਵੀ ਕਰਦਾ ਹੈ। ਡਾ. ਦਰਸ਼ਨ ਸਿੰਘ ਤੇ ਹਰਜਿੰਦਰ ਸਿੰਘ ਢਿਲੋਂ ਵੀ ਮੇਰੇ ਐੱਮ. ਏ. ਦੇ ਵਿਦਿਆਰਥੀਆਂ ਵਿਚੋਂ ਹਨ ਅਤੇ ਮੈਨੂੰ ਮਾਣ ਹੈ ਕਿ ਜਗਦੇਵ ਸਿੰਘ ਜਸੋਵਾਲ, ਡਾ. ਹਰਿਭਜਨ ਸਿੰਘ ਦਿਓਲ, ਡਾ. ਹਰਿਮੰਦਰ ਸਿੰਘ ਦਿਓਲ (ਸਾਬਕਾ ਡੀ. ਪੀ. ਆਈ. ਕਾਲਜ) ਅਤੇ ਨਵਤੇਜ ਭਾਰਤੀ ਵਰਗੀਆਂ ਉਘੀਆਂ ਸ਼ਖ਼ਸੀਅਤਾਂ ਇਕ ਅਧਿਆਪਕ ਵਜੋਂ ਹੁਣ ਤਕ ਵੀ ਮੇਰੇ ਸ਼ਿਸ਼ ਮੰਡਲ ਦੇ ਚਮਕਦੇ ਸਿਤਾਰੇ ਹਨ। ਸਰਕਾਰੀ ਮਹਿੰਦਰਾ ਕਾਲਜ ਜਿਥੋਂ ਮੈਂ ਪੰਜਾਬ ਸਰਕਾਰ ਦੇ ਸਿਖਿਆ ਵਿਭਾਗ ਦੀ ਤਿੰਨ ਦਹਾਕਿਆਂ ਤੋਂ ਵੀ ਵੱਧ ਸੇਵਾ ਕਰਨ ਪਿਛੋਂ 30 ਅਪ੍ਰੈਲ 1986 ਨੂੰ ਸੇਵਾ ਨਿਵਿਰਤ ਹੋਇਆ ਸਾਂ, ਮੈਨੂੰ ਸ਼ਿਸ਼ ਰੂਪ ਵਿਚ ਸਤਿੰਦਰ ਸਿੰਘ ਨੰਦਾ ਵਰਗਾ ਉਹ ਹੀਰਾ ਪ੍ਰਾਪਤ ਹੋਇਆ, ਜਿਸ ਦਾ ਮੁੱਲ ਪਾ ਸਕਣਾ ਮੇਰੇ ਲਈ ਅਸੰਭਵ ਹੈ। ਉਸ ਦੇ ਸਹਿਯੋਗ ਤੇ ਸਹਾਇਤਾ ਤੋਂ ਬਿਨਾਂ ਮੈਂ ਉਹ ਸਾਹਿਤਕ ਕਾਰਜ ਨੇਪਰੇ ਨਾ ਚਾੜ੍ਹ ਸਕਦਾ, ਜਿਨ੍ਹਾਂ ਨੂੰ ਮੈਂ ਪਿਛਲੇ 25 ਸਾਲਾਂ ਵਿਚ ਮੁਕੰਮਲ ਕੀਤਾ ਹੈ ਅਤੇ ਜਿਨ੍ਹਾਂ ਵਿਚੋਂ ਸਭ ਤੋਂ ਵਿਸ਼ੇਸ਼ ਪ੍ਰੋ. ਪੂਰਨ ਸਿੰਘ ਸੰਬੰਧੀ ਕੀਤੇ ਗਏ



Sri Satguru Jagjit Singh Ji eLibrary NamdhariElibrary@gmail.com

ਕਾਰਜ ਹਨ। ਪ੍ਰੋ. ਪੂਰਨ ਸਿੰਘ ਜੀ ਦੇ ਸੰਬੰਧ ਵਿਚ ਮੇਰੇ ਵਲੋਂ ਰਚੀਆਂ ਗਈਆਂ ਪੁਸਤਕਾਂ ਦੀ ਗਿਣਤੀ ਵੀ 25 ਦੇ ਲਗਭਗ ਪਹੁੰਚ ਚੁਕੀ ਹੈ ਅਤੇ ਮੇਰਾ ਤੇ ਸਤਿੰਦਰ ਸਿੰਘ ਨੰਦਾ ਦਾ ਸਾਥ ਵੀ ਲਗਭਗ ਇਕ ਸਦੀ ਦੀ ਚੌਥਾਈ ਜਿਨ੍ਹਾਂ ਹੀ ਹੈ। ਮੈਂ ਉਸ ਦੀ ਕਦਰ ਕੇਵਲ ਇਸ ਕਰਕੇ ਹੀ ਨਹੀਂ ਕਰਦਾ ਕਿ ਉਸ ਨੇ ਮੈਨੂੰ ਇਨ੍ਹਾਂ ਸਾਹਿਤਕ ਰਚਨਾਵਾਂ ਨੂੰ ਸੰਪੂਰਨ ਕਰਨ ਵਿਚ ਪੂਰਾ-ਪੂਰਾ ਸਹਿਯੋਗ ਦਿਤਾ ਹੈ, ਸਗੋਂ ਇਸ ਲਈ ਵੀ ਕਿ ਉਸ ਅੰਦਰਲੇ ਸੇਵਾ ਭਾਵ ਅਤੇ ਸਨੇਹ ਦੇ ਭਾਵ ਮੇਰੇ ਲਈ ਅਤਿ ਕੀਮਤੀ ਜੀਵਨ ਰਾਸ ਹਨ। ਮਹਿੰਦਰਾ ਕਾਲਜ ਦੇ ਸ਼ਿਸ਼ ਪਰਿਵਾਰ ਵਿਚੋਂ **ਅਵਤਾਰ ਸਿੰਘ ਟੌਹੜਾ**, ਪ੍ਰੋ. ਗਿਆਨ ਸਿੰਘ ਅਤੇ ਡਾ. **ਚਰਨਜੀਤ ਸਿੰਘ** ਪੱਡਾ ਹਨ। ਮਹਿੰਦਰਾ ਕਾਲਜ ਦੇ ਮੇਰੇ ਅਧਿਆਪਨ ਕਾਰਜ ਵਿਚ ਮੇਰੇ ਆਪਣੇ ਬਚਿਆਂ ਸਮਾਨ ਪ੍ਰੋ. **ਅਵਤਾਰ ਸਿੰਘ** ਅਤੇ ਮੇਰੇ ਆਪਣੇ ਹੀ ਭਾਈਚਾਰੇ ਵਿਚੋਂ ਪੋਤਰੇ **ਜਸਵਿੰਦਰ ਸਿੰਘ** ਦੇ ਸਹਿਯੋਗ ਨਾਲ ਮੈਨੂੰ ਆਪਣੇ ਅਧਿਆਪਕ ਜੀਵਨ ਵਿਚ ਕਦੀ ਵੀ ਕੋਈ ਔਕੜ ਨਹੀਂ ਆਈ। ਇਹ ਦੋਵੇਂ ਇਕ ਤਰ੍ਹਾਂ ਨਾਲ ਮੇਰੇ ਵਿਦਿਆਰਥੀ ਵੀ ਸਨ ਅਤੇ ਕਾਲਜ ਦੇ ਅਧਿਆਪਕ ਮੰਡਲ ਵਿਚ ਵਿਚਰਨ ਵਾਲੇ ਨਿਕਟਵਰਤੀ ਵੀ, ਕਿਉਂਜੋ ਮੇਰਾ ਅਧਿਆਪਕ ਦਾ ਕਾਰਜ ਇਨ੍ਹਾਂ ਰਾਹੀਂ ਹੀ ਸੁਗਮ ਢੰਗ ਨਾਲ ਚਲਦਾ ਰਿਹਾ ਅਤੇ 13 ਸਾਲ, 13 ਦਿਨਾਂ ਵਾਂਗ ਹੀ ਲੰਘ ਗਏ। ਮਹਿੰਦਰਾ ਕਾਲਜ ਵਿਚ ਮੇਰੇ ਸਹਿਯੋਗੀ ਤੇ ਸਹਿਕਰਮੀ ਡਾ. **ਗੁਰਬਚਨ ਸਿੰਘ ਰਾਹੀ**, ਪ੍ਰੋ. **ਕਿਰਪਾਲ ਸਿੰਘ ਕੋਮਲ**, ਪ੍ਰੋ. **ਸੋਹਣ ਸਿੰਘ ਸੋਜ਼**, ਪ੍ਰੋ. ਮਨਮੋਹਨ ਸਿੰਘ, ਡਾ. ਭਗਤ ਸਿਘ, ਡਾ. ਪਰਮਿੰਦਰ ਸਿੰਘ, ਪ੍ਰੋ. ਪ੍ਰਿਤਪਾਲ ਸਿੰਘ, ਪ੍ਰੋ. ਪ੍ਰਕਾਸ਼ ਸਿੰਘ, ਪ੍ਰੋ. ਸਰੂਪ ਸਿੰਘ ਧਨੋਆ ਅਤੇ ਪ੍ਰੋ. **ਦਰਬਾਰਾ ਸਿੰਘ** ਵਰਗੇ ਸਾਥੀਆਂ ਦਾ ਵੀ ਮੈਨੂੰ ਨਿੱਘਾ ਸਹਿਯੋਗ ਮਿਲਦਾ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

# ਜੀਵਨ ਦੇ ਹੋਰ ਰਹਿਬਰ ਤੇ ਨਿਘੇ ਹਮਦਰਦ

ਅੱਜ ਮੈਨੂੰ ਕਈ ਵਿਅਕਤੀ ਯਾਦ ਆ ਰਹੇ ਹਨ, ਜਿਨ੍ਹਾਂ ਨੇ ਮੇਰੇ ਜੀਵਨ ਦੇ ਨਿਰਮਾਣ ਵਿਚ ਨਿਗਰ ਹਿੱਸਾ ਪਾਇਆ ਹੈ। ਇਨ੍ਹਾਂ ਸ਼ਖ਼ਸੀਅਤਾਂ ਤੋਂ ਮੈਨੂੰ ਪ੍ਰੇਮ ਤੇ ਸਨੇਹ ਮਿਲਿਆ, ਪ੍ਰੇਰਨਾ ਤੇ ਅਗਵਾਈ ਮਿਲੀ ਅਤੇ ਸੰਕਟ ਸਮੇਂ ਇਹ ਮਿਤਰ ਪਿਆਰੇ ਰੱਬ ਵਾਂਗ ਬਹੁੜੇ। ਜੇ ਮੈਂ ਉਨ੍ਹਾਂ ਬਾਰੇ ਕੁਝ ਆਪਣੇ ਸੁਹਿਰਦ ਭਾਵ ਪ੍ਰਗਟਾ ਕੇ ਉਨ੍ਹਾਂ ਦਾ ਰਿਣ ਉਤਾਰਨ ਦਾ ਯਤਨ ਨਾ ਕਰਾਂ ਤਾਂ ਮੇਰੇ ਮਨ ਉਤੇ ਪਹਾੜ ਜਿੰਨਾ ਭਾਰ ਪਿਆ ਰਹੇਗਾ।

ਸਭ ਤੋਂ ਪਹਿਲਾਂ ਮੈਨੂੰ ਆਪਣੀ ਮਾਂ ਦੀ ਭੂਆ ਤੇ ਫੁਫੜ ਯਾਦ ਆਉਂਦੇ ਹਨ, ਜਿਨ੍ਹਾਂ ਨੇ ਮੇਰੇ ਬਚਪਨ ਵਿਚ ਮੈਨੂੰ ਅਥਾਹ ਪਿਆਰ ਦਿਤਾ ਅਤੇ ਲਾਡ ਲਡਾਇਆ। ਬਾਬਾ ਆਲਾ ਸਿੰਘ ਮੈਨੂੰ ਪੰਜਾਂ-ਛਿਆਂ ਸਾਲਾਂ ਦੀ ਉਮਰ ਤਕ ਆਪਣੇ ਕਦਾਂੜੇ ਹੀ ਚੁਕੀ ਫਿਰਦਾ ਹੁੰਦਾ ਸੀ। ਉਸ ਨੇ ਹੀ ਮੈਨੂੰ ਪਹਿਲੀ ਵਾਰ ਸਕੂਲ ਦਾਖ਼ਲ ਕਰਵਾਇਆ ਸੀ। ਜਦੋਂ ਮੇਰੇ ਪਿਤਾ ਦਾ ਕੁਹਮਰੀ ਵਿਖੇ ਦੇਹਾਂਤ ਹੋਇਆ ਤਾਂ ਉਦੋਂ ਵੀ ਉਹ ਉਨ੍ਹਾਂ ਕੋਲ ਸੀ। ਮੇਰੀ ਦਾਦੀ ਤੇ ਮੇਰੇ ਨਾਨਾ ਵੀ ਉਥੇ ਹੀ ਸਨ। ਮੇਰੇ ਪਿਤਾ ਜੀ ਨੇ ਅੰਤਿਮ ਵਾਰ ਬਾਬਾ ਆਲਾ ਸਿੰਘ ਨੂੰ ਇਹ ਸ਼ਬਦ ਕਹੇ ਸਨ 'ਭਾਈਆ, ਹੁਣ ਇਨ੍ਹਾਂ ਦਾ ਖ਼ਿਆਲ ਰਖੀਂ।' ਉਸ ਭਲੇ ਆਦਮੀ ਨੇ ਅੰਤਲੇ ਸਵਾਸਾਂ ਤਕ ਆਪਣੇ ਪ੍ਰਣ ਨੂੰ ਨਿਭਾਇਆ ਹੈ। ਜਦੋਂ ਮੇਰੀ ਅੱਖਾਂ ਦੀ ਜੋਤ ਜਾਂਦੀ ਰਹੀ ਤਾਂ ਉਸ ਨੂੰ ਸਭ ਤੋਂ ਵਧ ਦੁਖ ਹੋਇਆ। 'ਨਿਕੀ ਮਾਂ' ਮੇਰੀ ਮਾਤਾ ਦੀ ਭੂਆ ਨੇ ਬ਼ਚਪਨ ਵਿਚ ਮੈਨੂੰ ਇਨਾ ਦੁੱਧ ਪਿਆਇਆ ਤੇ ਖਵਾਇਆ ਕਿ ਮੇਰਾ ਸਰੀਰ ਸਦਾ ਅਰੋਗ ਰਿਹਾ। ਮੇਰੀ ਦਾਦੀ ਬੜੀ ਭਲੀ ਇਸਤਰੀ ਸੀ। ਇਕ ਵਾਰ ਉਹ ਮੈਨੂੰ ਲਾਹੌਰ ਕਿਸੇ ਰਿਸ਼ਤੇਦਾਰ ਦੇ ਵਿਆਹ ਤੇ ਲੈ ਗਈ। ਮੇਰਾ ਉਥੇ ਜੀਅ ਨਾ ਲਗੇ। ਉਸ ਨੇ ਮੈਨੂੰ ਲਾਹੌਰ ਦੇ ਸਾਰੇ ਮਸ਼ਹੂਰ ਸਥਾਨਾਂ ਨੂੰ ਵਿਖਾਇਆ ਕਿ ਕਿਸੇ ਤਰ੍ਹਾਂ ਮੇਰਾ ਦਿਲ ਪਰਚੇ। ਮੈਂ ਚੂੰਢੀਆਂ ਵੱਢ-ਵੱਢ ਕੇ ਉਸ



Sri Satguru Jagjit Singh Ji eLibrary NamdhariElibrary@gmail.com

ਨੂੰ ਸਤਾਉਂਦਾ ਰਿਹਾ ਕਿ ਛੇਤੀ ਘਰ ਚਲੀਏ। ਮੇਰੀ ਭੂਆ ਨੇ ਮੈਨੂੰ ਪਗੜੀ ਬੰਨ੍ਹਣ ਦੀ ਜਾਚ ਸਿਖਾਈ ਸੀ ਅਤੇ ਜਦੋਂ ਵਡੇਰੀ ਉਮਰ 80-85 ਦੀ ਹੋ ਕੇ ਉਹ ਆਪਣੀ ਯਾਦ ਸ਼ਕਤੀ ਖੋਹ ਬੈਠੀ ਅਤੇ ਆਪਣੀ ਵੱਡੀ ਧੀ ਕੋਲ ਸੀ ਤਾਂ ਉਸ ਨੇ ਕੇਵਲ ਮੈਨੂੰ ਹੀ ਪਛਾਣਿਆ ਸੀ ਅਤੇ ਬੜੀ ਖ਼ੁਸ਼ੀ ਅਤੇ ਪਿਆਰ ਦਾ ਪ੍ਰਗਟਾ ਕੀਤਾ ਸੀ। ਚੜ੍ਹਦੀ ਜਵਾਨੀ ਵਿਚ ਦੇਸ਼ ਭਗਤ ਬਾਬਿਆਂ ਤੋਂ ਬਹੁਤ ਕੁਝ ਸਿਖਿਆ ਅਤੇ ਖ਼ਾਸ ਕਰਕੇ ਉਨ੍ਹਾਂ ਦੀ ਦੇਸ਼ਭਗਤੀ ਦੀ ਸੁਹਿਰਦ ਭਾਵਨਾ ਅਤੇ ਆਚਰਨਿਕ ਬਲ ਨੂੰ ਵੇਖ ਤੇ ਯਾਦ ਕਰਕੇ ਅੱਜ ਵੀ ਹੈਰਾਨੀ ਹੁੰਦੀ ਹੈ ਕਿ ਅਜਿਹੀਆਂ ਸਿਰੜੀ ਸ਼ਖ਼ਸੀਅਤਾਂ ਕਿਸ ਮਿੱਟੀ ਦੀਆਂ ਬਣੀਆਂ ਹੋਈਆਂ ਸਨ। ਆਪਣੀ ਕਾਲਜ ਦੀ ਪੜ੍ਹਾਈ ਸਮੇਂ ਜਦੋਂ ਮੈਂ ਆਪਣੇ ਸਹੁਰੇ ਘਰ ਰਹਿੰਦਾ ਸਾਂ ਤਾਂ ਨੇੜੇ ਦੇ ਇਕ ਦੋਸਤ ਦੇ ਘਰ ਜਾ ਕੇ ਅਸੀਂ ਦੇਰ ਰਾਤ ਤਕ **ਕਾ. ਅਛਰ ਸਿੰਘ ਛੀਨਾ** ਦੀਆਂ ਰੌਚਿਕ ਗੱਲਾਂ ਤੇ ਇਨਕਲਾਬੀ ਕਾਰਨਾਮਿਆਂ ਬਾਰੇ ਸੁਣਦੇ ਰਹਿੰਦੇ ਸਾਂ ਕਿ ਕਿਵੇਂ ਉਸ ਨੇ ਨੇਤਾ ਜੀ **ਸੁਭਾਸ਼ ਚੰਦਰ ਬੋਸ** ਨੂੰ ਕਾਬਲ ਪਹੁੰਚਾਇਆ ਸੀ ਅਤੇ ਉਥੋਂ ਉਸ ਨੂੰ ਕਿਵੇਂ ਸੋਵੀਅਤ ਯੂਨੀਅਨ ਦੀ ਥਾਂ ਜਰਮਨੀ ਜਾਣਾ ਪਿਆ। ਐੱਮ. ਏ. ਵਿਚ ਪੜ੍ਹਦਿਆਂ ਹੀ ਗਿ. ਕੇਸਰ ਸਿੰਘ ਨਾਵਲਕਾਰ ਤੇ ਪ੍ਰਿੰ. ਸੁਜਾਨ ਸਿੰਘ ਕਹਾਣੀਕਾਰ ਨਾਲ ਮੁਲਾਕਾਤ ਹੋਈ, ਜਿਨ੍ਹਾਂ ਦੀ ਮਿਤਰਤਾ ਬਾਰੇ ਮੈਨੂੰ ਅੱਜ ਵੀ ਮਾਣ ਹੈ। ਫਿਰ ਕੁਝ ਸੱਜਣ ਅਜਿਹੇ ਹਨ, ਜਿਨ੍ਹਾਂ ਨਾਲ ਰਿਸ਼ਤੇਦਾਰੀ ਨਾ ਹੁੰਦਿਆਂ ਹੋਇਆਂ ਵੀ ਭਰਾਵਾਂ ਵਾਲਾ ਪਿਆਰ ਨਿਭਿਆ ਹੈ। ਇਨ੍ਹਾਂ ਵਿਚ ਹੀ ਮੈਂ ਆਪਣੇ ਰਿਸ਼ਤੇਦਾਰ ਤੇ ਭਰਾ ਸਵਰਗਵਾਸੀ **ਬਲਬੀਰ ਸਿੰਘ ਰੰਧਾਵਾ** ਨੂੰ ਯਾਦ ਕਰਦਾ ਹੋਇਆ ਉਸ ਦੀ ਉਸ ਸੇਵਾ ਨੂੰ ਨਹੀਂ ਭੁਲਾ ਸਕਦਾ, ਜਿਹੜੀ ਉਸ ਨੇ ਤੇ ਉਸ ਦੇ ਪਰਿਵਾਰ ਨੇ ਮੇਰੀ ਮਾਤਾ ਦੀ ਬਿਮਾਰੀ ਤੇ ਤੁਰਨ-ਫਿਰਨ ਤੋਂ ਲਾਚਾਰੀ ਹਾਲਤ ਵਿਚ ਕੀਤੀ ਹੈ। ਉਸ ਦੀ ਬੇਟੀ **ਹਰਜੀਤ ਕੌਰ** ਜੋ ਪਿਛਲੇ ਦਸਾਂ ਸਾਲਾਂ ਤੋਂ ਮੇਰੇ ਪਰਿਵਾਰ ਦਾ ਅੰਗ ਬਣੀ ਹੋਈ ਹੈ ਅਤੇ ਮੇਰੀ ਸੇਵਾ ਸੰਭਾਲ ਦਾ ਉਚੇਚਾ ਖ਼ਿਆਲ ਰਖਦੀ ਹੈ, ਮੈਨੂੰ ਆਪਣੀਆਂ ਧੀਆਂ ਸਮਾਨ ਪਿਆਰੀ ਹੈ। ਇਸ ਸਾਲ ਉਹ ਆਪਣੀ ਬੀ.ਏ. ਦੀ ਪੜ੍ਹਾਈ ਮਹਿੰਦਰਾ ਕਾਲਜ ਵਿਚ ਮੁਕੰਮਲ ਕਰਨ ਵਾਲੀ ਹੈ। ਮੈਂ ਉਸ ਦੇ ਉਜਲ ਭਵਿੱਖ ਲਈ ਸਦਾ ਅਰਦਾਸ ਕਰਦਾ ਰਹਿੰਦਾ ਹਾਂ। ਇਨ੍ਹਾਂ ਵਿਚ ਮੈਂ ਡਾ. ਪਰਮਿੰਦਰ ਸਿੰਘ, ਪ੍ਰਿੰ. ਨਿਸ਼ਾਨ ਸਿੰਘ ਢਿਲੋਂ, **ਰਘਬੀਰ ਸਿੰਘ**, **ਲਾਲ ਚੰਦ ਯਮਲਾ ਜੱਟ** ਅਤੇ **ਡਾ. ਈ. ਐਮ. ਜੌਨ੍ਹਸਨ** ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰ ਸਕਦਾ ਹਾਂ। ਗੌਰਮਿੰਟ ਕਾਲਜ ਗੁਰਦਾਸਪੁਰ ਦੇ ਸਮੇਂ ਮੇਜਰ ਜੀਵਨ ਤਿਵਾੜੀ ਅਤੇ ਪ੍ਰੋ. ਜੀ. ਐੱਲ ਭੰਡਾਰੀ ਵੀ ਮੇਰੇ ਭਰਾਵਾਂ ਵਰਗੇ ਪਰਮ ਮਿੱਤਰਾਂ ਵਿਚੋਂ ਹਨ। ਗਿਆਨੀ ਕੇਸਰ ਸਿੰਘ ਕਨੇਡਾ ਵੀ ਮੇਰੇ ਵੱਡੇ ਭਰਾਵਾਂ ਸਮਾਨ ਹਨ, ਜਿਨ੍ਹਾਂ ਦੀ ਮਿਤਰਤਾ ਅਤੇ ਪ੍ਰੇਮ ਉਤੇ ਮੈਨੂੰ ਉਚੇਚਾ ਮਾਣ ਤੇ ਗੌਰਵ ਹੈ। ਵਿਦੇਸ਼ੀ ਹਮਦਰਦਾਂ ਵਿਚੋਂ ਡਾ. ਵੀ. ਸੀ. ਰੈਂਬੋਂ, ਡਾ. ਸਾਈਮਨ ਫਰੈਂਕਨ, ਡਾ. ਗਾਸਟ ਅਤੇ ਡਾ. ਸਕਾਟ ਨੇ



Sri Satguru Jagjit Singh Ji eLibrary NamdhariElibrary@gmail.com

ਨੇਤਰਹੀਣ ਅਵਸਥਾ ਵਿਚ ਮੇਰੇ ਨਾਲ ਨਿਘੀ ਹਮਦਰਦੀ ਜਤਾਈ ਅਤੇ ਮੇਰਾ ਉਤਸ਼ਾਹ ਵਧਾਇਆ। ਜਦੋਂ ਮੈਂ ਨੌਕਰੀ ਤੋਂ ਬਿਨਾਂ ਸਾਂ ਤਾਂ ਮੈਨੂੰ ਢੁਕਵਾਂ ਰੋਜ਼ਗਾਰ ਵੀ ਦਿੱਤਾ। ਸਵਰਗਵਾਸੀ ਗਿ. ਲਾਲ ਸਿੰਘ ਜੀ ਅਤੇ ਸ. ਕਿਰਪਾਲ ਸਿੰਘ ਨਾਰੰਗ ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਦੇ ਯਤਨਾਂ ਸਦਕਾ ਹੀ ਮੈਂ ਦੁਬਾਰਾ ਸਰਕਾਰੀ ਸੇਵਾ ਵਿਚ ਆ ਸਕਿਆ। ਆਪਣੇ ਪਰਿਵਾਰ ਵਿਚੋਂ ਮੈਨੂੰ ਕਿਸੇ ਬਾਰੇ ਵੀ ਕੋਈ ਸ਼ਿਕਵਾ-ਸ਼ਿਕਾਇਤ ਜਾਂ ਗਿਲਾ ਨਹੀਂ ਹੈ। ਮੈਂ ਆਪਣੀ ਸੰਤਾਨ ਚਾਰੇ ਬਚਿਆਂ - ਦੋ ਪੁਤਰਾਂ - ਤੇਜਬੀਰ ਸਿੰਘ ਤੇ ਰਿਪੁਦਮਨ ਸਿੰਘ ਅਤੇ ਦੋ ਧੀਆਂ ਨਵਜੋਤ ਅਤੇ ਸਵੈਜੋਤ ਨੂੰ ਆਪਣੇ ਨਾਲੋਂ ਵੱਧ ਪੜ੍ਹਾਈ ਕਰਵਾਈ ਹੈ ਅਤੇ ਸਭ ਨੂੰ ਉਚੀਆਂ ਪਦਵੀਆਂ ਤੇ ਰੋਜ਼ਗਾਰ ਉਤੇ ਲਗਿਆ ਵੇਖ ਕੇ ਮੈਂ ਸੰਤੁਸ਼ਟ ਹਾਂ। ਮੈਨੂੰ ਆਪਣੇ ਦਾਮਾਦ ਪ੍ਰੋ. ਗੁਰਨਾਮ ਸਿੰਘ ਗਿੱਲ ਉਤੇ ਉਚੇਚਾ ਮਾਣ ਹੈ, ਜਿਸ ਨਾਲ ਮੈਂ ਆਪਣੇ ਦਿਲ ਅਤੇ ਦੁੱਖ ਸੁੱਖ ਦੀ ਗੱਲ ਸਾਂਝੀ ਕਰ ਸਕਦਾ ਹਾਂ। ਸ੍ਰੀਮਤੀ ਮਹਿੰਦਰਜੀਤ ਦੇ ਜੀਵਨ ਸਾਥ ਉਤੇ ਮੈਨੂੰ ਉਚੇਚਾ ਮਾਣ ਹੈ ਕਿਉਂਜੋ ਉਸ ਦੇ ਸਹਿਯੋਗ ਤੋਂ ਬਿਨਾਂ ਮੇਰਾ ਇਸ ਨੇਤਰਹੀਣ ਅਵਸਥਾ ਵਿਚ ਜੀਣਾ ਦੁਭਰ ਹੋ ਜਾਂਦਾ। ਆਪਣੀ ਨੂੰਹ ਪ੍ਰੋ. ਕੰਵਲਜੀਤ ਕੌਰ ਉਤੇ ਵੀ ਮੈਨੂੰ ਬੜਾ ਮਾਣ ਹੈ। ਆਪਣੇ ਦਹੁਤੇ-ਦਹੁਤੀਆਂ (ਹਿਰਦੇਜੀਤ, ਗੁਰਜੋਤ, ਦਿਵਜੋਤ ਤੇ ਕੁਦਰਤ) ਅਤੇ ਪੋਤੇ-ਪੋਤੀਆਂ (ਹਰਨੇਕ ਤੇ ਹਰਜੋਤ) ਦੇ ਉੱਜਲ ਭਵਿੱਖ ਲਈ ਮੈਂ ਸਦਾ ਅਰਦਾਸ ਕਰਦਾ ਰਹਿੰਦਾ ਹਾਂ :-

*'ਕਸੇਲ ਸਦਾ ਸੁਖ ਮੰਗਦਾ ਵਧੇ ਫੁਲੇ ਸੰਤਾਨ*
*ਜੀਵਨ ਬਚੜੇ ਪੋਥੀਆਂ, ਚਾਨਣ ਵੰਡਦੇ ਜਾਣ।'*



Sri Satguru Jagjit Singh Ji eLibrary NamdhariElibrary@gmail.com

# ਕਲਮ ਦੀ ਨੋਕ ਤੋਂ

ਸਾਹਿਤਕਾਰ ਕਲਮੀ ਮਜ਼ਦੂਰ ਹੁੰਦਾ ਹੈ। ਚਿੱਤਰਕਾਰ ਦੀ ਤੂਲਕਾ ਦੇ ਟਾਕਰੇ ਉੱਤੇ ਸਾਹਿਤਕਾਰ ਆਪਣੀ ਕਲਮ ਰਾਹੀਂ ਰੰਗ, ਚਿਤਰਾਂ ਦੀ ਥਾਂ ਸ਼ਬਦ ਚਿੱਤਰ ਰਚਦਾ ਤੇ ਕਾਨੀਬੰਦ ਕਰਦਾ ਹੈ। ਰਚਨਾ ਪ੍ਰਕਿਰਿਆ ਦਾ ਸਥਾਨ ਪ੍ਰਮੁੱਖ ਹੈ, ਕਿਉਂਜੋ ਉਸ ਦਾ ਸਿੱਧਾ ਸੰਬੰਧ ਸਾਹਿਤਕਾਰ ਦੇ ਵਿਅਕਤੀਤਵ ਨਾਲ ਹੁੰਦਾ ਹੈ। ਆਤਮ ਤੇ ਅਨਾਤਮ ਨਾਲ ਸੰਬੰਧਿਤ ਅਨੇਕ ਤੇ ਬਹੁਭਾਂਤੀ ਵਿਸ਼ਿਆਂ ਵਿਚ ਤੱਥ ਨਾਲੋਂ ਤੱਤ ਵਧੇਰੇ ਮਹਾਨਤਾ ਰਖਦੇ ਹਨ। ਤੱਥ ਤਾਂ ਕੱਚੀ ਵਸਤੂ ਸਮੱਗਰੀ ਹੈ, ਪਰ ਤੱਤ ਉਹ ਸਿਰਜਨਾਤਮਕ ਟਕਸਾਲ ਹੈ, ਜਿਥੇ ਵਸਤੂ ਸਮੱਗਰੀ ਨੂੰ ਸ਼ਬਦਾਂ ਦਾ ਜਾਮਾ ਪਹਿਨਾਇਆ ਜਾਂਦਾ ਹੈ ਅਤੇ ਸਾਹਿਤਕ ਰਚਨਾ ਪੱਕੇ ਮਾਲ ਦੀ ਤਰ੍ਹਾਂ ਆਪਣਾ ਸੁਹਜਾਤਮਕ ਰੂਪ ਧਾਰਨ ਕਰਦੀ ਹੈ। ਵਿਅਕਤੀਤਵ ਦੇ ਸਾਗਰ ਤਲਾਂ ਦੇ ਮੰਥਨ ਉਪਰੰਤ ਹੀ ਸਾਹਿਤਕ ਯਤਨ ਦੁਆਰਾ ਹੀ ਮਾਣਕ-ਮੋਤੀ ਹੋਂਦ ਵਿਚ ਆਉਂਦੇ ਹਨ। ਭਾਵੇਂ ਸਮਾਲੋਚਨਾ ਵਿਚ ਬੌਧਿਕਤਾ ਵਧੇਰੇ ਭਾਰੂ ਹੁੰਦੀ ਹੈ, ਪਰ ਉਸ ਦੀ ਬਾਹਰਮੁਖੀ ਸ੍ਰਿਸ਼ਟੀ ਵਿਚ ਵੀ ਵਿਅਕਤੀਤਵ ਦਾ ਕਰਤੱਵ ਤੇ ਨਿਖੇਧ ਸੰਭਵ ਨਹੀਂ, ਪਰ ਸਿਰਜਨਾਤਮਕ ਸਾਹਿਤ ਵਿਚ ਤਾਂ ਲੇਖਕ ਦਾ ਸੰਪੂਰਨ ਵਿਅਕਤੀਤਵ, ਉਸ ਦੇ ਮਨੋਭਾਵ, ਸੰਵੇਦਨਸ਼ੀਲ, ਸਿਰਜਨਾਤਮਕ ਪ੍ਰਕਿਰਿਆ ਅਤੇ ਸੁਨਿਸ਼ਚਿਤ ਦ੍ਰਿਸ਼ਟੀਕੋਣ ਸਭ ਇੱਕ ਦੂਜੇ ਦੇ ਪੂਰਕ ਹੁੰਦੇ ਹਨ। ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਬਿਨਾਂ ਕਲਮ ਦੀ ਪਵਿੱਤਰ ਨੋਕ ਨੂੰ ਹਰਕਤ ਵਿਚ ਲਿਆਉਣਾ ਸਾਗਰ ਕੰਢੇ ਦੇ ਕੇਵਲ ਬਾਹਰਲੇ ਪੱਥਰ ਗੀਟਿਆਂ ਨਾਲ ਖੇਡਣਾ ਹੀ ਹੋ ਸਕਦਾ ਹੈ ਜੋ ਸ਼ਬਦ ਆਡੰਬਰ ਦਾ ਰੂਪ ਤਾਂ ਧਾਰਨ ਕਰ ਸਕਦਾ ਹੈ, ਪਰ ਮੁੱਲਵਾਨ ਸਾਹਿਤਕ ਰਚਨਾ ਦੀ ਕਲਾ ਕਿਰਤ ਦਾ ਰੂਪ ਧਾਰਨ ਨਹੀਂ ਕਰ ਸਕਦਾ। ਇਕ ਹੋਰ ਗੱਲ ਵੀ ਧਿਆਨ ਯੋਗ ਹੈ, ਕਲਮ ਤਾਂ ਸਾਹਿਤਕਾਰ ਦਾ ਬਾਹਰੀ ਯੰਤਰ ਹੈ, ਉਸ ਦਾ ਅਸਲੀ ਮਨੋਰਥ ਤਾਂ ਸੁੰਦਰ, ਢੁਕਵੇਂ ਤੇ ਸੁਚਿਆਰੇ



Sri Satguru Jagjit Singh Ji eLibrary NamdhariElibrary@gmail.com

ਸ਼ਬਦਾਂ ਦੀ ਜੜ੍ਹਤਕਾਰੀ ਦੁਆਰਾ ਆਪਣੇ ਕਲਾਤਮਕ ਅਨੁਭਵ ਨੂੰ ਸ਼ਬਦਾਂ ਦੇ ਸੁਹਜ, ਸੁੰਦਰ, ਢੁਕਵੇਂ ਤੇ ਕੋਮਲ ਸ਼ਬਦਾਂ ਦਾ ਜਾਮਾ ਪਹਿਨਾਉਣਾ ਹੈ। ਸ਼ਬਦਾਂ ਦੇ ਸੱਚੇ ਪਾਰਖੂ ਅਤੇ ਵਣਜਾਰੇ ਤੋਂ ਬਿਨਾਂ ਸਭ ਨਿਰਮੂਲ ਅਤੇ ਫੋਕਟ ਕਿਰਿਆ ਹੀ ਹੁੰਦੀ ਹੈ। ਸਾਹਿਤ ਰਚਨਾ ਜਿਥੇ ਵਿਅਕਤੀਗਤ ਸਾਧਨਾਂ ਦੀ ਪ੍ਰਕਿਰਿਆ ਹੈ, ਉਥੇ ਹੀ ਲੇਖਕ ਦੇ ਸਮਾਜਕ ਤੇ ਮਾਨਵੀ ਦਾਇਤਵ ਨਾਲ ਵੀ ਜੁੜੀ ਹੋਈ ਹੈ। ਯੁੱਗ ਬੋਧ ਦੇ ਬਾਰੀਕ ਨਿਰੀਖਣ ਵਿਚੋਂ ਯੁੱਗ ਦਰਸ਼ਨ ਦੀ ਪਛਾਣ ਹੁੰਦੀ ਹੈ, ਜਿਸ ਦਾ ਸਿੱਧਾ ਸੰਬੰਧ ਸਥਾਪਿਤ ਸਾਹਿਤਕ ਪਰੰਪਰਾ ਅਤੇ ਉਸ ਵਿਚ ਵਾਧਾ ਕਰਨ ਨਾਲ ਹੁੰਦਾ ਹੈ ਜੋ ਲੇਖਕ ਦਾ ਪਰਮ ਧਰਮ ਹੈ। ਲੇਖਕ ਨੂੰ ਸਮਾਜ ਵਿਚ ਵਰਤ ਰਹੀ ਦਸ਼ਾ ਅਤੇ ਦਿਸ਼ਾ ਤੋਂ ਭਲੀ ਪ੍ਰਕਾਰ ਜਾਣੂੰ ਹੋਣਾ ਚਾਹੀਦਾ ਹੈ ਅਤੇ ਉਸ ਦਾ ਦਾਇਤਵ ਤਮਾਸ਼ਬੀਨ ਦਰਸ਼ਕ ਵਾਲਾ ਨਹੀਂ ਸਗੋਂ ਇਕ ਆਗੂ ਮਾਨਵੀ ਚਿੰਤਕ ਵਾਲਾ ਹੁੰਦਾ ਹੈ।

ਸਾਹਿਤਕਾਰ ਦੀ ਇਹ ਅਵਸਥਾ ਉਸ ਦੇ ਵਿਅਕਤੀਤਵ ਦੇ ਮਨ, ਬਚ, ਕਰਮ ਦੀ ਪੂਰਨ ਏਕਤਾ ਅਤੇ ਇਕਸੁਰਤਾ ਨਾਲ ਸੰਬੰਧਿਤ ਹੈ, ਪਰ ਅਜਿਹਾ ਤ੍ਰੈਮੁਖੀ ਸੁਰਮੇਲ ਕਿਸੇ ਮਹਾਨ ਸਾਹਿਤਕਾਰ ਵਿਚ ਹੀ ਸੰਭਵ ਹੈ, ਸਾਡੇ ਵਰਗੇ ਸਾਧਾਰਨ ਲੇਖਕਾਂ ਵਿਚ ਤਾਂ ਉਸ ਦੀ ਸੀਮਤ ਜਹੀ ਮਾਤਰਾ ਹੀ ਮਿਲ ਸਕਦੀ ਹੈ। ਰਿਸ਼ੀਆਂ ਮੁਨੀਆਂ ਵਾਲੀ ਉਚ ਆਤਮਕ ਅਵਸਥਾ ਦਾ ਹਰ ਕੋਈ ਭਾਗੀ ਨਹੀਂ ਹੋ ਸਕਦਾ। ਮੇਰਾ ਇਹ ਯਤਨ ਜ਼ਰੂਰ ਰਿਹਾ ਹੈ ਕਿ ਆਪਣੀ ਸਾਹਿਤਕ ਸਿਰਜਨਾ ਵਿਚ ਮਕਾਨਕੀ ਕਿਰਤ ਕਰਨ ਦੀ ਥਾਂ ਕਲਾਤਮਕ ਦਾਇਤਵ ਨੂੰ ਭਾਵੇਂ ਸੀਮਤ ਮਾਤਰਾ ਵਿਚ ਹੀ ਸਹੀ ਨਿਭਾ ਸਕਾਂ।

ਆਦਰਸ਼ ਰੂਪ ਵਿਚ ਪ੍ਰਗਤੀਸ਼ੀਲ ਮਾਨਵਵਾਦ ਮੇਰਾ ਸਾਹਿਤਕ ਇਸ਼ਟ ਰਿਹਾ ਹੈ ਅਤੇ ਮੈਂ ਹਮੇਸ਼ਾਂ ਹੀ ਰਵਿਦਾਸ ਜੀ ਦੇ ਬੇਗਮਪੁਰਾ ਵਾਲੇ ਸਮਾਜਵਾਦੀ ਆਦਰਸ਼ ਨੂੰ ਸਨਮੁੱਖ ਰੱਖਿਆ ਹੈ, ਜਿਸ ਦੇ ਮੰਡਲ ਵਿਚ ਪਹਿਲੇ, ਦੂਜੇ ਅਤੇ ਤੀਜੇ ਵਰਗਾਂ ਦੀਆਂ ਮਨੁੱਖੀ ਸ਼੍ਰੇਣੀਆਂ ਦਾ ਕੋਈ ਸਥਾਨ ਨਹੀਂ ਹੈ। ਬੇਗਮਪੁਰੇ ਦੀ ਥਾਂ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੀ ਨਿਸ਼ਾਨਦੇਹੀ ਕਰਵਾਈ। ਬੇਗਮਪੁਰਾ ਦੇ ਸੰਕਲਪ ਵਿਚ ਤਾਂ ਕੇਵਲ ਗ਼ਮ, ਸਮਾਜਕ ਦਬਾ ਤੇ ਸ਼ੋਸ਼ਣ ਦਾ ਹੀ ਵਿਰੋਧ ਹੈ, ਪਰ ਉਥੇ ਵੀ ਇਹ ਸੰਕੇਤ ਕੀਤਾ ਗਿਆ ਹੈ, ਜਿਉਂ-ਜਿਉਂ ਸਹਿਲ ਕਰੌਂ ਮਨ ਭਾਵੈ ਮਹਿਰਮ ਮਹਿਲ ਨਾ ਕੋਈ ਅਟਕਾਵੈ। ਗੁਰੂ ਅਰਜਨ ਦੇਵ ਜੀ ਨੇ 'ਸਭੈ ਸਾਂਝੀਵਾਲ ਸਦਾਇਨ' ਦੇ ਆਦਰਸ਼ ਨੂੰ ਮੂਰਤੀਮਾਨ ਕੀਤਾ ਅਤੇ ਉਸ ਬਾਦਸ਼ਾਹਤ ਦੀ ਸੋਝੀ ਕਰਵਾਈ ਜਿਸ ਦੇ ਏਕਤਾਵਾਦੀ ਸੰਕਲਪ ਤੋਂ ਕੋਈ ਵੀ ਬਾਹਰਾ ਦਿਖਾਈ ਨਹੀਂ ਦਿੰਦਾ। ਗੁਰੂ ਤੇਗ਼ ਬਹਾਦਰ ਜੀ ਨੇ ਤਾਂ ਸਪਸ਼ਟ ਰੂਪ ਵਿਚ ਕਹਿ ਦਿਤਾ ਹੈ ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ। ਇਸੇ ਵਿਚਾਰਧਾਰਾ ਦੀ ਪੁਸ਼ਟੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 'ਮਾਨਸ ਕੀ ਜਾਤ ਸਭੈ ਏਕੈ ਹੀ ਪਹਿਚਾਨਬੋ' ਦੁਆਰਾ ਹੀ ਹੁੰਦੀ ਹੈ।



Sri Satguru Jagjit Singh Ji eLibrary NamdhariElibrary@gmail.com

ਸ਼ੇਕਸਪੀਅਰ ਨੇ ਸੰਸਾਰ ਨੂੰ ਇਕ ਰੰਗ ਮੰਚ ਦਸਿਆ, ਪਰ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਦੀ ਸੰਗਿਆ ਧਰਮਸਾਲ ਰੂਪ ਵਿਚ ਕੀਤੀ ਹੈ। ਸ਼ੇਕਸਪੀਅਰ ਦੇ ਨਾਟ ਮੰਚ ਉਤੇ ਮਨੁੱਖ ਮਾਤਰ ਦੇ ਕਰਮ ਅਭਿਨੈ ਮਾਤਰ ਹਨ, ਪਰ ਧਰਮਸਾਲ ਦੇ ਰੂਪ ਵਿਚ ਇਹ ਨਿਰੰਕੁਸ਼ ਕਰਮਯੋਗ ਹੈ, ਜਿਸ ਦੀ ਨਿਸ਼ਕਾਮ ਭਾਵਨਾ ਨੂੰ ਬ੍ਰਜ ਨਾਇਕ ਸ੍ਰੀ ਕ੍ਰਿਸ਼ਨ ਜੀ ਨੇ 'ਭਾਗਵਤ ਗੀਤਾ' ਵਿਚ ਦ੍ਰਿੜ੍ਹ ਕਰਵਾਇਆ ਹੈ। ਗੁਰਬਾਣੀ ਦਾ ਵਾਕ ਹੈ 'ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ ਇਤੁ ਮਾਰਗਿ ਪੈਰੁ ਧਰੀਜੈ, ਸਿਰੁ ਦੀਜੈ ਕਾਣਿ ਨ ਕੀਜੈ।' ਇਹੋ ਗੱਲ ਹੀ ਲਾਲਾ ਹਰਦਿਆਲ ਨੇ ਆਪਣੇ ਲੇਖ 'ਗੁਲਾਮੀ ਦੇ ਜ਼ਹਿਰ' ਵਿਚ ਸਿੱਧ ਕੀਤੀ ਹੈ ਕਿ ਜਿਵੇਂ ਫ਼ਰਾਂਸ ਦਾ ਪ੍ਰਸਿੱਧ ਚਿੰਤਕ ਤੇ ਲੇਖਕ ਰੂਸੋ ਕਹਿੰਦਾ ਹੈ 'ਮਨੁੱਖ ਜੰਮਿਆ ਤਾਂ ਸੁਤੰਤਰ ਹੈ, ਪਰ ਹਰ ਥਾਂ ਉਹ ਜ਼ੰਜੀਰਾਂ ਵਿਚ ਜਕੜਿਆ ਪਿਆ ਹੈ। ਇਨ੍ਹਾਂ ਜ਼ੰਜੀਰਾਂ ਤੋਂ ਮਨੁੱਖ ਮਾਤਰ ਨੂੰ ਮੁਕਤ ਕਰਵਾਉਣਾ ਜਿਥੇ ਸਮਾਜ ਦੇ ਹੋਰ ਵਰਗਾਂ ਦਾ ਕਰਮ ਹੈ, ਉਥੇ ਸਾਹਿਤਕਾਰ ਦਾ ਕਰਤਵ ਵੀ ਇਸ ਤੋਂ ਭਿੰਨ ਨਹੀਂ ਹੈ।' ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਫਰਮਾਣ ਹੈ

*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨਾ ਹੋਈ*
*ਸਕਤਾ ਸੀਹ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥*

ਅਤੇ ਨਾਲ ਹੀ ਇਹ ਕਥਨ ਕੀਤਾ-

*ਸਚ ਕੀ ਬਾਣੀ ਨਾਨਕ ਆਖੈ, ਸਚੁ ਸੁਣਾਇਸੀ ਸੱਚ ਕੀ ਬੇਲਾ।*

ਬਾਬਾ ਬੁਲ੍ਹੇ ਸ਼ਾਹ ਲੇਖਕ ਦੀ ਇਸੇ ਸੱਚਪਾਲ ਆਦਰਸ਼ ਦੀ ਪ੍ਰੋੜ੍ਹਤਾ ਕਰਦਾ ਹੈ:

*ਸੱਚ ਆਖਿਆਂ ਭਾਂਬੜ ਮੱਚਦਾ ਹੈ*
*ਝੂਠ ਆਖਿਆਂ ਕੱਖ ਨਾ ਬਚਦਾ ਹੈ*
*ਦਿਲ ਦੋਹਾਂ ਗੱਲਾਂ ਤੋ ਜਿਚਦਾ ਹੈ*
*ਜਿਚ ਜਿਚ ਕੇ ਜੀਭਾ ਕਹਿੰਦੀ ਹੈ*
*ਮੂੰਹ ਆਈ ਬਾਤ ਨਾ ਰਹਿੰਦੀ ਹੈ।*

ਇਸ ਸੰਬੰਧ ਵਿਚ ਪ੍ਰਸਿੱਧ ਸਾਮਵਾਦੀ ਚਿੰਤਕ ਕਾਰਲ ਮਾਰਕਸ ਦੇ ਦੋ ਕਥਨ ਮੈਨੂੰ ਬਹੁਤ ਪ੍ਰਭਾਵਿਤ ਕਰਦੇ ਰਹੇ ਹਨ 'ਸੰਸਾਰ ਦੇ ਦਾਰਸ਼ਨਿਕਾਂ ਨੇ ਵਿਸ਼ਵ ਦੀ ਵਿਆਖਿਆ ਤਾਂ ਕੀਤੀ ਹੈ, ਪਰ ਅਸਲੀ ਲਖ਼ਸ਼ ਤਾਂ ਇਹ ਹੈ ਕਿ ਇਸ ਸੰਸਾਰ ਨੂੰ ਬਦਲਣਾ ਕਿਵੇਂ ਹੈ, ਪਰ ਫਿਰ ਉਹ ਆਪ ਹੀ ਆਪਣੇ ਕਮਿਊਨਿਸਟ ਐਲਾਨਨਾਮੇ ਵਿਚ ਕਹਿ ਉਠਦਾ ਹੈ ਕਿ ਇਨਕਲਾਬ ਕੋਲੋਂ ਕਿਰਤੀਆਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ, ਇਸ ਨਾਲ ਜੇ ਕੋਈ ਉਨ੍ਹਾਂ ਦਾ ਨੁਕਸਾਨ ਹੋਵੇਗਾ ਤਾਂ ਉਹ ਕੇਵਲ ਉਨ੍ਹਾਂ ਦੀਆਂ ਜ਼ੰਜੀਰਾਂ ਹੀ ਲੱਥਣਗੀਆਂ ਅਤੇ ਸ਼੍ਰੇਣੀਗਤ ਆਰਥਿਕ ਲੁੱਟ ਖਸੁੱਟ ਦੀ ਸਮਾਪਤੀ ਹੋ ਜਾਵੇਗੀ। ਇਹ ਸਭ ਹਵਾਲੇ ਸਿੱਧ ਕਰਦੇ ਹਨ ਕਿ ਲੇਖਕ ਦਾ ਕਰਤਵ ਯਥਾਰਥ ਨੂੰ ਚਿਤ੍ਰਣ ਦੀ ਥਾਂ ਉਸੇ ਸਮਾਜਕ ਯਥਾਰਥ ਵਿਚੋਂ ਯੁੱਗਾਂ ਅਨੁਕੂਲ ਮਨੁੱਖਤਾ ਦੇ



Sri Satguru Jagjit Singh Ji eLibrary NamdhariElibrary@gmail.com

ਕ੍ਰਾਂਤੀਕਾਰੀ ਲਖ਼ਸ਼ਾਂ ਦੀ ਪਛਾਣ ਕਰਕੇ ਉਸ ਉਤੇ ਪਹਿਰਾ ਦੇਣਾ ਹੈ, ਕਿਉਂਜੋ ਸਾਹਿਤਕਾਰ, ਕਲਾਕਾਰ, ਵਿਗਿਆਨੀ ਤੇ ਚਿੰਤਕ ਸਮਾਜ ਦੇ ਮਾਨਵਵਾਦੀ ਹਿੱਤਾਂ ਦੇ ਪਹਿਰੇਦਾਰ ਅਤੇ ਰਾਖੇ ਹਨ, ਕੇਵਲ ਇੰਨਾ ਹੀ ਨਹੀਂ, ਉਹ ਸਮਾਜਕ ਪਰਿਵਰਤਨ ਦੇ ਹਰਾਵਲ ਦਸਤੇ ਵਿਚੋਂ ਹੁੰਦੇ ਹਨ। ਇਸੇ ਕਾਰਨ-ਸਾਹਿਤਕਾਰ ਦਾ ਕਿੱਤਾ ਪਵਿਤਰ, ਪੁਨੀਤ ਅਤੇ ਸਮਾਜਕ ਪਰਿਵਰਤਨਾਂ ਲਈ ਇਕ ਦਰਸ਼ਕ ਵਾਲਾ ਨਹੀਂ ਸਗੋਂ ਪੱਥ ਪ੍ਰਦਰਸ਼ਕ ਦੀ ਹੈਸੀਅਤ ਵਾਲਾ ਹੁੰਦਾ ਹੈ। ਆਪਣੇ ਬਚਪਨ ਤੋਂ ਲੈ ਕੇ ਜਿਥੇ ਮੈਨੂੰ ਇਨ੍ਹਾਂ ਜੀਵਨ ਆਦਰਸ਼ਾਂ ਦੀ ਸਹਿਜ ਚੇਤਨਾ ਹੀ ਸੀ, ਉਥੇ ਆਪਣੇ ਵਿਦਿਆਰਥੀ ਅਤੇ ਸਾਹਿਤਕ ਜੀਵਨ ਵਿਚ ਮੈਂ ਇਨ੍ਹਾਂ ਮਾਨਵਵਾਦੀ ਲਖ਼ਸ਼ਾਂ ਨੂੰ ਆਪਣੀ ਸਾਹਿਤਕ ਸਿਰਜਣਾ ਵਿਚ ਸਦਾ ਹਾਜ਼ਰ ਨਾਜ਼ਰ ਰਖਿਆ ਹੈ। ਹੇਠਲੇ ਕੁਝ ਪੰਨਿਆਂ ਵਿਚ ਮੈਂ ਆਪਣੇ ਵਲੋਂ ਰਚੇ ਗਏ ਸਾਹਿਤ ਜਿਸ ਵਿਚ ਮੌਲਿਕ ਸਿਰਜਣਾ, ਗੱਦ ਤੇ ਪੱਦ ਦੋਵੇਂ ਹੀ ਸ਼ਾਮਿਲ ਹਨ। ਗਲਪ, ਨਿਬੰਧ, ਅਨੁਵਾਦ, ਸੰਪਾਦਨ, ਪੰਜਾਬੀ ਸਾਹਿਤ ਦੀ ਖੋਜ ਅਤੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਉਪਰੋਕਤ ਮਾਨਵੀ ਤੇ ਸਾਹਿਤਕ ਆਦਰਸ਼ਾਂ ਉਤੇ ਖੜਾ ਰਹਿਣ ਦਾ ਯਤਨ ਕੀਤਾ ਹੈ। ਆਪਣੇ ਵਲੋਂ ਰਚੇ ਗਏ ਸਾਹਿਤ ਦਾ ਸੰਖੇਪ ਸ੍ਵੈ-ਵਿਸ਼ਲੇਸ਼ਣ ਸ਼ਾਇਦ ਮੇਰੇ ਸਾਹਿਤਕ ਪੰਧ ਉਤੇ ਕੁਝ ਪ੍ਰਕਾਸ਼ ਪਾ ਸਕੇ।

ਮੇਰੀਆਂ ਵਿਦਿਆਰਥੀ ਜੀਵਨ ਦੀਆਂ ਕੁਝ ਰਚਨਾਵਾਂ ਬਾਰੇ ਮੈਨੂੰ ਚੇਤਾ ਹੈ। ਮੇਰੀ ਪਹਿਲੀ ਪ੍ਰਕਾਸ਼ਿਤ ਰਚਨਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਾਹਿਤਕ ਪੱਤਰਕਾ 'ਦਰਬਾਰ' ਵਿਚ ਪ੍ਰਕਾਸ਼ਿਤ ਹੋਈ ਸੀ, ਜਿਸ ਵਿਚ ਇਕ ਸੰਪਾਦਕੀ ਲੇਖ 'ਪੰਜਾਬੀ ਬੋਲੀ ਸਾਡੀ ਆਪਣੀ ਭਾਸ਼ਾ' ਅਤੇ ਇਕ ਕਵਿਤਾ 'ਯਾਰੋ ਸਾਡੇ ਦੇਸ਼ ਵਿਚ ਹੋਏ ਅਤਿਆਚਾਰ' ਸੀ, ਜੋ 1947 ਦੇ ਫਿਰਕੂ ਫਸਾਦਾਂ ਬਾਰੇ ਸੀ। ਆਪਣੇ ਵਿਦਿਆਰਥੀ ਜੀਵਨ ਵਿਚ ਮੈਂ ਇਕ-ਦੋ ਕਹਾਣੀਆਂ ਇਕ ਇਕਾਂਗੀ ਨਾਟਕ 'ਜੱਟ ਦਾ ਘਰ' ਤੇ ਕੁਝ ਕਵਿਤਾਵਾਂ ਲਿਖੀਆਂ ਸਨ, ਜਿਨ੍ਹਾਂ ਦੇ ਖਰੜੇ ਹੁਣ ਗੁਆਚ ਚੁਕੇ ਹਨ। ਇਨ੍ਹਾਂ ਕਵਿਤਾਵਾਂ ਵਿਚ 'ਇਕ ਨਵੇਂ ਯੁੱਗ ਦਾ ਗੀਤ' ਸੀ, ਇਕ ਲੰਮੀ ਕਵਿਤਾ ਸੀ, ਜਿਸ ਦਾ ਸਿਰਲੇਖ ਤਾਂ ਮੈਨੂੰ ਯਾਦ ਨਹੀਂ, ਪਰ ਉਸ ਦੀ ਇਕ ਪੰਕਤੀ 'ਮੇਰੀ ਘੜੀ ਹੋਣੀ ਤਾਈਂ ਕਾਲ ਚਕਰ ਖਾਏ ਨਾ' ਮੈਨੂੰ ਯਾਦ ਹੈ 'ਹੋਣੀ' ਸਾਹਿਤਕ ਰਚਨਾ ਦਾ ਪ੍ਰਤੀਕ ਹੈ ਅਤੇ 'ਕਾਲ ਚਕਰ ਖਾਏ ਨਾ' ਸਾਹਿਤ ਵਿਚ ਚਿਰੰਜੀਵਤਾ ਵਲ ਸੰਕੇਤ ਸੀ। ਇਕ ਵਾਰ ਮੈਂ ਐਮ.ਏ. ਜਾਂ ਗਿਆਨੀ ਦੀ ਪ੍ਰੀਖਿਆ ਵਿਚ ਕਿਸੇ ਪ੍ਰਸ਼ਨ ਦਾ ਉਤਰ ਲਿਖਦਿਆਂ-ਲਿਖਦਿਆਂ ਉਸੇ ਸਮੇਂ ਸੁਝੀਆਂ ਕੁਝ ਕਾਵਿ ਪੰਕਤੀਆਂ ਲਿਖ ਦਿਤੀਆਂ, ਜਿਸ ਵਿਚੋਂ ਇਕ-ਦੋ ਪੰਕਤੀਆਂ ਮੈਨੂੰ ਯਾਦ ਹਨ 'ਸਾਹਿਤ ਸਾਡੀ ਰੂਹ ਯਾਰੋ, ਸਾਡੇ ਦੁੱਧ ਦੀ ਇਹ ਮਲਾਈ, ਪੰਜ ਪਾਣੀ ਧਰਤੀ ਅੰਦਰ ਪਾਲਣ ਇਸ ਨੇ ਪਾਈ।' ਪੰਜਾਬ ਦੇ ਸਾਹਿਤ ਨੂੰ ਲੋਕਾਂ ਦੀ ਰੂਹ ਜਾਂ ਆਤਮਾ ਦਸਣਾ ਅਤੇ ਲੋਕਾਂ ਦੇ ਦੁੱਧ ਦੀ ਮਲਾਈ ਕਹਿਣ ਵਾਲੀ ਕਲਪਨਾ ਵਿਚ ਅੱਜ ਵੀ ਮੈਨੂੰ ਸੱਚਾਈ ਦੇ ਅੰਸ਼ ਪ੍ਰਤੀਤ ਹੁੰਦੇ ਹਨ।



Sri Satguru Jagjit Singh Ji eLibrary NamdhariElibrary@gmail.com

ਮੇਰੇ ਅਸਲੀ ਸਾਹਿਤਕ ਜੀਵਨ ਦਾ ਆਰੰਭ ਐੱਮ.ਏ. ਦੀ ਪ੍ਰੀਖਿਆ ਪਾਸ ਕਰਨ ਤੋਂ ਪਿਛੋਂ ਹੀ ਹੋਇਆ, ਜਦੋਂ ਮੈਂ ਅਤੇ ਡਾ. ਪਰਮਿੰਦਰ ਸਿੰਘ ਨੇ ਮਿਲ ਕੇ 'ਸਾਹਿਤ ਦੇ ਰੂਪ' ਤੇ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਨਾਂ ਦੀਆਂ ਪੁਸਤਕਾਂ ਲਿਖੀਆਂ ਜਿਨ੍ਹਾਂ ਦੇ ਕਈ ਸੰਸਕਰਣ ਹੁਣ ਤਕ ਛਪ ਚੁਕੇ ਹਨ ਅਤੇ ਜਿਨ੍ਹਾਂ ਨਾਲ ਸਾਡਾ ਨਾਮ ਹੁਣ ਤੱਕ ਜੁੜਿਆ ਹੋਇਆ ਹੈ। ਬਹੁਤੇ ਅਧਿਆਪਕ ਤੇ ਵਿਦਿਆਰਥੀ ਮੈਨੂੰ ਇਨ੍ਹਾਂ ਪੁਸਤਕਾਂ ਦੇ ਕਰਤਾ ਹੋਣ ਕਰਕੇ ਹੀ ਜਾਣਦੇ ਹਨ ਅਤੇ ਕੁਝ ਇਹ ਸਮਝਦੇ ਹਨ ਕਿ ਇਨ੍ਹਾਂ ਤੋਂ ਬਿਨਾਂ ਮੈਂ ਕੋਈ ਹੋਰ ਪੁਸਤਕ ਲਿਖੀ ਹੀ ਨਹੀਂ ਹੈ। 'ਸਾਹਿਤ ਦੇ ਰੂਪ' ਵਿਚ ਤਾਂ ਕੁਝ ਵਿਦਿਆਰਥੀ ਸਮੇਂ ਦੇ ਲਿਖੇ ਹੋਏ ਨੋਟਾਂ ਦਾ ਵਿਸਥਾਰ ਸੀ, ਜੋ ਬਹੁਤਾ ਕਰਕੇ ਪ੍ਰੋ. ਸੰਤ ਸਿੰਘ ਸੇਖੋਂ ਦੇ ਭਾਸ਼ਣਾਂ ਉਤੇ ਆਧਾਰਿਤ ਸਨ, ਪਰ ਇਨ੍ਹਾਂ ਸਾਹਿਤਕ ਰੂਪਾਂ ਦੇ ਆਲੋਚਨਾਤਮਕ ਵਰਣਨ ਦੇ ਨਾਲ-ਨਾਲ ਪੰਜਾਬੀ ਵਿਚ ਇਨ੍ਹਾਂ ਰੂਪਾਂ ਦੇ ਅੰਤਰਗਤ ਕੁਝ ਪ੍ਰਮੁੱਖ ਪੁਸਤਕਾਂ ਦਾ ਵਿਸ਼ਲੇਸ਼ਣ ਵੀ ਸੀ ਜੋ ਨਿਰੋਲ ਸਾਡੀ ਆਲੋਚਨਾ ਦਾ ਉਸ ਸਮੇਂ ਦਾ ਨਮੂਨਾ ਸੀ।

'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਦਾ ਪਹਿਲਾ ਸੰਸਕਰਣ 1952-53 ਵਿਚ ਛਪਿਆ ਸੀ। ਫਿਰ ਇਸ ਵਿਚ ਨਿਰੰਤਰ ਵਾਧਾ ਕੀਤਾ ਜਾਂਦਾ ਰਿਹਾ ਅਤੇ ਇਸ ਪੁਸਤਕ ਨੂੰ ਸਾਹਿਤਕ ਇਤਿਹਾਸ ਦੇ ਸਮੇਂ ਨਾਲ ਜੋੜ ਕੇ ਇਸ ਦਾ ਵਾਧਾ ਕਰਨ ਵਿਚ ਮੈਨੂੰ ਵਿਸ਼ੇਸ਼ ਮਿਹਨਤ ਕਰਨੀ ਪਈ। ਪੰਜਾਬੀ ਸਾਹਿਤ ਦੇ ਇਤਿਹਾਸ ਦੀ ਰਚਨਾਕਾਰੀ ਵਿਚ ਮੇਰੇ ਪ੍ਰੇਰਨਾ ਸ੍ਰੋਤ ਤਾਂ ਡਾ. ਮੋਹਨ ਸਿੰਘ ਦੀਵਾਨਾ ਸਨ, ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਇਸ ਪੁਸਤਕ ਦੇ ਕਾਲਗਤ ਢਾਂਚੇ ਦਾ ਵਿਸਤਾਰ ਹੋਇਆ, ਜਿਸ ਨੂੰ ਮੈਂ ਪੰਜਾਬ ਦੇ ਸਮਾਜਕ ਇਤਿਹਾਸ ਨਾਲ ਜੋੜਿਆ ਅਤੇ ਇਤਿਹਾਸਕ ਪਦਾਰਥਵਾਦ ਦੇ ਮਾਰਕਸਵਾਦੀ ਦ੍ਰਿਸ਼ਟੀਕੋਣ ਨੂੰ ਪ੍ਰਮੁੱਖ ਰਖ ਕੇ ਪ੍ਰਾਪਤ ਵਸਤੂ ਸਮਗਰੀ ਦਾ ਮੁਲਾਂਕਣ ਕੀਤਾ। ਕਿਸੇ ਵੀ ਭਾਸ਼ਾ ਦੇ ਸਾਹਿਤਕ ਇਤਿਹਾਸ ਵਿਚੋਂ ਉਥੋਂ ਦੇ ਲੋਕਾਂ ਦੇ ਸਭਿਆਚਾਰ ਦੇ ਦਿੱਗ ਦਰਸ਼ਨ ਹੋਣੇ ਚਾਹੀਦੇ ਹਨ ਅਤੇ ਉਸ ਦੀ ਪਰੰਪਰਾ ਦੇ ਨਿਰੰਤਰ ਵਿਕਾਸ ਦੀ ਗਾਥਾ ਦਾ ਬੋਧ ਹੋਣਾ ਚਾਹੀਦਾ ਹੈ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਵੀ ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਪੰਜਾਬੀ ਸਾਹਿਤ ਦਾ ਇਤਿਹਾਸ ਦੋ ਭਾਗ 1972 ਤੇ 1982 ਤੇ ਵਰਤਮਾਨ ਸੰਸਕਰਣ ਨੂੰ ਵਰਤਮਾਨ ਸਮੇਂ ਤਕ ਲਿਆਉਣ ਵਿਚ ਵੀ ਵਧੇਰੇ ਕਾਰਜ ਮੈਂ ਹੀ ਕੀਤਾ ਹੈ। ਫਿਰ ਵੀ ਮੈਂ ਆਪਣੇ ਆਪ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਵਿਸ਼ੇਸ਼ਗ ਹੋਣ ਦਾ ਦਾਅਵਾ ਨਹੀਂ ਕਰਦਾ, ਕਿਉਂਜੋ ਸੰਪੂਰਨ ਤੇ ਵਿਸਤ੍ਰਿਤ ਇਤਿਹਾਸ ਲਿਖਣ ਲਈ ਹਾਲੀ ਬਹੁਤ ਕੁਝ ਕਰਨ ਦੀ ਲੋੜ ਹੈ ਅਤੇ ਇਹ ਕਾਰਜ ਕਿਸੇ ਇਕ ਵਿਅਕਤੀ ਵਲੋਂ ਨਹੀਂ ਸਗੋਂ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਭਾਸ਼ਾ ਵਿਭਾਗ ਆਦਿ ਵਲੋਂ ਹੋਣਾ ਚਾਹੀਦਾ ਹੈ।



Sri Satguru Jagjit Singh Ji eLibrary NamdhariElibrary@gmail.com

ਮੇਰੀ ਪਹਿਲੀ ਮੌਲਿਕ ਰਚਨਾ ਸਮਾਚੋਲਨਾ ਦੀ ਪੁਸਤਕ 'ਆਧੁਨਿਕ ਗੱਦਕਾਰ' ਸੀ, ਜਿਸ ਨੂੰ ਮੈਂ ਆਪਣੇ ਸ਼ਿਸ਼ ਮੋਹਨ ਸਿੰਘ ਜੌਹਲ ਦੇ ਸਹਿਯੋਗ ਨਾਲ ਦੋ ਰਾਤਾਂ ਵਿਚ ਲਿਖਿਆ ਸੀ। ਮੈਂ ਬੋਲੀ ਗਿਆ ਤੇ ਉਹ ਲਿਖੀ ਗਿਆ। ਇਸ ਪੁਸਤਕ ਦਾ ਪਹਿਲਾ ਭਾਗ ਤਾਂ ਵਾਰਤਕ ਰਚਨਾ ਦੇ ਰੂਪ ਸਰੂਪ ਬਾਰੇ ਹੈ, ਪਰ ਦੂਜੇ ਭਾਗ ਵਿਚ ਭਾਈ ਵੀਰ ਸਿੰਘ, ਸ. ਗੁਰਬਖਸ਼ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰਿੰ. ਸੰਤ ਸਿੰਘ ਸੇਖੋਂ, ਸ. ਨਾਨਕ ਸਿੰਘ ਅਤੇ ਸ. ਲਾਲ ਸਿੰਘ ਕਮਲਾ ਅਕਾਲੀ ਵਰਗੇ ਪ੍ਰਮੁੱਖ ਸਾਹਿਤਕਾਰਾਂ ਨੂੰ ਸ੍ਰੇਸ਼ਟ ਗੱਦਕਾਰਾਂ ਦੇ ਤੌਰ ਤੇ ਸਿਰਜਨਾਤਮਿਕ ਆਲੋਚਨਾ ਦੇ ਰੂਪ ਵਿਚ ਵਿਚਾਰਿਆ ਗਿਆ ਹੈ। ਇਹੀ ਕਾਰਨ ਹੈ ਕਿ ਇਹ ਲੇਖ ਬੋਝਲ ਨਹੀਂ ਬਣੇ ਸਗੋਂ ਮਾਨਣਯੋਗ ਰਚਨਾਵਾਂ ਸਿੱਧ ਹੋਈਆਂ ਹਨ।

1964 ਅਰਥਾਤ ਨੇਤਰਹੀਣ ਅਵਸਥਾ ਤੋਂ ਪਹਿਲਾਂ ਮੈਂ ਵਧੇਰੇ ਕਰਕੇ ਆਲੋਚਨਾਤਮਿਕ ਲੇਖ, ਅਨੁਵਾਦ ਅਤੇ ਸੰਪਾਦਨ ਦਾ ਕੰਮ ਵਧੇਰੇ ਕੀਤਾ ਹੈ।1947 ਤੋਂ 1960 ਤਕ ਦੇ ਕਾਲ ਬਾਰੇ ਭਾਸ਼ਾ ਵਿਭਾਗ ਲਈ ਪੰਜਾਬੀ ਸਾਹਿਤ ਦਾ ਇਤਿਹਾਸ ਇਕ ਅਧਿਆਇ ਵਜੋਂ ਲਿਖਿਆ ਸੀ। ਇਸ ਤੋਂ ਅਗੇ ਵਿਸਥਾਰ ਕਰਕੇ ਮੈਂ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਨਵੀਆਂ ਰਚਨਾਵਾਂ ਦੇ ਵਰਣਨ ਨਾਲ ਵਰਤਮਾਨ ਕਾਲ ਤਕ ਵਧਾਉਂਦਾ ਰਿਹਾ ਹਾਂ। ਅਨੁਵਾਦ ਕਈ ਵਾਰ ਲੇਖਕ ਦੀ ਮਜਬੂਰੀ ਹੁੰਦੀ ਹੈ ਅਰਥਾਤ ਪਦਾਰਥਕ ਸੇਵਾ ਫਲ ਦੀ ਦ੍ਰਿਸ਼ਟੀ ਤੋਂ ਕੀਤੇ ਜਾਂਦੇ ਹਨ, ਪਰ ਬਹੁਤੀ ਵਾਰ ਲੇਖਕ ਦੀ ਆਪਣੀ ਚੋਣ ਵੀ ਹੁੰਦੀ ਹੈ।

ਕਈ ਵਾਰ ਤਾਂ ਇਹ ਸਮਝ ਲਿਆ ਜਾਂਦਾ ਹੈ ਕਿ ਇਸ ਅਨੁਵਾਦ ਨੂੰ ਪੰਜਾਬੀ ਭਾਸ਼ਾ ਵਿਚ ਕਰਨ ਨਾਲ ਪੰਜਾਬੀ ਸਾਹਿਤ ਦਾ ਸਮੁੱਚਾ ਪੱਧਰ ਉਚਾ ਹੋਵੇਗਾ। ਮਿਆਰੀ ਰਚਨਾਵਾਂ ਅਤੇ ਵਿਸ਼ਵ ਭਰ ਦੀਆਂ ਕਲਾਸਕੀ ਰਚਨਾਵਾਂ ਦੇ ਅਨੁਵਾਦ ਵਿਚ ਇਹ ਸਮਰਥਾ ਮੌਜੂਦ ਹੈ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਪ੍ਰਕਾਸ਼ਿਤ 'ਟੈਗੋਰ ਦੇ ਚੋਣਵੇਂ ਨਿਬੰਧ' ਅਤੇ ਰੈਲਫ ਵੈਲਡੂ ਟਰਾਇਨ ਦੀ ਪੁਸਤਕ 'ਇਨ ਟੀਊਨ ਵਿਦ ਦਾ ਇਨਫੀਨਿਟ' ਦਾ 'ਅਨੰਤ ਦਰਸ਼ਨ' ਦੇ ਰੂਪ ਵਿਚ ਅਨੁਵਾਦ ਮੇਰੀ ਆਪਣੀ ਸੁਤੰਤਰ ਚੋਣ ਦਾ ਫਲ ਸੀ। ਅਧਿਆਤਮਕ ਵਿਸ਼ੇ ਉਤੇ ਸੁਰਤ ਅਤੇ ਬਖ਼ਸ਼ਿਸ਼ ਦੇ ਸੁਮੇਲ ਨਾਲ ਜੁੜੀ ਇਹ ਪੁਸਤਕ ਬੜੀ ਪ੍ਰੇਰਣਾਸ਼ੀਲ ਉਤਮ ਸਮੱਗਰੀ ਆਪਣੇ ਵਿਚ ਸਮੋਈ ਬੈਠੀ ਹੈ। ਇਸ ਅਨੁਵਾਦ ਵਿਚ ਉਸ ਸਮੇਂ ਦੇ ਮੇਰੇ ਸੁਯੋਗ ਵਿਦਿਆਰਥੀ ਕਰਤਾਰ ਸਿੰਘ ਕਾਲੜਾ ਨੇ ਸਹਿਯੋਗ ਦਿਤਾ। ਇਸ ਦਾ ਲਿਖਣ ਢੰਗ ਵੀ ਮੇਰੀ ਆਪਣੀ ਨਿਰਧਾਰਿਤ ਰਚਨਾ ਪ੍ਰਕਿਰਿਆ ਵਾਲਾ ਹੀ ਸੀ।ਮੈਂ ਪੁਸਤਕ ਫੜ ਕੇ ਬੋਲੀ ਗਿਆ ਅਤੇ ਨਾਲੋ ਨਾਲ ਉਹ ਲਿਖੀ ਗਿਆ। ਇਹ ਮੇਰੀ ਰਚਨਾ ਪ੍ਰਕਿਰਿਆ ਕਾਫ਼ੀ ਹੱਦ ਤਕ ਪਰਪੱਕ ਹੋ ਚੁਕੀ ਸੀ। ਇਸੇ ਲਿਖਵਾਉਣ ਦੀ ਵਿਧੀ ਨੇ ਹੀ ਮੈਨੂੰ ਨੇਤਰਹੀਣ ਅਵਸਥਾ ਵਿਚ ਆਪਣੀ ਸਾਹਿਤਕ ਪ੍ਰਕਿਰਿਆ ਨੂੰ ਲਗਾਤਾਰ


Sri Satguru Jagjit Singh Ji eLibrary NamdhariElibrary@gmail.com

ਜਾਰੀ ਰਖਣ ਵਿਚ ਮੇਰੀ ਸਹਾਇਤਾ ਕੀਤੀ ਹੈ। ਇਸੇ ਕਾਲ ਵਿਚ ਹੀ ਮੈਂ ਕੁਝ ਉੱਘੇ ਲੇਖਕਾਂ ਦੀਆਂ ਰਚਨਾਵਾਂ ਦੀਆਂ ਭੂਮਿਕਾਵਾਂ ਵੀ ਲਿਖੀਆਂ ਹਨ, ਜਿਨ੍ਹਾਂ ਵਿਚ ਅਵਤਾਰ ਸਿੰਘ ਆਜ਼ਾਦ (ਮਹਾਂਬਲੀ), ਬਾਬਾ ਬਲਵੰਤ (ਕਾਵਿ ਸਾਗਰ), ਹਰਿੰਦਰ ਸਿੰਘ ਰੂਪ (ਹਿਮਾਲਾ ਦੀ ਵਾਰ), ਇੰਦਰ ਸਿੰਘ ਚੱਕਰਵ੍ਤੀ (ਅੜਬੰਗੀ), ਸੁਰਜੀਤ ਸਿੰਘ ਸੇਠੀ (ਕੱਚਾ ਘੜਾ), ਹਰਸ਼ਰਨ ਸਿੰਘ (ਜਿਗਰਾ), ਸੁਖਪਾਲਵੀਰ ਸਿੰਘ ਹਸਰਤ (ਹਯਾਤੀ ਦੇ ਸੋਮੇ ਤੇ ਹੁਸਨ ਕਿਨਾਰੇ), ਅਵਤਾਰ ਸਿੰਘ ਦਲੇਰ (ਪੰਜਾਬੀ ਲੋਕ ਗੀਤ ਬਣਤਰ ਤੇ ਵਿਕਾਸ) ਅਤੇ ਕਰਤਾਰ ਸਿੰਘ ਸੂਰੀ (ਅਰਸ਼ ਤੇ ਫਰਸ਼) ਆਦਿ ਵਰਣਨਯੋਗ ਹਨ। ਕੁਝ ਮੌਲਿਕ ਆਲੋਚਨਾਤਮਿਕ ਲੇਖ ਵੀ ਲਿਖੇ ਸਨ ਜੋ ਸਮੇਂ ਸਮੇਂ ਸਿਰ ਸਾਹਿਤ ਸਮਾਚਾਰ ਅਤੇ ਪੰਜਾਬੀ ਦੁਨੀਆਂ ਵਿਚ ਪ੍ਰਕਾਸ਼ਿਤ ਹੁੰਦੇ ਰਹੇ ਹਨ। ਇਸੇ ਸਮੇਂ ਕੁਝ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ ਜਿਨ੍ਹਾਂ ਵਿਚੋਂ ਵਿਸ਼ੇਸ਼ ਸਨ ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਪ੍ਰਕਾਸ਼ਿਤ ਪੁਸਤਕਾਂ, ਪੰਜਾਬੀ ਸਾਹਿਤ ਦੇ ਸੱਠ ਸਾਲ, ਗਿਆਨੀ ਗਿਆਨ ਸਿੰਘ ਅਤੇ ਭਾਈ ਵੀਰ ਸਿੰਘ ਸਿਮਰਤੀ ਗ੍ਰੰਥ ਆਦਿ।



Sri Satguru Jagjit Singh Ji eLibrary NamdhariElibrary@gmail.com

# ਨੇਤਰਹੀਣ ਅਵਸਥਾ ਤੋਂ ਪਿਛੋਂ ਦੀਆਂ ਰਚਨਾਵਾਂ

1964 ਤੋਂ 1966 ਤਕ ਦਾ ਸਮਾਂ ਮੇਰੇ ਲਈ ਵਿਸ਼ੇਸ਼ ਤੌਰ ਤੇ ਵੱਡੇ ਸੰਕਟ ਦਾ ਸਮਾਂ ਸੀ। ਇਸ ਦਾ ਮੈਨੂੰ ਤੀਖਣ ਨਿੱਜੀ ਅਨੁਭਵ ਹੈ ਤੇ ਨਜ਼ਰ ਦੇ ਘੱਟਣ ਨਾਲ ਮਨੁੱਖ ਕਿੰਝ ਮਹਿਸੂਸ ਕਰਦਾ ਹੈ। ਕਹਿੰਦੇ ਨੇ ਅੱਖਾਂ ਗਈਆਂ ਤਾਂ ਜਹਾਨ ਗਿਆ। ਇਸ ਜਹਾਨ ਦੀਆਂ ਬਾਹਰੀ ਰੰਗ ਬਰੰਗੀਆਂ ਅਤੇ ਦਿਸਦੇ ਸੰਸਾਰ ਦੇ ਸਰਬ ਪਸਾਰੇ ਦੇ ਸਥਾਨ ਤੇ ਇਕ ਨਵਾਂ ਸੰਸਾਰ ਹਨੇਰੇ ਵਿਚ ਤੱਕ ਕੇ ਵਸਾਉਣਾ ਇਕ ਹੋਰ ਹੀ ਵਿਲਖਣ ਅਨੁਭਵ ਹੁੰਦਾ ਹੈ। ਇਹੋ ਹੀ ਮੇਰੀ ਨੇਤਰਹੀਣ ਅਵਸਥਾ ਵਿਚ ਨਿਰੰਤਰ ਲਿਖ ਸਕਣ ਦੀ ਅੰਤਰੀਵ ਲਗਨ ਦੀ ਪੁਸ਼ਟੀ ਕਰ ਸਕਦਾ ਹੈ। ਪੰਜਾਬੀ ਦਾ ਅਖਾਣ ਹੈ, ਜਿਥੇ ਚਾਹ ਉਥੇ ਰਾਹ। ਨੇਤਰਹੀਣ ਹੋਣ ਪਿਛੋਂ ਮੇਰੀ ਸਾਹਿਤਕ ਰਚਨਾ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ, ਜਿਸ ਨੂੰ ਮੈਂ ਨਿਰੋਲ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਤੇ ਵਰ ਦੀ ਕਰਾਮਾਤ ਮੰਨਦਾ ਹਾਂ, ਜਿਨ੍ਹਾਂ ਨੇ ਅਪਾਰ ਕਿਰਪਾ ਕਰਕੇ 'ਇੰਦਰ ਧਨੁਸ਼' ਪੁਸਤਕ ਦੇ ਲਿਖਣ ਸਮੇਂ ਇਹ ਵਰ ਦਿਤਾ 'ਜੋ ਲਿਖੋਗੇ ਠੀਕ ਹੋਵੇਗਾ।'

ਨੇਤਰਹੀਣ ਅਵਸਥਾ ਵਿਚ ਕੁਝ ਪੁਸਤਕਾਂ ਨਿਰੋਲ ਮੇਰੇ ਨਿੱਜੀ ਅਨੁਭਵ ਨਾਲ ਜੁੜੀਆਂ ਹੋਈਆਂ ਹਨ। ਜੋ ਇਕ ਤਰ੍ਹਾਂ ਨਾਲ ਮਾਨਸਿਕ ਤਨਾਓ ਤੇ ਉਸ ਵਿਚੋਂ ਉਭਰਨ ਦੇ ਜੀਵਨ ਪੰਧ ਦੀ ਵਿਆਖਿਆ ਕਰਦੇ ਹਨ। ਮੇਰੀ ਕਾਵਿ ਪੁਸਤਕ 'ਛੱਤੀ ਅੰਮ੍ਰਿਤ','ਇੰਦਰ ਧਨੁਸ਼', 'ਵਾਰਡ ਨੰ.10' ਅਤੇ 'ਪੁਸ਼ਪਬਨ' ਨਿਰੋਲ ਮੇਰੇ ਨਿੱਜੀ ਜੀਵਨ ਅਨੁਭਵ ਨਾਲ ਸੰਬੰਧਿਤ ਹਨ ਅਤੇ ਜਿਸ ਕਿਸੇ ਨੇ ਵੀ ਮੇਰੀ ਉਸ ਸਮੇਂ ਦੀ ਮਾਨਸਿਕ ਹਾਲਤ ਨੂੰ ਜਾਣਨਾ ਹੋਵੇ, ਉਨ੍ਹਾਂ ਰਚਨਾਵਾਂ ਦਾ ਅਧਿਐਨ ਬਹੁਤ ਜ਼ਰੂਰੀ ਹੈ। ਇਹ ਸਰੀਰਕ ਸੰਕਟ ਨਾਲ ਜੁੜੇ ਮਾਨਸਿਕ ਸੰਤਾਪ ਦੀਆਂ ਡੂੰਘਾਈਆਂ ਵਿਚੋਂ ਉਭਰਨ ਦੀ ਮਾਨਸਿਕ ਪ੍ਰਕਿਰਿਆ ਦੀ ਸਾਖੀ ਭਰਨ ਵਾਲੀਆਂ ਰਚਨਾਵਾਂ



Sri Satguru Jagjit Singh Ji eLibrary NamdhariElibrary@gmail.com

ਹਨ। ਨੇਤਰਹੀਣ ਹੋ ਜਾਣ ਨੇ ਮੇਰੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕੀਤਾ, ਕਿਹੜੀਆਂ ਕਿਹੜੀਆਂ ਚਿੰਤਾਵਾਂ ਨੇ ਮੈਨੂੰ ਆ ਘੇਰਿਆ ਅਤੇ ਕੌਣ-ਕੌਣ ਮੇਰੇ ਅੰਦਰ ਨਵੀਂ ਪ੍ਰੇਰਨਾ ਜਗਾਉਣ ਲਈ ਸਹਾਈ ਹੋਏ। ਉਸ ਸਮੇਂ ਇਹ ਮੇਰੇ ਲਈ ਵੱਡਾ ਸੱਚ ਤੇ ਯਥਾਰਥ ਸੀ ਅਤੇ ਹੁਣ ਮੇਰੇ ਲਈ ਪੁਨਰ ਅਵਲੋਕਣ ਦਾ ਰੌਚਿਕ ਵਿਸ਼ਾ, ਜਿਸ ਵਿਚ ਹੁਣ ਉਹ ਸੰਤਾਪ ਨਹੀਂ ਸਗੋਂ ਵਿਵੇਕਸ਼ੀਲ ਜਗਿਆਸਾ ਹੈ। ਕਾਫੀ ਸਮੇਂ ਪਿਛੋਂ ਛੱਤੀ ਅੰਮ੍ਰਿਤ ਦੇ ਗੀਤ ਲਿਖੇ ਗਏ ਸਨ। ਇਸ ਦਾ ਮੁਖ ਪ੍ਰੇਰਨਾ ਬਿੰਦੂ ਤਾਂ ਮੇਰੇ ਪ੍ਰੇਮ ਦਾ ਨੁਕਤਾ ਸੀ ਅਤੇ ਇਸ ਵਿਚ ਛੱਤੀ ਦਾ ਅੰਕ ਵਿਸ਼ੇਸ਼ ਪ੍ਰਤੀਕ ਮਾਤਰ ਹੈ, ਜੋ ਇਸ ਕੁੰਜੀ ਦੁਆਰਾ ਮੇਰੇ ਅੰਦਰਲੇ ਦੇ ਭਿਤ ਖੋਲ੍ਹ ਸਕਦਾ ਹੈ। ਪਾਠਕਾਂ ਨੂੰ ਉਸ ਯਥਾਰਥ ਬੋਧ ਦਾ ਗਿਆਨ ਹੋ ਜਾਵੇਗਾ, ਜਿਸ ਦੀ ਧਰਾਤਲ ਉਤੇ ਮੈਂ ਉਸ ਸਮੇਂ ਖੜਾ ਸਾਂ।

ਮੇਰਾ ਨਾਵਲ ਵਾਰਡ ਨੰ. 10 ਮੇਰੀ ਉਸ ਸਮੇਂ ਤਕ ਦੀ ਸਭ ਤੋਂ ਪ੍ਰਮੁੱਖ ਤੇ ਸ੍ਰੇਸ਼ਟ ਰਚਨਾ ਹੈ ਜਿਸ ਵਿਚ ਮੇਰੇ ਜੀਵਨ ਦੇ ਸਤਾਰ੍ਹਾਂ ਸਾਲ (1947-64) ਅਤੇ ਨਹਿਰੂ ਯੁੱਗ ਦੇ ਸਤਾਰ੍ਹਾਂ ਸਾਲ ਅੰਤਰਮੁਖੀ ਤੇ ਬਾਹਰਮੁਖੀ ਸੱਚ ਦੇ ਰੂਪ ਵਿਚ ਪਰਸਪਰ ਰੂਪ ਵਿਚ ਇਕਸੁਰ ਹਨ। ਪੁਸ਼ਪਬਨ ਤਾਂ ਇਕ ਆਦਰਸ਼ ਸੰਕਲਪ ਹੈ, ਜੋ ਮੇਰੇ ਸੰਵੇਦਨਸ਼ੀਲ ਆਪੇ ਦਾ ਸੂਖਮ ਬਾਹਰਮੁਖੀ ਸਰੂਪ ਹੈ। ਨਿਰਸੰਦੇਹ ਇਹ ਦੋਵੇਂ ਨਾਵਲ ਸ੍ਵੈ -ਜੀਵਨੀ ਮੂਲਕ ਰਚਨਾਵਾਂ ਹੈ। ਇਨ੍ਹਾਂ ਨਾਵਲਾਂ ਦੇ ਨਾਇਕ ਧਰਮਪਾਲ ਅਤੇ ਧਨਵੰਤ ਸਿੰਘ ਮੈਂ ਆਪ ਹੀ ਹਾਂ ਜਿਸ ਵਿਚ ਮੇਰਾ ਵਿਅਕਤੀਤਵ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਇਕ ਮੇਰਾ ਨਿਜ ਆਪਾ ਹੈ ਅਤੇ ਦੂਜਾ ਮੇਰਾ ਸਾਹਿਤਕ ਆਪਾ। ਸੀ.ਐਮ.ਸੀ. ਹਸਪਤਾਲ ਦੇ ਵਾਰਡ ਨੰ 10 ਦੇ 13 ਬਿਸਤਰਿਆਂ ਵਾਲੇ ਕਮਰੇ ਤੋਂ ਨਾਵਲ ਦੇ ਬਿਰਤਾਂਤ ਨੂੰ ਬਾਹਰ ਨਾ ਜਾਣ ਦੇ ਕੇ ਇਸ ਦੀ ਖਿੜਕੀ ਰਾਹੀਂ ਸਾਰੇ ਭਾਰਤੀ ਅਤੇ ਵਿਸ਼ਵ ਵਿਆਪੀ ਵਰਤਾਰੇ ਨੂੰ ਜੋੜ ਜਾਣਾ ਇਸ ਦਾ ਸਹਿਜ ਕਮਾਲ ਹੈ। ਮਿਸ਼ਨ ਹਸਪਤਾਲ ਦੀ ਰੋਗੀਆਂ ਪ੍ਰਤੀ ਸਮਰਪਿਤ ਸੇਵਾ ਭਾਵਨਾ ਅਤੇ ਈਸਾ ਜੀ ਦੀ ਕਰੁਣਾ ਭਰਪੂਰ ਭਾਵਨਾ ਵਿਅਕਤੀਤਵ ਦੀ ਛਾਪ ਇਸ ਨਾਵਲ ਦੇ ਸਮੁੱਚੇ ਵਾਤਾਵਰਣ ਉਤੇ ਵਿਦਮਾਨ ਹੈ। ਧਰਮਪਾਲ ਤੇ ਸੰਤੋਸ਼, ਧਨਵੰਤ ਸਿੰਘ ਤੇ ਰਜਨੀ ਦੁੱਗਲ ਇਸ ਦੇ ਵਿਸ਼ੇਸ਼ ਪਾਤਰ ਹਨ, ਜਿਨ੍ਹਾਂ ਵਿਚੋਂ ਦੰਪਤੀ ਜੀਵਨ ਦੇ ਯਥਾਰਥ ਅਤੇ ਪ੍ਰੇਮ ਆਦਰਸ਼ ਦੀ ਭਿੰਨੀ ਮਹਿਕ ਨੂੰ ਜਾਣਿਆਂ ਜਾ ਸਕਦਾ ਹੈ। ਭੌਤਿਕ ਯਥਾਰਥ ਤੇ ਸੂਖਮ ਆਦਰਸ਼ਵਾਦੀ ਅਧਿਆਤਮਕਤਾ ਦਾ ਸੰਜੋਗ ਜੋ ਮੇਰੇ ਸਾਹਿਤਕ ਵਿਅਕਤੀਤਵ ਦੀ ਖ਼ਾਸ ਪਛਾਣ ਹੈ, ਮੇਰੇ ਦੋਵਾਂ ਨਾਵਲਾਂ ਵਿਚੋਂ ਦੇਖੇ ਜਾ ਸਕਦੇ ਹਨ। ਆਮ ਤੌਰ ਤੇ ਸਮਾਲੋਚਕ ਮੇਰੇ ਨਿਗੁਣੇ ਆਪੇ ਨੂੰ ਅੰਗ੍ਰੇਜ਼ੀ ਕਵੀ ਜੌਹਨ ਮਿਲਟਨ ਦੇ ਵਿਰਾਟ ਆਪੇ ਨਾਲ ਜਾ ਜੋੜਦੇ ਹਨ।

ਮੈਨੂੰ ਆਪਣੇ ਲਘੂਤਵ ਦਾ ਪੂਰਨ ਅਹਿਸਾਸ ਹੈ, ਪਰ ਮੈਂ ਇਸ ਨੂੰ ਵੀ



Sri Satguru Jagjit Singh Ji eLibrary NamdhariElibrary@gmail.com

ਅਣੂਉਚਿਤ ਨਹੀਂ ਮੰਨਦਾ ਕਿ ਵਾਰਡ ਨੰ. 10 ਤਾਂ ਮੇਰਾ ਗੁਆਚਿਆ ਸਵਰਗ ਹੈ ਅਤੇ ਪੁਸ਼ਪਬਨ ਸਵਰਗ ਦੀ ਪੁਨਰ ਪ੍ਰਾਪਤੀ। ਇਨ੍ਹਾਂ ਦੋਹਾਂ ਨਾਵਲਾਂ ਦੇ ਪਾਤਰ 80 ਫੀਸਦੀ ਜੀਵਨ ਦੇ ਯਥਾਰਥ ਵਿਚੋਂ ਲਏ ਗਏ ਹਨ। ਉਨ੍ਹਾਂ ਦੇ ਨਾਵਾਂ, ਥਾਵਾਂ ਨੂੰ ਵੀ ਨਹੀਂ ਬਦਲਿਆ ਗਿਆ ਸਗੋਂ ਪੁਸ਼ਪਬਨ ਦੇ ਕਿਰਪਾਲ ਸਿੰਘ ਕਸੇਲ ਦੇ ਰੂਪ ਵਿਚ ਮੇਰੇ ਜੀਵਨ ਦਾ ਤੀਜਾ ਯਥਾਰਥਕ ਪੱਖ ਵੀ ਆ ਜੁੜਿਆ ਹੈ। ਵਾਰਡ ਨੰ. 10 ਵਿਚ ਮੇਰੇ ਮੁਖ ਪਾਤਰ ਇਕੱਲੇ ਸਨ ਅਤੇ ਪ੍ਰਭੂ ਦੀ ਮਿਹਰ ਲਈ ਤਾਂਘਦੇ ਸਨ, ਪਰ ਪੁਸ਼ਪਬਨ ਵਿਚ ਉਹ ਇੱਕਲੇ ਨਾ ਰਹਿ ਕੇ ਨੇਤਰਹੀਣਾਂ ਦੇ ਇਕ ਸਮੂਹ ਦਾ ਭਾਗ ਬਣ ਗਏ ਹਨ, ਜਿਨ੍ਹਾਂ ਦਾ ਉਦੇਸ਼ ਅਜਿਹੀ ਨਜ਼ਰੋਂ ਵਿਹੂਣੀ ਅਵਸਥਾ ਵਿਚ ਆਪਣੇ ਲਈ ਅਤੇ ਆਪਣੇ ਵਰਗੇ ਕਈ ਹੋਰਾਂ ਲਈ ਕੁਝ ਕਰ ਗੁਜ਼ਰਨ ਦੀ ਲਾਲਸਾ ਉਤਪੰਨ ਹੋ ਜਾਂਦੀ ਹੈ। ਅਜਿਹੀ ਪ੍ਰਕਿਰਿਆ ਮਨੁੱਖ ਨੂੰ ਜੀਵਨ ਤੇ ਮੁਢਲੇ ਯਥਾਰਥ ਤੋਂ ਉਸ ਦੇ ਪੈਰਾਂ ਨੂੰ ਉਖੜਨ ਨਹੀਂ ਦਿੰਦੀ ਸਗੋਂ ਮਨੁੱਖਤਾ ਦੇ ਭਲੇ ਲਈ ਕੀਤੇ ਜਾਣ ਵਾਲੇ ਕਲਿਆਣਕਾਰੀ ਕਰਮਾਂ ਨਾਲ ਜਾ ਜੋੜਦੀ ਹੈ। ਇੰਦਰ ਧਨੁਸ਼ ਨਾਲ ਮੇਰੀ ਦਾਰਸ਼ਨਿਕ ਸੋਚ ਤੇ ਜੀਵਨ ਆਦਰਸ਼ਾਂ ਨੇ ਨਵੀਂ ਅੰਗੜਾਈ ਲਈ ਅਤੇ ਮੇਰੇ ਲਈ ਨਵੇਂ ਦਰ ਖੋਲ੍ਹ ਦਿਤੇ।

ਮੇਰੇ ਕੁਝ ਮਿੱਤਰਾਂ, ਸਹਾਇਕਾਂ ਅਤੇ ਸੁਹਿਰਦ ਸਰਪ੍ਰਸਤਾਂ ਨੇ ਮੈਨੂੰ ਰੁਜ਼ਗਾਰ ਨਾਲ ਮੁੜ ਜੋੜ ਦਿਤਾ। ਸੱਚ ਅਤੇ ਕੌੜਾ ਯਥਾਰਥ ਤਾਂ ਇਹ ਹੈ ਕਿ ਵਰਤਮਾਨ ਪੂੰਜੀਵਾਦੀ ਆਰਥਿਕ ਵਿਵਸਥਾ ਵਿਚ ਆਰਥਿਕ ਮਜਬੂਰੀ ਅਤੇ ਆਰਥਿਕ ਸੁਰੱਖਿਆ ਸਭ ਤੋਂ ਵੱਡਾ ਸਾਧਨ ਹੈ, ਜੋ ਮਨੁੱਖ ਦੀ ਪਦਾਰਥਕ, ਮਾਨਸਿਕ ਤੇ ਬੌਧਿਕ ਹੋਂਦ ਨੂੰ ਕਾਇਮ ਰਖਣ ਲਈ ਜ਼ਰੂਰੀ ਹੈ।

ਮੈਂ ਮੁੜ ਸਾਹਿਤਕ ਕਾਰਜਾਂ ਨਾਲ ਆ ਜੁੜਿਆ। ਖੋਜ ਅਧਿਐਨ ਤੇ ਅਧਿਆਪਨ ਜੋ ਮੇਰੇ ਕਿੱਤੇ ਦੇ ਮੂਲ ਅੰਸ਼ ਸਨ, ਮੈਨੂੰ ਮੁੜ ਪ੍ਰਾਪਤ ਹੋ ਗਏ। ਭਾਸ਼ਾ ਵਿਭਾਗ ਵਿਚ ਪੁਨਰਵਾਸ ਪ੍ਰਾਪਤ ਕਰਕੇ ਮੈਂ ਉਪਜੀਵਕਾ ਦੇ ਸਾਧਨਾਂ ਵਜੋਂ ਸਾਹਿਤਕ ਕਾਰਜ ਕੀਤੇ, ਪਰ ਪੰਜਾਬੀ ਯੂਨੀਵਰਸਿਟੀ ਵਲੋਂ ਮੈਨੂੰ ਪ੍ਰੋ. ਪੂਰਨ ਸਿੰਘ ਦੇ ਸੰਬੰਧ ਵਿਚ ਸੌਂਪੇ ਗਏ ਕਾਰਜ ਜਿਨ੍ਹਾਂ ਦਾ ਵਿਸਥਾਰ ਮੈਂ ਮੁੜ ਆਪਣੇ ਯਤਨਾਂ ਨਾਲ ਕਰ ਲਿਆ, ਮੇਰੇ ਲਈ ਇਕ ਨਵੇਂ ਜੀਵਨ ਮਾਰਗ ਦੇ ਵਿਸ਼ਾਲ ਦਰ ਖੁਲ੍ਹਣ ਸਮਾਨ ਸੀ। ਮੈਂ ਪੰਜਾਬ ਅਤੇ ਭਾਰਤ ਤੋਂ ਇਕ ਅਜਿਹੇ ਵਿਸ਼ਵ ਵਿਆਪੀ ਪ੍ਰੋ. ਪੂਰਨ ਸਿੰਘ ਦੇ ਨਿਰੋਲ ਅਧਿਆਤਮਿਕ ਸੰਸਾਰ ਨਾਲ ਜਾ ਜੁੜਿਆ, ਜੋ ਪ੍ਰੋ. ਪੂਰਨ ਸਿੰਘ ਦੇ ਮਤ ਅਨੁਸਾਰ 20ਵੀਂ ਸਦੀ ਤੋਂ ਆਗਾਮੀ ਭਵਿਖਾਰਥੀ ਸਮਾਜ ਦੀ ਕਲਪਨਾ ਕਰਦਾ ਸੀ। ਜਿਉਂ ਜਿਉਂ ਮੈਂ ਇਸ ਮੰਡਲ ਵਿਚ ਪ੍ਰਵੇਸ਼ ਕੀਤਾ ਤਿਉਂ ਤਿਉਂ ਮੈਨੂੰ ਹੋਰ ਉਤਸ਼ਾਹ ਤੇ ਪ੍ਰੇਰਨਾ ਮਿਲਦੇ ਗਏ। ਮੈਂ ਇਸ ਮਹਾਨ ਆਤਮਾ ਦੀ ਸੰਗਤ ਵਿਚ ਨਵੇਂ



Sri Satguru Jagjit Singh Ji eLibrary NamdhariElibrary@gmail.com

ਰਹੱਸਵਾਦੀ ਅਨੁਭਵਾਂ ਨਾਲ ਜਾ ਜੁੜਿਆ। ਪ੍ਰੋ. ਪੂਰਨ ਸਿੰਘ ਸਿੱਖਾਂ ਵਿਚੋਂ ਪੂਰਨ ਸਿੱਖ ਅਤੇ ਅਧਿਆਤਮਕ ਆਚਾਰੀਆਂ ਵਿਚੋਂ ਮਹਾਨ ਗੁਰਮਤਿ ਆਚਾਰੀਆ ਤੇ ਨਵ-ਅਧਿਆਤਮਵਾਦੀ, ਆਦਰਸ਼ ਵਿਅਕਤੀਤਵ ਦੇ ਧਾਰਨੀ ਅਤੇ ਮਹਾਂ ਕਵੀ ਸਨ।20ਵੀਂ ਸਦੀ ਵਿਚ ਪੰਜਾਬ ਵਿਚ ਉਸ ਤੋਂ ਵੱਡਾ ਕੋਈ ਕਵੀ ਜਾਂ ਸਾਹਿਤਕਾਰ ਨਹੀਂ ਹੈ।ਮੈਂ ਉਸ ਦੇ ਮਹਾਨ ਵਿਅਕਤੀਤਵ ਤੋਂ ਪ੍ਰੇਰਨਾ ਲੈ ਕੇ ਉਸ ਦੀ ਪ੍ਰਤਿਭਾ ਦਾ ਆਪਣੀ ਤੁੱਛ ਬੁੱਧੀ ਅਤੇ ਨਿਮਰਤਾ ਸਹਿਤ ਉਸ ਦੀਆਂ ਕਾਵਿ ਉਡਾਰਿਆਂ ਦੀ ਥਾਹ ਪਾਈ ਹੈ ਅਤੇ ਸੰਭਵ ਹੈ ਕਿ ਭਵਿਖ ਵਿਚ ਉਸ ਬਾਰੇ ਚਰਚਾ ਅੱਜ ਨਾਲੋਂ ਵਧੇਰੇ ਹੋ ਸਕੇ ਅਤੇ ਪੰਜਾਬ ਦੇ ਇਸ ਟੈਗੋਰ ਨੂੰ ਬੰਗਲਾ ਭਾਸ਼ੀ ਲੋਕਾਂ ਦੇ ਪ੍ਰੇਮ ਸਮਾਨ ਆਪਣੇ ਦਿਲਾਂ ਵਿਚ ਪੰਜਾਬ ਦੇ ਲੋਕ ਵੀ ਉਸ ਨੂੰ ਢੁਕਵਾਂ ਸਥਾਨ ਦੇ ਸਕਣ।

ਮੇਰਾ ਦੂਜਾ ਕਰਮ ਖੇਤਰ ਗ਼ਦਰ ਪਾਰਟੀ ਲਹਿਰ ਦੇ ਸਾਹਿਤ ਅਤੇ ਵਿਸ਼ੇਸ਼ ਕਰਕੇ ਸ. ਕੇਸਰ ਸਿੰਘ ਨਾਵਲਕਾਰ ਦੀਆਂ ਰਚਨਾਵਾਂ ਨਾਲ ਜੁੜਦਾ ਹੈ। ਜੇ ਪ੍ਰੋ. ਪੂਰਨ ਸਿੰਘ ਨੇ ਪੰਜਾਬ ਦੇ ਅਧਿਆਤਮਕ ਮੰਡਲ ਨੂੰ ਰੌਸ਼ਨ ਕੀਤਾ ਹੈ ਤਾਂ ਗਿਆਨੀ ਕੇਸਰ ਸਿੰਘ ਦੇ ਰੂਪ ਵਿਚ ਅਸੀਂ ਉਸ ਦੇ ਸਾਹਿਤ ਵਿਚੋਂ ਪੰਜਾਬ ਦੇ ਇਤਿਹਾਸਕ ਕ੍ਰਾਂਤੀਕਾਰੀ ਵਿਰਸੇ ਨੂੰ ਜਾਣ ਸਕਦੇ ਹਾਂ, ਜਿਸ ਦੇ ਗੌਰਵ ਤੋਂ ਹੁਣ ਤੂਕ ਅਸੀਂ ਬੇਪਛਾਣ ਰਹੇ ਹਾਂ। ਮੇਰਾ ਅਗਲਾ ਵੱਡਾ ਲਖ਼ਸ਼ ਪੰਜਾਬੀ ਸਾਹਿਤ ਦੇ ਇਤਿਹਾਸਕ ਬੋਧ ਨੂੰ ਵਿਗਿਆਨਕ ਲੀਹਾਂ ਉਤੇ ਖੜਾ ਕਰਨਾ ਸੀ। ਇਸ ਬੰਨੇ ਵੀ ਮੇਰੇ ਯਤਨ ਕਦਮ-ਬ-ਕਦਮ ਅਗੇ ਵਧਦੇ ਰਹੇ ਹਨ। ਪੰਜਾਬੀ ਸਾਹਿਤ ਦਾ ਇਕ ਹਜ਼ਾਰ ਸਾਲ ਪੁਰਾਣਾ ਨਿਗਰ ਇਤਿਹਾਸ ਤੇ ਸ਼ਾਨਦਾਰ ਵਿਰਸਾ ਹੈ। ਵਰਤਮਾਨ ਯੁੱਗ ਦੀਆਂ ਸਹੂਲਤਾਂ ਨੇ ਇਸ ਕਾਰਜ ਨੂੰ ਹੋਰ ਵੀ ਸੁਗਮ ਬਣਾ ਦਿਤਾ ਹੈ। ਵਿਸ਼ਵੀਕਰਨ ਤੇ ਗਲੋਬਲ ਪਿੰਡ ਤੋਂ ਡਰਨ ਦੀ ਲੋੜ ਨਹੀਂ ਹੈ, ਸਗੋਂ ਵਰਤਮਾਨ ਯੁੱਗ ਦੀਆਂ ਪ੍ਰਾਪਤ ਸਹੂਲਤਾਂ ਕੰਮਪਿਊਟਰੀਕਰਨ ਅਤੇ ਇੰਟਰਨੈਟ ਨੂੰ ਨਿਯੰਤ੍ਰਣ ਵਿਚ ਰਖ ਕੇ ਉਸ ਤੋਂ ਪੂਰਾ ਪੂਰਾ ਲਾਭ ਉਠਾਉਣ ਦੀ ਲੋੜ ਹੈ।

ਪਰ ਵੱਡੇ ਸ਼ੋਕ ਦੀ ਗੱਲ ਇਹੋ ਹੈ ਕਿ ਪੰਜਾਬ ਦੀ ਜਨਤਾ, ਪੰਜਾਬੀ ਰਾਸ਼ਟਰੀਅਤਾ, ਪੰਜਾਬੀ ਸਭਿਆਚਾਰ ਦਾ ਸ਼ੋਰ ਤੂੰ ਮਚਾਉਂਦੀ ਹੈ, ਪਰ ਪੰਜਾਬੀ ਭਾਸ਼ਾ ਦੇ ਸਾਹਿਤ ਦੀ ਮਹੱਤਤਾ ਤੇ ਇਸ ਦੇ ਗੌਰਵ ਤੋਂ ਪੂਰੀ ਤਰ੍ਹਾਂ ਜਾਣੂੰ ਤੇ ਸੁਚੇਤ ਨਹੀਂ ਹੈ। ਪੰਜਾਬ ਦੇ ਬੁਧੀਜੀਵੀਆਂ ਦਾ ਵਡੇਰਾ ਭਾਗ ਡਾਲਰ ਅਤੇ ਪੌਂਡ ਦੀ ਚਕਾਚੌਂਧ ਕਰ ਦੇਣ ਵਾਲੀ ਲਾਲਸਾ ਦਾ ਪੂਰੀ ਤਰ੍ਹਾਂ ਸ਼ਿਕਾਰ ਹੋ ਚੁਕਾ ਹੈ। ਵਿਰਲੇ ਵਿਰਲੇ ਹੀ ਆਪਣੇ ਸਭਿਆਚਾਰ ਤੇ ਸਾਹਿਤਕ ਪਰੰਪਰਾ ਬਾਰੇ ਸੁਚੇਤ ਹਨ। ਬਹੁਤੇ ਆਪਣੇ ਜ਼ਿੰਮੇ ਆਈ ਵੱਡੀ ਭੂਮਿਕਾ ਤੋਂ ਅਵੇਸਲੇ ਬੈਠੇ ਹਨ। ਲੋੜ ਹੈ ਕਿ ਅਸੀਂ ਸਾਰੇ ਪੰਜਾਬੀ ਸਾਵਧਾਨ ਹੋਈਏ ਅਤੇ ਪੰਜਾਬੀ ਭਾਸ਼ਾ ਦੀ ਸਮਰੱਥਾ ਅਤੇ ਮਾਤ ਭਾਸ਼ਾ ਦੇ



Sri Satguru Jagjit Singh Ji eLibrary NamdhariElibrary@gmail.com

ਅਦੁਤੀ ਗੌਰਵ ਤੋਂ ਜਾਣੂ ਹੋਈਏ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਭਾਰਤੀ ਭਾਸ਼ਾਵਾਂ ਦੀ ਸੁਰਖਿਆ ਲਈ ਹੋਕਾ ਦੇ ਦਿੱਤਾ ਸੀ ਅਤੇ 'ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ' ਨਾਅਰਾ ਲਾਇਆ ਸੀ, ਜਿਹੜਾ ਸਾਮਰਾਜਵਾਦੀ ਲੁਕਵਾਂ ਹੱਲਾ ਅੱਜ ਸਾਡੀਆਂ ਰਾਸ਼ਟਰੀ ਭਾਸ਼ਾਵਾਂ ਤੇ ਹੋ ਰਿਹਾ ਹੈ, ਉਸ ਨੂੰ ਇਕਮੁੱਠ ਹੋ ਕੇ ਰੋਕੀਏ ਅਤੇ ਆਪਣੀ ਕੌਮੀ ਭਾਸ਼ਾਵਾਂ ਨੂੰ ਬਲੀ ਦਾ ਬਕਰਾ ਨਾ ਬਣਨ ਦੇਈਏ। ਕਿਸੇ ਦੇਸ਼ ਦੀ ਭਾਸ਼ਾ ਉਸ ਦੀ ਲਿਪੀ ਤੋਂ ਟੁੱਟਣ ਨਾਲ ਉਸ ਭਾਸ਼ਾ ਨੂੰ ਬੋਲਣ ਵਾਲੇ ਲੋਕਾਂ ਦਾ ਕੌਮੀ ਚਰਿਤਰ ਹੀ ਨਹੀਂ ਰਹਿੰਦਾ ਸਗੋਂ ਹਵਾ ਵਿਚ ਲਟਕਦੇ ਤ੍ਰਿਸ਼ੰਕੂ ਸਮਾਨ ਨਾ ਉਹ ਘਰ ਦੇ ਰਹਿੰਦੇ ਹਨ ਤੇ ਨਾ ਘਾਟ ਦੇ। ਵਿਦੇਸ਼ੀ ਸਾਮਰਾਜਵਾਦੀ ਭੂਤ, ਗੁਪਤ, ਪ੍ਰਗਟ ਰੂਪ ਵਿਚ ਘਟ ਵਿਕਸਤ ਦੇਸ਼ਾਂ ਤੇ ਕੌਮੀ ਸਭਿਆਚਾਰਾਂ ਦਾ ਮਲੀਆਮੇਟ ਕਰਨ ਉਤੇ ਤੁਲਿਆ ਹੋਇਆ ਹੈ। ਆਪਣੀ ਮਾਤ ਭਾਸ਼ਾ ਦੀ ਰਖਿਆ ਅਤੇ ਇਸ ਦੇ ਵਿਕਾਸ ਉਤੇ ਪਹਿਰਾ ਦੇਣਾ ਇਸ ਦੀ ਸਰਬਪੱਖੀ ਵਰਤੋਂ ਕਰਨਾ ਸਾਡਾ ਮੁਖ ਧਰਮ, ਕਰਮ, ਜੀਵਨ ਲਖ਼ਸ਼ ਅਤੇ ਕਰਤੱਵ ਹੋਣਾ ਚਾਹੀਦਾ ਹੈ।

ਆਓ, ਅਸੀਂ ਰਲ ਕੇ ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਦੀ ਸਨਾਤਨ ਸੰਸਕ੍ਰਿਤੀ ਅਤੇ ਤਿੰਨ ਬਾਬਿਆਂ ਬਾਬਾ ਗੋਰਖ ਨਾਥ, ਬਾਬਾ ਫਰੀਦ ਸ਼ੰਕਰਗੰਜ ਅਤੇ ਬਾਬਾ ਗੁਰੂ ਨਾਨਕ ਦੇਵ ਜੀ ਦੀ ਸੰਸਕ੍ਰਿਤੀ ਨੂੰ ਕਾਇਮ ਰਖਦੇ ਹੋਏ ਪੱਛਮ ਦੀ ਉਦਯੋਗਿਕ, ਵਿਗਿਆਨਕ ਤੇ ਬੌਧਿਕ ਪ੍ਰਾਪਤੀਆਂ ਤੋਂ ਵੱਧ ਤੋਂ ਵੱਧ ਲਾਭ ਉਠਾਉਂਦੇ ਹੋਏ ਆਪਣੇ ਦੇਸ਼ ਦੀ ਸਭਿਅਤਾ ਅਤੇ ਸੰਸਕ੍ਰਿਤੀ ਨੂੰ ਯੁਗਾਂ ਅਨੁਕੂਲ ਨਵੀਂ ਨੁਹਾਰ ਦੇਣ ਦਾ ਯਤਨ ਕਰੀਏ। ਮਾਂਗਵੇਂ ਖੰਭ ਮਾਂਗਵੇਂ ਹੀ ਹੁੰਦੇ ਹਨ। ਲੋੜ ਹੈ ਆਪਣੇ ਅਸਲੀ ਭਾਰਤੀ ਸਰੂਪ ਨੂੰ ਵਿਸ਼ਵ ਵਿਆਪੀ ਨੁਹਾਰ ਵਿਚ ਨਿਖ਼ਾਰ ਕੇ ਇਸ ਦੀ ਪਛਾਣ ਦਾ ਉਚਾ ਨਿਸ਼ਾਨ ਆਪਣੀਆਂ ਭਾਰਤੀ ਭਾਸ਼ਾਵਾਂ ਦੁਆਰਾ ਉਜਾਗਰ ਕਰੀਏ। ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਸੰਸਾਰ ਦਾ ਸਭ ਤੋਂ ਪਹਿਲਾ ਭਾਸ਼ਾ ਵਿਗਿਆਨੀ ਤੇ ਵਿਆਕਰਣ ਆਚਾਰੀਆ ਜਿਸ ਨੇ ਅਸ਼ਟ ਅਧਿਆਇ ਨੂੰ ਸੁਨਿਸ਼ਚਿਤ ਕੀਤਾ ਹੈ, ਉਹ ਤਕਸ਼ਲਾ ਦਾ ਮਹਾਨ ਵਿਦਵਾਨ ਪਾਣਨੀ ਸੀ। ਹਜ਼ਾਰਾਂ ਸਾਲਾਂ ਦੀ ਇਸ ਉਚ ਕੋਟੀ ਦੀ ਸਾਹਿਤਕ ਸੰਸਕ੍ਰਿਤੀ ਅਤੇ ਬਹੁ ਭਾਸ਼ਾਈ ਭਾਰਤੀ ਸਾਹਿਤਕ ਖ਼ਜ਼ਾਨੇ ਤੋਂ ਦੂਰ ਚਲੇ ਜਾਣਾ ਅਤੇ ਇਸ ਵਲੋਂ ਪਿੱਠ ਮੋੜ ਲੈਣੀ, ਕਿੰਨੀ ਵਡੀ ਮੂਰਖਤਾ ਹੋਵੇਗੀ। ਅਸੀਂ ਪੂਰਬੀ ਦੇਸ਼ਾਂ ਦੇ ਸਾਹਿਤਕ ਸਭਿਆਚਾਰ ਅਤੇ ਵਿਸ਼ੇਸ਼ ਕਰਕੇ ਏਸ਼ੀਆਈ ਰਹਸਵਾਦ ਦੀ ਵਿਸ਼ਾਲ ਅਧਿਆਤਮਕ ਤੇ ਸਾਹਿਤਕ ਪਰੰਪਰਾ ਨੂੰ ਕਿਵੇਂ ਭੁਲਾ ਸਕਦੇ ਹਾਂ, ਜਿਸ ਵਿਚ ਸਾਮੀ, ਈਰਾਨੀ ਅਤੇ ਭਾਰਤੀ ਸਾਹਿਤ ਤੋਂ ਬਿਨਾਂ ਚੀਨੀ ਅਤੇ ਜਾਪਾਨੀ ਸਾਹਿਤਕ ਸੰਸਕ੍ਰਿਤੀਆਂ ਵੀ ਆ ਰਲਦੀਆਂ



Sri Satguru Jagjit Singh Ji eLibrary NamdhariElibrary@gmail.com

ਹਨ। ਏਸ਼ੀਆ ਮਹਾਦੀਪ ਦਾ ਇਹ ਇਕ ਵਿਸ਼ਾਲ ਖ਼ਜ਼ਾਨਾ ਹੈ ਜੋ ਦਾਰਸ਼ਨਿਕ ਚਿੰਤਨ ਅਤੇ ਕਲਾਤਮਕ ਸੁਹਜ ਦੇ ਚਿਲਮਿਲਾਂਦੇ ਹੀਰੇ ਪੰਨਿਆਂ, ਮੋਤੀ ਮਾਣਕਾਂ ਅਤੇ ਅਮੋਲਕ ਰਤਨਾਂ ਦਾ ਵਿਸ਼ਾਲ ਭੰਡਾਰ ਹੈ। ਨਾ ਹੀ ਅਸੀਂ ਪੱਛਮ ਵਰਗੇ ਪਦਾਰਥਵਾਦੀ ਹਾਂ, ਨਾ ਹੀ ਉਨ੍ਹਾਂ ਵਰਗੇ ਉਪਭੋਗਤਾਵਾਦੀ। ਸਾਡਾ ਸਾਹਿਤ ਤਾਂ ਮਨੁੱਖ ਮਾਤਰ ਦੇ ਆਤਮਿਕ ਵਿਕਾਸ ਨਾਲ ਓਤ-ਪ੍ਰੋਤ ਹੈ ਅਤੇ 'ਸਤਿਅਮ ਸ਼ਿਵਮ ਸੁੰਦਰਮ' ਦੇ ਮਹਾਨ ਲਖ਼ਸ਼ਾਂ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ 'ਵਸੁਦੇਵ ਕੁਟੰਬਤਮ' ਦੇ ਸੰਕਲਪ ਨਾਲ ਵੀ ਜੁੜਿਆ ਹੋਇਆ ਹੈ ਜਿਸ ਦਾ ਭਾਵ ਹੈ 'ਸਗਲੀ ਧਰਤੀ ਹਰੀ ਭਰੀ ਰਹੇ, ਸਭ ਜੀਵ-ਜੰਤ ਅਤੇ ਮਨੁੱਖੀ ਸਮੂਹ ਸੁਖ ਸ਼ਾਂਤੀ ਤੇ ਪ੍ਰੇਮ ਦੇ ਭਾਈਚਾਰੇ ਵਿਚ ਵਿਚਰਨ। ਜੰਗਾਂ, ਯੁੱਧਾਂ ਦਾ ਅੰਤ ਹੋਵੇ ਅਤੇ ਸੰਸਾਰ ਵਿਚ ਸਦੀਵੀ ਅਮਨ ਸਥਾਪਿਤ ਹੋਵੇ। ਕਿਸੇ ਵੀ ਅੱਖ ਵਿਚ ਹੰਝੂ ਨਾ ਰਹਿਣ। ਸਭ ਦਾ ਦਰਦ ਸਾਂਝਾ ਹੋਵੇ। ਹਰ ਇਕ ਨੂੰ ਨਿਆਂ ਮਿਲੇ। ਕਿਸੇ ਦਾ ਸ਼ੋਸ਼ਣ ਨਾ ਹੋ ਸਕੇ।' ਸਾਡੇ ਦੇਸ਼ ਦਾ ਇਕ ਮਹਾਂ ਮੰਤਰ ਹੈ ਓਮ ਸ਼ਾਂਤੀ ਸ਼ਾਂਤੀ ਸ਼ਾਂਤੀ। ਓਮ ਸ਼ਿਵ ਸ਼ਿਵ ਸ਼ਿਵ। ਗੁਰੂ ਨਾਨਕ ਦੇ ਨਾਮ ਲੇਵਾ ਵੀ ਆਪਣੀ ਅਰਦਾਸ ਵਿਚ ਸਰਬੱਤ ਦੇ ਭਲੇ ਨੂੰ ਚਿਤਵਦੇ ਹਨ।



Sri Satguru Jagjit Singh Ji eLibrary NamdhariElibrary@gmail.com

# ਮੁੰਦਾਵਨੀ

ਮੈਂ ਆਪਣੇ ਜੀਵਨ ਦੀ ਪੌਣੀ ਸਦੀ ਦੇ ਸਫ਼ਰ ਨੂੰ ਸੰਖੇਪ ਰੂਪ ਵਿਚ ਬਿਆਨ ਕਰ ਦਿਤਾ ਹੈ।ਆਪਣੇ ਵਲੋਂ ਮੈਂ ਸੱਚ ਉਤੇ ਪਰਦਾ ਪਾਉਣ ਦਾ ਯਤਨ ਨਹੀਂ ਕੀਤਾ। ਜੇ ਅਜ ਮੈਂ ਆਪਣੇ ਜੀਵਨ ਦੇ ਕਿਸੇ ਅੰਸ਼ ਨੂੰ ਲੁਕਾਵਾਂਗਾ ਤਾਂ ਕਲ੍ਹ ਨੂੰ ਉਹ ਫਿਰ ਪ੍ਰਗਟ ਹੋ ਜਾਵੇਗਾ।ਆਪਣੀ ਸਾਰੀ ਆਯੂ ਵਿਚ ਜਦੋਂ ਤੋਂ ਮੈਂ ਹੋਸ਼ ਸੰਭਾਲੀ ਹੈ, ਇਹ ਯਤਨ ਕੀਤਾ ਹੈ ਕਿ ਮੇਰੇ ਕੋਲੋਂ ਕਿਸੇ ਦਾ ਚਿਤ ਨਾ ਦੁਖੇ, ਨਾ ਹੀ ਕਿਸੇ ਨਾਲ ਅਨਿਆਂ ਕਰਾਂ ਅਤੇ ਜੀਵਨ ਦਾ ਹਰ ਪਲ ਸਾਰਥਕ ਕਾਰਜ ਵਿਚ ਲਗਾ ਰਹੇ।ਬਾਵਾ ਬਲਵੰਤ ਦਾ ਕਥਨ ਹੈ - 'ਨਹੀਂ ਮੌਤ ਨੇ ਜੇ ਇਕ ਪਲ ਵੀ ਦੇਣਾ ਤਾਂ ਇਕ ਪਲ ਵੀ ਆਪਣਾ ਹੈ ਕਿਉਂ ਮੌਤ ਕਰਨਾ।' ਜੀਵਨ ਵਿਚ ਪ੍ਰੇਮ ਵੰਡੋ। ਨਫਰਤ ਤੇ ਘ੍ਰਿਣਾ ਨੂੰ ਦੂਰ ਕਰੋ। ਆਪਣੇ ਤੋਂ ਬਿਨਾਂ ਜੋ ਕੁਝ ਵੀ ਤੁਸੀਂ ਸਮਾਜਕ ਭਲਾਈ ਅਤੇ ਮਨੁੱਖੀ ਸਭਿੱਅਤਾ ਦੇ ਨਵ-ਵਿਕਾਸ ਤੇ ਪ੍ਰਗਤੀ ਲਈ ਕਰ ਸਕਦੇ ਹੋ, ਉਹ ਕਰੋ। ਸਵਾਮੀ ਰਾਮਤੀਰਥ ਦਾ ਕਥਨ ਹੈ - 'ਜੇ ਮਨੁੱਖ ਦੀ ਅੰਤਰਆਤਮਾ ਵਿਚ ਗਿਆਨ ਦਾ ਦੀਪਕ ਜਗ ਰਿਹਾ ਹੈ ਤਾਂ ਉਸ ਦਾ ਪ੍ਰਕਾਸ਼ ਭਾਵੇਂ ਕੁਝ ਗਜ਼ਾਂ ਤਕ ਹੀ ਜਾਂਦਾ ਹੈ, ਜਦੋਂ ਤੁਸੀਂ ਉਸ ਦੀਪਕ ਨੂੰ ਲੈ ਕੇ ਸੰਸਾਰ ਵਿਚ ਵਿਆਪਕ ਅੰਧਕਾਰ ਨੂੰ ਚੀਰਣ ਲਗ ਪਉਗੇ ਤਾਂ ਭਾਵੇਂ ਤੁਸੀਂ ਸਾਰੇ ਵਿਸ਼ਵ ਦਾ ਚਕਰ ਲਾ ਲਵੋ ਤਾਂ ਤੁਹਾਡਾ ਕੋਈ ਵੀ ਕਦਮ ਹਨੇਰੇ ਵਿਚ ਨਹੀਂ ਹੋਵੇਗਾ।

ਮੇਰੇਂ ਜੀਵਨ ਦੇ ਪਿਛਲੇ 45 ਸਾਲਾਂ ਵਿਚ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਰਹੀ ਹੈ। ਉਨ੍ਹਾਂ ਦੀ ਮਿਹਰ ਭਰੀ ਸਰਪ੍ਰਸਤੀ ਵਿਚ ਮੈਂ ਨੇਤਰਹੀਣਤਾ ਦੇ ਅੰਧਕਾਰ ਵਿਚ ਪੁਸਤਕ ਰੂਪ ਦੇ ਕਈ ਗਿਆਨ ਦੀਪ ਜਗਾਏ ਹਨ, ਜਿਨ੍ਹਾਂ ਦਾ ਪ੍ਰਕਾਸ਼ ਭਾਵੇਂ ਨਿਮਾ ਹੈ, ਪਰ ਹੈ ਉਹ ਉਨ੍ਹਾਂ ਦੇ ਬਖ਼ਸ਼ੇ ਹੋਏ ਗਿਆਨ



Sri Satguru Jagjit Singh Ji eLibrary NamdhariElibrary@gmail.com

ਅੰਜਨ ਦਾ ਹੀ ਚਾਨਣ। ਜੀਵਨ ਵਿਚ ਸਤਿਗੁਰੂ ਦੇ ਮਿਲਾਪ ਨਾਲ ਮਨੁੱਖੀ ਆਤਮਾ ਦਿਬ-ਦ੍ਰਿਸ਼ਟਿ ਹੋ ਜਾਂਦੀ ਹੈ। ਇਸ ਲਈ ਸਤਿਗੁਰੂ ਜੀ ਦਾ ਕੋਟ ਕੋਟਾਨ ਧੰਨਵਾਦ ਹੈ ਅਤੇ ਮੇਰਾ ਰੋਮ ਰੋਮ ਉਨ੍ਹਾਂ ਦੇ ਸ਼ੁਕਰਾਨੇ ਵਿਚ ਵਿਲੀਨ ਹੈ :

*ਕਸੇਲ ਜੀਉੜਾ ਭੁਲਣਹਾਰ ਹੈ, ਸਤਿਗੁਰੂ ਹੈ ਬਖ਼ਸ਼ਿੰਦ।*
*ਸਭੋ ਆਸਾਂ ਪੁੰਨੀਆਂ, ਪਰਸ ਚਰਨ ਅਰਵਿੰਦ।*
*ਸਤਿਗੁਰੂ ਕਿਰਪਾ ਧਾਰ ਕੇ, ਬਖ਼ਸ਼ਿਆ ਨਾਮ ਆਧਾਰ।*
*ਚਰਨ ਕੰਵਲ ਤੋਂ ਵਾਰਨੇ, ਜਾਵਾਂ ਸੌ ਸੌ ਵਾਰ।*

ਅਤੇ ਆਪਣੇ ਜੀਵਨ ਵਿਚ ਮੈਂ ਸਦਾ ਇਹੋ ਅਰਦਾਸ ਕੀਤੀ ਹੈ :

*ਕਸੇਲ ਝਰੋਖੇ ਬੈਠ ਕੇ, ਵੰਡ ਕਥੂਰ ਗਿਆਨ।*
*ਖਾਤਰ ਦੇਸ਼ ਤੇ ਕੌਮ ਦੀ, ਲੇਖੇ ਲਗ ਜਾਏ ਜਾਨ।*



Sri Satguru Jagjit Singh Ji eLibrary NamdhariElibrary@gmail.com

# ਸ਼੍ਰੀ ਭੈਣੀ ਸਾਹਿਬ ਵਿਖੇ ਅਭਿਨੰਦਨ ਸਮਾਰੋਹ

19 ਮਾਰਚ 2003, ਬੁੱਧਵਾਰ ਦਾ ਦਿਨ ਮੇਰੇ ਲਈ ਬੇਅੰਤ ਖ਼ੁਸ਼ੀਆਂ ਲੈ ਕੇ ਆਇਆ। ਇਸ ਦਿਨ ਮੈਂ ਆਪਣੇ ਜੀਵਨ ਦੇ 75 ਵਰ੍ਹੇ ਪੂਰੇ ਕਰ ਲਏ ਸਨ। ਮੇਰੇ ਜਨਮ ਦਿਨ ਦੇ ਮੌਕੇ ਉੱਤੇ ਹੀ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਦੀ ਆਗਿਆ ਨਾਲ ਸ਼੍ਰੀ ਭੈਣੀ ਸਾਹਿਬ ਵਿਖੇ ਸ਼੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਮੈਨੂੰ ਅਭਿਨੰਦਨ ਗ੍ਰੰਥ ਭੇਂਟ ਕਰਨ ਦਾ ਸਮਾਰੋਹ ਰਚਿਆ ਗਿਆ। ਇਨ੍ਹਾਂ ਦਿਨਾਂ ਵਿਚ ਹੀ ਇਸ ਪਾਵਨ ਸਥਾਨ ਉਤੇ ਸ਼੍ਰੀ ਸਤਿਗੁਰੂ ਜੀ ਦੀ ਸਰਪ੍ਰਸਤੀ ਵਿਚ ਹੋਲੇ ਮਹੱਲੇ ਦਾ ਵਾਰਸ਼ਿਕ ਪੁਰਬ ਮਨਾਇਆ ਜਾ ਰਿਹਾ ਸੀ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਗੁਰੂ ਦਰਸ਼ਨ ਅਤੇ ਇਸ ਪੁਰਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਹਾਜ਼ਰੀਆਂ ਭਰ ਰਹੀਆਂ ਸਨ। ਹੋਲੇ ਦੇ ਸਮਾਗਮ ਪ੍ਰਤਾਪ ਮੰਦਰ ਵਿਚ ਚਲ ਰਹੇ ਸਨ, ਪਰ ਮੇਰਾ ਅਭਿਨੰਦਨ ਸਮਾਰੋਹ ਵਿਸ਼ੇਸ਼ ਸਮਾਗਮ ਦੇ ਰੂਪ ਵਿਚ ਹਰੀ ਮੰਦਰ ਵਿਚ ਰਖਿਆ ਗਿਆ। ਇਹ ਇਕ ਯਾਦਗਾਰੀ ਸਮਾਗਮ ਸੀ। ਮੇਰੇ ਲਈ ਤਾਂ ਇਹ ਅਤਿ ਸੁਭਾਗਾ ਦਿਹਾੜਾ ਸੀ ਕਿਉਂਜੋ ਇਸ ਵਿਚ ਮੇਰੀ ਚਿਰਾਂ ਦੀ ਰੀਝ ਪੂਰੀ ਹੋ ਰਹੀ ਸੀ। ਸ਼੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਦੀ ਪਾਵਨ ਹਜ਼ੂਰੀ ਵਿਚ ਇਸ ਅਭਿਨੰਦਨ ਗ੍ਰੰਥ ਨੂੰ ਆਪ ਜੀ ਦੇ ਕਰ-ਕਮਲਾਂ ਦੁਆਰਾ ਮੈਨੂੰ ਪ੍ਰਦਾਨ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਸੀ। ਸ੍ਰੀ ਸਤਿੰਦਰ ਸਿੰਘ ਨੰਦਾ ਵਲੋਂ ਸੰਪਾਦਿਤ ਕੀਤਾ ਗਿਆ 656 ਪੰਨਿਆਂ ਦਾ ਇਹ ਵੱਡ ਆਕਾਰੀ, ਕਈ ਚਿੱਤਰਾਂ ਨਾਲ ਸਚਿਤਰਿਤ ਗ੍ਰੰਥ ਦੱਖ ਤੇ ਛੱਬੀ ਦੇ ਪੱਖ ਤੋਂ ਬਹੁਤ ਸੁੰਦਰ ਅਤੇ ਮਨਮੋਹਣਾ ਸੀ। ਇਸ ਵਿਸ਼ੇਸ਼ ਸਮਾਰੋਹ ਲਈ ਜਿਹੜਾ ਸੱਦਾ-ਪੱਤਰ ਭੇਜਿਆ



Sri Satguru Jagjit Singh Ji eLibrary NamdhariElibrary@gmail.com

ਗਿਆ ਸੀ, ਉਸ ਵਿਚ ਅਭਿਨੰਦਨ ਗ੍ਰੰਥ ਦੇ ਸੰਪਾਦਕ ਤੋਂ ਬਿਨਾਂ ਵਿਸ਼ੇਸ਼ ਦਰਸ਼ਨ ਅਭਿਲਾਸ਼ੀਆਂ ਵਜੋਂ ਸ. ਹਰਵਿੰਦਰ ਸਿੰਘ ਹੰਸਪਾਲ, ਸੰਤ ਜਗਤਾਰ ਸਿੰਘ ਅਤੇ ਠਾਕੁਰ ਉਦੇ ਸਿੰਘ ਜੀ ਦੇ ਨਾਮ ਵਿਸ਼ੇਸ਼ ਤੌਰ 'ਤੇ ਸੁਸ਼ੋਭਿਤ ਸਨ। ਇਸ ਵਿਸ਼ੇਸ਼ ਅਭਿਨੰਦਨ ਸਮਾਰੋਹ ਵਿਚ ਮੇਰੇ ਸੈਂਕੜੇ ਸਨੇਹੀ, ਰਿਸ਼ਤੇਦਾਰ, ਸਾਹਿਤਕਾਰ, ਮਿੱਤਰ ਪਿਆਰੇ ਅਤੇ ਵਿਦਿਆਰਥੀ ਹਾਜ਼ਰ ਸਨ। ਸੰਤ ਹਰਪਾਲ ਸਿੰਘ ਨਿੱਜੀ ਸੇਵਕ ਸ੍ਰੀ ਸਤਿਗੁਰੂ ਜੀ, ਸ੍ਰੀ ਅਜੀਤ ਸਿੰਘ ਲਾਇਲ, ਸ੍ਰੀ ਦਲੀਪ ਸਿੰਘ ਸਕੱਤਰ ਨਾਮਧਾਰੀ ਦਰਬਾਰ, ਬੀਬੀ ਸੁਖਜੀਤ ਕੌਰ ਨੇ ਵਿਸ਼ੇਸ਼ ਤੌਰ ਤੇ ਸਾਰੇ ਕਾਰਜ ਨੂੰ ਵਿਧੀ ਪੂਰਵਕ ਨਿਭਾਉਣ ਦਾ ਸਫ਼ਲ ਤੇ ਸ਼ਲਾਘਾਯੋਗ ਉਦਮ ਕੀਤਾ। ਸਚਮੁਚ! ਇਹ ਸਮਾਗਮ ਅਦੁੱਤੀ, ਅਭੁੱਲ ਤੇ ਯਾਦਗਾਰੀ ਹੋ ਨਿਬੜਿਆ!

ਆਪਣੇ ਵਲੋਂ ਕੁਝ ਕਹਿਣ ਦੀ ਥਾਂ ਮੈਂ, 'ਵਰਿਆਮ ਮਾਸਿਕ ਪੱਤਰ ਅਪਰੈਲ 2003 ਅਤੇ ਸਤਿਯੁਗ ਦੇ ਵਿਸ਼ੇਸ਼ ਅੰਕ 24 ਤੋਂ 30 ਅਪਰੈਲ 2003 ਵਿਚ ਪ੍ਰਕਾਸ਼ਿਤ ਅਭਿਨੰਦਨ ਸਮਾਰੋਹ ਦੀਆਂ ਰਿਪੋਰਟਾਂ ਨੂੰ ਇਥੇ ਦੇਣ ਦੀ ਖ਼ੁਸ਼ੀ ਲੈ ਰਿਹਾ ਹਾਂ ਤਾਂ ਜੋ ਇਸ ਸਮਾਰੋਹ ਦੇ ਵੇਰਵਿਆਂ ਦੁਆਰਾ ਇਸ ਸਮਾਰੋਹ ਦੀ ਸ਼ਾਨ ਨੂੰ ਪਾਠਕ ਆਪ ਹੀ ਵਾਚ ਅਤੇ ਮਾਣ ਸਕਣ।

**ਵਰਿਆਮ ਅਪਰੈਲ 2003 ਦੀ ਰਿਪੋਰਟ :**

**ਸ੍ਰੀ ਭੈਣੀ ਸਾਹਿਬ ਵਿਖੇ ਅਭਿਨੰਦਨ ਸਮਾਰੋਹ**

ਪ੍ਰੋ. ਕਿਰਪਾਲ ਸਿੰਘ ਕਸੇਲ ਪੰਜਾਬੀ ਸਾਹਿਤ ਜਗਤ ਵਿਚ ਬਹੁਤ ਪ੍ਰਸਿੱਧ ਨਾਮ ਹੈ। ਜਿਥੇ ਕਸੇਲ ਜੀ ਨੇ ਪੰਜਾਬੀ ਜਗਤ ਨੂੰ ਵੱਖ-ਵੱਖ ਵਿਸ਼ਿਆਂ ਦੀਆਂ 60 ਪੁਸਤਕਾਂ ਲਿਖ ਕੇ ਮਾਲਾ ਮਾਲ ਕੀਤਾ ਹੈ, ਉਥੇ ਵੱਖ-ਵੱਖ ਸਰਕਾਰੀ ਤੇ ਗ਼ੈਰ ਸਰਕਾਰੀ ਕਾਲਜਾਂ ਵਿਚ ਪੰਜਾਬੀ ਪੜ੍ਹਾਉਣ ਵਿਚ ਵੀ ਨਾਮਣਾ ਖੱਟਿਆ ਹੈ। ਪੰਜਾਬੀ ਸਾਹਿਤ ਦਾ ਹਰ ਵਿਦਿਆਰਥੀ ਆਪ ਜੀ ਦੁਆਰਾ ਲਿਖੀਆਂ ਪੁਸਤਕਾਂ ਦਾ ਆਸਰਾ ਲੈ ਕੇ ਹੀ ਉੱਚੀਆਂ ਤੋਂ ਉਚੇਰੀਆਂ ਮੰਜ਼ਿਲਾਂ ਤਹਿ ਕਰਦਾ ਹੈ। ਆਪ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਸਰਗਰਮੀਆਂ ਨਾਲ ਵੀ ਬੜੀ ਸ਼ਿੱਦਤ ਨਾਲ ਜੁੜੇ ਹੋਏ ਹਨ। ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸ਼ਰਧਾ ਅਤੇ ਆਸਥਾ ਆਪ ਦੇ ਸ਼ਬਦਾਂ ਅਤੇ ਕਰਮਾਂ ਵਿਚੋਂ ਸਦੈਵ ਡੁਲ੍ਹ ਡੁਲ੍ਹ ਪੈਂਦੀ ਲੱਭਦੀ ਹੈ। ਸਤਿਗੁਰੂ ਜੀ ਪ੍ਰਤੀ ਸ਼ੁਕਰਾਨੇ ਨਾਲ ਆਪ ਸਦਾ ਹੀ ਲਬਾਲਬ ਰਹੇ ਹਨ। ਆਪ ਜੀ ਦਾ ਕਾਰਜ ਖੇਤਰ ਗ਼ਦਰੀ ਬਾਬਿਆਂ ਤੋਂ ਲੈ ਕੇ ਸਾਹਿਤ ਜਗਤ ਰਾਹੀਂ ਨਾਮਧਾਰੀ ਮੇਲਿਆਂ ਤੱਕ ਫੈਲਿਆ ਹੋਇਆ ਹੈ। ਆਪਣੇ ਜੀਵਨ ਦਾ ਅੱਧਾ ਸਮਾਂ ਨੇਤਰਾਂ ਦੀ ਜੋਤ ਦੀ ਥਾਂ ਅੰਦਰਲੀ



Sri Satguru Jagjit Singh Ji eLibrary NamdhariElibrary@gmail.com

ਜੋਤ ਨਾਲ ਆਪ ਚਾਨਣ ਵਿਚ ਰਹੇ ਅਤੇ ਚਾਨਣ ਵੰਡਿਆ ਹੈ। ਨੇਤਰਹੀਣ ਵਿਅਕਤੀਆਂ ਦੀਆਂ ਸੰਸਥਾਵਾਂ ਨਾਲ ਵੀ ਆਪ ਸਰਗਰਮੀ ਨਾਲ ਜੁੜੇ ਹੋਏ ਹਨ। ਇਸ ਤਰ੍ਹਾਂ ਆਪ ਦੀ ਹਿਮਾਗੀਰ ਸ਼ਖ਼ਸੀਅਤ ਸਮਾਜ ਦੇ ਵੱਖ-ਵੱਖ ਖੇਤਰਾਂ ਦੀਆਂ ਚੋਟੀ ਦੀਆਂ ਸ਼ਖ਼ਸੀਅਤਾਂ ਨਾਲ ਸਦਾ ਹੀ ਹਮ ਕਦਮ ਰਹੀ ਹੈ। ਇਸ ਕਰਕੇ ਆਪ ਦੇ ਪਿਆਰਿਆਂ, ਦੋਸਤਾਂ, ਵਿਦਿਆਰਥੀਆਂ ਦਾ ਇਕ ਵਿਸ਼ਾਲ ਆਭਾ ਮੰਡਲ ਹੈ। ਇਸ ਆਭਾ ਮੰਡਲ ਨੇ ਪ੍ਰੋ. ਕਸੇਲ ਜੀ ਦੀ ਸ਼ਖ਼ਸੀਅਤ ਪ੍ਰਤੀ ਪਿਆਰ, ਅਕੀਦਤ ਅਤੇ ਅਭਿਨੰਦਨ ਪੇਸ਼ ਕਰਨ ਵਾਸਤੇ ਆਪ ਦੇ ੭੫ਵੇਂ ਜਨਮ ਦਿਨ ਦਾ ਢੋਅ ਢੁਕਾ ਕੇ ਇਕ ਵਿਸ਼ਾਲ ਸਮਾਰੋਹ ਕਰਨ ਦਾ ਫੈਸਲਾ ਕੀਤਾ। ਇਸ ਅਵਸਰ ਉਤੇ ਇਕ ਯਾਦਗਾਰੀ ਉਤਕ੍ਰਿਸ਼ਟ ਅਭਿਨੰਦਨ ਗ੍ਰੰਥ ਵੀ ਤਿਆਰ ਕਰਕੇ ਭੇਟਾ ਕਰਨ ਦੀ ਯੋਜਨਾ ਬਣਾਈ ਗਈ। ਕਸੇਲ ਜੀ ਦਾ ੭੫ਵਾਂ ਜਨਮ ਦਿਨ ੧੯ ਮਾਰਚ ੨੦੦੩ ਨੂੰ ਸੀ। ਇਹ ਦਿਨ ਇਸ ਵਾਰ ਹੋਲੇ ਮਹੱਲੇ ਦੇ ਸਮਾਗਮਾਂ ਵਿਚ ਆਉਂਦਾ ਸੀ। ਕਸੇਲ ਜੀ ਦੀ ਆਪਣੀ ਅਤੇ ਕਸੇਲ ਪ੍ਰੇਮੀਆਂ ਦੀ ਰੀਝ ਸੀ ਕਿ ਆਪ ਜੀ ਦੇ ਇਸ਼ਟ ਦੇਵ ਸਤਿਗੁਰੂ ਜਗਜੀਤ ਸਿੰਘ ਜੀ ਇਸ ਅਵਸਰ ਤੇ ਦਰਸ਼ਨ ਦੇ ਕੇ ਪਾਵਨ ਅਸ਼ੀਰਵਾਦ ਪ੍ਰਦਾਨ ਕਰਨ। ਇਸ ਸਾਰੀ ਗੱਲ ਦਾ ਸਿੱਟਾ ਇਹ ਨਿਕਲਿਆ ਕਿ ਭਾਵੇਂ ਇਨ੍ਹਾਂ ਦਿਨਾਂ ਵਿਚ ਸ੍ਰੀ ਭੈਣੀ ਸਾਹਿਬ ਵਿਚ ਹੋਲੇ ਮਹੱਲੇ ਦੇ ਪੁਰਬ ਦਾ ਰੁਝੇਵਾਂ ਬਹੁਤ ਸੀ, ਪਰ ਫੇਰ ਵੀ ਪ੍ਰੋ. ਕਸੇਲ ਅਭਿਨੰਦਨ ਸਮਾਰੋਹ ਸ੍ਰੀ ਭੈਣੀ ਸਾਹਿਬ ਵਿਚ ਹੀ ਕਰਨ ਦਾ ਫੈਸਲਾ ਹੋਇਆ ਅਤੇ ਚਲ ਰਹੇ ਹੋਲਾ ਸਮਾਗਮਾਂ ਦੀ ਗਹਿਮਾ ਗਹਿਮੀ ਵਿਚ ਹੀ ਹਰੀ ਮੰਦਰ ਵਿਚ ਇਹ ਸਮਾਨੰਤਰ ਸਮਾਗਮ ਦੇ ਰੂਪ ਵਿਚ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ।

ਦੁਪਹਿਰ ਤੋਂ ਪੂਰਵ ਹੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ਲੰਗਰ ਸਥਾਨ ਤੇ ਦੂਰੋਂ ਨੇੜਿਓਂ ਭਾਰੀ ਗਿਣਤੀ 'ਚ ਆਏ ਲੇਖਕਾਂ ਸਾਹਿਤਕਾਰਾਂ ਅਤੇ ਪ੍ਰੋ. ਕਸੇਲ ਜੀ ਦੇ ਸ਼ਰਧਾਲੂਆਂ ਨੂੰ ਬਹੁਤ ਪਿਆਰ, ਅਪਣੱਤ ਅਤੇ ਅਦਬ ਸਤਿਕਾਰ ਨਾਲ ਸੁੱਛ ਤੇ ਸਵਾਦਿਸ਼ਟ ਭੋਜਨ ਛਕਾਇਆ ਗਿਆ।

ਸੰਤ ਦਲੀਪ ਸਿੰਘ ਨਾਮਧਾਰੀ, ਸੰਤ ਅਜੀਤ ਸਿੰਘ ਲਾਇਲ, ਬੀਬੀ ਸੁਖਜੀਤ ਕੌਰ, ਸੂਬਾ ਬਲਵਿੰਦਰ ਸਿੰਘ ਝੱਲ, ਨਾਮਧਾਰੀ ਦਰਬਾਰ ਅਤੇ ਵਿਦਿਅਕ ਜਥਿਆਂ ਦੇ ਅਹੁਦੇਦਾਰ ਆਪਣੇ ਸਹਿਯੋਗੀਆਂ ਨਾਲ ਬਹੁਤ ਸਰਗਰਮੀ ਅਤੇ ਕਾਮਯਾਬੀ ਨਾਲ ਇਸ ਸੇਵਾ ਕਾਰਜ ਨੂੰ ਕੁਸ਼ਲਤਾ ਸਹਿਤ ਨਿਭਾ ਰਹੇ ਸਨ। ਇਸ ਦੇ ਨਾਲ ਹੀ ਲੇਖਕ ਪ੍ਰਾਹੁਣਿਆਂ ਨੂੰ ਹਰੀ ਮੰਦਰ ਵਿਚ ਲਿਜਾਇਆ ਗਿਆ। ਨਾਲ ਦੀ ਨਾਲ ਉਨ੍ਹਾਂ ਸ੍ਰੀ ਭੈਣੀ ਸਾਹਿਬ ਦੀਆਂ ਇਤਿਹਾਸਕ ਥਾਵਾਂ, ਸਦਭਾਵਨਾ



Sri Satguru Jagjit Singh Ji eLibrary NamdhariElibrary@gmail.com

ਮੰਦਰ, ਰਾਮ ਸਰੋਵਰ, ਹਵਨ ਕੁੰਡ, ਵਰਨੀਆਂ ਦੀ ਥਾਂ ਆਦਿ ਦੇ ਦਰਸ਼ਨ ਵੀ ਕੀਤੇ। ਸੇਵਕ ਹਰਪਾਲ ਸਿੰਘ ਨੇ ਸਾਰੇ ਆਯੋਜਨ ਨੂੰ ਸਿਰੇ ਚਾੜ੍ਹਨ ਲਈ ਵਿਸ਼ੇਸ਼ ਦਿਲਚਸਪੀ ਨਾਲ ਉਦਮ ਕੀਤਾ। ਸੰਤ ਦਲੀਪ ਸਿੰਘ ਅਤੇ ਸੰਤ ਅਜੀਤ ਸਿੰਘ ਲਾਇਲ ਵੀ ਉਨ੍ਹਾਂ ਦੇ ਵਿਸ਼ੇਸ਼ ਸਹਿਯੋਗੀ ਸਨ। ਅਜੀਤ ਸਿੰਘ ਲਾਇਲ ਸਟੇਜ ਸੰਚਾਲਨ ਵਿਚ ਵੀ ਹੱਥ ਵਟਾ ਰਹੇ ਸਨ ਭਾਵੇਂ ਮੁੱਖ ਤੌਰ ਤੇ ਅਭਿਨੰਦਨ ਗ੍ਰੰਥ ਦੀ ਤਿਆਰੀ, ਸੰਪਾਦਨਾ ਅਤੇ ਸਮਾਗਮ ਦਾ ਸੰਚਾਲਨ ਕਸੇਲ ਜੀ ਦੇ ਵਿਸ਼ਵਾਸ ਪਾਤਰ ਸਹਿਯੋਗੀ ਸਤਿੰਦਰ ਸਿੰਘ ਨੰਦਾ, ਖੋਜ ਅਫ਼ਸਰ, ਭਾਸ਼ਾ ਵਿਭਾਗ, ਪੰਜਾਬ ਨੇ ਕੀਤਾ।

ਵਿਧੀਵਤ ਸਮਾਗਮ ਦੀ ਸ਼ੁਰੂਆਤ ਕਲਾਕਾਰ ਰਣਬੀਰ ਸਿੰਘ ਦੇ ਮੰਗਲਮਈ ਦਿਲਰੁਬਾ ਵਾਦਨ ਨਾਲ ਹੋਇਆ। ਤਬਲੇ ਤੇ ਅਜੈਪਾਲ ਸਿੰਘ ਨੇ ਸਾਥ ਦੇ ਕੇ ਵਾਹਵਾ ਰੰਗ ਬੰਨ੍ਹਿਆ। ਹਰਜਿੰਦਰ ਸਿੰਘ ਕਲਾਕਾਰ ਨੇ ਲਿਖਾਰੀਆਂ ਤੇ ਇਕ ਗੀਤ ਪੇਸ਼ ਕੀਤਾ। "ਕਲਮਾਂ ਵਾਲਿਓ ਤਾਂਘ ਤੁਹਾਡੀ....ਇਨਕਲਾਬ ਦੀ ਧਰਤੀ ਤੁਹਾਨੂੰ ਜੀ ਆਇਆਂ ਕਹਿੰਦੀ ਹੈ.........।"

ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਅਭਿਨੰਦਨ ਵਿਚ ਖ਼ੁਸ਼ੀ ਪ੍ਰਗਟ ਕਰਦਿਆਂ, ਉਨ੍ਹਾਂ ਦਾ ਜੱਸ ਕਰਦਿਆਂ, ਨਿਜੀ ਸਾਂਝਾਂ ਦਸਦਿਆਂ ਅਤੇ ਉਨ੍ਹਾਂ ਦੀ ਮਹਾਨ ਘਾਲਣਾ ਦੇ ਵਖੋ ਵਖ ਪਹਿਲੂਆਂ ਨੂੰ ਦਰਸਾਉਂਦਿਆਂ ਵਿਦਵਾਨਾਂ ਵਲੋਂ ਤਕਰੀਰਾਂ ਦਾ ਲੰਮਾ ਸਿਲਸਿਲਾ ਸ਼ੁਰੂ ਹੋਇਆ। ਇੰਹਦੇ ਵਿਚ ਬਾਰ-ਬਾਰ ਸਤਿਗੁਰੂ ਜਗਜੀਤ ਸਿੰਘ ਦੀ ਕ੍ਰਿਪਾ ਅਤੇ ਬਖਸ਼ਿਸ਼ ਦਾ ਬਖਾਨ ਹੁੰਦਾ ਰਿਹਾ।

ਸਤਿੰਦਰ ਸਿੰਘ ਨੰਦਾ ਦੀ ਭੂਮਿਕਾ ਤੋਂ ਬਾਅਦ ਪੂਨਾ ਤੋਂ ਆਏ ਡਾ. ਨਵਰਤਨ ਕਪੂਰ ਨੇ ਗੁਲਾਲ ਵਾਲੇ ਦਿਨ ਕ੍ਰਿਪਾਲੂ ਸਤਿਗੁਰੂ ਦੀ ਕਿਰਪਾ ਦਸਦਿਆਂ ਕਸੇਲ ਜੀ ਨੂੰ ਕਲਮ ਭੇਟ ਕੀਤੀ। ਡਾ. ਗੁਰਬਚਨ ਸਿੰਘ ਰਾਹੀ, ਡਾ. ਈਸ਼ਰ ਸਿੰਘ ਤਾਂਘ, ਸ. ਗੁਰਭਜਨ ਗਿੱਲ, ਡਾ. ਕੁਲਵੰਤ ਕੌਰ ਪਟਿਆਲਾ, ਆਕਾਸ਼ਬਾਣੀ ਦੇ ਚੀਫ਼ ਪ੍ਰੋਗਰਾਮ ਐਗਜ਼ਿਕਿਊਟਿਵ ਸ. ਹਰਭਜਨ ਸਿੰਘ ਬਟਾਲਵੀ, ਸੇਵਕ ਹਰਪਾਲ ਸਿੰਘ, ਪ੍ਰਿੰ. ਮੋਹਨ ਸਿੰਘ ਜੌਹਲ, ਡਾ. ਈ.ਐਮ.ਜੌਨ੍ਹਸਨ, ਡਾ. ਕਰਤਾਰ ਸਿੰਘ ਸੂਰੀ, ਸ. ਕਰਤਾਰ ਸਿੰਘ ਕਾਲੜਾ, ਸ. ਕੁਲਵੰਤ ਸਿੰਘ ਗਰੇਵਾਲ ਪਟਿਆਲਾ, ਡਾ. ਕੁਲਬੀਰ ਸਿੰਘ ਕਾਂਗ, ਕੁਲਵੰਤ ਜਗਰਾਓਂ, ਕੁਲਦੀਪ ਸਿੰਘ ਧੀਰ, ਮੇਜਰ ਜੀਵਨ ਤੀਵਾੜੀ ਚੰਡੀਗੜ੍ਹ, ਜਗਜੀਤ ਸਿੰਘ ਅਨੰਦ ਸੰਪਾਦਕ ਨਵਾਂ ਜ਼ਮਾਨਾ, ਪ੍ਰਿੰ. ਨਿਸ਼ਾਨ ਸਿੰਘ ਢਿਲੋਂ, ਪ੍ਰਿੰ. ਪ੍ਰੇਮ ਸਿੰਘ ਬਜਾਜ ਜਦ ਬੋਲ ਗਏ ਤਾਂ ਅਜੇ ਅੱਧੇ ਵਕਤਾ ਵੀ ਭੁਗਤੇ ਨਹੀਂ ਸਨ। ਬਾਕੀਆਂ ਕੋਲੋਂ



Sri Satguru Jagjit Singh Ji eLibrary NamdhariElibrary@gmail.com

ਮਾਫੀ ਮੰਗ ਕੇ ਪਹਿਲਾ ਸ਼ੈਸਨ ਮੁਕਾ ਦਿਤਾ ਗਿਆ। ਜਲ ਪਾਣੀ ਉਪਰੰਤ ਦੂਸਰਾ ਸ਼ੈਸਨ ਸ਼ੁਰੂ ਹੋ ਗਿਆ ਤਾਂ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੋਲੇ ਦੇ ਮੁਖ ਸਮਾਗਮ ਵਿਚ ਸੰਗਤਾਂ ਨੂੰ ਦਰਸ਼ਨ ਦੇ ਕੇ ਇਸ ਲੇਖਕ ਸਮਾਗਮ ਵਿਚ ਦਰਸ਼ਨ ਦੇਣ ਵਾਸਤੇ ਆਸਣ ਤੇ ਸਸ਼ੋਭਤ ਸਨ।

ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁਲਾ, ਮੋਹਨ ਸਿੰਘ, ਸੁਖਦੇਵ ਸਿੰਘ, ਸ਼ੇਰ ਸਿੰਘ ਹੋਰਾਂ ਸ਼ਬਦ ਪੜ੍ਹਿਆ,

*"ਧੰਨ ਸੁ ਕਾਗਦ ਕਲਮ ਧੰਨੁ ਧੰਨੁ ਭਾਂਡਾ ਧਨੁ ਮਸੁ॥*
*ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥"*

ਸਭਾ ਵਿਚ ਵਿਸਮਾਦ ਤਾਰੀ ਹੋ ਗਿਆ। ਹੁਣ ਮੰਚ ਤੇ ਬੈਠੇ (ਪ੍ਰਧਾਨਗੀ ਮੰਡਲ ਦੇ) ਵਿਦਵਾਨ ਬੋਲਣ ਲਗੇ। ਪ੍ਰਸਿੱਧ ਕਵੀ ਅਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਨੇ ਕਾਵਿਮਈ ਭਾਸ਼ਣ ਵਿਚ ਸ਼ਬਦਾਂ ਦਾ ਜਾਦੂ ਬਖੇਰਦਿਆਂ ਕਿਹਾ ਕਿ ਇਸ ਥਾਂ ਤੇ ਸਨਮਾਨ ਦੇ ਡੂੰਘੇ ਅਰਥ ਹਨ। ਦਰਿਆ ਹੋ ਰਹਿਣਾ, ਦਰਿਆ ਵਾਂਗ ਜੀਣਾ ਸਾਡੇ ਸਤਿਗੁਰਾਂ ਦਾ ਆਦੇਸ਼ ਹੈ। ਸਤਿਗੁਰਾਂ ਦਾ ਇਸ ਧਰਤੀ ਦੇ ਲੇਖਕਾਂ ਸੰਗ ਬੈਠਣਾ ਪੁਰਾਣੀ ਪਰੰਪਰਾ ਦੀ ਲੜੀ ਯਾਦ ਕਰਾਉਂਦਾ ਹੈ ਜਦੋਂ ਕਲਗੀਧਰ ਪਾਤਸ਼ਾਹ ਕਵੀਆਂ ਸੰਗ ਬੈਠਦੇ ਸਨ। ਪਾਤਰ ਹੋਰਾਂ ਕਸੇਲ ਜੀ ਨਮਿਤ ਇਕ ਸ਼ੇਅਰ ਵੀ ਮੌਕੇ ਤੇ ਢੁਕਵਾਂ ਸੁਣਾਇਆ:

*ਹਨੇਰੀ ਵੀ ਜਗਾ ਸਕਦੀ ਹੈ ਦੀਵੇ*
*ਕਦੀ ਮੈਨੂੰ ਪਤਾ ਲਗਣਾ ਨਹੀਂ ਸੀ*
*ਜੇ ਸਾਰੇ ਹੋਰ ਦੀਵੇ ਬੁਝ ਨਾ ਜਾਂਦੇ*
*ਤਾਂ ਦਿਲ ਦਾ ਦੀਵਾ ਜਗਣਾ ਨਹੀਂ ਸੀ*

ਪ੍ਰੋ. ਪ੍ਰੀਤਮ ਸਿੰਘ ਪਟਿਆਲਾ, ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕੈਡਮੀ ਦੇ ਵੱਖ ਵੱਖ ਸਮਿਆਂ ਤੇ ਰਹਿ ਚੁਕੇ ਸਫਲ ਪ੍ਰਧਾਨ, ਖੋਜ ਕਾਰਜਾਂ ਅਤੇ ਸਿਰਜਨਾਤਮਕ ਸਾਹਿਤ ਦੇ ਰਚੇਤਾ, ਸਿਖਿਆ ਸ਼ਾਸਤਰੀ ਅਤੇ ਪੰਜਾਬੀ ਬੋਲੀ ਲਈ ਸਦਾ ਸੰਘਰਸ਼ਸ਼ੀਲ, ਪੰਜਾਬੀ ਸਾਹਿਤ ਜਗਤ ਦੇ ਸਤਿਕਾਰਤ ਵਡੇਰੇ ਹਨ। ਉਹ ਨਰਮ ਤੋਂ ਨਰਮ ਸ਼ਬਦਾਂ ਵਿਚ ਸਖ਼ਤ ਤੋਂ ਸਖ਼ਤ ਗੱਲ ਵੀ ਕਹਿ ਸਕਦੇ ਹਨ ਅਤੇ ਵੱਡੇ ਤੋਂ ਵੱਡੇ ਬੰਦੇ ਨੂੰ ਸਹੀ ਗੱਲ ਆਖਣ ਦੀ ਜੁਰਅਤ ਵੀ ਰਖਦੇ ਹਨ।

ਆਪ ਨੇ ਆਪਣੇ ਭਾਵ ਪੂਰਤ ਅਤੇ ਭਾਵੁਕ ਸ਼ਬਦਾਂ ਵਿਚ ਕਿਹਾ ਕਿ ਮੈਂ ਜਦੋਂ ਵੀ ਇਸ ਧਰਤੀ ਤੇ ਆਉਂਦਾ ਹਾਂ, ਜੀ ਕਰਦਾ ਹੈ, ਇਥੋਂ ਦੀ ਮਿੱਟੀ ਮੱਥੇ



Sri Satguru Jagjit Singh Ji eLibrary NamdhariElibrary@gmail.com

ਤੇ ਲਾਵਾਂ। ਇਥੇ ਸਭ ਤੋਂ ਪਹਿਲਾਂ ਭਾਰਤੀ ਮੁਜਾਹਦ ਪੈਦਾ ਹੋਇਆ। ਇਥੋਂ ਦੀ ਖ਼ੁਸ਼ਬੂ ਯਾਦ ਕਰਾਉਂਦੀ ਹੈ ਕਿ ਗਾਂਧੀ ਦਾ ਜਦ ਪਤਾ ਵੀ ਨਹੀਂ ਸੀ ਤਾਂ ਸਾਡੀ ਇਸ ਧਰਤੀ ਤੇ ਇਕ ਸੂਰਾ ਪੈਦਾ ਹੋਇਆ ਜਿਸ ਨੇ ਨਾਮਿਲਵਰਤਣ ਦੀ ਜੜ੍ਹ ਲਾਈ। ਅੰਗ੍ਰੇਜ਼ ਨੇ ਬੜਾ ਜਤਨ ਕੀਤਾ ਕਿ ਇਸ ਧਰਤੀ ਨੂੰ ਉਜਾੜ ਦਿਤਾ ਜਾਵੇ ਪਰ ਇਹ ਮੌਲ ਰਹੀ ਹੈ। ....ਜਿਸ ਤਰ੍ਹਾਂ ਦਾ ਸ਼ਾਸਤਰੀ ਸੰਗੀਤ ਅਜ ਸੁਣਨ ਨੂੰ ਮਿਲਿਆ ਹੈ, ਇਸ ਤਰ੍ਹਾਂ ਦਾ ਸਾਰੇ ਪੰਜਾਬ ਵਿਚ ਨਹੀਂ ਮਿਲਦਾ। ਧੰਨ ਇਹ ਧਰਤੀ ਹੈ ਜਿਥੋਂ ਇਹ ਸੁਰਾਂ ਪੈਦਾ ਹੋਈਆਂ ....ਸੰਤ ਸਿੰਘ ਸੇਖੋਂ ਨਾਮਧਾਰੀ ਨਹੀਂ ਸੀ, ਵਿਰੋਧੀ ਵੀ ਹੋਣਗੇ, ਸਮਰਥਕ ਨਹੀਂ ਸੀ। ਉਨ੍ਹਾਂ ਦੀ ਬਾਂਹ ਫੜਨ ਵਾਲੇ ਇਹ (ਸਤਿਗੁਰੂ) ਹੀ ਸਨ। ਇਲਾਜ ਲਈ ਭਾਰੀ ਰਕਮ ਭੇਜੀ। ਸੇਖੋਂ ਸਾਹਿਬ ਨੇ ਕਿਹਾ ਕਿ ਅੱਜ! ਪਤਾ ਲਗਾ ਹੈ ਕਿ ਸਚਮੱਚ ਇਥੇ ਸਤਿਗੁਰੂ ਹੈ! ਇਸੇ ਤਰ੍ਹਾਂ ਇਥੇ ਇਕ ਹੋਰ ਅਜਿਹਾ ਲੇਖਕ ਸੀ, ਸੁਰਜੀਤ ਖੁਰਸ਼ੀਦੀ। ਉਸ ਦਾ ਇੱਲਾਜ ਅਤੇ ਮਕਾਨ ਦਾ ਪ੍ਰਬੰਧ ਵੀ ਇਨ੍ਹਾਂ ਹੀ ਕੀਤਾ। ਜਦੋਂ ਕਸੇਲ ਹੋਰੀ ਅੱਖਾਂ ਦੀ ਜੋਤ ਗਵਾ ਬੈਠੇ, ਇਹ ਏਡੇ ਮਸ਼ਹੂਰ ਨਹੀਂ ਸਨ। ਕਮਾਲ ਦੀ ਗੱਲ ਦੂਰ ਦਰਸ਼ੀ ਮਹਾਤਮਾ (ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੇ ਹਸਪਤਾਲ ਤੋਂ ਚੁੱਕ ਕੇ ਜੀਵਨ ਨਗਰ ਲੈ ਗਏ। ਆਪ ਨੇ ਡਾਕਟਰ ਕੋਲੋਂ ਪ੍ਰਾਕ੍ਰਿਤੀ ਦਾ ਇਲਾਜ ਕਰਵਾਇਆ। ਕਸੇਲ ਜੀ ਦਾ ਮਹਾਂਵੰਤ ਅਜੀਤ ਸਿੰਘ ਨਾਮਧਾਰੀ (ਉਂਗਲ ਫੜ ਕੇ ਕਸੇਲ ਜੀ ਨੂੰ ਨਾਲ ਲੈ ਜਾਣ ਵਾਲਾ) ਇਸੇ ਦਰਬਾਰ ਦਾ ਬਖ਼ਸ਼ਿਆ ਹੋਇਆ ਹੈ। ਇਹ ਧਰਤੀ ਇਕ ਵੱਖਰੀ ਕਿਸਮ ਦਾ ਜਜ਼ੀਰਾ ਬਣ ਗਈ ਹੈ। ਚਾਰੇ ਪਾਸੇ ਹਿੰਸਾ ਹੈ, ਅਖ਼ਬਾਰਾਂ ਭਰੀਆਂ ਪਈਆਂ ਹਨ। ਇਥੇ ਸ਼ਾਂਤੀ ਹੈ। ਸਤਿਗੁਰੂ ਰਾਮ ਸਿੰਘ ਜੀ ਹੁਕਮ ਨਾਮਿਆਂ ਵਿਚ ਲਿਖ ਗਏ ਪੰਜਾਬੀ ਪੜ੍ਹੋ, ਪੰਜਾਬੀ ਦਾ ਖਿਆਲ ਰਖਿਆ ਜਾਵੇ। ਅੱਜ ਪੰਜਾਬੀ ਦੇ ਲੇਖਕ ਮਾਂ ਬੋਲੀ ਦੇ ਹੱਕ ਵਾਸਤੇ ਭੁੱਖ ਹੜਤਾਲ ਕਰ ਰਹੇ ਹਨ। ਸਰਕਾਰ ਆਪ ਕਾਨੂੰਨ ਦੀ ਉਲੰਘਣਾ ਕਰ ਰਹੀ ਹੈ। ਇਥੇ ਹੰਸਪਾਲ ਜੀ ਬੈਠੇ ਹਨ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਅੱਜ ਏਨੇ ਲੇਖਕ ਸਤਿਗੁਰੂ ਰਾਮ ਸਿੰਘ ਜੀ ਦੇ ਸਥਾਨ ਤੇ ਇਕੱਠੇ ਹੋਏ ਹਨ ਤਾਂ ਆਸ ਹੈ ਕਿ ਪੰਜਾਬੀ ਲਈ ਬਣੰਦਾ ਸਥਾਨ ਦਿਵਾਉਣ ਲਈ ਇਹ ਜਤਨ ਕਰਨਗੇ। ਕਸੇਲ ਸਾਹਿਬ ਜੀ ਨੂੰ ਗੁੱਸਾ ਨਹੀਂ ਆਉਂਦਾ। ਕਦੇ ਸਖ਼ਤ ਬੋਲ ਨਹੀਂ ਬੋਲਦੇ। ਇਹ ਨਿੰਦਿਆ ਵੀ ਨਹੀਂ ਕਰ ਸਕਦੇ। ਦਿਲ ਵਿਚ ਨਿੰਦਾ ਨਹੀਂ, ਅਜੀਬ ਆਦਮੀ ਹੈ, ਪਰਉਪਕਾਰੀ ਹੈ। ਕੇਸਰ ਸਿੰਘ ਕੈਨੇਡਾ ਬੀਮਾਰ ਹੈ। ਇਸ ਭਲੇ ਲੋਕ ਨੇ ਉਸ ਨੂੰ ਜਿਊਂਦਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਸਭ ਇਸ ਧਰਤੀ ਦੀ ਮੇਹਰਬਾਨੀ ਹੈ। ਅੱਜ ਫਿਰ ਇਥੋਂ ਪ੍ਰੇਰਨਾ



Sri Satguru Jagjit Singh Ji eLibrary NamdhariElibrary@gmail.com

ਲੈ ਕੇ ਜਾ ਰਹੇ ਹਨ। ਏਸ ਦਰ ਦਾ ਮਹੁਤਾਜ ਜੋ ਹੋ ਜਾਵੇ, ਕਿਸੇ ਹੋਰ ਦਰ ਦਾ ਮੁਹਤਾਜ ਹੋਣ ਦੀ ਲੋੜ ਨਹੀਂ ਪੈਂਦੀ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਐੱਸ.ਤਰਸੇਮ ਨੇ ਆਪਣੇ ਭਾਸ਼ਣ ਵਿਚ ਪ੍ਰੋ. ਪ੍ਰੀਤਮ ਸਿੰਘ ਜੀ ਦੀ ਗੱਲ ਨੂੰ ਅਗੇ ਤੋਰਦਿਆਂ ਪੰਜਾਬੀ ਬੋਲੀ ਬਾਰੇ ਸੰਘਰਸ਼ ਦੀ ਗੱਲ ਕਰਦਿਆਂ ਕਿਹਾ ਕਿ ਇਥੇ ਪੰਜਾਬ ਦੇ ਮਾਲਕਾਂ ਦੇ ਮਾਲਕ ਹੰਸਪਾਲ ਜੀ ਬੈਠੇ ਹਨ। ਉਨ੍ਹਾਂ ਦੇ ਉਤੇ ਮਾਲਕ ਵੀ ਇਥੇ ਬੈਠੇ ਹਨ। ਕਸੇਲ ਜੀ ਦਾ ਅਭਿਨੰਦਨ ਹੋ ਰਿਹਾ ਹੈ। ਪ੍ਰੋ. ਕਸੇਲ ਨੇ ਤਿੰਨ ਵਾਰ ਪੰਜਾਬੀ ਲਈ ਗ੍ਰਿਫਤਾਰੀ ਦਿੱਤੀ ਹੈ। ਏਸ ਦਰਬਾਰ ਤੋਂ ਕਲਮ ਦਾ ਧਨੀ ਤੇ ਸੰਗੀਤ ਦਾ ਧਨੀ ਕਦੀ ਖਾਲੀ ਨਹੀਂ ਗਿਆ। ਸਾਨੂੰ ਆਸ ਹੈ ਕਿ ਇਹ ਮਸਲਾ ਹੁਣ ਛੇਤੀ ਹਲ ਹੋ ਜਾਵੇਗਾ। ਕਸੇਲ ਸਾਹਿਬ ਪੰਜਾਬ ਦੇ ਜੋਤਹੀਣਾਂ ਦੀ ਸੰਸਥਾ ਦੇ ਪ੍ਰਧਾਨ ਤੇ ਮੈਂ ਜਨਰਲ ਸਕੱਤਰ ਹਾਂ। ਸਤਿਗੁਰਾਂ ਕਿਹਾ ਸੀ ਕਿ ਇਨ੍ਹਾਂ ਦੀਆਂ ਅੱਖਾਂ ਦਾ ਇਲਾਜ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਹੋ ਸਕਦਾ ਹੋਵੇ, ਮੈਂ ਕਰਵਾਵਾਂਗਾ। ਪ੍ਰੋ. ਸੰਤ ਸਿੰਘ ਸੇਖੋਂ ਨੇ ਕਿਹਾ ਕਿ ਕਸੇਲ ਮੇਰਾ **ਸ਼ਾਗਿਰਦੇ ਆਜ਼ਮ** ਹੈ। ਕਸੇਲ ਦੇ ਕਈ ਸ਼ਾਗਿਰਦੇ ਆਜ਼ਮ ਇਥੇ ਹਨ।

ਇਸ ਸਮੇਂ ਸ. ਮਹਿੰਦਰ ਸਿੰਘ ਗਰੇਵਾਲ ਨੇ ਆਪਣੀਆਂ ਪੁਸਤਕਾਂ ਸਤਿਗੁਰੂ ਜੀ ਨੂੰ ਭੇਟ ਕੀਤੀਆਂ। ਸਤਿਗੁਰੂ ਜੀ ਨੇ ਸਨਮਾਨਿਤ ਕੀਤਾ। ਸ. ਸਰੂਪ ਸਿੰਘ ਅਲੱਗ ਨੇ ਆਪਣੀਆਂ ਪੁਸਤਕਾਂ ਦਾ ਸੈੱਟ ਹੰਸਪਾਲ ਜੀ ਨੂੰ ਭੇਟ ਕੀਤਾ।

ਸ. ਹਰਵਿੰਦਰ ਸਿੰਘ ਹੰਸਪਾਲ ਨੇ ਆਪਣੇ ਸੰਖੇਪ ਭਾਸ਼ਣ ਵਿਚ ਕਸੇਲ ਜੀ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੀ ਸਤਿਗੁਰੂ ਜੀ ਪ੍ਰਤੀ ਆਸਥਾ ਦਾ ਜਿਕਰ ਕੀਤਾ। ਆਪ ਨੇ ਗੁਰੂ ਅਮਰਦਾਸ ਜੀ ਦੇ ਵਾਕ -

*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ*

ਦੇ ਆਧਾਰ ਤੇ ਕਸੇਲ ਸਾਹਿਬ ਦੀ ਘਾਲਣਾ ਨੂੰ ਸਲਾਹਿਆ। ਆਪ ਨੇ ਪ੍ਰਬੰਧਕਾਂ ਨੂੰ ਇਸ ਸਾਰੇ ਆਯੋਜਨ ਲਈ ਵਧਾਈ ਦਿਤੀ ਅਤੇ ਲੇਖਕਾਂ ਦੀ ਭੁੱਖ ਹੜਤਾਲ ਬਾਰੇ ਵੀ ਟਿੱਪਣੀ ਕੀਤੀ ਕਿ ਤੁਸੀਂ ਮੇਰੇ ਨਾਲ ਇਕ ਵਾਰੀ ਵੀ ਗੱਲ ਨਹੀਂ ਕੀਤੀ।। ਪੰਜਾਬੀ ਲੇਖਕਾਂ ਦੀ ਲੜੀਵਾਰ ਭੁੱਖ ਹੜਤਾਲ ਸਰਕਾਰੀ ਅਸ਼ਵਾਸਨ ਤੇ ਹੁਣ ਸਮਾਪਤ ਹੋ ਚੁੱਕੀ ਹੈ।)

ਹੁਣ ਕਸੇਲ ਜੀ ਦਾ ਰਸਮੀ ਅਭਿਨੰਦਨ ਹੋਇਆ। ਆਪ ਜੀ ਦੇ ਜੀਵਨ ਅਤੇ ਘਾਲਣਾ ਤੇ ਲਿਖਿਆ ਖ਼ੂਬਸੂਰਤ ਅਭਿਨੰਦਨ ਗ੍ਰੰਥ ਸ਼੍ਰੀ ਸਤਿਗੁਰੂ ਜਗਜੀਤ


Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਦੇ ਪਾਵਨ ਹਸਤ-ਕਮਲਾਂ ਦੁਆਰਾ ਗੰਢ ਖੋਲ੍ਹ ਕੇ ਪ੍ਰਕਾਸ਼ਮਾਣ ਕੀਤਾ ਗਿਆ ਅਤੇ ਵਿਧੀਵਤ ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਨੂੰ ਪ੍ਰਦਾਨ ਕੀਤਾ।

ਇਹ ੬੫੯ ਪੰਨਿਆਂ ਦਾ ਵਡ ਆਕਾਰੀ ਗ੍ਰੰਥ ਹੈ। ਬਹੁਤ ਹੀ ਮਿਹਨਤ ਅਤੇ ਸਿਰੜ ਨਾਲ ਤਿਆਰ ਕੀਤਾ ਗਿਆ ਹੈ। ਇਸ ਵਿਚ ਕਸੇਲ ਜੀ ਦੇ ਜੀਵਨ ਅਤੇ ਸਾਹਿਤਕ ਯਾਤਰਾ ਸੰਬੰਧੀ ਸਾਰੇ ਪ੍ਰਾਪਤ ਪਹਿਲੂ ਆ ਜਾਂਦੇ ਹਨ। ਉਨ੍ਹਾਂ ਦੀ ਆਪਣੀ ਕਲਮ ਦੁਆਰਾ ਲਿਖੀ ਸਵੈ ਜੀਵਨੀ ਵੀ ਹੈ ਅਤੇ ਕੁਝ ਨਾਯਾਬ ਤਸਵੀਰਾਂ ਵੀ ਹਨ। ਇਸ ਗ੍ਰੰਥ ਵਿਚ ਪਿਛਲੀ ਸਦੀ ਦੇ ਪੰਜਾਬੀ ਸਾਹਿਤ ਦੇ ਮਹਾਰਥੀਆਂ ਦਾ ਕਿਸੇ ਨਾ ਕਿਸੇ ਰੂਪ ਵਿਚ ਜ਼ਿਕਰ ਹੈ। ਬਹੁਤ ਦਿਲਚਸਪੀ ਭਰਿਆ ਅਤੇ ਬਾਰ-ਬਾਰ ਪਾਠ ਕਰਨ ਨੂੰ ਉਕਸਾਉਂਦਾ ਇਹ ਗ੍ਰੰਥ ਹੈ। ਸ਼੍ਰੀ ਸਤਿਗੁਰੂ ਜੀ ਦੇ ਅਸੀਸਮਈ ਸ਼ਬਦਾਂ ਅਤੇ ਰੰਗੀਨ ਤਸਵੀਰ ਨਾਲ ਇਹ ਗ੍ਰੰਥ ਆਰੰਭ ਹੁੰਦਾ ਹੈ। ਸ. ਸੁਰਜੀਤ ਸਿੰਘ ਬਰਨਾਲਾ, ਸ. ਕਰਤਾਰ ਸਿੰਘ ਦੁੱਗਲ, ਸ. ਸਰਦਾਰਾ ਸਿੰਘ ਜੌਹਲ, ਡਾ. ਮਦਨ ਲਾਲ ਹਸੀਜਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਮਹਿੰਦਰ ਸਿੰਘ ਢਿਲੋਂ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ, ਡਾ. ਦੀਵਾਨ ਸਿੰਘ, ਡਾ. ਸੁਰਿੰਦਰ ਸਿੰਘ ਨਰੂਲਾ, ਸੰਤ ਤਰਸੇਮ ਸਿੰਘ ਨਾਮਧਾਰੀ, ਪ੍ਰੋ. ਪ੍ਰੀਤਮ ਸਿੰਘ, ਡਾ. ਐੱਸ ਤਰਸੇਮ, ਪ੍ਰੋ. ਕਰਤਾਰ ਸਿੰਘ ਕਾਲੜਾ, ਪ੍ਰੋ. ਪ੍ਰਿਤਪਾਲ ਸਿੰਘ, ਡਾ. ਕੁਲਵੰਤ ਕੌਰ, ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਗੁਰਬਚਨ ਸਿੰਘ ਰਾਹੀ, ਪ੍ਰੋ. ਗੁਰਮੁਖ ਸਿੰਘ ਸਹਿਗਲ, ਸ. ਸੁਖਦੇਵ ਸਿੰਘ ਸੇਖੋਂ, ਡਾ. ਪ੍ਰੀਤਮ ਸੈਨੀ, ਡਾ. ਕਰਨਜੀਤ ਸਿੰਘ, ਪ੍ਰੋ. ਸ. ਸ. ਸੋਜ਼, ਡਾ. ਕੁਲਬੀਰ ਸਿੰਘ ਕਾਂਗ, ਪ੍ਰੋ. ਅਨੂਪ ਸਿੰਘ ਵਿਰਕ, ਡਾ. ਸੁਰਜੀਤ ਪਾਤਰ, ਪ੍ਰੇਮ ਅਵਤਾਰ ਰੈਣਾ, ਬਾਬਾ ਭਗਤ ਸਿੰਘ ਬਿਲਗਾ, ਪ੍ਰੀਤਮ ਸਿੰਘ ਜੱਗੀ, ਡਾ. ਕੁਲਦੀਪ ਸਿੰਘ ਧੀਰ, ਡਾ. ਮਹਿੰਦਰ ਸਿੰਘ ਚੀਮਾ, ਡਾ. ਸੁਰਜੀਤ ਸਿੰਘ ਭਾਟੀਆ, ਡਾ. ਨਵਰਤਨ ਕਪੂਰ, ਸ. ਜਗਦੇਵ ਸਿੰਘ ਜੱਸੋਵਾਲ, ਡਾ. ਗੁਰਨਾਮ ਕੌਰ ਬੇਦੀ, ਸ਼੍ਰੀ ਹਰਭਜਨ ਸਿੰਘ ਬਾਜਵਾ, ਸ਼੍ਰੀਮਤੀ ਅਰਤਿੰਦਰ ਕੌਰ ਸੰਧੂ, ਸ. ਸਤਿੰਦਰ ਸਿੰਘ ਨੰਦਾ, ਡਾ. ਚਰਨਜੀਤ ਸਿੰਘ ਪੱਡਾ, ਪ੍ਰਿੰ. ਬੇਅੰਤ ਕੌਰ, ਡਾ. ਨਵਜੋਤ ਕੌਰ ਕਸੇਲ, ਡਾ. ਕਰਨੈਲ ਸਿੰਘ ਥਿੰਦ, ਪ੍ਰਿੰ. ਮੋਹਣ ਸਿੰਘ ਜ਼ੌਹਲ, ਪ੍ਰੋ. ਕੁਲਵੰਤ ਸਿੰਘ ਗਰੇਵਾਲ, ਡਾ. ਤਰਲੋਚਨ ਸਿੰਘ ਬੇਦੀ, ਸ. ਓਅੰਕਾਰ ਸਿੰਘ, ਸ. ਰਘਬੀਰ ਸਿੰਘ ਸੀਹੜਾ, ਪ੍ਰੋ. ਗੋਪਾਲ ਚੰਦ, ਪ੍ਰੋ. ਆਰ. ਸੀ. ਪਾਲ, ਸੰਤ ਹਰਪਾਲ ਸਿੰਘ ਸੇਵਕ, ਡਾ. ਕਰਤਾਰ ਸਿੰਘ ਸੂਰੀ, ਸ. ਗੁਰਸ਼ਰਨ ਸਿੰਘ ਨਾਟਕਕਾਰ, ਡਾ. ਹਰਭਜਨ ਸਿੰਘ ਹਲਵਾਰਵੀ, ਪ੍ਰੋ. ਓਮ ਪ੍ਰਕਾਸ਼ ਗਾਸੋ, ਸੂਬਾ ਸੁਰਿੰਦਰ ਕੌਰ ਖਰਲ, ਸ਼੍ਰੀ ਰਾਮ ਨਾਥ


Sri Satguru Jagjit Singh Ji eLibrary NamdhariElibrary@gmail.com

ਸ਼ੁਕਲਾ, ਵਿਕਟਰ ਸੀ. ਰੈਂਬੋ ਐਮ. ਡੀ., ਡਾ. ਈ. ਐਮ. ਜਾਨਸਨ, ਪ੍ਰੋ. ਹਰਪਾਲ ਸਿੰਘ, ਡਾ. ਚਾਨਣ ਸਿੰਘ ਨਿਰਮਲ, ਡਾ. ਸਵੈਜੋਤ ਗਿੱਲ, ਸ. ਜਸਪਾਲ ਸਿੰਘ, ਸ. ਕੁਲਵੰਤ ਸਿੰਘ ਪੱਤਰਕਾਰ, ਸ. ਅਵਤਾਰ ਸਿੰਘ ਟੌਹੜਾ, ਡਾ. ਗੋਬਿੰਦ ਸਿੰਘ ਲਾਂਬਾ, ਡਾ. ਜਗਬੀਰ ਸਿੰਘ, ਪ੍ਰੋ. ਨਿਸ਼ਾਨ ਸਿੰਘ ਢਿਲੋਂ, ਸ. ਜਸਵਿੰਦਰ ਸਿੰਘ ਹਿਸਟੋਰੀਅਨ, ਪ੍ਰੋ. ਤਾਰਾ ਸਿੰਘ ਅਨਜਾਣ, ਪ੍ਰਿੰ. ਗੁਰਨਾਮ ਸਿੰਘ ਗਿੱਲ, ਜਗਦੀਸ਼ ਸਿੰਘ ਵਰਿਆਮ, ਮਿਹਰਬਾਨ ਬਟਾਲਵੀ, ਸ. ਜਸਵੀਰ ਸਿੰਘ ਘੁੰਮਣ, ਸ੍ਰੀ ਨਿੰਦਰ ਘੁਗਿਆਣਵੀ, ਤ੍ਰਿਲੋਕ ਢਿੱਲੋਂ, ਮਹਿੰਦਰਜੀਤ ਬਹਾਵਲੀਆ, ਰਾਜਿੰਦਰ ਰੋਜ਼ੀ, ਮਹਿੰਦਰ ਸਿੰਘ ਸੱਲ ਅਤੇ ਵਿਨੋਦ ਕੁਮਾਰ ਸਿੰਗਲਾ ਆਦਿ ਦੇ ਮਨੋਭਾਵ ਇਸ ਗ੍ਰੰਥ ਵਿਚ ਦਰਜ ਹਨ। ਕਈਆਂ ਦੇ ਇਕ ਤੋਂ ਵੱਧ ਲੇਖ ਵੀ ਹਨ।

ਇਸ ਗ੍ਰੰਥ ਵਿਚ ਹਿੱਸਾ ਪਾ ਸਕਣ ਵਾਲੇ ਬਹੁਤੇ ਲੇਖਕਾਂ ਵਿਚੋਂ ਸਮਾਗਮ ਵਿਚ ਹਾਜ਼ਰ ਸਨ। ਹੋਲੇ ਹੋਲੀਆਂ ਦਾ ਤਿਓਹਾਰ ਹੋਣ ਕਾਰਨ ਕੁਝ ਕੁ ਦੀ ਨਾ ਆਉਣ ਦੀ ਮਜਬੂਰੀ ਵੀ ਸੀ।

ਇਸ ਸਮੇਂ ਹੀ 'ਸਾਹਿਤ ਰਤਨ' ਪੁਰਸਕਾਰ ਵੀ ਸਤਿਗੁਰੂ ਜੀ ਦੁਆਰਾ ਕਸੇਲ ਜੀ ਨੂੰ ਦਿੱਤਾ ਗਿਆ। ਇਸ ਦਾ ਪ੍ਰਸ਼ਸਤੀ-ਪੱਤਰ ਸਵਰਨ ਸਿੰਘ ਵਿਰਕ ਹੋਰਾਂ ਪੜ੍ਹਿਆ।

ਜਿਸ ਵੇਲੇ ਸਤਿਗੁਰੂ ਜੀ ਨੇ ਕਸੇਲ ਜੀ ਨੂੰ ਅਸੀਸ ਦਿਤੀ ਤਾਂ ਰਾਗੀ ਸ਼ਬਦ ਪੜ੍ਹ ਰਹੇ ਸਨ :

*"ਪੂਤਾ ਮਾਤਾ ਕੀ ਆਸੀਸ॥*
*ਨਿਮਖ ਨ ਬਿਸਰਉ ਤੁਮੑ ਕਉ ਹਰਿ ਹਰਿ*
*ਸਦਾ ਭਜਹੁ ਜਗਦੀਸ।"*

ਪ੍ਰੋ. ਕਸੇਲ ਹੋਰਾਂ ਦੀ ਲਿਖੀ ਹੋਈ ਕਵਿਤਾ ਇਸ ਸਮੇਂ ਸ. ਗੁਰਬਚਨ ਸਿੰਘ ਰਾਹੀ ਹੋਰਾਂ ਪੜ੍ਹੀ (ਇਹ ਵਖਰੀ ਛਾਪੀ ਜਾ ਰਹੀ ਹੈ)

ਕਸੇਲ ਜੀ ਨੇ ਆਪਣੇ ਕ੍ਰਿਤੱਗਤਾ ਭਰੇ ਭਾਸ਼ਨ ਵਿਚ ਕਿਹਾ ਕਿ ਮੇਰਾ ਰੋਮ ਰੋਮ ਸਤਿਗੁਰਾਂ ਦਾ ਧੰਨਵਾਦ ਕਰ ਰਿਹਾ ਹੈ। ਮੇਰੀ ਅਰਦਾਸ ਹੈ ਕਿ ਇਹ ਬਖ਼ਸ਼ਿਸ਼ ਸਦਾ ਬਣੀ ਰਹੇ। ਮੈਂ ਸਤਿਗੁਰੂ ਜੀ ਅਗੇ ਅਰਦਾਸ ਕਰਦਾ ਹਾਂ :

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*

ਅਮਨ ਦਾ ਝੰਡਾ ਸਦਾ ਪੰਜਾਬੀ ਲੇਖਕਾਂ ਨੇ ਚੁਕਿਆ ਹੈ। ਪੰਜਾਬ ਵਿਚ ਪੰਜਾਬੀ ਦਾ ਆਧਾਰ ਕਾਇਮ ਰਹਿਣਾ ਚਾਹੀਦਾ ਹੈ। 'ਪੰਜਾਬ ਜਿਊਂਦਾ ਗੁਰੂ ਦੇ



Sri Satguru Jagjit Singh Ji eLibrary NamdhariElibrary@gmail.com

ਨਾਮ ਤੇ' ਹੈ। ਪੰਜਾਬੀ ਭਾਸ਼ਾ ਦੀ ਸੁਰੱਖਿਆ ਲਈ ਕਾਨੂੰਨ ਕਿਉਂ ਨਹੀਂ ਵਰਤਦੇ, ਗੁਰੂ ਨਾਨਕ ਦੇਵ ਜੀ ਨੇ **'ਬੋਲੀ ਅਵਰ ਤੁਮਾਰੀ'** ਤੇ ਟਿਪਣੀ ਕੀਤੀ ਸੀ, ਅਸੀਂ ਪੰਜਾਬੀ ਦੀ ਰਖਿਆ ਕਰਨੀ ਹੈ। ਅੱਜ ਸਿੱਖਿਆ ਮਹਿੰਗੀ ਤੋਂ ਮਹਿੰਗੀ ਹੋਈ ਜਾ ਰਹੀ ਹੈ। ਗਰੀਬ ਦਾ ਬੱਚਾ ਪੜ੍ਹ ਨਹੀਂ ਸਕੇਗਾ। (ਪ੍ਰੋ. ਪ੍ਰੀਤਮ ਸਿੰਘ ਜੀ ਦੀ ਟਿਪਣੀ ਕਿ ਕਸੇਲ ਨੂੰ ਗੁੱਸਾ ਆਉਂਦਾ ਹੀ ਨਹੀਂ ਦੇ ਉਲਟ ਇਰਾਕ ਦੀ ਜੰਗ ਅਤੇ ਪੰਜਾਬੀ ਬਾਰੇ ਸਰਕਾਰੀ ਰਵੱਈਆ ਦਸਦਿਆਂ ਕਸੇਲ ਜੀ ਰੋਹ ਵਿਚ ਆ ਗਏ।) ਕਸੇਲ ਜੀ ਨੇ ਅੰਤ ਸਭ ਆਏ ਸਜਣਾਂ ਦਾ ਆਜਜ਼ੀ ਨਾਲ ਧੰਨਵਾਦ ਕੀਤਾ।

ਸ਼ਾਮ ਹੋ ਚੁੱਕੀ ਸੀ। ਲੋਕ ਦੂਰ ਦਰਾਜ਼ ਤੋਂ ਆਏ ਸਨ, ਵਾਪਸ ਵੀ ਜਾਣਾ ਸੀ, ਪਰ ਸਭ ਕੁਝ ਬੇ ਵਸਾ ਹੋਈ ਜਾ ਰਿਹਾ ਸੀ।

ਅੰਤ ਉਤੇ ਸਤਿਗੁਰੂ ਜੀ ਨਾਲ ਗਰੁੱਪ ਤਸਵੀਰਾਂ ਖਿਚਵਾਈਆਂ ਗਈਆਂ।

ਸਮਾਗਮ ਅਪਾਰ ਸਫਲਤਾ ਨਾਲ ਸਿਰੇ ਚੜ੍ਹਿਆ। ਦੂਰੋਂ ਦੂਰੋਂ ਲੇਖਕ ਪੁੱਜੇ ਸਨ। ਨਾਮਧਾਰੀ ਪੰਜਾਬੀ ਲੇਖਕ ਸਭਾ ਸ਼੍ਰੀ ਜੀਵਨ ਨਗਰ ਹਰਿਆਣਾ ਤੋਂ ਉਚੇਚੇ ਮੈਂਬਰ ਆਏ ਸਨ। ਇਕ ਯਾਦਗਾਰੀ ਲਾ ਜੁਆਬ ਸਮਾਗਮ ਦਾ ਭੋਗ ਪਿਆ। ਬਹੁਤ ਕੁਝ ਹੈ ਜੋ ਕਲਮ ਅਤੇ ਕੈਮਰੇ ਦੀ ਪਕੜ ਤੋਂ ਬਾਹਰ ਰਿਹਾ ਹੈ।

**-ਜਗਦੀਸ਼ ਸਿੰਘ**

## ਸਤਿਜੁਗ ਵਿਸ਼ੇਸ਼ ਅੰਕ
## 24 ਤੋਂ 30 ਅਪਰੈਲ 2003

75 ਬਹਾਰਾਂ ਮਾਨਣ ਵਾਲੇ ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਅਭਿਨੰਦਨ ਸਮਾਰੋਹ, ਸ਼੍ਰੀ ਸਤਿਗੁਰੂ ਜੀ ਵਲੋਂ ਸਾਹਿਤ ਰਤਨ ਸਨਮਾਨ ਦੀ ਬਖ਼ਸ਼ਿਸ਼, ਅਭਿਨੰਦਨ ਗ੍ਰੰਥ ਤੇ ਮਾਣ-ਪੱਤਰ ਭੇਟ।

ਪ੍ਰੋ. ਕਿਰਪਾਲ ਸਿੰਘ ਕਸੇਲ ਦਾ 75ਵਾਂ ਜਨਮ ਦਿਨ ਸ਼੍ਰੀ ਸਤਿਗੁਰੂ ਜੀ ਦੇ ਚਰਨਾਂ ਕਮਲਾਂ ਵਿਚ ਮਨਾਇਆ ਗਿਆ। ਇਸ ਦਿਨ ਸ਼੍ਰੀ ਭੈਣੀ ਸਾਹਿਬ ਵਿਖੇ ਕਸੇਲ ਜੀ ਨੂੰ ਸੱਚੇ ਪਾਤਸ਼ਾਹ ਜੀ ਵਲੋਂ 'ਸਾਹਿਤ ਰਤਨ' ਹੋਣ ਦਾ ਮਾਣ ਬਖ਼ਸ਼ਿਆ ਗਿਆ ਅਤੇ ਸ਼੍ਰੀ ਸਤਿੰਦਰ ਸਿੰਘ ਨੰਦਾ ਦਾ ਸੰਪਾਦਿਤ ਪ੍ਰੋ. ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ। ਪ੍ਰੋ. ਕਸੇਲ ਜੀ ਦੀ ਅਨੁਵਾਦ ਕੀਤੀ ਪ੍ਰੋ. ਪੂਰਨ ਸਿੰਘ ਦੀ ਰਚਨਾ 'ਗੁਰ-ਸ਼ਬਦ ਵਿਸਮਾਦ-ਬੋਧ' ਵੀ ਰੀਲੀਜ਼ ਕੀਤੀ ਗਈ। ਪ੍ਰੋ. ਕਿਰਪਾਲ ਸਿੰਘ ਦੇ ਇਸ ਅਭਿਨੰਦਨ ਸਮਾਰੋਹ ਦਾ ਇਕ



Sri Satguru Jagjit Singh Ji eLibrary NamdhariElibrary@gmail.com

ਮਹੱਤਵਪੂਰਨ ਪੱਖ ਇਹ ਵੀ ਹੈ ਕਿ ਪੰਜਾਬੀ ਦੇ ਸਿਰਮੌਰ ਲੇਖਕ, ਕਵੀ, ਬੁਧੀਜੀਵੀ ਅਤੇ ਉਨ੍ਹਾਂ ਦੇ ਮਿੱਤਰ ਪਿਆਰੇ ਇਸ ਸਮਾਰੋਹ ਦੀ ਸ਼ਾਨ ਦੁਬਾਲਾ ਕਰਨ ਵਿਚ ਕਿਸੇ ਤਰ੍ਹਾਂ ਵੀ ਪਿਛੇ ਨਹੀਂ ਰਹੇ। ਜਿਥੇ ਅੱਸੀ ਤੋਂ ਵੱਧ ਲੇਖਕਾਂ ਨੇ ਅਭਿਨੰਦਨ ਗ੍ਰੰਥ ਵਿਚ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ, ਉਥੇ 200 ਤੋਂ ਵੱਧ ਲੇਖਕਾਂ ਨੇ ਇਸ ਸਮਾਰੋਹ ਵਿਚ ਸ਼ਿਰਕਤ ਕੀਤੀ। ਇਸ ਸਮੇਂ ਕਸੇਲ ਜੀ ਦੀ ਘਾਲਣਾ ਨੂੰ ਅਤੇ ਉਨ੍ਹਾਂ ਦੇ ਜੀਵਨ ਦੀਆਂ ਵਿਸ਼ੇਸ਼ ਘਟਨਾਵਾਂ ਨੂੰ ਪੇਸ਼ ਕਰਨ ਵਾਲਿਆਂ ਵਿਚ ਡਾ. ਗੁਰਬਚਨ ਸਿੰਘ ਰਾਹੀ, ਡਾ. ਨਵਰਤਨ ਕਪੂਰ, ਡਾ. ਈਸ਼ਰ ਸਿੰਘ ਤਾਂਘ, ਪ੍ਰੋ. ਗੁਰਭਜਨ ਗਿੱਲ, ਡਾ. ਕੁਲਵੰਤ ਕੌਰ, ਹਰਭਜਨ ਸਿੰਘ ਬਟਾਲਵੀ, ਸੇਵਕ ਹਰਪਾਲ ਸਿੰਘ, ਪ੍ਰਿੰ. ਮੋਹਨ ਸਿੰਘ ਜੌਹਲ, ਡਾ. ਈ. ਐਮ. ਜਾਨਸਨ, ਡਾ. ਕਰਤਾਰ ਸਿੰਘ ਸੂਰੀ, ਪ੍ਰੋ. ਕਰਤਾਰ ਸਿੰਘ ਕਾਲੜਾ, ਪ੍ਰੋ. ਕੁਲਵੰਤ ਸਿੰਘ ਗਰੇਵਾਲ, ਡਾ. ਕੁਲਬੀਰ ਸਿੰਘ ਕਾਂਗ, ਪ੍ਰੋ. ਕੁਲਵੰਤ ਜਗਰਾਉਂ, ਡਾ. ਕੁਲਦੀਪ ਸਿੰਘ ਧੀਰ, ਮੇਜਰ ਜੀਵਨ ਤਿਵਾੜੀ, ਕਾਮਰੇਡ ਜਗਜੀਤ ਸਿੰਘ ਅਨੰਦ, ਪ੍ਰਿੰ. ਨਿਸ਼ਾਨ ਸਿੰਘ ਢਿਲੋਂ, ਪ੍ਰੋ. ਪ੍ਰੇਮ ਸਿੰਘ ਬਜਾਜ ਆਦਿ ਨੇ ਸ਼੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੋਂ ਪਹਿਲਾਂ ਖੁਲ੍ਹੇ ਸਮਾਗਮ ਵਿਚ ਪ੍ਰੋ. ਕਸੇਲ ਪ੍ਰਤੀ ਆਪਣੀ ਨਿਕਟਤਾ ਅਤੇ ਉਨ੍ਹਾਂ ਦੀ ਵਿਦਵਤਾ ਪ੍ਰਤੀ ਭਰਪੂਰ ਸ਼ਬਦਾਂ ਵਿਚ ਆਪਣੀ ਆਪਣੀ ਗੱਲ ਕਹੀ।

ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਅਭਿਨੰਦਨ ਸਮਾਰੋਹ ਹੋਲੇ ਦੇ ਦਰਮਿਆਨ ਮਿਤੀ ੧੯-੦੩-੨੦੦੩ ਨੂੰ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਕੀਤਾ ਗਿਆ। ਇਹ ਸਮਾਰੋਹ ਹਰੀ ਮੰਦਿਰ ਵਿਖੇ ਕੀਤਾ ਗਿਆ। ਸਭ ਤੋਂ ਪਹਿਲਾਂ ਸੰਤ ਰਣਬੀਰ ਸਿੰਘ ਨੇ ਰਾਗ ਜੈਤਸਰੀ ਵਿੱਚ ਗਾਇਨ ਆਰੰਭ ਕੀਤਾ, ਤਬਲੇ ਤੇ ਗੁਰਚਰਨ ਸਿੰਘ ਨੇ ਤਿੰਨ ਤਾਲ ਵਜਾਇਆ। ਸ਼ਬਦ ਜੋ ਸ਼ੁਰੂ ਵਿਚ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਗਾਇਨ ਕੀਤਾ ਗਿਆ :

*ਪੂਤਾ ਮਾਤਾ ਕੀ ਆਸੀਸ॥*
*ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ*
*ਸਦਾ ਭਜਹੁ ਜਗਦੀਸ॥*

ਇਸ ਸਮਾਗਮ ਸਮੇਂ ਮੰਚ ਦਾ ਸੰਚਾਲਨ ਅਜੀਤ ਸਿੰਘ ਲਾਇਲ ਨੇ ਕੀਤਾ। ਸ਼੍ਰੀ ਸਤਿਗੁਰੂ ਜੀ ਦੀ ਪਾਲਕੀ ਦੇ ਸੱਜੇ ਪਾਸੇ ਰਾਗੀ ਸਿੰਘ ਸ਼ਬਦ ਗਾਇਨ ਕਰ ਰਹੇ ਸਨ। ਖੱਬੇ ਪਾਸੇ ਪ੍ਰੋ. ਕਿਰਪਾਲ ਸਿੰਘ ਕਸੇਲ, ਨੰਦਾ ਜੀ, ਸੁਰਜੀਤ ਪਾਤਰ, ਪ੍ਰੋ. ਪ੍ਰੀਤਮ ਸਿੰਘ, ਡਾ. ਐੱਸ. ਤਰਸੇਮ, ਅਜੀਤ ਸਿੰਘ ਨਾਮਧਾਰੀ ਅਤੇ ਹਰਪਾਲ



Sri Satguru Jagjit Singh Ji eLibrary NamdhariElibrary@gmail.com

ਸਿੰਘ ਸੇਵਕ ਮੌਜੂਦ ਸਨ। ਬਾਹਰੋਂ ਆਏ 200 ਦੇ ਕਰੀਬ ਲੇਖਕ ਸਾਹਮਣੇ ਬਿਰਾਜਮਾਨ ਸਨ। ਪ੍ਰੋਗਰਾਮ 1 ਵਜੇ ਸ਼ੁਰੂ ਹੋਇਆ। ਲਾਇਲ ਜੀ ਨੇ ਸਭ ਲੇਖਕਾਂ ਨੂੰ ਜੀ ਆਇਆਂ ਆਖਿਆ। ਕੀਰਤਨ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਹਰੀ ਮੰਦਰ ਵਿਚ ਦਰਸ਼ਨ ਦਿੱਤੇ। ਮੰਚ ਦਾ ਸੰਚਾਲਨ ਕਰਦੇ ਹੋਏ ਲਾਇਲ ਜੀ ਨੇ ਸਭ ਤੋਂ ਪਹਿਲਾਂ ਸ. ਸਤਿੰਦਰ ਸਿੰਘ ਨੰਦਾ ਨੂੰ ਪੇਸ਼ ਕੀਤਾ।

**ਸ. ਸਤਿੰਦਰ ਸਿੰਘ ਨੰਦਾ -** ਨੇ ਕਿਹਾ ਕਿ ਅਭਿਨੰਦਨ ਗ੍ਰੰਥ ਵਿਚ 84 ਲੇਖਕਾਂ ਨੇ ਹਿੱਸਾ ਪਾਇਆ ਹੈ। ਸਾਰੇ ਲੇਖਕ ਸੱਜਣ ਇਕ ਇਕ ਕਿਤਾਬ ਜ਼ਰੂਰ ਲੈ ਕੇ ਜਾਣ। ਇਸ ਵਿਚ ਡਾ. ਕਰਤਾਰ ਸਿੰਘ ਸੂਰੀ, ਡਾ. ਐੱਸ. ਤਰਸੇਮ, ਸੁਰਜੀਤ ਸਿੰਘ ਭਾਟੀਆ ਅਤੇ ਹੋਰ ਲੇਖਕਾਂ ਨੇ ਬਹੁਤ ਵਧੀਆ ਲੇਖ ਲਿਖੇ ਹਨ।

**ਡਾ. ਸੁਰਜੀਤ ਪਾਤਰ :** ਇਹ ਚੜ੍ਹਦੀ ਕਲਾ ਦਾ ਸਨਮਾਨ ਹੈ। ਕਿਸੇ ਦੇ ਵਾਕਾਂ ਵਿਚ ਸ਼ਕਤੀ ਤਦ ਹੀ ਆਉਂਦੀ ਹੈ ਜਦੋਂ ਉਸ ਦੇ ਵਾਕਾਂ ਪਿਛੇ ਸੰਘਰਸ਼ ਹੁੰਦਾ ਹੈ । ਸਾਡੇ ਵਿਚ ਪ੍ਰੇਰਨਾ ਦਾ ਸਰੋਤ ਬਣ ਕੇ ਹਾਜ਼ਰ ਹੁੰਦੇ ਹਨ। ਇੰਸ ਇਤਿਹਾਸਕ ਧਰਤੀ ਤੇ ਸਮਾਗਮ ਦਾ ਆਯੋਜਨ ਕਰਨਾ ਬਹੁਤ ਮਾਣ ਵਾਲੀ ਗੱਲ ਹੈ। ਜਿਥੇ ਸਿਖੀ ਸੰਗੀਤ ਦੀ ਜੋਗ ਜਗਦੀ ਹੈ। ਇਕ ਨੇਤਰਹੀਨ ਹੋ ਕੇ ਵੀ ਇਸ ਮਹਾਨ ਸ਼ਖ਼ਸ ਨੇ ਮਹਾਨ ਬਣ ਕੇ ਵਿਖਾਇਆ ਹੈ। ਇਸ ਪਿਛੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਕਤੀ ਦਾ ਹਥ ਹੈ।

*"ਦਰਿਆ ਹੋ ਰਹਿਣਾ, ਦਰਿਆ ਹੋ ਜੀਣਾ*
*ਇਹ ਸਤਿਗੁਰ ਆਦੇਸ਼ ਹੈ"*

ਕਸੇਲ ਜੀ ਵੀ ਉਸ ਰਾਹ ਦੇ ਪਾਂਧੀ ਹਨ।

**ਪ੍ਰੋ. ਪ੍ਰੀਤਮ ਸਿੰਘ :** ਮੈਂ ਜਦੋਂ ਇਸ ਪਾਵਨ ਧਰਤੀ ਤੇ ਆਉਂਦਾ ਹਾਂ, ਜੀ ਕਰਦਾ ਹੈ ਇਸ ਧਰਤੀ ਦੀ ਮਿੱਟੀ ਮਸਤਕ ਤੇ ਲਾਵਾਂ। ਇਹ ਉਹ ਪਵਿੱਤਰ ਧਰਤੀ ਹੈ ਜਿਥੋਂ ਅੰਗਰੇਜ਼ ਨੂੰ ਚੁਨੌਤੀ ਦੇਣ ਵਾਲੇ ਮਹਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦਾ ਬਿਗਲ ਵਜਾਇਆ। ਅੰਗਰੇਜ਼ਾਂ ਨੇ ਬਹੁਤ ਜ਼ੋਰ ਲਾਇਆ ਕਿ ਇਸ ਧਰਤੀ ਨੂੰ ਉਜਾੜ ਦਿਤਾ ਜਾਵੇ, ਪਰ ਇਹ ਦਿਨ ਦੁਗਣੀ ਹਰੀ ਭਰੀ ਹੋਈ। ਸਾਰੇ ਸੰਸਾਰ ਵਿਚ ਇਹੋ ਜਿਹਾ ਸ਼ਾਸਤਰੀ ਸੰਗੀਤ ਨਹੀਂ ਹੋ ਰਿਹਾ। ਧੰਨ ਇਹ ਧਰਤੀ ਹੈ ਜਿਥੇ ਇੰਨੇ ਕਲਾਕਾਰ ਪੈਦਾ ਹੋਏ। ਸੰਤ ਸਿੰਘ ਸੇਖੋਂ ਨਾਮਧਾਰੀ ਨਹੀਂ ਸਨ, ਕਮਿਊਨਿਸਟ ਹੋਣ ਕਰਕੇ ਧਰਮ ਵਿਰੋਧੀ ਸਮਝੇ ਜਾਂਦੇ ਸਨ। ਜਦੋਂ ਬਿਮਾਰ ਹੋਏ, ਉਨ੍ਹਾਂ ਦੀ ਬਾਂਹ ਫੜਨ ਵਾਲੇ ਸਤਿਗੁਰੂ ਜੀ ਸਨ। ਫਿਰ ਸੇਖੋਂ ਦੇ ਮੂੰਹੋਂ ਨਿਕਲਿਆ ਕਿ ਮੈਨੂੰ ਅੱਜ ਪਤਾ ਲਗਾ ਹੈ ਕਿ ਕੋਈ ਸਤਿਗੁਰੂ ਵੀ ਹੈ। ਇਥੋਂ



Sri Satguru Jagjit Singh Ji eLibrary NamdhariElibrary@gmail.com

ਹੀ ਅੰਤਲੇ ਦਿਨਾਂ ਵਿਚ ਸੁਰਜੀਤ ਖੁਰਸ਼ੀਦੀ ਨੂੰ ਸਹਾਰਾ ਮਿਲਿਆ। ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਹੈ। ਇਸ ਧਰਤੀ ਤੇ ਆਉਂਦੇ ਸਾਰ ਹੀ ਸੰਗੀਤ ਦੀਆਂ ਧੁੰਨਾਂ ਕੰਨਾਂ ਵਿਚ ਪੈ ਕੇ ਸ਼ਾਂਤੀ ਮਿਲਦੀ ਹੈ। ਗੱਲ ਚਲੀ ਹੁਣ ਪੰਜਾਬੀ ਦੀ। ਸ਼੍ਰੀ ਸਤਿਗੁਰੂ ਰਾਮ ਸਿੰਘ ਜੀ, ਹੁਕਮਨਾਮਿਆਂ ਵਿਚ, ਪੰਜਾਬੀ ਵਾਸਤੇ ਖ਼ਾਸ ਹੁਕਮ ਕਰ ਗਏ ਹਨ। ਜਿਸ ਬੰਦੇ ਦਾ ਅੱਜ ਅਸੀਂ ਸਨਮਾਨ ਕਰ ਰਹੇ ਹਾਂ, ਇਹ ਅਜੀਬੋ ਗਰੀਬ ਹੈ। ਇਸ ਨੂੰ ਗ਼ੁੱਸਾ ਨਹੀਂ ਆਉਂਦਾ। ਕਸੇਲ ਜੀ ਪਰਉਪਕਾਰੀ ਹਨ। ਸਾਨੂੰ ਇਥੋਂ ਕੋਈ ਜ਼ਰੂਰ ਪ੍ਰੇਰਨਾ ਲੈ ਕੇ ਜਾਣੀ ਚਾਹੀਦੀ ਹੈ। ਆਦਮੀ ਕਿੰਨਾ ਵੱਡਾ ਹੋ ਜਾਵੇ, ਪਰ ਨੇਕ ਇਨਸਾਨ ਜ਼ਰੂਰ ਬਣਨਾ ਚਾਹੀਦਾ ਹੈ।

**ਡਾ. ਐੱਸ. ਤਰਸੇਮ** : ਕਸੇਲ ਜੀ ਦਾ ਬਹੁਤ ਹੀ ਪਵਿੱਤਰ ਦਿਹਾੜੇ ਤੇ ਸਨਮਾਨ ਹੋ ਰਿਹਾ ਹੈ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਪ੍ਰਾਇਮਰੀ ਸਿਖਿਆ ਤੋਂ ਬਾਅਦ ਕੋਈ ਵਿਦੇਸ਼ੀ ਭਾਸ਼ਾ ਚਾਲੂ ਕੀਤੀ ਜਾਵੇ, ਪਹਿਲਾਂ ਨਹੀਂ। ਕਸੇਲ ਜੀ ਦਾ ਸੁਭਾਅ ਬੜਾ ਨਰਮ ਹੈ। ਇਨ੍ਹਾਂ ਦੀ ਪ੍ਰੇਰਣਾ ਸਦਕਾ ਹੀ ਮੈਂ ਲਿਖ ਲੈਂਦਾ ਹਾਂ, ਸੰਘਰਸ਼ ਕਰ ਲੈਂਦਾ ਹਾਂ। ਨਾਮਧਾਰੀ ਪੰਥ ਜਿਥੇ ਬਾਲ ਪਾਰਟੀ, ਗ਼ਦਰ ਦਾ ਸਾਰਾ ਸੰਘਰਸ਼ ਦਾ ਸਫ਼ਰ ਹੈ, ਉਥੇ ਪਿਆਰ ਤੇ ਫ਼ਲਸਫ਼ੇ ਦਾ ਸਫ਼ਰ ਹੈ। ਨੰਦਾ ਜੀ 25 ਸਾਲਾਂ ਤੋਂ ਕਸੇਲ ਜੀ ਪ੍ਰਤੀ ਨਿਸ਼ਕਾਮ ਸੇਵਾ ਕਰ ਰਹੇ ਹਨ। ਇਸੇ ਹੀ ਸਟੇਜ ਤੋਂ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਸੀ ਕਿ ਜੇ ਕਸੇਲ ਜੀ ਦਾ ਇਲਾਜ ਹੁੰਦਾ ਹੋਵੇ, ਕਿਸੇ ਵੀ ਦੇਸ਼ ਵਿਚ ਹੋਵੇ, ਦਰਬਾਰ ਸਾਰਾ ਖ਼ਰਚ ਕਰੇਗਾ। ਇਹ ਸਤਿਗੁਰੂ ਜੀ ਦੀ ਅਪਾਰ ਕਿਰਪਾ ਹੈ। ਉਨ੍ਹਾਂ ਕਿਹਾ ਕਿ 2 ਵਿਘੇ ਜ਼ਮੀਨ ਬਿਰਧ ਆਸ਼ਰਮ ਬਣਾਉਣ ਵਾਸਤੇ ਖ਼ਰੀਦ ਲਈ ਹੈ। ਪੰਜਾਬ ਵੈਲਫੇਅਰ ਐਸੋਸੀਏਸ਼ਨ ਫਾਰ ਦ ਬਲਾਈਂਡ ਦੇ 272 ਮੈਂਬਰਾਂ ਵਲੋਂ ਧੰਨਵਾਦ ਕੀਤਾ ਗਿਆ। ਇਸ ਸਮੇਂ ਮਹਿੰਦਰ ਸਿੰਘ ਗਰੇਵਾਲ ਦੀ ਕਿਤਾਬ 'ਸਫਲ ਵਿਗਿਆਨਕ ਖੇਤੀ' ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕੀਤੀ। ਅਜੀਤ ਸਿੰਘ ਲਾਂਬਾ ਨੇ ਪ੍ਰੋ. ਕਸੇਲ ਦੀ ਨਵ ਪ੍ਰਕਾਸ਼ਿਤ ਪੁਸਤਕ 'ਗੁਰ ਸਬਦ ਵਿਸਮਾਦ ਬੋਧ' ਦੀ ਪਹਿਲੀ ਕਾਪੀ ਸ਼੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ।

**ਸ. ਐਚ.ਐਸ. ਹੰਸਪਾਲ** : ਕਸੇਲ .ਜੀ ਜਦੋਂ ਨੇਤਰਹੀਨ ਹੋਏ, ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਪਰਕ ਵਿਚ ਆਏ। ਕਿੰਨੇ ਕੁ ਨਾਮਧਾਰੀ ਨੇ ਕਸੇਲ ਜੀ, ਇਹ ਅੱਜ ਤੁਹਾਡੇ ਤੋਂ ਪਤਾ ਲਗਾ ਹੈ। ਹੰਸਪਾਲ ਜੀ ਨੇ ਇਤਿਹਾਸ ਦੀ ਗੱਲ ਕਰਦਿਆਂ ਕਿਹਾ ਕਿ 1857 ਦੀ ਸਾਡੀ ਪਹਿਲੀ ਲੜਾਈ ਸੀ। ਅੰਗ੍ਰੇਜ਼ਾਂ ਨੇ ਗ਼ਦਰ ਕਹਿ ਦਿਤਾ। ਸਾਡਾ ਇਤਿਹਾਸ ਅੰਗ੍ਰੇਜ਼ਾਂ ਨੇ ਲਿਖ ਦਿਤਾ ਤੇ ਉਸ ਨੂੰ



Sri Satguru Jagjit Singh Ji eLibrary NamdhariElibrary@gmail.com

ਹੀ ਤੋੜ ਮਰੋੜ ਕੇ ਪੇਸ਼ ਕੀਤਾ। ਉਨ੍ਹਾਂ ਲੇਖਕਾਂ ਨੂੰ ਕਿਹਾ ਕਿ ਤੁਸੀਂ ਲਾੜੇ ਹੋ ਤੇ ਤੁਹਾਡੇ ਕੋਲੋਂ ਅਸੀਂ ਇਹ ਮੰਗ ਕਰਦੇ ਹਾਂ ਕਿ ਤੁਸੀਂ ਇਤਿਹਾਸ ਨੂੰ ਸਹੀ ਢੰਗ ਨਾਲ ਪੇਸ਼ ਕਰੋ। ਸਿੱਖੀ ਕੁਰਾਹੇ ਪਈ ਜਾ ਰਹੀ ਹੈ। ਉਸ ਵੇਲੇ ਦਰਬਾਰ ਸਾਹਿਬ ਤੋਂ ਅੰਗ੍ਰੇਜ਼ਾਂ ਨੂੰ ਸਿਰੋਪਾ ਦਿਤਾ ਗਿਆ। ਅਰਦਾਸ ਹੋਣ ਲਗ ਪਈ - "ਜੁੱਗ ਜੁੱਗ ਰਾਜ ਸਵਾਇਆ ਟੋਪੀ ਵਾਲੇ ਦਾ।" ਤਰਸੇਮ ਜੀ ਨੇ ਜ਼ੋਰ ਦੀ ਗੱਲ ਕੀਤੀ ਹੈ। ਮਾਲਕ ਤਾਂ ਸਤਿਗੁਰੂ ਹੈ। 1983 ਤੋਂ ਜਿਥੇ ਪੰਜਾਬੀ ਦੀ ਗੱਲ ਸ਼ੁਰੂ ਹੁੰਦੀ ਹੈ। ਅਸੀਂ ਠੋਕ ਵਜਾ ਕੇ ਗੱਲ ਕਰਦੇ ਹਾਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ "ਬੱਚੇ ਬੱਚੀ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਸਾਰ" ਜੇ ਗੁਰਮੁਖੀ ਅੱਖਰ ਆਉਣਗੇ ਤਾਂ ਗੁਰਬਾਣੀ ਪੜ੍ਹ ਸਕੇਗਾ। ਪੰਜਾਬੀ ਦੀ ਸਮਸਿਆ ਲਈ ਜਦੋਂ ਵੀ ਮੇਰੇ ਕੋਲ ਆਉ ਮੈਂ ਨਜਿਠਣ ਲਈ ਤੁਹਾਡੀ ਮਦਦ ਵਾਸਤੇ ਹਾਜ਼ਰ ਹਾਂ। ਜੇ ਨਾ ਆ ਸਕੋ ਤਾਂ ਮੈਨੂੰ ਸੱਦੋ, ਮੈਂ ਹਾਜ਼ਰ ਹੋ ਜਾਵਾਂਗਾ।

**ਪ੍ਰੋ. ਕਿਰਪਾਲ ਸਿੰਘ ਕਸੇਲ :** ਮੇਰੇ ਉਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਹੋਈ ਹੈ। ਮੈਂ ਜੋ ਕੁਝ ਵੀ ਲਿਖਿਆ ਹੈ, ਅਰਦਾਸ ਕਰਕੇ ਹੀ ਲਿਖਿਆ ਹੈ, ਜੇ ਮੈਂ ਚਿਠੀ ਵੀ ਲਿਖੀ ਹੈ ਤਾਂ ਵੀ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਦਾ ਧਿਆਨ ਧਰ ਕੇ ਲਿਖੀ ਹੈ। ਇਸ ਵੇਲੇ ਦੁਨੀਆਂ ਤਬਾਹੀ ਦੇ ਕੰਢੇ ਤੇ ਖੜ੍ਹੋਤੀ ਹੈ। ਸਤਿਗੁਰੂ ਜੀ ਨੇ ਤੁਹਾਡੀ ਰੱਖਿਆ ਕਰਨੀ ਹੈ। ਪੰਜਾਬੀ ਕਾਇਮ ਰਹੇਗੀ - ਸਤਿਗੁਰੂ ਜੀ ਦੀ ਸ਼ਾਨ ਰਹੇਗੀ - ਕੀ ਹੱਕ ਹੈ ਕਿ ਸਾਡੇ ਸਕੂਲਾਂ ਵਿਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ ? ਅਸੀਂ ਪੰਜਾਬੀ ਪੁੱਤਰ ਨਹੀਂ ? ਇਹ ਸਾਨੂੰ ਚਿੰਤਾ ਹੈ। ਅਸੀਂ ਪੰਜਾਬੀ ਦੀ ਰੱਖਿਆ ਕਰਨੀ ਹੈ। ਜੇ ਇਹ ਹਾਲ ਰਿਹਾ ਤਾਂ ਗਰੀਬ ਦਾ ਬੱਚਾ ਨਹੀਂ ਪੜ੍ਹ ਸਕੇਗਾ। ਇਸ ਤਰ੍ਹਾਂ ਦਾ ਪੜ੍ਹਾਈ ਦਾ ਸਿਸਟਮ ਆ ਰਿਹਾ ਹੈ। ਅਸੀਂ ਸ੍ਰੀ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰਦੇ ਹਾਂ।

ਇਸ ਤੋਂ ਬਾਅਦ ਡਾ. ਗੁਰਬਚਨ ਸਿੰਘ ਰਾਹੀ ਨੇ ਕਸੇਲ ਜੀ ਦੀ ਰਚੀ ਕਵਿਤਾ ਪੜ੍ਹ ਕੇ ਸੁਣਾਈ। ਸਤਿੰਦਰ ਸਿੰਘ ਨੰਦਾ ਜੀ ਨੇ ਪ੍ਰੋ. ਕਸੇਲ ਜੀ ਦੇ ਚਾਰ ਹੋਰ ਪ੍ਰਮੁੱਖ ਸ਼ਿਸ਼ਾਂ ਸ੍ਰੀ ਮੋਹਨ ਸਿੰਘ ਜੰਹਲ, ਕਰਤਾਰ ਸਿੰਘ ਕਾਲੜਾ, ਡਾ. ਚਾਨਣ ਸਿੰਘ ਨਿਰਮਲ, ਪ੍ਰਿੰ. ਗੋਪਾਲ ਚੰਦ ਨੂੰ ਨਾਲ ਲੈ ਕੇ ਅਭਿਨੰਦਨ ਗ੍ਰੰਥ ਦੀ ਕਾਪੀ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ, ਜਿਨ੍ਹਾਂ ਨੇ ਆਪਣੇ ਕਰ ਕਮਲਾਂ ਦੁਆਰਾ ਇਹ ਪੁਸਤਕ ਪ੍ਰੋ. ਕਸੇਲ ਨੂੰ ਪ੍ਰਦਾਨ ਕੀਤੀ।

ਸਵਰਨ ਸਿੰਘ ਵਿਰਕ ਵਲੋਂ ਮਾਣ-ਪੱਤਰ ਪੜ੍ਹਿਆ ਗਿਆ ਜੋ ਕਸੇਲ ਜੀ ਨੂੰ ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰੇ ਵਲੋਂ ਭੇਟ ਕੀਤਾ ਗਿਆ ਸੀ। ਸ੍ਰੀ



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਨੇ ਕਸੇਲ ਜੀ ਨੂੰ 'ਸਾਹਿਤ ਰਤਨ' ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ। ਸ. ਨੰਦਾ ਜੀ ਬਾਰੇ ਮਾਣ-ਪੱਤਰ ਦਲੀਪ ਸਿੰਘ ਨੇ ਪੜ੍ਹਿਆ ਤੇ ਉਨ੍ਹਾਂ ਸ਼੍ਰੀ ਸਤਿਗੁਰੂ ਜੀ ਪਾਸੋਂ ਸਨਮਾਨ ਚਿੰਨ੍ਹ ਤੇ ਮਾਣ-ਪੱਤਰ ਪ੍ਰਾਪਤ ਕੀਤਾ। ਉਨ੍ਹਾਂ ਨੂੰ ਪ੍ਰੋ. ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ ਨੂੰ ਸੰਪਾਦਨ ਕਰਨ ਸੰਬੰਧੀ ਪਾਏ ਵਿਸ਼ੇਸ਼ ਯੋਗਦਾਨ ਵਜੋਂ ਸਨਮਾਨਿਤ ਕੀਤਾ ਗਿਆ। ਸਮਾਗਮ ਵਿਚ ਆਏ ਹੋਏ ਸਾਰੇ ਲੇਖਕਾਂ ਨੂੰ ਅਭਿਨੰਦਨ ਗ੍ਰੰਥ ਦੀ ਇਕ-ਇਕ ਕਾਪੀ ਭੇਟਾ ਕੀਤੀ ਗਈ। ਇਸ ਸਮੇਂ ਸ਼੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਜਥੇ ਵਲੋਂ ਪੂਤਾ ਮਾਤਾ ਕੀ ਆਸੀਸ ਸ਼ਬਦ ਗਾਇਨ ਕੀਤਾ ਗਿਆ। ਇਸ ਸਾਰੇ ਪ੍ਰੋਗਰਾਮ ਦੀ ਰੂਪ ਰੇਖਾ ਸੰਤ ਹਰਪਾਲ ਸਿੰਘ ਸੇਵਕ ਵਲੋਂ ਆਪਣੇ ਸਹਿਯੋਗੀ ਸੱਜਣਾਂ ਨਾਲ ਮਿਲ ਕੇ ਤਿਆਰ ਕੀਤੀ ਗਈ ਸੀ। ਇਸ ਸਮਾਗਮ ਸਮੇਂ ਰਿਸੈਪਸ਼ਨ ਤੇ ਡਾ. ਅਵਤਾਰ ਸਿੰਘ ਲੁਧਿਆਣਾ, ਜਸਵਿੰਦਰ ਸਿੰਘ ਦਿੱਲੀ, ਸਰਦਾਰਾ ਸਿੰਘ ਬਹਾਦਰਗੜ੍ਹ, ਸੂਬਾ ਰੇਸ਼ਮ ਸਿੰਘ ਕਨੇਡਾ, ਸਾਧੂ ਸਿੰਘ ਕਿਸਾਨ। ਲੰਗਰ ਵਾਸਤੇ ਮਾਸਟਰ ਜਗਤਾਰ ਸਿੰਘ, ਬਲਬੀਰ ਸਿੰਘ ਪਟਵਾਰੀ। ਹਰੀ ਮੰਦਰ ਵਿਚ ਐਂਟਰੀ ਤੇ ਫਾਈਲਾਂ ਵਾਸਤੇ ਗੁਰਦਿਤ ਸਿੰਘ, ਗੁਰਰਾਜ ਸਿੰਘ। ਬਾਹਰ ਰਿਸੈਪਸ਼ਨ ਤੇ ਆਉ. ਭਗਤ ਵਾਸਤੇ ਗੁਰਦੇਵ ਸਿੰਘ ਚੀਮਾ ਰਾਇਸਰ, ਅਵਤਾਰ ਸਿੰਘ ਮਰੇਟਾ ਨੇ ਸੇਵਾ ਕੀਤੀ। ਸੰਤ ਦਲੀਪ ਸਿੰਘ, ਸੂਬਾ ਬਲਵਿੰਦਰ ਸਿੰਘ, ਸੂਬਾ ਹਰਭਜਨ ਸਿੰਘ ਤੇ ਬੀਬੀ ਸੁਖਜੀਤ ਕੌਰ ਨੇ ਉਨ੍ਹਾਂ ਦੇ ਲੰਗਰ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਇਹ ਸਮਾਗਮ ਇਕ ਯਾਦਗਾਰ ਹੋ ਨਿਬੜਿਆ। ਇਸ ਸਮੇਂ ਸ਼੍ਰੀ ਸਤਿਗੁਰੂ ਜੀ ਨਾਲ ਸਾਰੇ ਆਏ ਹੋਏ ਲੇਖਕਾਂ ਨੇ ਇਕ ਗਰੁੱਪ ਤਸਵੀਰ ਖਿਚਵਾਈ। ਪ੍ਰੋਗਰਾਮ ਦੇ ਅੰਤ ਤਕ ਸ਼੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿਤੇ।

## ਪੰਜਾਬੀ ਟ੍ਰਿਬਿਊਨ/30 ਮਾਰਚ, 2003

## ਕਸੇਲ ਅਭਿਨੰਦਨ ਗ੍ਰੰਥ

ਕਈ ਵਾਰ ਪੱਤਰ ਲਿਖ ਕੇ ਸੰਪਾਦਕ ਵਲੋਂ ਰਚਨਾਵਾਂ ਮੰਗਵਾਉਣ ਬਾਅਦ ਉਨ੍ਹਾਂ ਦਾ ਸੰਪਾਦਨ ਕਰਕੇ 84 ਲੇਖਕਾਂ ਦੀਆਂ ਰਚਨਾਵਾਂ ਨੂੰ 'ਕਸੇਲ ਅਭਿਨੰਦਨ ਗ੍ਰੰਥ' ਵਿਚ ਛਾਪਣ ਨਾਲ ਅਜਿਹਾ ਜਾਪਦਾ ਹੈ ਜਿਵੇਂ ਗ੍ਰੰਥ ਦੇ ਸੰਪਾਦਕ ਨੇ ਤੇ ਕਲਮਾਂ ਨੇ ਕਸੇਲ ਦੀ ਚੌਰਾਸੀ ਕੱਟ ਦਿੱਤੀ ਹੋਵੇ।

ਭਾਸ਼ਾ ਵਿਭਾਗ ਪੰਜਾਬ ਦੇ ਸਤਿੰਦਰ ਸਿੰਘ ਨੰਦਾ ਨੇ ਕੋਸ਼ਿਸ਼ਾਂ ਨਾਲ ਰਚਨਾਵਾਂ ਇਕੱਠੀਆਂ ਕੀਤੀਆਂ, ਤਰਤੀਬ ਦਿਤੀ ਅਤੇ ਅਭਿਨੰਦਨ ਗ੍ਰੰਥ ਦੇ ਕਾਰਜ ਨੂੰ ਨੇਪਰੇ ਚਾੜ੍ਹਿਆ। ਸਾਢੇ ਛੇ ਸੌ ਪੰਨਿਆਂ ਤੋਂ ਵੱਧ ਦੇ ਇਸ ਗ੍ਰੰਥ ਨੂੰ ਛਾਪਣ ਦਾ ਵੱਡਾ ਖ਼ਰਚ



Sri Satguru Jagjit Singh Ji eLibrary NamdhariElibrary@gmail.com

ਪਟਿਆਲਾ ਦੇ ਹਿਰਦੇਜੀਤ ਸਾਹਿਤ ਪ੍ਰਕਾਸ਼ਨ ਨੇ ਜੇਬਾਂ ਖੋਲ੍ਹ ਕੇ ਹੀ ਨਹੀਂ ਬਲਕਿ ਦਿਲ ਖੋਲ੍ਹ ਕੇ ਕੀਤਾ ਜਾਪਦੈ।

ਇਥੇ 84 ਲੇਖਕਾਂ ਦੇ ਨਾਂ ਦੇਣੇ ਸੰਭਵ ਨਹੀਂ, ਪਰ ਇਕ ਗੱਲ ਬੜੇ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਹਰ ਲੇਖ ਕੋਈ ਨਾ ਕੋਈ ਅਜਿਹੀ ਗੱਲ ਜ਼ਰੂਰ ਲਈ ਬੈਠਾ ਹੈ, ਜਿਸ ਬਾਰੇ ਸ਼ਾਇਦ ਪਾਠਕਾਂ ਨੂੰ ਪਹਿਲਾਂ ਨਾ ਪਤਾ ਹੋਵੇ, ਕੋਈ ਨਾ ਕੋਈ ਚਿਣਗ ਲਈ ਬੈਠਾ ਹੈ, ਜਿਹੜੀ ਪਹਿਲਾਂ ਨਾ ਚਮਕੀ ਹੋਵੇ ਅਤੇ ਕੋਈ ਨਾ ਕੋਈ ਗੁਫ਼ਾ ਬੂਹੇ ਖੋਲ੍ਹੀ ਬੈਠੀ ਹੈ, ਜਿਸ ਵਿਚ ਪਹਿਲਾਂ ਕੋਈ ਦਾਖ਼ਲ ਨਾ ਹੋਇਆ ਹੋਵੇ। ਕਸੇਲ ਦਾ ਜੀਵਨ ਸੰਘਰਸ਼ ਭਰਿਆ ਹੈ, ਜਿਸ ਵਿਚੋਂ ਕਈ ਕੁਝ ਦੇਖਿਆ ਜਾ ਸਕਦੈ।

'ਕਸੇਲ ਅਭਿਨੰਦਨ ਗ੍ਰੰਥ' ਦਾ ਕੰਮ ਅਕਾਦਮੀਆਂ ਤੇ ਯੂਨੀਵਰਸਿਟੀਆਂ ਦਾ ਸੀ ਜਿਹੜਾ ਪ੍ਰਸ਼ੰਸਕਾਂ ਤੇ ਸਨੇਹੀਆਂ ਨੂੰ ਕਰਨਾ ਪਿਆ। ਚਾਪਲੂਸੀਆਂ ਅਤੇ ਹਲਕੇ ਆਦੇਸ਼ਾਂ ਨੂੰ ਛੱਡ ਕੇ ਇਨ੍ਹਾਂ ਸੰਸਥਾਵਾਂ ਨੂੰ ਉਨ੍ਹਾਂ ਕਲਮਾਂ ਤੇ ਕਲਾਕਾਰਾਂ ਦੇ ਹਾਸਲਾਂ ਦਾ ਸਨਮਾਨ ਕਰਨ ਦੇ ਰਾਹ ਪੈਣਾ ਚਾਹੀਦਾ ਹੈ, ਜਿਨ੍ਹਾਂ ਸਾਹਿਤ, ਕਲਾ, ਸੰਗੀਤ ਅਤੇ ਹੋਰ ਹੁਨਰਾਂ ਵਿਚ ਨਾਮਣਾ ਖੱਟਿਆ ਹੋਵੇ।

ਸ਼ਾਮ ਸਿੰਘ 'ਅੰਗ-ਸੰਗ'

## ਨਵਾਂ ਜ਼ਮਾਨਾ/25 ਮਈ 2003

## ਪ੍ਰੋ. ਕਿਰਪਾਲ ਸਿੰਘ ਦੀ ਜ਼ਿੰਦਗੀ ਤੇ ਸਿਰਜਣਾ 'ਤੇ ਝਾਤ ਪੁਆਉਂਦਾ : ਅਭਿਨੰਦਨ ਗ੍ਰੰਥ

'ਪ੍ਰੋ. ਕਿਰਪਾਲ ਸਿੰਘ ਕਸੇਲ, ਅਭਿਨੰਦਨ ਗ੍ਰੰਥ' ਛੇ ਸੌ ਛਪੰਜਾ ਪੰਨਿਆਂ ਦੀ ਵਡ-ਅਕਾਰੀ ਪੁਸਤਕ ਦਾ ਸੰਪਾਦਕ ਸਤਿੰਦਰ ਸਿੰਘ ਨੰਦਾ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਲਗਭਗ ਪੰਝੀ ਸਾਲਾਂ ਤੋਂ ਉਹ ਭਾਸ਼ਾ ਵਿਭਾਗ ਪੰਜਾਬ ਵਿਚ 'ਜਨ ਸਾਹਿਤ' ਅਤੇ 'ਪੰਜਾਬੀ ਦੁਨੀਆ' ਰਸਾਲਿਆਂ ਦੀ ਸੰਪਾਦਨਾ ਕਰਦਾ ਆ ਰਿਹਾ ਹੈ। ਅੱਜ-ਕਲ੍ਹ ਬਤੌਰ ਖੋਜ ਅਫ਼ਸਰ ਭਾਸ਼ਾ ਵਿਭਾਗ ਪੰਜਾਬ ਵਿਚ ਹੈ।

ਇਸ ਅਭਿਨੰਦਨ ਗ੍ਰੰਥ ਵਿਚ ਸਭ ਤੋਂ ਪਹਿਲਾਂ ਵੱਖ-ਵੱਖ ਸਤਿਕਾਰਿਤ ਵਿਸ਼ੇਸ਼ ਸ਼ਖ਼ਸੀਅਤਾਂ ਵੱਲੋਂ ਸੰਦੇਸ਼ ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਨਾਂ ਦਰਜ ਹਨ, ਜਿਨ੍ਹਾਂ ਵਿਚ ਇਸ ਸਾਧਕ, ਵਿਰਾਟ ਪ੍ਰਤਿਭਾ ਵਾਲੇ ਫਕੀਰ ਜਿਹੇ ਇਨਸਾਨ ਦੀ ਉਸਤਤ ਦਰਜ ਹੈ। ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ 'ਅਸੀਸ' ਤੋਂ ਪਹਿਲਾਂ ਉਨ੍ਹਾਂ ਦੀ ਖ਼ੂਬਸੂਰਤ ਤਸਵੀਰ ਹੈ। ਇਸ ਤੋਂ ਬਿਨਾਂ ਸ਼੍ਰੀ ਸੁਰਜੀਤ ਸਿੰਘ ਬਰਨਾਲਾ, ਸ. ਕਰਤਾਰ ਸਿੰਘ ਦੁੱਗਲ, ਸ. ਸਰਦਾਰਾ ਸਿੰਘ ਜੌਹਲ ਅਤੇ ਡਾ.



Sri Satguru Jagjit Singh Ji eLibrary NamdhariElibrary@gmail.com

ਮਦਨ ਲਾਲ ਹਸੀਜਾ ਵੱਲੋਂ ਵੱਖੋ-ਵੱਖਰੇ ਸ਼ਬਦਾਂ ਵਿਚ ਉਸਤਤੀ ਕੀਤੀ ਗਈ ਹੈ।

ਹੱਥਲੇ ਵੱਡ-ਆਕਾਰੀ ਅਭਿਨੰਦਨ ਗ੍ਰੰਥ ਵਿਚ ਜਿੰਨੇ ਵੀ ਲੇਖ ਹਨ, ਸਾਰੇ ਹੀ ਆਪੋ-ਆਪਣੀ ਜਗ੍ਹਾ ਵਧੀਆ, ਵਿਸ਼ੇਸ਼ ਜਾਣਕਾਰੀ, ਵਿਦਵਤਾ ਅਤੇ ਨਿਵੇਕਲੀ ਸ਼ੈਲੀ ਨਾਲ ਭਰਪੂਰ ਹਨ। ਤੱਤਾਂ ਅਤੇ ਤੱਥਾਂ ਦੀ ਜਾਣਕਾਰੀ ਪੂਰਨ ਹੈ। ਵੱਖੋ-ਵੱਖਰੇ ਲੇਖਾਂ ਵਿਚ ਕਿਤੇ-ਕਿਤੇ ਕਈ ਘਟਨਾਵਾਂ ਦੀ ਵਿਆਖਿਆ ਸਾਂਝੀ ਹੈ। ਨਿੱਜੀ ਤਜਰਬੇ ਸਾਂਝੇ ਕਰਨ ਵਾਲੀਆਂ ਬਾਤਾਂ, ਬਹੁਤ ਖ਼ੂਬਸੂਰਤ ਹਨ।

'ਪ੍ਰੋ. ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ' ਵਿਚ ਅਖੀਰਲੇ ਪੰਨਿਆਂ 'ਤੇ ਕਸੇਲ ਸਾਹਿਬ ਦੀ ਸਵੈ-ਜੀਵਨੀ 'ਪੌਣੀ ਸਦੀ ਦਾ ਸਫ਼ਰ' ਸ਼ਾਮਲ ਕਰਕੇ ਸੰਪਾਦਕ ਨੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦੇ ਅਜਿਹੇ ਪੱਖਾਂ 'ਤੇ ਝਾਤ ਪੁਆਉਣ ਦੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ ਪੱਖਾਂ ਬਾਰੇ ਸ਼ੱਕ ਹੋ ਸਕਦਾ ਹੈ ਕਿ ਕੋਈ ਜਾਣਕਾਰੀ ਸ਼ਾਇਦ ਅਣਗੌਲੀ ਰਹਿ ਗਈ ਹੋਵੇ। ਡਾ. ਦੀਵਾਨ ਸਿੰਘ ਨੇ ਪ੍ਰੋ. ਕਸੇਲ ਨੂੰ ਇੱਕ ਪ੍ਰਤਿਭਾਸ਼ਾਲੀ ਵਿਅਕਤੀ ਆਖ ਕੇ ਲਾਇਕ ਵਿਦਿਆਰਥੀਆਂ ਵਿਚ ਉਸ ਨੂੰ ਗਿਣਿਆ ਹੈ। ਸੁਰਿੰਦਰ ਸਿੰਘ ਨਰੂਲਾ, ਪ੍ਰੋ. ਕਸੇਲ ਨੂੰ ਸਾਹਿਤ ਵਿਚਲਾ ਪ੍ਰਯੋਜਨ ਤੇ ਸਾਹਿਤ ਦੀ ਪ੍ਰਾਪਤੀ ਮੰਨਦੇ ਹਨ। ਤਰਸੇਮ ਸਿੰਘ ਨਾਮਧਾਰੀ ਕੈਨੇਡਾ ਨਿਵਾਸੀ ਉਨ੍ਹਾਂ ਨੂੰ ਕਹਿਣੀ ਤੇ ਕਰਨੀ ਦੇ ਸੂਰੇ ਮੰਨਦੇ ਹਨ, ਮਿਹਨਤੀ, ਅਣਥੱਕ, ਬਹੁਤ ਉਸਾਰੂ ਦਲੀਲਾਂ ਦੇ ਮਾਲਕ ਅਤੇ ਅਸੂਲਾਂ ਦੇ ਪੱਕੇ ਮੰਨਦੇ ਹਨ। ਪ੍ਰੋ. ਪ੍ਰੀਤਮ ਸਿੰਘ ਪ੍ਰੋ. ਕਸੇਲ ਨੂੰ ਚਿੱਟੀ ਸੋਟੀ ਵਾਲਾ ਖੱਦਰਪੋਸ਼, ਸੂਖਮ ਅਨੁਭੂਤੀਆਂ, ਵਿਲੱਖਣ ਮਾਨਸਿਕ ਅਨੁਭਵਾਂ, ਦੁਰਗਮ ਮੰਡਲਾਂ ਵਿੱਚ ਉਡਾਰੀਆਂ ਲਾਉਣ ਵਾਲਾ ਅਨੁਵਾਦਿਕ ਆਖਦੇ ਹਨ।

ਡਾ. ਈਸ਼ਰ ਸਿੰਘ ਤਾਂਘ ਉਨ੍ਹਾਂ ਨੂੰ ਬਾਬਾ ਬੋਹੜ ਦਾ ਸ਼ਗਿਰਦੇ ਆਜ਼ਮ ਲਿਖਦੇ ਹਨ। ਗ਼ਦਰੀ ਬਾਬਿਆਂ ਦੀ ਇਨਕਲਾਬੀ ਸੋਚਣੀ ਵਿਚ ਪਲੇ ਵੱਡੇ ਹੋਏ ਕਸੇਲ ਲਈ ਮਾਰਕਸਵਾਦ ਦਾ ਅਸਰ ਸੇਖੋਂ ਸਾਹਿਬ ਦੀ ਪ੍ਰਗਤੀਵਾਦ ਲਈ ਪ੍ਰਤੀਬਧਤਾ ਵਜੋਂ ਹੋਇਆ ਸੀ। ਸੇਖੋਂ ਸਾਹਿਬ ਦਾ ਏਨਾ ਅਸਰ ਸੀ ਕਿ ਜੇ ਸੇਖੋਂ ਸਾਹਿਬ਼ ਨੇ ਆਪਣੀ ਲੜਕੀ ਦਾ ਨਾਂ 'ਨਵਜੋਤ' ਰਖਿਆ ਤਾਂ ਕਸੇਲ ਸਾਹਿਬ ਨੇ ਵੀ ਆਪਣੀ ਬੇਟੀ ਦਾ ਮਿਲਦਾ-ਜੁਲਦਾ ਨਾਂ 'ਸਵੈਜੋਤ' ਰਖ ਲਿਆ ਸੀ। ਪ੍ਰੋ. ਕਸੇਲ ਅਭਿਨੰਦਨ ਗ੍ਰੰਥ ਵਿਚ ਕਸੇਲ ਸਾਹਿਬ ਦੇ ਪ੍ਰਸ਼ੰਸਕਾਂ ਨੇ ਆਪੋ-ਆਪਣੀ ਥਾਂ ਸੁਹਜਮਈ ਤੇ ਕਲਾਤਮਿਕ ਰੂਪ ਵਿਚ ਆਪਣੀ ਸ਼ਰਧਾ ਦਾ ਪ੍ਰਗਟਾਵਾ, ਉਨ੍ਹਾਂ ਨੂੰ ਵੱਖੋ-ਵੱਖਰੇ ਨਾਵਾਂ ਨਾਲ, ਵੱਖੋ-ਵੱਖਰੇ ਲੇਖਾਂ ਵਿਚ ਖ਼ੂਬਸੂਰਤੀ ਨਾਲ ਜੜਿਆ



Sri Satguru Jagjit Singh Ji eLibrary NamdhariElibrary@gmail.com

ਹੈ। ਡਾ. ਹਰਚਰਨ ਸਿੰਘ ਨੇ ਉਨ੍ਹਾਂ ਨੂੰ 'ਪੰਜਾਬੀ ਸਾਹਿਤ ਦਾ ਮਿਲਟਨ' ਤੇ ਅਲੌਕਿਕ ਪ੍ਰਤਿਭਾ ਦਾ ਮਾਲਕ ਆਖਿਆ ਹੈ।

ਡਾ. ਸੁਰਜੀਤ ਪਾਤਰ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਹੋਣ ਦੇ ਨਾਤੇ ਅਭਿਨੰਦਨ ਵਿਚ ਸ਼ਾਮਲ ਹੋ ਕੇ ਉਨ੍ਹਾਂ ਦੀ ਉੱਚੀ ਸ਼ਖ਼ਸੀਅਤ ਪ੍ਰਤੀ ਸਤਿਕਾਰ ਪ੍ਰਗਟ ਕਰਦੇ ਹਨ। ਸੰਪਾਦਕੀ ਦੇ ਨਾਲ-ਨਾਲ ਸਤਿੰਦਰ ਸਿੰਘ ਨੰਦਾ ਆਪਣੇ ਲੇਖ 'ਸੁੱਚੀ ਕਿਰਤ ਦਾ ਕਰਤਾ' ਲਿਖ ਕੇ ਆਪਣੀ ਹਾਜ਼ਰੀ ਲੇਖਾਂ ਰਾਹੀਂ ਵੀ ਲੁਆਉਂਦੇ ਹਨ। ਉਨ੍ਹਾਂ ਅਨੁਸਾਰ ਨਿਰਮੋਹੇ ਸਮਾਜ ਤੋਂ ਅੱਖਾਂ ਮੀਚ ਕੇ ਪ੍ਰੋ. ਕਿਰਪਾਲ ਸਿੰਘ ਕਸੇਲ ਆਪਣੀ ਸੁੱਚੀ ਕਿਰਤ ਵੱਲ ਰੁਚਿਤ ਹੋ ਗਏ ਹਨ। ਵਿਦਵਤਾ ਭਰਪੂਰ ਪ੍ਰਸ਼ਨਾਂ ਰਾਹੀਂ ਨੰਦਾ ਜੀ ਨੇ ਉਨ੍ਹਾਂ ਦੇ ਨਿੱਜੀ ਜੀਵਨ, ਸਾਹਿਤਕ ਜੀਵਨ ਅਤੇ ਰਾਜਨੀਤੀ ਦੇ ਜੀਵਨ 'ਤੇ ਝਾਤ ਪੁਆਈ ਹੈ। ਇਉਂ ਪ੍ਰਸ਼ਨਾਂ-ਉੱਤਰਾਂ ਦੇ ਸਿਲਸਿਲੇ ਰਾਹੀਂ ਪਾਠਕ ਨੂੰ ਉਨ੍ਹਾਂ ਨਾਲ-ਨਾਲ ਤੋਰਿਆ ਹੈ, ਜੋ ਨਾ ਅਕਾਊ ਹੈ, ਨਾ ਥਕਾਊ ਹੈ, ਬਹੁਤ ਹੀ ਰੁਮਾਂਚਿਕ ਹੈ।

'ਪੌਣੀ ਸਦੀ ਦਾ ਸਫ਼ਰ' ਪ੍ਰੋ. ਕਿਰਪਾਲ ਸਿੰਘ ਕਸੇਲ ਵੱਲੋਂ ਆਪਣੀ ਸਵੈ-ਜੀਵਨੀ ਲਿਖਦਿਆਂ ਪਹਿਲੇ ਕੁਝ ਨਿੱਜੀ ਦੋਸਤਾਂ-ਮਿੱਤਰਾਂ, ਬੱਚਿਆਂ, ਸਾਥੀਆਂ ਅਤੇ ਮਾਤਾ-ਪਿਤਾ ਦੀਆਂ ਖ਼ੂਬਸੂਰਤ ਤਸਵੀਰਾਂ ਦਿੱਤੀਆਂ ਹਨ। ਇਸ ਸਵੈ-ਜੀਵਨੀ ਵਿਚ ਉਨ੍ਹਾਂ ਆਪਣੇ ਪਿੰਡ ਦਾ ਜੁਗਰਾਫੀਆ, ਆਪਣੇ ਸਮੇਂ ਦੀ ਹੰਢਾਈ ਹਿਸਟਰੀ, ਆਪਣੇ ਜੀਵਨ ਕਾਲ ਵਿਚਲੀਆਂ ਸਿਮਰਤੀਆਂ, ਹਾਦਸੇ ਹਵਾਲੇ ਚਿੱਤਰੇ ਹਨ। ਕਾਲਜ ਵਿਚਲੀਆਂ ਯਾਦਾਂ, ਭੈਣੀ ਸਾਹਿਬ ਦੀਆਂ ਯਾਦਾਂ ਵਿਸਥਾਰ ਸਹਿਤ ਲਿਖੀਆਂ ਹਨ। ਨੇਤਰਹੀਣਤਾ ਦੀ ਗੱਲ ਕੀਤੀ ਹੈ, ਭਾਸ਼ਾ ਵਿਭਾਗ ਵਿਚਲੀ ਨਿਯੁਕਤੀ, ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ ਸਾਹਿਤਕ ਕਾਰਜਾਂ ਨੂੰ ਬਿਰਤਾਂਤ ਸਹਿਤ ਖ਼ੂਬਸੂਰਤੀ ਨਾਲ ਚਿਤਰਿਆ ਹੈ। ਉਨ੍ਹਾਂ ਦੀ ਸੁੰਦਰ ਸ਼ਬਦਾਵਲੀ ਨਿਰੰਤਰ ਇੱਕ ਪ੍ਰਵਾਹ ਵਾਂਗ ਵਹਿੰਦੇ ਵਾਕ, ਉਨ੍ਹਾਂ ਦੀ ਲਿਖਣ ਪ੍ਰਤਿਭਾ ਨੂੰ ਉਭਾਰਦੇ ਹਨ।

ਪ੍ਰੋ. ਕਿਰਪਾਲ ਸਿੰਘ ਕਸੇਲ ਸਾਹਿਤ ਸਿਰਜਣਕਾਰ, ਸਰਬੰਗੀ ਗਿਆਤਾ, ਸਾਹਸੀ, ਸੱਚੀ ਸੁੱਚੀ ਲਗਨ ਦਾ ਮਾਲਕ, ਪੰਜਾਬੀ ਸਾਹਿਤ ਦਾ ਮਿਲਟਨ ਦੀ ਉਪਾਧੀ ਦਾ ਮਾਲਕ, ਗਤੀਸ਼ੀਲ, ਵਿਲੱਖਣ ਪ੍ਰਤਿਭਾ ਵਾਲਾ ਕਰਮ ਯੋਗੀ, ਸੁਹਿਰਦ ਅਤੇ ਲੋਹ ਪੁਰਸ਼ ਦੇ 75ਵੇਂ ਜਨਮ ਦਿਨ 'ਤੇ ਅਭਿਨੰਦਨ ਗ੍ਰੰਥ ਭੇਟ ਕਰਨ ਦਾ ਜੋ ਉਪਰਾਲਾ ਕੀਤਾ ਗਿਆ, ਇਹ ਨਿਹਾਇਤ ਸ਼ਲਾਘਾਯੋਗ ਕੰਮ ਹੈ, ਜਿਸ ਅੱਗੇ ਨੱਤ ਮਸਤਕ ਹੋਣਾ ਬਣਦਾ ਹੈ। ਇਹ 'ਅਭਿਨੰਦਨ ਗ੍ਰੰਥ' ਵਿਦਿਆਰਥੀਆਂ-



Sri Satguru Jagjit Singh Ji eLibrary NamdhariElibrary@gmail.com

ਖੋਜਾਰਥੀਆਂ ਲਈ ਇਕ ਦਸਤਾਵੇਜ਼ ਹੈ, ਜੋ ਸਾਂਭਣਯੋਗ ਹੈ।

-ਡਾ. ਸ਼ਰਨਜੀਤ ਕੌਰ

## ਰੋਜ਼ਾਨਾ ਆਸ਼ਿਆਨਾ/ 5 ਜੂਨ 2003

## ਪੰਜਾਬੀ ਦੀ ਸਿਰਮੌਰ ਤੇ ਮਾਨਵ ਹਿਤੈਸ਼ੀ ਸ਼ਖ਼ਸੀਅਤ ਦੀ ਸਾਹਿਤਕ ਜੀਵਨ ਗਾਥਾ

ਪ੍ਰੋ. ਕਿਰਪਾਲ ਸਿੰਘ ਕਸੇਲ ਪੰਜਾਬੀ ਸਾਹਿਤ ਜਗਤ ਦੀ ਪ੍ਰਮੁੱਖ, ਪ੍ਰਬੁਧ, ਪ੍ਰਪੱਕ ਤੇ ਮਾਨਵੀ ਤੇ ਸਮਾਜਿਕ ਸਰੋਕਾਰਾਂ ਪ੍ਰਤਿ ਸੁਚੇਤ, ਸੁਘੜ ਤੇ ਸਿਆਣੀ ਸ਼ਖ਼ਸੀਅਤ ਹਨ। ਇਸ ਉਚੇ ਸੁੱਚੇ ਤੇ ਲੋਕਾਂ ਦੇ ਦੁਖਾਂ ਸੁਖਾਂ ਪ੍ਰਤੀ ਸਮਰਪਿਤ ਸ਼ਖ਼ਸੀਅਤ ਨੂੰ ਜੇਕਰ ਪੰਜਾਬੀ ਦੀ ਸਾਹਿਤਕ ਸੰਸਥਾ ਦਾ ਰੁਤਬਾ ਵੀ ਸਵੀਕਾਰ ਕਰ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੰਜਾਬੀ ਸਮਾਜ ਦੀਆਂ ਬਹੁਪਰਤੀ ਸਮੱਸਿਆਵਾਂ ਨੂੰ ਉਨ੍ਹਾਂ ਦੇ ਕਰੂਰ ਤੇ ਤਤਕਾਲੀ ਯਥਾਰਥ ਸਮੇਤ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਨਾ ਕਿਸੇ ਹਾਰੀ ਸਾਰੀ ਦਾ ਕੰਮ ਨਹੀਂ ਹੈ। ਬਹੁ ਵਿਧਾਈ ਤੇ ਬਹੁਉਦੇਸ਼ੀ ਸਾਹਿਤਕ ਸਿਰਜਣਾ ਕਰਨਾ ਹੀ ਪ੍ਰੋ. ਕਸੇਲ ਦੀ ਉੱਤਮ ਤੇ ਗੂੜ੍ਹ ਗਿਆਨਮਈ ਪ੍ਰਾਪਤੀ ਕਹੀ ਜਾ ਸਕਦੀ ਹੈ। ਸਾਹਿਤਕ ਰਚਨਾਵਾਂ ਵਿਚਲੀ ਸਪੱਸ਼ਟਤਾ, ਮੌਲਿਕਤਾ, ਨਵੀਨਤਾ ਤੇ ਅਗਾਂਹਵਧੂ ਵਿਚਾਰਾਂ ਕਰਕੇ ਹੀ ਇਨ੍ਹਾਂ ਨੂੰ ਸਾਹਿਤ ਦੀ ਰੀੜ ਦੀ ਹੱਡੀ ਜਾਂ ਸਾਹਿਤਕ ਵਿਚਾਰਾਂ ਦੇ ਪ੍ਰਭਾਵ ਦੀ ਪੱਕੀ ਨੀਂਹ ਵੀ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਦਾ ਕੋਈ ਵੀ ਸਿਖਾਂਦਰੂ, ਸਕਾਲਰ ਜਾਂ ਅਧਿਆਪਕ ਇਨ੍ਹਾਂ ਦੀਆਂ ਪੁਸਤਕਾਂ ਪੜ੍ਹੇ ਬਿਨਾਂ ਆਪਣੀ ਡਿਗਰੀ ਜਾਂ ਉੱਚੀ ਯੋਗਤਾ ਨੂੰ ਨਹੀਂ ਪ੍ਰਾਪਤ ਕਰ ਸਕਦਾ। ਇਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਦਾ ਸਦੀਵੀ ਤੇ ਪੁਖਤਾ ਪ੍ਰਭਾਵ ਤੇ ਪਕੇਰੀ ਵਿਚਾਰਧਾਰਕ ਪੇਸ਼ਕਾਰੀ ਹੀ ਉਨ੍ਹਾਂ ਨੂੰ ਇੱਕ ਉੱਚੀ ਪੱਧਰ ਦਾ ਬੁੱਧੀਜੀਵੀ, ਦੂਰਅੰਦੇਸ਼ੀ ਤੇ ਚੇਤਨ ਮਨੁੱਖ ਬਣਾ ਸਕਦੀ ਹੈ। ਇਸ ਲਈ ਕਿਸੇ ਲਈ ਵੀ ਪ੍ਰੋਢ ਗਿਆਨ ਤੇ ਪਰਖ ਪੜਚੋਲ ਦੀ ਕਸਵੱਟੀ ਤੇ ਪੂਰਾ ਉਤਰਨ ਲਈ ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਗਿਆਨ ਮੂਲਕ ਤੇ ਭਵਿੱਖ-ਮੁਖੀ ਸੰਦੇਸ਼ਵਾਹਕ ਦਰਿਆ ਰੂਪੀ ਸਾਹਿਤਕ ਨਦੀ ਵਿਚੋਂ ਦੀ ਗੁਜ਼ਰਨਾ ਬਹੁਤ ਜ਼ਰੂਰੀ ਹੈ।

ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਗਿਆਨ ਦੇ ਭੰਡਾਰ ਦੀ ਉੱਚਤਾ ਸੁੱਚਤਾ ਦੇ ਕ੍ਰਿਸ਼ਮੇ ਕਰਕੇ ਹੀ ਕਿੰਨੇ ਹੀ ਵਿਦਿਆਰਥੀਆਂ, ਸਕਾਲਰਾਂ ਤੇ ਅਧਿਆਪਕਾਂ ਦੀ ਸਾਹਿਤ ਰੂਪੀ ਗਿਆਨ ਦੀ ਚਿਣਗ ਕਾਫੀ ਵਧੀ ਫੁੱਲੀ ਹੈ ਤੇ ਇਨ੍ਹਾਂ ਨੇ ਇਸ ਗਿਆਨ ਦੀ ਰੌਸ਼ਨੀ ਨਾਲ ਅਗੇ ਬਾਕੀ ਸਮਾਜ ਨੂੰ ਚਾਨਣਮਈ ਕੀਤਾ ਹੈ।



Sri Satguru Jagjit Singh Ji eLibrary NamdhariElibrary@gmail.com

ਜਿਹੜੇ ਕਈ ਮਨੁੱਖਾਂ ਨੇ ਪ੍ਰੋ. ਕਸੇਲ ਜੀ ਦੀ ਸੰਗਤ ਮਾਣੀ, ਉਨ੍ਹਾਂ ਨੂੰ ਦੂਰੋਂ ਤੱਕਿਆ ਜਾਂ ਜਿਹੜੇ ਉਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਕਰਕੇ ਉਨ੍ਹਾਂ ਨਾਲ ਜੁੜੇ ਹਨ, ਉਨ੍ਹਾਂ ਸਭਨਾਂ ਦਾ ਪਾਰ ਉਤਾਰਾ ਹੋਇਆ ਹੈ, ਜਿਸ ਕਰਕੇ ਉਨ੍ਹਾਂ ਨੂੰ ਸਾਹਿਤਕ ਤੇ ਅਧਿਆਤਮਕ ਤੌਰ ਤੇ ਬਹੁਤ ਪ੍ਰਸਿੱਧੀ ਮਿਲੀ ਹੈ। ਇਸ ਤਰ੍ਹਾਂ ਸੰਭਾਵਨਾ ਭਰਪੂਰ, ਲੋਹ ਭਰਪੂਰ ਅਨਮੋਲ ਦੇਣ ਕਰਕੇ ਹੀ ਉਨ੍ਹਾਂ ਦੇ ਸ਼ਾਗਿਰਦਾਂ, ਅਧਿਆਪਕਾਂ ਤੇ ਸਾਥੀਆਂ ਦੀ ਗਿਣਤੀ ਸੈਂਕੜੇ ਤੋਂ ਵੀ ਉਪਰ ਚਲੀ ਜਾਂਦੀ ਹੈ। ਜੋ ਗਾਹੇ-ਬ-ਗਾਹੇ ਜਾਂ ਆਨੇ ਬਹਾਨੇ ਉਸ ਦੀ ਸਾਹਿਤਕ ਸਰਪ੍ਰਸਤੀ ਪਕੇਰੀ ਤੇ ਸਦੀਵੀ ਖਿੱਚ ਭਰਪੂਰ ਦੋਸਤੀ ਦਾ ਗੂੜਾ ਨਿੱਘ ਮਾਣਦੇ ਹਨ। ਅਜਿਹੇ ਮਨੁੱਖਾਂ ਨੂੰ ਮਿਲਣ, ਉਨ੍ਹਾਂ ਦੇ ਵਿਚਾਰ ਸੁਣਨ ਤੇ ਫਿਰ ਉਨ੍ਹਾਂ ਨੂੰ ਕੋਈ ਸਕਾਰਾਤਮਕ ਜਾਂ ਰੌਸ਼ਨੀਯੁਕਤ ਸੇਧ ਦੇਣੀ ਹੀ ਪ੍ਰੋ. ਕਿਰਪਾਲ ਸਿੰਘ ਕਸੇਲ ਦੀ ਬਹੁਪੱਖੀ ਸ਼ਖ਼ਸੀਅਤ ਦੀ ਵਿਸ਼ੇਸ਼ ਖ਼ਾਸੀਅਤ ਹੈ।

ਇਸ ਵਿਚਾਰ ਅਧੀਨ ਪੁਸਤਕ 'ਪ੍ਰੋ. ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ ਦਾ ਸੰਪਾਦਕ ਉਨ੍ਹਾਂ ਦਾ ਸਭ ਤੋਂ ਨੇੜਲਾ, ਦੁੱਖ ਸੁੱਖ ਦਾ ਸਾਂਝੀ, ਪਰਉਪਕਾਰੀ, ਇਮਾਨਦਾਰ ਤੇ ਮਿਲਣਸਾਰ ਮਨੁੱਖ ਸਤਿੰਦਰ ਸਿੰਘ ਨੰਦਾ ਹੈ ਜੋ ਪਿਛਲੇ 25-30 ਸਾਲਾਂ ਤੋਂ ਉਨ੍ਹਾਂ ਦੇ ਸਵਾਸਾਂ ਤੇ ਵਿਸ਼ਵਾਸਾਂ ਵਿਚ ਬਹੁਤ ਹੀ ਨੇੜੇ ਦੀ ਨਿਰੰਤਰ ਵਿਚਰਦਾ ਆ ਰਿਹਾ ਹੈ, ਜਿਸ ਤੇ ਪ੍ਰੋ. ਕਸੇਲ ਨੂੰ ਮਾਣ ਹੈ, ਦਿਲ 'ਚ ਸਤਿਕਾਰ ਹੈ ਤੇ ਉਸ ਤੋਂ ਹਾਂ ਪੱਖੀ ਤੇ ਦਿਲੀ ਆਸ਼ਾ ਵੀ ਹੈ। ਸਤਿੰਦਰ ਸਿੰਘ ਨੰਦਾ ਮਿਹਨਤ-ਸ਼ੀਲ ਮਨੁੱਖ ਤੇ ਪੰਜਾਬੀ ਨਾਟਕ ਜਗਤ ਦੀ ਇੱਕ ਸਤਿਕਾਰਤ ਤੇ ਪ੍ਰਮੁੱਖ ਹਸਤੀ ਹੈ, ਜਿਸ ਨੇ ਆਪਣੀ ਪ੍ਰਭਾਵਸ਼ਾਲੀ ਪ੍ਰਤਿਭਾ ਤੇ ਸਮਾਜ ਕਲਿਆਣੀ ਸੋਚ ਕਰਕੇ ਨਾਟਕਾਂ ਰਾਹੀਂ ਪੰਜਾਬੀ ਅਵਾਮ ਨੂੰ ਇਕ ਸਾਰਥਕ, ਨਿੱਗਰ, ਯਥਾਰਥਕ, ਅਗਾਂਹ ਵਧੂ ਸੇਧ ਤੇ ਚੇਤਨਾ ਪ੍ਰਦਾਨ ਕੀਤੀ ਹੈ। ਉਹ ਪੰਜਾਬੀ ਜਨਮਾਨਸ ਤੇ ਸਾਹਿਤਕ ਹਲਕਿਆਂ ਵਿਚ ਵਿਸ਼ਵਾਸ ਦਾ, ਇਕਰਾਰ ਦਾ, ਸਹਿਣਸ਼ੀਲਤਾ ਦਾ, ਇਮਾਨਦਾਰੀ ਦਾ ਝੰਡਾ ਬਰਦਾਰ ਤੇ ਅਲੰਬਰਦਾਰ ਵੀ ਹੈ। ਇਸ ਪੁਸਤਕ ਨੂੰ ਸਤਿੰਦਰ ਸਿੰਘ ਨੰਦਾ ਨੇ ਬੜੇ ਸਿਦਕ, ਸਿਰੜ ਤੇ ਕਠੋਰ ਮਿਹਨਤ ਨਾਲ ਪੰਜਾਬੀ ਦੇ ਸੂਝਵਾਨ, ਪਾਰਖੂ ਪਾਠਕਾਂ, ਵਿਦਿਆਰਥੀਆਂ ਤੇ ਵਿਦਵਾਨਾਂ ਵਾਸਤੇ ਉਚੇਚੇ ਤੌਰ ਤੇ ਤਿਆਰ ਕਰਕੇ ਛਪਵਾਇਆ ਹੈ, ਜਿਸ ਲਈ ਉਹ ਵੱਧ ਤੋਂ ਵੱਧ ਸਤਿਕਾਰ ਤੇ ਵਡਿਆਈ ਦਾ ਅਸਲੀ ਹੱਕਦਾਰ ਹੈ। ਇਸ 656 ਪੰਨਿਆਂ ਦੀ ਪੁਸਤਕ ਵਿਚ ਉਸ ਨੇ ਪੰਜਾਬੀ ਦੇ ਵੱਖ-ਵੱਖ ਖੇਤਰਾਂ ਵਿਚ ਵਿਸ਼ੇਸ਼ ਮੁਹਾਰਤ ਹਾਸਲ ਕਰਨ ਵਾਲੇ ਲੇਖਕਾਂ, ਚਿੰਤਕਾਂ ਤੇ ਪ੍ਰੋ. ਕਸੇਲ ਜੀ ਦੀ ਨੇੜੇ ਦੇ



Sri Satguru Jagjit Singh Ji eLibrary NamdhariElibrary@gmail.com

ਸਹਿਯੋਗੀਆਂ, ਸ਼ਰਧਾਲੂਆਂ ਤੇ ਪ੍ਰੋ. ਸਾਹਿਬ ਦੇ ਕਈ ਅਧਿਆਪਕਾਂ ਦੇ ਗਿਆਨ ਵਧਾਊ ਤੇ ਚੇਤਨਾ ਭਰਪੂਰ ਲੇਖਾਂ ਨੂੰ ਬੜੀ ਹੀ ਦਿਲੀ ਤਸੱਲੀ ਤੇ ਪੂਰੀ ਤਨਦੇਹੀ ਨਾਲ ਸ਼ਾਮਲ ਕੀਤਾ ਹੈ। ਹਰ ਇੱਕ ਲੇਖ ਹੀ ਲੇਖਕ ਦੀ ਆਪਣੀ ਯੋਗਤਾ, ਵਿਦਵਤਾ ਤੇ ਗੁਣਾਤਮਕ ਪ੍ਰਾਪਤੀ ਦਾ ਗੂੜ੍ਹਾ ਪ੍ਰਭਾਵ ਪਾਠਕਾਂ ਉਤੇ ਪਾਉਣ ਦੀ ਪ੍ਰਬਲ, ਡੂੰਘੀ ਤੇ ਚਿਰਸਥਾਈ ਸਮਰੱਥਾ ਰਖਦਾ ਹੈ। ਹਰ ਲੇਖ ਇਕ ਦੂਜੇ ਤੋਂ ਵੱਧ ਕੇ ਸਾਹਿਤਕ ਗਿਆਨ ਦੀ ਕਸਵੱਟੀ ਤੇ ਖ਼ਰਾ ਉਤਰਦਾ ਹੈ। ਇਨ੍ਹਾਂ ਸਾਰੇ ਲੇਖਾਂ ਦੇ ਲੇਖਕ ਪ੍ਰੋ. ਕਿਰਪਾਲ ਸਿੰਘ ਕਸੇਲ ਦੀ ਸਾਹਿਤਕ, ਇਤਿਹਾਸਕ ਤੇ ਸੰਪਾਦਕੀ ਸ਼ਖ਼ਸੀਅਤ ਤੋਂ ਭਲੀ ਭਾਂਤ ਜਾਣੂ ਹਨ। ਇਨ੍ਹਾਂ ਲੇਖਾਂ ਵਿਚ ਲੇਮਕਾਂ ਨੇ ਪ੍ਰੋ. ਕਸੇਲ ਨਾਲ ਬਿਤਾਏ ਸੁਨਹਿਰੀ ਤੇ ਸਦੀਵੀ ਪਲਾਂ ਤੇ ਸਾਹਿਤਕ ਖੇਤਰ ਵਿਚ ਪਾਏ ਉਨ੍ਹਾਂ ਦੇ ਯਥਾਰਥਕ ਤੇ ਚਿਰਜੀਵ ਸਿਰਜੇ ਅਮੁੱਲੇ ਪ੍ਰਭਾਵ ਨੂੰ ਬੜੀ ਗਹਿਰਾਈ ਨਾਲ ਵਾਚ ਕੇ ਨਿਵੇਕਲੇ ਅੰਦਾਜ਼ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਪੜ੍ਹ ਕੇ ਪ੍ਰੋ. ਕਸੇਲ ਦੀ ਬਹੁਪੱਖੀ ਬਹੁਵਿਧਾਈ, ਮਾਰਕਸੀ, ਅਧਿਆਤਮਕ ਕਰਨੀ ਤੇ ਕਥਨੀ ਦੀ ਪੁੰਜ ਅਡੋਲ ਸ਼ਖਸੀਅਤ ਦਾ ਝਲਕਾਰਾ ਸਾਡੇ ਉਪਰ ਆਪ ਮੁਹਾਰੇ ਹੀ ਨੈਤਿਕ ਤੇ ਰੌਸ਼ਨੀ ਯੁਕਤ ਭਵਿੱਖੀ ਪ੍ਰਭਾਵ ਛੱਡ ਜਾਂਦਾ ਹੈ। ਇਸ ਲਈ ਇਹ ਨਿਰਣਾ ਨਹੀਂ ਕੀਤਾ ਜਾ ਸਕਦਾ ਕਿ ਕਿਹੜੇ ਲੇਖਕ ਦੇ ਲੇਖ ਵਿਚਲੀ ਸਮੱਗਰੀ ਉੱਤਮ ਹੈ, ਖਿੱਚ ਭਰਪੂਰ ਹੈ ਜਾਂ ਪਾਠਕਾਂ ਉਪਰ ਵੱਧ ਪ੍ਰਭਾਵ ਪਾਉਂਦੀ ਹੈ।

ਸਤਿੰਦਰ ਸਿੰਘ ਨੰਦਾ ਕਿਉਂਕਿ ਪ੍ਰੋ. ਕਸੇਲ ਦੀ ਜ਼ਿੰਦਗੀ ਦੇ ਬਿਤਾਏ ਖ਼ੁਸ਼ੀ ਗ਼ਮੀ ਦੇ ਸਾਹਿਤਕ ਤੇ ਨਿੱਜੀ ਪਲਾਂ ਨੂੰ ਸਭ ਤੋਂ ਨੇੜੇ ਤੋਂ ਜਾਣਦਾ ਤੇ ਮਹਿਸੂਸਦਾ ਹੈ। ਇਸ ਕਰਕੇ ਹੀ ਪੁਸਤਕ ਵਿਚਲੇ ਇਕ ਲੇਖ ਵਿਚ ਉਸ ਨੇ ਉਸ ਦੀ ਨਿੱਜੀ ਜ਼ਿੰਦਗੀ ਸਾਹਿਤਕ ਸਫ਼ਰ ਵਿਚਲੀ ਜ਼ਿੰਦਗੀ, ਜਿਨ੍ਹਾਂ ਸਾਥੀਆਂ, ਵੱਡਿਆਂ ਜਾਂ ਅਧਿਆਪਕਾਂ ਦਾ ਉਸ ਉਪਰ ਪ੍ਰਭਾਵ ਜਾਂ ਉਨ੍ਹਾਂ ਤੋਂ ਉਸ ਨੂੰ ਪ੍ਰੇਰਨਾ ਮਿਲੀ, ਉਨ੍ਹਾਂ ਸਭਨਾਂ ਬਾਰੇ ਹੀ ਦੱਸਿਆ ਗਿਆ ਹੈ। ਪ੍ਰੋ. ਕਸੇਲ ਨੇ ਆਪਣੀ ਮੁੱਢਲੀ ਜ਼ਿੰਦਗੀ ਉਨ੍ਹਾਂ ਨੂੰ ਕਿਵੇਂ ਮਾਰਕਸਵਾਦੀ ਵਿਚਾਰਧਾਰਾ ਦੀ ਚਿਣਗ ਜਾਗੀ, ਉਸ ਤੋਂ ਬਾਅਦ ਆਪਣੀਆਂ ਦੋ ਜਨਾਨੀਆਂ ਬਾਰੇ ਜਾਂ ਆਪਣੇ ਬੱਚਿਆਂ ਬਾਰੇ ਵੀ ਦੱਸਿਆ ਹੈ ਕਿ ਕਿਵੇਂ ਉਨ੍ਹਾਂ ਨੂੰ ਪੜ੍ਹ ਲਿਖ ਕੇ ਚੰਗੇ ਇਨਸਾਨ ਬਣਨ ਲਈ ਉਸ ਨੇ ਪ੍ਰੇਰਿਆ ਹੈ। ਉਹ ਇਹ ਵੀ ਦੱਸਦਾ ਹੈ ਕਿ ਸਭ ਤੋਂ ਵੱਧ ਪ੍ਰਭਾਵ ਉਸ ਤੇ ਪ੍ਰਿੰ. ਸੰਤ ਸਿੰਘ ਸੇਖੋਂ ਦਾ ਪਿਆ ਹੈ, ਜਿਸ ਨੇ ਉਸ ਦੀ ਸ਼ਖ਼ਸੀਅਤ ਨੂੰ ਖ਼ੂਬ ਨਿਖ਼ਾਰਿਆ ਤੇ ਸੰਵਾਰਿਆ ਹੈ। ਉਸ ਨੂੰ ਮਾਰਕਸਵਾਦ ਦੀ ਤੇ ਅਗਾਂਹਵਧੂ



Sri Satguru Jagjit Singh Ji eLibrary NamdhariElibrary@gmail.com

ਵਿਚਾਰਧਾਰਾ ਦਾ ਪਾਠ ਪ੍ਰਿੰ. ਸੰਤ ਸਿੰਘ ਸੇਖੋਂ ਨੇ ਹੀ ਪੜ੍ਹਾਇਆ ਹੈ, ਪਰ ਪ੍ਰੋ. ਕਸੇਲ ਮਾਰਕਸਵਾਦ ਤੇ ਅਧਿਆਤਮਕ ਦੋਹਾਂ ਵਿਚਾਰਾਂ ਨੂੰ ਹੀ ਜੀਵਨ ਦੀ ਅਸਲੀਅਤ ਦੇ ਨੇੜੇ ਸਮਝਦਾ ਹੈ ਕਿਉਂਕਿ ਬਾਅਦ ਵਿਚ ਪ੍ਰੋ. ਕਸੇਲ ਨਾਮਧਾਰੀਆਂ ਦੇ ਗੁਰੂ ਸਤਿਗੁਰੂ ਜਗਜੀਤ ਸਿੰਘ ਦੇ ਸੰਪਰਕ ਵਿਚ ਆ ਗਿਆ ਜਿਸ ਤੋਂ ਉਨ੍ਹਾਂ ਨੂੰ ਉੱਚਾ ਸੁੱਚਾ ਤੇ ਸਰਬੱਤ ਦੇ ਭਲੇ ਲਈ ਜੀਵਨ ਜਿਊਣ ਦਾ ਗਿਆਨ ਪ੍ਰਾਪਤ ਹੋ ਗਿਆ। ਸ਼ਾਇਦ ਇਸੇ ਕਾਰਨ ਹੀ ਜੋਤ ਹੀਣ ਤੋਂ ਬਾਅਦ ਵੀ ਸਗੋਂ ਉਨ੍ਹਾਂ ਦੀ ਅੰਦਰਲੀ ਤੀਜੀ ਜੋਤ ਦੁਨਿਆਵੀ ਤੇ ਸਾਹਿਤਕ ਹਨੇਰ ਨੂੰ ਦੂਰ ਕਰਨ ਲਈ ਜਗਮਗ ਕਰਨ ਲਗ ਪਈ ਤੇ ਇਸ ਸਮੇਂ ਦੌਰਾਨ ਹੀ ਉਸ ਨੇ ਬਹੁਤੀਆਂ ਸਾਹਿਤਕ ਪੁਸਤਕਾਂ ਦੀ ਸਿਰਜਣਾ ਕੀਤੀ। ਪੁਸਤਕ ਵਿਚ ਉਨ੍ਹਾਂ ਦੁਆਰਾ ਪ੍ਰੋ. ਪੂਰਨ ਸਿੰਘ ਦੀ ਸਮੁੱਚੀ ਅੰਗ੍ਰੇਜ਼ੀ ਰਚਨਾ ਨੂੰ ਵੀ ਅਨੁਵਾਦ ਕਰਨ ਦਾ ਪਤਾ ਲਗਦਾ ਹੈ ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਪ੍ਰੋ. ਪੂਰਨ ਸਿੰਘ ਪੰਜਾਬੀ ਦਾ ਮਹਾਨ ਕਵੀ ਹੈ, ਜਿਸ ਬਾਰੇ ਵੱਧ ਤੋਂ ਵੱਧ ਲਿਖ ਕੇ ਉਹ ਉਸ ਦਾ ਪ੍ਰਚਾਰ ਕਰਨਾ ਜ਼ਰੂਰੀ ਸਮਝਦਾ ਹੈ। ਇਸ ਪੁਸਤਕ ਨੂੰ ਪੜ੍ਹ ਕੇ ਇਹ ਵੀ ਪਤਾ ਲਗਦਾ ਹੈ ਕਿ ਉਹ ਕਿੰਨੀਆਂ ਹੀ ਸਾਹਿਤਕ ਤੇ ਲੋਕ ਕਲਿਆਣੀ ਸਭਾਵਾਂ, ਸੰਸਥਾਵਾਂ ਦਾ ਮੂਹਰਲੀ ਕਤਾਰ ਦਾ ਮੈਂਬਰ ਤੇ ਸੰਸਥਾਪਕ ਰਿਹਾ ਹੈ ਤੇ ਹੁਣ ਵੀ ਹੈ। ਕਿੰਨੀਆਂ ਹੀ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਉਸ ਨੂੰ ਸਨਮਾਨਿਆ ਗਿਆ ਹੈ, ਉਚੇਚੇ ਤੌਰ ਤੇ ਵੀ ਸਨਮਾਨ ਕੀਤਾ ਗਿਆ ਹੈ, ਪੁਸਤਕ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਸਨਮਾਨ ਵਿਚ ਉਸ ਨੂੰ 'ਪੰਜਾਬੀ ਦਾ ਮਿਲਟਨ' ਵੀ ਕਿਹਾ ਗਿਆ ਸੀ। ਸਾਰੀ ਪੁਸਤਕ ਨੂੰ ਪੜ੍ਹ ਕੇ ਕਿਹਾ ਜਾ ਸਕਦਾ ਹੈ ਕਿ ਇਹ ਪੁਸਤਕ ਪ੍ਰੋ. ਕਸੇਲ ਦੀ ਨਿੱਜੀ ਤੇ ਸਾਹਿਤਕ ਸਫ਼ਰ ਦਾ ਇੱਕ ਇਤਿਹਾਸਕ ਦਸਤਾਵੇਜ਼ ਹੈ, ਜਿਸ ਦਾ ਆਉਣ ਵਾਲੇ ਸਮੇਂ ਵਿਚ ਹਾਂ ਪੱਖੀ ਅਤੇ ਸਦੀਵੀਂ ਪ੍ਰਭਾਵ ਸਾਹਿਤਕ ਹਲਕਿਆਂ ਵੱਲੋਂ ਕਬੂਲਿਆ ਜਾਂਦਾ ਰਹੇਗਾ। ਇਸ ਪੁਸਤਕ ਨੂੰ ਪੜ੍ਹ ਕੇ ਸਾਹਿਤ ਦੇ ਖੇਤਰ ਵਿਚ ਰੁਚੀ ਰਖਣ ਵਾਲਾ ਕੋਈ ਵੀ ਬੰਦਾ ਨਵਾਂ ਤੇ ਨਰੋਆ ਸਾਹਿਤਕ ਗਿਆਨ ਰੂਪੀ ਪ੍ਰਭਾਵ ਜ਼ਰੂਰ ਗ੍ਰਹਿਣ ਕਰੇਗਾ। ਖੋਜ ਦੇ ਖੇਤਰ ਵਿਚ ਪੁਸਤਕ ਵਿਚਲੇ ਲੇਖਾਂ ਦੀ ਸਮੱਗਰੀ ਬਹੁਤ ਹੀ ਯੋਗ ਤੇ ਅਧਿਆਪਨ ਦੇ ਕਾਰਜ ਲਈ ਵੀ ਇਸ ਦੀ ਵਿਸ਼ੇਸ਼ ਮਹੱਤਤਾ ਰਹੇਗੀ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਨਵੇਂ ਤੇ ਭਵਿੱਖੀ ਸਿਰਜਨਾਤਮਕ ਸਾਹਿਤ ਲਈ ਪੁਸਤਕ ਵਿਚਲੀ ਸਮੱਗਰੀ ਸੰਦੇਸ਼ਵਾਹਕ ਤੇ ਨਵੇਂ ਲੇਖਕਾਂ ਵਿਚ ਸਾਹਿਤ ਪ੍ਰਤਿ ਅਗਾਮੀ ਚੇਤਨਾ ਨੂੰ ਜ਼ਰੂਰ ਪ੍ਰਚੰਡ ਕਰੇਗੀ। ਭਵਿੱਖੀ ਸਾਹਿਤ ਪ੍ਰੋ. ਕਸੇਲ ਦੇ



Sri Satguru Jagjit Singh Ji eLibrary NamdhariElibrary@gmail.com

ਸਾਹਿਤ ਰਾਹੀਂ ਲੋਕ ਕਲਿਆਣ ਤੇ ਸਮਾਜਕ ਸਰੋਕਾਰਾਂ ਪੱਖੀ ਉਦੇਸ਼ਾਂ ਨੂੰ ਪ੍ਰਗਟ ਕਰਨ ਦੇ ਤਜਰਬੇ ਤੇ ਵਿਸ਼ਵਾਸ ਤੋਂ ਜ਼ਰੂਰ ਅਗਵਾਈ ਤੇ ਸਿੱਖਿਆ ਗ੍ਰਹਿਣ ਕਰੇਗਾ। ਸਤਿੰਦਰ ਸਿੰਘ ਨੰਦਾ ਨੇ ਜਿਸ ਕਾਬਲੀਅਤ ਸਾਹਿਤ ਪ੍ਰਤਿ ਪੀਢੀ ਤੇ ਦੂਰਅੰਦੇਸ਼ੀ ਨੂੰ ਮੁੱਖ ਰਖ ਕੇ ਜਿਵੇਂ ਪ੍ਰੋ. ਕਿਰਪਾਲ ਸਿੰਘ ਕਸੇਲ ਬਾਰੇ ਵੱਖ ਵੱਖ ਵਿਦਵਾਨਾਂ ਦੇ 84 ਲੇਖਾਂ ਨੂੰ ਨਿੱਜ ਦੇ ਅਨੁਭਵੀ ਤਰੀਕੇ ਨਾਲ ਇਸ ਪੁਸਤਕ ਵਿਚ ਸ਼ਾਮਲ ਕੀਤਾ ਹੈ, ਉਸ ਨਾਲ ਇਸ ਪੁਸਤਕ ਦਾ ਆਉਣ ਵਾਲੇ ਸਮੇਂ ਵਿਚ ਸਾਹਿਤਕ ਪ੍ਰੇਮੀਆਂ ਵੱਲੋਂ ਭਰਪੂਰ ਸਵਾਗਤ ਕੀਤਾ ਜਾਂਦਾ ਰਹੇਗਾ। ਇਸ ਸਾਰੇ ਕਾਰਜ ਲਈ ਪੁਸਤਕ ਦਾ ਸੰਪਾਦਕ ਸਤਿੰਦਰ ਸਿੰਘ ਨੰਦਾ ਦਿਲੀ ਮੁਬਾਰਕ ਤੇ ਵਡਿਆਈ ਦਾ ਹੱਕਦਾਰ ਹੈ।

-ਡਾ. ਗੁਰਦਰਪਾਲ ਸਿੰਘ

## ਪੰਜਾਬੀ ਟ੍ਰਿਬਿਊਨ/ 8 ਜੂਨ, 2003
## ਪੌਣੀ ਸਦੀ ਦਾ ਸਫ਼ਰ

ਕਿਰਪਾਲ ਸਿੰਘ ਕਸੇਲ ਇਕ ਸਾਧਕ ਅਤੇ ਵਿਰਾਟ ਪ੍ਰਤਿਭਾ ਵਾਲੇ ਫਕੀਰ ਜਿਹੇ ਇਨਸਾਨ ਹਨ। ਵੱਖੋ-ਵੱਖ ਸਤਿਕਾਰਤ ਵਿਸ਼ੇਸ਼ ਵਿਦਵਾਨਾਂ ਵੱਲੋਂ ਉਨ੍ਹਾਂ ਦੀ ਉਸਤਤੀ ਕੀਤੀ ਗਈ ਹੈ। ਉਨ੍ਹਾਂ ਨੂੰ ਸਾਹਿਤ ਸਿਰਜਣਕਾਰ, ਸਰਬੰਗੀ ਗਿਆਤਾ, ਸਾਹਸੀ, ਸੱਚੀ-ਸੁੱਚੀ ਲਗਨ ਦਾ ਮਾਲਕ, ਗਤੀਸ਼ੀਲ, ਸੁਹਿਰਦ, ਲੋਹਪੁਰਸ਼ ਅਤੇ ਸਾਖਿਆਤ ਪ੍ਰਤਿਭਾ ਵਾਲਾ ਕਰਮਯੋਗੀ ਆਖਿਆ ਹੈ। ਉਨ੍ਹਾਂ ਨੇ ਆਪਣੇ ਪਾਠਕਾਂ ਨਾਲ ਸਾਂਝੇ ਕੀਤੇ ਨਿੱਜੀ ਤਜਰਬੇ ਬਹੁਤ ਵਿੱਦਵਤਾ ਭਰਪੂਰ ਅਤੇ ਖ਼ੂਬਸੂਰਤ ਹਨ। ਉਨ੍ਹਾਂ ਕੋਲ ਸ਼ਬਦਾਂ ਦੀ ਅਖੁੱਟ ਟਕਸਾਲ ਅਤੇ ਸੋਚਾਂ ਵਿਚਾਰਾਂ ਦਾ ਅਮੁੱਕ ਖ਼ਜ਼ਾਨਾ ਹੈ।

'ਪੌਣੀ ਸਦੀ ਦਾ ਸਫ਼ਰ' ਪ੍ਰੋ. ਕਿਰਪਾਲ ਸਿੰਘ ਕਸੇਲ ਵੱਲੋਂ ਆਪਣੀ ਸਵੈ-ਜੀਵਨੀ ਵਿਚ ਉਨ੍ਹਾਂ ਆਪਣੇ ਪਿੰਡ ਦਾ ਜੁਗਰਾਫੀਆ, ਆਪਣੇ ਸਮੇਂ ਦੀ ਹੰਢਾਈ ਹਿਸਟਰੀ, ਆਪਣੇ ਜੀਵਨ ਕਾਲ ਵਿਚਲੀਆਂ ਸਿਮਰਤੀਆਂ, ਹਾਦਸੇ, ਹਵਾਲੇ ਦਿੱਤੇ ਹਨ। ਕਾਲਜ ਪੜ੍ਹਦਿਆਂ ਕਾਲਜ ਵਿਚਲੀਆਂ ਯਾਦਾਂ, ਭੈਣੀ ਸਾਹਿਬ ਵਿਚਲੀਆਂ ਸੋਚਣੀਆਂ ਵਿਸਥਾਰ ਸਹਿਤ ਪਾਠਕਾਂ ਸਾਹਮਣੇ ਕੀਤੀਆਂ ਹਨ। ਉਨ੍ਹਾਂ ਆਪਣੀ ਨੇਤਰਹੀਣਤਾ ਨੂੰ ਖੁੱਲ੍ਹ ਕੇ ਬਿਆਨ ਕੀਤਾ ਹੈ। ਉਸ ਮਗਰੋਂ ਭਾਸ਼ਾ ਵਿਭਾਗ ਵਿਚਲੀ ਨਿਯੁਕਤੀ, ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਾਹਿਤਕ ਕਾਰਜਾਂ ਨੂੰ, ਬਿਰਤਾਂਤ ਸਹਿਤ ਨਿਰਛਲਤਾ ਨਾਲ ਚਿਤਰਿਆ ਹੈ। ਉਨ੍ਹਾਂ ਦੀ ਘੜੀ ਘੜਾਈ ਸੁੰਦਰ ਸ਼ਬਦਾਵਲੀ, ਉਨ੍ਹਾਂ ਦੀ ਨਿਰੰਤਰਤਾ, ਉਨ੍ਹਾਂ ਦੀ ਖੋਜ ਅਤੇ



Sri Satguru Jagjit Singh Ji eLibrary NamdhariElibrary@gmail.com

ਛਾਣਬੀਣ, ਉਨ੍ਹਾਂ ਦੀ ਲਿਖਣ ਪ੍ਰਤਿਭਾ ਨੂੰ ਉਭਾਰਦੇ ਹਨ। ਲਿਖਤ ਵਿਚ ਕੁਝ ਵੀ ਅਕਾਊ ਥਕਾਊ ਨਹੀਂ ਹੈ।

ਇਸੇ ਸਾਲ ਉਨ੍ਹਾਂ ਦੇ ਪਚੱਤਰਵੇਂ ਜਨਮ ਦਿਨ 'ਤੇ ਉਨ੍ਹਾਂ ਲਈ ਅਭਿਨੰਦਨ ਗ੍ਰੰਥ ਭੇਟ ਕਰਨ ਦਾ ਉਪਰਾਲਾ ਕੀਤਾ ਗਿਆ ਜੋ ਨਿਹਾਇਤ ਵਿਸ਼ੇਸ਼ ਸ਼ਲਾਘਾਯੋਗ ਕੰਮ ਹੈ, ਜਿਸ ਅਗੇ ਨਤ-ਮਸਤਕ ਹੋਣਾ ਬਣਦਾ ਹੈ। 656 ਪੰਨਿਆਂ ਦੀ ਪੁਸਤਕ ਦੀ ਸੰਪਾਦਕੀ ਦਾ ਕਾਰਜ ਅਣਥੱਕ ਨਾਟਕਰਮੀ ਸਤਿੰਦਰ ਸਿੰਘ ਨੰਦਾ ਵੱਲੋਂ ਨੇਪਰੇ ਚੜ੍ਹਿਆ ਹੈ। ਡਾ. ਦੀਵਾਨ ਸਿੰਘ ਨੇ ਪ੍ਰੋ. ਕਿਰਪਾਲ ਸਿੰਘ ਕਸੇਲ ਨੂੰ ਇਕ ਪ੍ਰਤਿਭਾਸ਼ਾਲੀ ਮਨੁੱਖ ਆਖ ਕੇ ਉਸ ਨੂੰ ਲਾਇਕ ਵਿਦਿਆਰਥੀਆਂ ਵਿਚ ਗਿਣਿਆ ਹੈ। ਸੁਰਿੰਦਰ ਸਿੰਘ ਨਰੂਲਾ ਉਨ੍ਹਾਂ ਨੂੰ ਸਾਹਿਤ ਵਿਚਲਾ ਪ੍ਰਯੋਜਨ ਅਤੇ ਸਾਹਿਤ ਦੀ ਪ੍ਰਾਪਤੀ ਆਖਦੇ ਹਨ। ਤਰਸੇਮ ਸਿੰਘ ਨਾਮਧਾਰੀ ਕੈਨੇਡਾ ਵਾਲੇ ਉਨ੍ਹਾਂ ਨੂੰ ਕਹਿਣੀ ਅਤੇ ਕਰਨੀ ਦੇ ਸੂਰੇ ਮੰਨਦੇ ਹਨ। ਮਿਹਨਤੀ, ਅਣਥੱਕ ਅਤੇ ਉਸਾਰੂ ਦਲੀਲਾਂ ਦੇ ਮਾਲਕ ਅਤੇ ਅਸੂਲਾਂ ਦੇ ਬੜੇ ਪੱਕੇ ਮੰਨਦੇ ਹਨ। ਪ੍ਰੋ. ਪ੍ਰੀਤਮ ਸਿੰਘ ਵੀ ਪ੍ਰੋ. ਕਸੇਲ ਦੀ ਉਸਤਤੀ ਕਰਨ ਬਿਨਾਂ ਨਹੀਂ ਰਹਿ ਸਕੇ। ਉਹ ਪ੍ਰੋ. ਕਿਰਪਾਲ ਸਿੰਘ ਕਸੇਲ ਨੂੰ 'ਚਿੱਟੀ ਸੋਟੀ ਵਾਲਾ ਖੱਦਰਪੋਸ਼', ਸੂਖਮ ਅਨੁਭੂਤੀਆਂ, ਵਿਲੱਖਣ ਅਤੇ ਮਾਨਸਿਕ ਅਨੁਭਵਾਂ, ਦੁਰਗਮ ਮੰਡਲਾਂ ਵਿਚ ਉਡਾਰੀਆਂ ਲਾਉਣ ਵਾਲਾ ਅਨੁਵਾਦਿਕ ਘੋਸ਼ਿਤ ਕਰਦੇ ਹਨ। ਸਭ ਤੋਂ ਵਧ ਪ੍ਰੋ. ਪੂਰਨ ਸਿੰਘ ਦੀ ਸਾਰੀ ਅੰਗਰੇਜ਼ੀ ਰਚਨਾ ਨੂੰ ਪੰਜਾਬੀ ਵਿਚ ਉਲਥਾਉਣ ਦੇ ਕੰਮ ਦੀ ਸ਼ਲਾਘਾ ਕਰਦੇ ਹਨ। ਭਾਵੇਂ ਸਮੇਂ ਤੋਂ ਪਹਿਲਾਂ ਉਨ੍ਹਾਂ ਦੀ ਨਜ਼ਰ ਚਲੀ ਗਈ, ਪਰ ਤਾਂ ਵੀ ਉਨ੍ਹਾਂ ਆਪਣੇ ਆਪ ਨੂੰ ਤਰਸ ਲਈ ਨਹੀਂ ਛਡਿਆ, ਸਗੋਂ ਇੰਨੇ ਵੱਡੇ ਵੱਡੇ ਕੰਮ ਕਰਕੇ ਆਪਣੀ ਸਤਿਕਾਰਤ ਜਗ੍ਹਾ ਬਣਾਈ। ਡਾ. ਹਰਚਰਨ ਸਿੰਘ ਨੇ ਉਨ੍ਹਾਂ ਨੂੰ 'ਪੰਜਾਬੀ ਸਾਹਿਤ ਦਾ ਮਿਲਟਨ' ਆਖਿਆ ਹੈ। ਪ੍ਰੋ. ਸ. ਸੋਜ਼, ਪ੍ਰੋ. ਸਾਹਿਬ ਨੂੰ ਆਪਣੇ ਪੂਰਨ ਲਈ ਪੂਰਨ ਜੋਗੀ ਹੋਇਆ ਦੱਸਦੇ ਹਨ। ਸਤਿੰਦਰ ਸਿੰਘ ਨੰਦਾ ਨੇ ਉਨ੍ਹਾਂ ਨੂੰ ਸੁੱਚੀ ਕਿਰਤ ਦਾ ਕਰਤਾ ਆਖ ਕੇ ਉਨ੍ਹਾਂ ਦੇ ਸਾਹਿਤਕ ਜੀਵਨ, ਨਿਜੀ ਜੀਵਨ ਅਤੇ ਰਾਜਨੀਤਕ ਜੀਵਨ 'ਤੇ ਪ੍ਰਸ਼ਨਾਂ ਉਤਰਾਂ ਰਾਹੀਂ ਝਾਤ ਪੁਆਈ ਹੈ।

ਜੇ ਉਨ੍ਹਾਂ ਦੀ ਸਿਰਜਣਾਤਮਕ ਰੁਚੀ ਦੀ ਗੱਲ ਕਰੀਏ ਤਾਂ ਉਨ੍ਹਾਂ ਹਰ ਵਿਧਾ 'ਤੇ ਲਿਖਿਆ। 'ਛੱਤੀ ਅੰਮ੍ਰਿਤ' ਕਵਿਤਾ, 'ਇੰਦਰ ਧਨੁਸ਼' ਨਿਬੰਧ, 'ਵਾਰਡ ਨੰਬਰ ਦਸ' ਅਤੇ 'ਪੁਸ਼ਪ ਬਨ' ਨਾਵਲ, ਬੱਚਿਆਂ ਲਈ ਕਈ ਗਲਪ ਰਚਨਾਵਾਂ। 'ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ', 'ਸਾਹਿਤ ਪ੍ਰਕਾਸ਼' 'ਪੰਜਾਬੀ ਸਾਹਿਤ ਦਾ ਇਤਿਹਾਸ' 'ਆਧੁਨਿਕ ਪੰਜਾਬੀ ਸਾਹਿਤ ਦਾ ਵਿਕਾਸ' ਅਤੇ ਉਨ੍ਹਾਂ



Sri Satguru Jagjit Singh Ji eLibrary NamdhariElibrary@gmail.com

ਵੱਲੋਂ ਕੀਤੀ ਸਾਹਿਤ ਦੀ ਕਾਲ ਵੰਡ ਨੂੰ, ਪੂਰਾਂ ਦੇ ਪੂਰ ਵਿਦਿਆਰਥੀਆਂ ਨੇ ਪੜ੍ਹ ਧਰਿਆ ਹੈ। ਆਪਣੀਆਂ ਕਿਰਤਾਂ ਰਾਹੀਂ ਉਨ੍ਹਾਂ ਸਾਨੂੰ ਜੀਵਨ ਜੀਊਣ ਦੀ ਜਾਚ ਦੱਸੀ ਹੈ। ਆਪਣੇ ਆਪ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰੱਖ, ਆਪਣੀ ਉਂਗਲੀ ਕਿਸੇ ਨੂੰ ਨਹੀਂ ਫੜਾਈ ਸਗੋਂ ਹਰ ਇਕ ਦੀ ਉਂਗਲੀ, ਉਨ੍ਹਾਂ ਆਪ ਫੜ ਸਾਹਸੀ ਕੰਮ ਕੀਤਾ। ਪ੍ਰੋ. ਕਿਰਪਾਲ ਸਿੰਘ ਕਸੇਲ, ਅਭਿਨੰਦਨ ਗ੍ਰੰਥ ਵਿਚ 83 ਵਿਦਵਾਨਾਂ ਵੱਲੋਂ ਲੇਖ ਲਿਖ ਕੇ ਪ੍ਰੋ. ਕਸੇਲ ਸਾਹਿਬ ਦੀ ਭਰਪੂਰ ਸ਼ਲਾਘਾ ਕੀਤੀ ਹੈ। ਉਨ੍ਹਾਂ ਨੂੰ ਸਰਕਾਰੀ ਤੇ ਗ਼ੈਰ-ਸਰਕਾਰੀ, ਇਨਾਮਾਂ ਸਨਮਾਨਾਂ ਦੇ ਮਿਲਣ ਦੀ ਸੂਚੀ ਵੀ ਬਹੁਤ ਲੰਬੀ ਹੈ।

ਉਹ ਸ਼੍ਰੋਮਣੀ ਸਾਹਿਤਕਾਰ ਹਨ। ਉਨ੍ਹਾਂ ਦੀ ਗਿਣਤੀ ਪ੍ਰਬੁਧ ਵਿਦਵਾਨਾਂ, ਨਾਮਵਰ ਆਲੋਚਕਾਂ, ਇਤਿਹਾਸਕਾਰਾਂ, ਉਲਥਾਕਾਰਾਂ ਵਿਚ ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ ਕੀਤੀ ਜਾ ਸਕਦੀ ਹੈ। ਇਸ ਵਿਚ ਕੋਈ ਦੂਜ ਨਹੀਂ, ਕੋਈ ਲੁਕਾ ਛਿਪਾ ਨਹੀਂ। ਸਾਖਿਆਤ ਪ੍ਰਗਟਾਵਾ ਹੈ। ਇਸੇ ਲਈ ਪ੍ਰੋ. ਕਿਰਪਾਲ ਸਿੰਘ ਕੱਸੇਲ ਨੂੰ ਪੰਜਾਬੀ ਸਾਹਿਤ ਦੀ ਸਾਖਿਆਤ ਪ੍ਰਤਿਭਾ ਮੰਨਿਆ ਗਿਆ ਹੈ।

-ਡਾ. ਸ਼ਰਨਜੀਤ ਕੌਰ

## ਸਰੋਕਾਰ/ਜੁਲਾਈ-ਸਤੰਬਰ 2003

## ਪ੍ਰੋ. ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ

ਪੰਜਾਬੀ ਦੇ ਪ੍ਰਸਿੱਧ ਵਿਦਵਾਨ ਕਿਰਪਾਲ ਸਿੰਘ ਕਸੇਲ ਦੀ ਸਮੁੱਚੀ ਸ਼ਖ਼ਸੀਅਤ ਅਤੇ ਰਚਨਾ ਸਬੰਧੀ ਪ੍ਰਕਾਸ਼ਿਤ ਇਹ ਇਕ ਵੱਡਅਕਾਰੀ ਗ੍ਰੰਥ ਹੈ, ਜਿਸ ਦੀ ਸੰਪਾਦਨਾ ਪੰਜਾਬੀ ਨਾਟਕਕਾਰ ਸਤਿੰਦਰ ਸਿੰਘ ਨੰਦਾ ਨੇ ਕੀਤੀ ਹੈ। 656 ਸਫ਼ਿਆਂ ਦੇ ਇਸ ਗ੍ਰੰਥ ਵਿਚ 84 ਲੇਖ ਸ਼ਾਮਲ ਹਨ, ਜਿਨ੍ਹਾਂ ਵਿਚ ਪ੍ਰੋ. ਕਸੇਲ ਦੀ ਸ਼ਖ਼ਸੀਅਤ ਦੀਆਂ ਵਿਭਿੰਨ ਪਰਤਾਂ ਉਜਾਗਰ ਹੁੰਦੀਆਂ ਹਨ। ਸਤਿੰਦਰ ਸਿੰਘ ਨੰਦਾ ਦੀ ਮਿਹਨਤ ਇਸ ਪੁਸਤਕ ਵਿਚੋਂ ਮੂੰਹੋਂ ਬੋਲਦੀ ਪ੍ਰਤੀਤ ਹੁੰਦੀ ਹੈ।

-ਬਲਜਿੰਦਰ ਸਿੰਘ ਵੜੈਚ



Sri Satguru Jagjit Singh Ji eLibrary NamdhariElibrary@gmail.com

ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਸਾਹਿਤ ਰਤਨ ਪੁਰਸਕਾਰ
# ਮਾਣ-ਪੱਤਰ

ਹਰ ਨਾਮਧਾਰੀ ਦੀਆਂ ਨਜ਼ਰਾਂ ਵਿਚ ਉਹ ਸ਼ਖ਼ਸੀਅਤ ਅਹਿਮ, ਉੱਤਮ ਅਤੇ ਅਨੂਪਮ ਪ੍ਰਵਾਨੀ ਜਾਂਦੀ ਹੈ, ਜਿਸ ਦੀ ਪੂਜਯ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿਰਦੇ ਕੰਵਲ ਵਿਚ ਵਿਸ਼ੇਸ਼ ਥਾਂ ਹੋਵੇ। ਪ੍ਰੋ.ਫ਼ੈਸਰ ਕਿਰਪਾਲ ਸਿੰਘ ਜੀ ਕਸੇਲ ਕਹਿਣੀ ਅਤੇ ਕਰਨੀ ਦੇ ਸੂਰੇ, ਪੰਜਾਬੀ ਸਾਹਿਤ ਦੇ ਮਿਲਟਨ, ਹਿੰਮਤ ਦੇ ਸ਼ਾਖਸ਼ਾਤ ਸਰੂਪ, ਗੁਫਤਾਰ ਅਤੇ ਕਿਰਦਾਰ ਦੇ ਸੁਮੇਲ, ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿਨ ਸੇਵਕ ਹਨ ਅਤੇ ਸਮੂਹ ਨਾਮਧਾਰੀ ਸਮਾਜ ਲਈ ਬਹੁਤ ਹੀ ਸਤਿਕਾਰਯੋਗ, ਸਨਮਾਨਯੋਗ ਸ਼ਖ਼ਸੀਅਤ ਹਨ। ਢੰਡ ਕਸੇਲ ਦੇ ਜੰਮੇ ਪਲੇ ਪ੍ਰੋਫ਼ੈਸਰ ਕਸੇਲ ਜੀ ਨੂੰ ਇਨਕਲਾਬੀ ਸੋਚ ਗ਼ਦਰੀ ਬਾਬਿਆਂ ਤੋਂ, ਗ਼ਦਰ ਤੋਂ, ਖ਼ਾਸ ਕਰਕੇ ਤਾਏ ਹਰਨਾਮ ਸਿੰਘ ਹੁਰਾਂ ਤੋਂ ਪ੍ਰਾਪਤ ਹੋਈ। ਡਾ. ਦੀਵਾਨ ਸਿੰਘ ਹੁਰਾਂ ਦੇ ਹੋਣਹਾਰ ਸ਼ਿਸ਼, ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਸ਼ਾਗਿਰਦੇ ਆਜ਼ਮ, ਸੁੱਚੇ ਸ਼ਬਦਾਂ ਦਾ ਸੂਰਜ ਬਣ ਅਸਮਾਨ ਤੇ ਚਮਕੇ। ਇਹ ਸ਼ਬਦਾਂ ਦੇ ਸਮੁੰਦਰ ਅਤੇ ਲਫ਼ਜ਼ਾਂ ਦੇ ਦਰਿਆ ਨੇ 1964 ਤਕ 12 ਪੁਸਤਕਾਂ ਮਾਂ ਬੋਲੀ ਪੰਜਾਬੀ ਜ਼ੀ ਝੋਲੀ ਪਾ ਦਿਤੀਆਂ ਸਨ, ਪਰ 1964 ਵਿਚ ਹੋਣੀ ਨੇ ਇਕ ਭੱਦਾ ਮਜ਼ਾਕ ਕੀਤਾ, ਕਸੇਲ ਜੀ ਦੇ ਨੇਤਰ ਖੋਹ, ਉਹ ਦੂਰ ਖੜ੍ਹੀ ਤਮਾਸ਼ਾ ਦੇਖ ਰਹੀ ਸੀ। ਉਸ ਨੂੰ ਇਸ ਦਾ



Sri Satguru Jagjit Singh Ji eLibrary NamdhariElibrary@gmail.com

ਚਿੱਤ ਚੇਤਾ ਵੀ ਨਹੀਂ ਸੀ ਕਿ ਜਿਸ ਦਾ ਕੋਈ ਨਹੀਂ ਹੁੰਦਾ, ਉਸ ਦਾ ਉਹ ਆਪ ਹੁੰਦਾ ਹੈ। ਡਾ. ਈ.ਐਮ. ਜਾਨਸਨ ਵਰਗੇ ਸੁਹਿਰਦ ਇਨਸਾਨ ਕਸੇਲ ਲਈ ਢਾਲ ਬਣ ਖਲੋਤੇ। ਹਸਪਤਾਲ ਵਿਚ ਵੀ ਕਸੇਲ ਜੀ ਦੀ ਕਲਮ ਦਾ ਸਫਰ ਜਾਰੀ ਰਿਹਾ ਅਤੇ ਉਨ੍ਹਾਂ ਨੇ 'ਛੱਤੀ ਅੰਮ੍ਰਿਤ' ਕਵਿਤਾਵਾਂ ਅਤੇ 'ਵਾਰਡ ਨੰਬਰ 10' ਨਾਵਲ ਦੀ ਸਿਰਜਨਾ ਕੀਤੀ।

ਪੰਜਾਬ ਸਰਕਾਰ ਦੇ ਸਿਖਿਆ ਵਿਭਾਗ ਦੀ ਸੌੜੀ ਸੋਚ ਜਿਸ ਕਸੇਲ ਨੂੰ ਹੁਣ ਖੋਟਾ ਸਿੱਕਾ ਸਮਝ ਰਹੀ ਸੀ, ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਸੱਚੀ ਸਰਕਾਰ ਦੇ ਦਰਬਾਰ ਵਿਚ ਪੁੱਜ ਇਸ ਸਿੱਕੇ ਨੂੰ ਤਾਂ ਕੋਈ ਹੀਰੇ ਮੋਤੀਆਂ ਨਾਲ ਵੀ ਨਹੀਂ ਤੋਲ ਸਕੇਗਾ। ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਖੁਲ੍ਹੀਆਂ ਬਾਹਾਂ ਨੇ ਕਸੇਲ ਨੂੰ ਆਪਣੀ ਹਿੱਕ ਨਾਲ ਲਾ ਲਿਆ, ਪਰ ਕਸੇਲ ਤਾਂ ਚਰਨ ਕਮਲਾਂ ਦੀ ਮੌਜ ਨਾਲ ਹੀ ਅਨੰਦਿਤ ਸਨ। ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ. ਲਾਲ ਸਿੰਘ ਜੀ ਨੇ ਕਸੇਲ ਜੀ ਨੂੰ ਪੰਜਾਬੀ ਭਾਸ਼ਾ ਵਿਭਾਗ ਵਿਚ ਖੋਜ ਅਫ਼ਸਰ ਲਗਾ ਦਿਤਾ। ਇਥੇ 6 ਸਾਲ ਕਸੇਲ ਜੀ ਨੇ ਮਾਂ ਬੋਲੀ ਲਈ ਜੋ ਕੰਮ ਕੀਤਾ ਹੈ, ਉਹ ਅੱਜ ਵੀ ਇਕ ਰਿਕਾਰਡ ਹੈ।

ਇਨਕਲਾਬੀ ਸੋਚ ਵਾਲੇ ਕਸੇਲ ਜੀ ਦੀ ਹਿੱਕ ਵਿਚ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਹਨ ਅਤੇ ਪਿੱਠ ਤੇ ਵੀ ਉਨ੍ਹਾਂ ਦਾ ਥਾਪੜਾ ਹੈ। ਇਸ ਥਾਪੜੇ ਦੀ ਬਦੌਲਤ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਪਿਆਰਿਆਂ ਦੀਆਂ ਸ਼ੁਭ ਇਛਾਵਾਂ ਸਦਕਾ ਕਸੇਲ ਜੀ ਦੀ ਲਿਖਤ ਦਾ ਸਫਰ ਨਿਰੰਤਰ ਜਾਰੀ ਰਿਹਾ, ਕਿਉਂਕਿ ਕਸੇਲ ਜੀ ਦਾ ਹੁਣ ਤੀਸਰਾ ਨੇਤਰ ਖੁਲ੍ਹ ਚੁੱਕਾ ਸੀ, ਹੁਣ ਕਸੇਲ ਜੀ ਅਧਿਆਤਮਵਾਦ ਦੇ ਚਿੰਤਕ, ਫ਼ਿਲਾਸਫ਼ਰ, ਕਵਿਤਾ ਦੇ ਦਰਿਆ, ਉਸਾਰੂ ਆਲੋਚਨਾ ਦੇ ਧਨੀ, ਮਾਅਰਕੇ ਦੇ ਅਨੁਵਾਦਕ ਬਣ ਪੰਜਾਬੀ ਸਾਹਿਤ ਦੇ ਸਿਰਮੌਰ ਸਿਰਜਕ ਬਣ ਚੁੱਕੇ ਸਨ।

ਪ੍ਰੋ.ਫੈਸਰ ਪੂਰਨ ਸਿੰਘ ਦੀਆਂ ਲਿਖਤਾਂ ਨੂੰ ਅਨੁਵਾਦ ਕਰਨਾ ਕਸੇਲ ਸਾਹਿਬ ਦਾ ਮਅਰਕੇ ਦਾ ਕਾਰਜ ਹੈ, ਨਹੀਂ ਤਾਂ ਹੋ ਸਕਦੈ ਪੰਜਾਬੀ ਪਾਠਕਾਂ ਤੋਂ ਪੂਰਨ ਸਿੰਘ ਦੂਰ ਹੀ ਰਹਿੰਦੇ। ਉਨ੍ਹਾਂ ਨੇ ਜਿਸ ਸਿਰੜ ਤੇ ਲਗਨ ਨਾਲ ਪ੍ਰੋ. ਪੂਰਨ ਸਿੰਘ ਜੀ ਦੀਆਂ ਹਰ ਭਾਸ਼ਾ ਵਿਚ ਲਿਖਿਆਂ ਰਚਨਾਵਾਂ ਨੂੰ ਅਨੁਵਾਦ ਕੀਤਾ, ਆਪਣੇ ਆਪ ਵਿਚ ਇਕ ਪੂਰਾ ਪ੍ਰਾਜੈਕਟ ਹੈ। ਇਕ ਹੀ ਲੇਖਕ ਨੂੰ ਇਕ ਹੀ ਅਨੁਵਾਦਕ ਦਾ ਏਨੀ ਅਹਿਮਿਅਤ ਦੇਣਾ ਇਹ ਕੋਈ ਦੈਵੀ ਰੂਹ ਹੀ ਕਰ ਸਕਦੀ ਹੈ।



Sri Satguru Jagjit Singh Ji eLibrary NamdhariElibrary@gmail.com

1964 ਤੱਕ ਲਿਖੀਆਂ 12 ਪੁਸਤਕਾਂ ਉਪਰੰਤ ਇਹ ਵਹਿਣ ਆਪਣੇ ਨਿਰੰਤਰ ਵੇਗ ਨਾਲ ਚਲਣ ਲਗਾ ਤੇ ਕਸੇਲ ਜੀ ਨੇ 48 ਪੁਸਤਕਾਂ ਹੋਰ ਰਚੀਆਂ। ਗੁਰਬਾਣੀ ਦੀ ਇਹ ਤੁਕ ਹੀ ਪੂਰਨ ਹੋਈ ਕਿ :

*ਅੰਧੇ ਇਹ ਨਾ ਆਖੀਅਨ ਜਿਸ ਮੁਖ ਲੋਇਨ ਨਾਹਿ*
*ਅੰਧੇ ਸੇਈ ਨਾਨਕਾ ਜੋ ਖਸਮਹੁ ਘੁਥੇ ਜਾਇ॥*

ਉਹ ਖ਼ਸਮ ਨਾਲ ਅੰਦਰੋਂ ਬਾਹਰੋਂ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਚਾਲ੍ਹੀ ਸਾਲਾਂ ਤੋਂ ਸਤਿਗੁਰੂ ਜੀ ਨਾਲ ਜੁੜੇ ਕਸੇਲ ਜੀ ਦੀ ਗੰਢ ਦਿਨ ਪ੍ਰਤੀ ਦਿਨ ਪੀਢੀ ਹੁੰਦੀ ਜਾ ਰਹੀ ਹੈ, ਜੋ ਸਾਡੇ ਸਭਨਾਂ ਲਈ ਇਕ ਮਿਸਾਲ ਹੈ, ਇਕ ਪ੍ਰੇਰਣਾ ਹੈ।

ਅੱਜ "ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ" ਪ੍ਰੋ. ਕਿਰਪਾਲ ਸਿੰਘ ਜੀ ਕਸੇਲ ਨੂੰ ਸਾਹਿਤ ਰਤਨ ਦੀ ਉਪਾਧੀ ਨਾਲ ਸਨਮਾਨਿਤ ਕਰਕੇ ਖ਼ੁਸ਼ੀ ਅਨੁਭਵ ਕਰ ਰਿਹਾ ਹੈ।

19 ਮਾਰਚ, 2003 — ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ
ਸ਼੍ਰੀ ਭੈਣੀ ਸਾਹਿਬ
6 ਚੇਤਰ 2059



Sri Satguru Jagjit Singh Ji eLibrary NamdhariElibrary@gmail.com

# 75ਵੇਂ ਜਨਮ ਦਿਵਸ ਉਤੇ
# ਕ੍ਰਿਤੱਗਤਾ ਦਾ ਧੰਨਵਾਦ - ਪੱਤਰ
## (ਅਭਿਨੰਦਨ ਗ੍ਰੰਥ ਨੂੰ ਪ੍ਰਾਪਤ ਕਰਨ ਸਮੇਂ ਦੇ ਉਦਗਾਰ)

1.

ਮਿਹਰ ਕੀਤੀ ਪੂਰਨ ਗੁਰਦੇਵ, ਘਾਲ ਸਫਲ ਹੋਈ ਕਰ ਸੇਵ।
ਪਰਸ ਚਰਨ ਪਾਇਆ ਵਰਦਾਨ, ਜੋ ਲਿਖੋਗੇ, ਹੋਊ ਪਰਵਾਨ।
ਧਰ ਤੁਹਾਡੇ ਚਰਨਾਂ ਦੀ ਟੇਕ, ਲਿਖੇ ਗਏ ਗ੍ਰੰਥ ਅਨੇਕ।
ਮੈਂ ਅੰਧਲਾ ਨਿਰਗੁਣ ਅਨਜਾਣ, ਰੱਖ ਸਿਰ ਹੱਥ ਕਰ ਦਿਤਾ ਸੁਜਾਨ।
ਸਾਧਨਾ ਕੀਤੀ ਲਖ਼ਸ਼ ਮਹਾਨ, ਸਾਹਿਤ ਕਰੇ ਜਗਤ ਕਲਿਆਣ।
ਨੀਚਾਂ ਨੂੰ ਕਰਦਾ ਹੈ ਊਚ, ਬੁੱਧਹੀਣ ਜਨ ਪਾਵੇ ਸੂਝ।
ਮਿਟੇ ਤਿਮਰ ਪ੍ਰਗਟੇ ਸੁਗਿਆਨ, ਮਨੁੱਖ ਅੰਦਰ ਜਾਗੇ ਇਨਸਾਨ।
ਹੁੰਦੀ ਤਦ ਆਤਮ ਪਛਾਣ, ਸਾਹਿਤ ਕਲਾ ਦਾ ਲਖ਼ਸ਼ ਮਹਾਨ।

2.

ਅੱਜ ਮਿਲਿਆ ਹੈ ਉੱਚ ਸਨਮਾਨ, ਸ਼ੁਕਰ ਸ਼ੁਕਰ ਲੂੰ-ਲੂੰ ਅਹਿਸਾਨ।
ਯਾਦ ਆਏ ਮੈਨੂੰ ਵਿਦਿਆ ਦਾਤੇ, ਜਿਨ੍ਹਾਂ ਸੇਤੀ ਹਰਫ਼ ਪਛਾਤੇ।
ਅੱਖਰਾਂ ਨੇ ਸ਼ਬਦ ਰੂਪ ਧਾਰੇ, ਖਿੜ ਪਏ ਨੰਦਨ ਬਾਗ਼ ਨਿਆਰੇ।
ਮੌਲ ਉਠੀ ਅੰਤਰ ਬਸੰਤ, ਸਖੀ ਸਹੇਲੀ ਰਾਵੇ ਕੰਤ।



Sri Satguru Jagjit Singh Ji eLibrary NamdhariElibrary@gmail.com

3.

ਮੇਰਾ ਸ਼ਿਸ਼ ਮੰਡਲ ਸੰਸਾਰ, ਜਾਵਾਂ ਮੈਂ ਸਭ ਤੋਂ ਬਲਿਹਾਰ।
ਮੋਹਣ, ਜੌਹਲ, ਪ੍ਰਕਾਸ਼, ਕਰਤਾਰ, ਗਿਆਨ, ਮਲੂਕ ਦੋਵੇਂ ਅਵਤਾਰ।
ਚਾਨਣ ਸਿੰਘ ਨਿਰਮਲ, ਰਘਬੀਰ, ਨਿਸ਼ਾਨ ਸਿੰਘ ਮੇਰਾ ਪਿਆਰਾ ਵੀਰ।
ਗੁਪਾਲ ਚੰਦ ਸਨਿਮਰ ਸੁਪ੍ਰੀਤ, ਸਦਾ ਖੁਸ਼ੀ ਵਸੇ ਚਰਨਜੀਤ।
ਜਸਵਿੰਦਰ, ਹਰਮੰਦਰ ਦਿਓਲ, ਜਸੋਵਾਲ, ਹਰਭਜਨ ਦਿਓਲ।
ਸਭ ਤੋਂ ਨਿਆਰਾ ਸਤਿੰਦਰ ਪਿਆਰਾ, ਜੋ ਹੈ ਅਤਿ ਗਹੁਰਾ ਭਾਰਾ।

4.

ਸਿੱਖਿਆ ਦਾਤਾ ਸੰਤ ਸੁਜਾਨ, ਸੇਖੋਂ ਤੋਂ ਪਾਇਆ ਵੱਡ ਮਾਨ।
ਪ੍ਰੋਫ਼ੈਸਰ ਸਾਹਿਬ ਸਿੰਘ ਮਹਾਨ, ਦੀਵਾਨਾ ਮੋਹਨ ਸਿੰਘ ਸੁਘੜ ਸੁਜਾਨ।
ਗੰਡਾ ਸਿੰਘ ਗੁਣਾਂ ਦੀ ਖਾਣ, ਦੀਵਾਨ ਸਿੰਘ ਜੋ ਅਤਿ ਨਿਰਮਾਣ।
ਨਿਮਰਤਾ ਦੀ ਜੋਤ ਜਗਾਵੇ, ਉਸ ਦਾ ਪ੍ਰੇਮ ਮੇਰੇ ਮਨ ਭਾਵੇ।
ਰੌਸ਼ਨ ਲਾਲ ਅਹੂਜਾ ਆਹਾ, ਜਿਸ ਤੋਂ ਮਿਲਿਆ ਨਵ ਉਤਸ਼ਾਹਾ।
ਅਮਰੀਕ ਸਿੰਘ ਯੋਧਾ ਵਰਿਆਮ, ਜੋ ਸੀ ਉਸ ਯੁੱਗ ਦੀ ਸ਼ਾਨ।
ਜੋਧ ਸਿੰਘ ਵਡ ਦਾਨਾ ਧੀਰ, ਪ੍ਰੇਮ ਪ੍ਰਕਾਸ਼ ਗੁਲਵੰਤ ਗੰਭੀਰ।
ਇਨ੍ਹਾਂ ਵਿਚ ਸੀ ਗਿਆਨ ਦਾ ਤਾਲਿਬ, ਵਿਦਵਾਨ ਜੋ ਸਭ ਤੇ ਸੀ ਗ਼ਾਲਿਬ।

5.

ਯਾਦ ਆਏ ਹੁਣ ਮਿਤਰ ਚਾਰ, ਤ੍ਰੈਲੋਚਨ, ਸਚਦੇਵ, ਕਰਤਾਰ।
ਇਨ੍ਹਾਂ ਵਿਚ ਸੀ ਯਾਰ ਨਿਰੰਜਨ, ਪ੍ਰਮਿੰਦਰ ਸਿੰਘ ਗਿਆਨ ਦਾ ਅੰਜਨ।
ਜਿਸ ਨੇ ਮੇਰਾ ਸਾਥ ਨਿਭਾਇਆ, ਜੀਵਨ ਪੰਧ ਹੋਇਆ ਸੁਖਰਾਇਆ।
ਯਾਦ ਆਏ ਅੱਜ ਮੈਨੂੰ ਬਾਬੇ, ਦੇਸ਼ ਭਗਤ ਯੋਧੇ ਸੁਭਾਗੇ।
ਗ਼ਦਰੀ ਯੋਧੇ ਅਤਿ ਮਹਾਨ, ਦੇਸ਼ ਕੌਮ ਤੋਂ ਹੋਏ ਕੁਰਬਾਨ।
ਉਨ੍ਹਾਂ ਵਿਚ ਸੋਹਣ ਸਿੰਘ ਬਾਬਾ, ਕੇਸਰ ਸਿੰਘ, ਸੰਤ ਵਿਸਾਖਾ।
ਨਾਲ ਮੇਰਾ ਬਾਬਾ ਹਰਨਾਮ, ਜਿਸ ਤੋਂ ਮਿਲਿਆ ਸੂਝ ਗਿਆਨ।
ਸੁਤੰਤਰ ਸੋਚ ਆਤਮ ਵਿਸ਼ਵਾਸ, ਰੱਖੀ ਨਿਜ ਭਰੋਸੇ ਆਸ।

6.

ਸੰਕਟ ਆਇਆ ਹੋਏ ਸਹਾਈ, ਮਿਲੇ ਮੀਤ ਕੀਤੀ ਅਗਵਾਈ।



Sri Satguru Jagjit Singh Ji eLibrary NamdhariElibrary@gmail.com

ਜੌਨਸਨ ਨੇ ਰਾਹ ਸੁਝਾਇਆ, ਪੁਨਰਵਾਸ ਦਾ ਰਾਹ ਦਰਸਾਇਆ।
ਯਮਲਾ ਜੱਟ ਮੇਰੀ ਸੱਜੀ ਬਾਂਹ, ਹੱਥ ਪਕੜ ਹੋਇਆ ਅਗਾਂਹ।
ਫਿਰ ਬਹੁੜੇ ਗਿਆਨੀ ਜੀ ਲਾਲ, ਨਾਰੰਗ ਨਾਲ ਰਲਿਆ ਕਿਰਪਾਲ।
ਜੀਵਨ ਸਾਥਣ ਦੀਆਂ ਇਛਾਵਾਂ, ਸਾਂਝਾਂ ਦਰਦ ਸੁੱਖ ਫਲਦੀਆਂ ਛਾਵਾਂ।
ਅੰਧ ਕੂਪ ਚੋਂ ਕੱਢ ਲਿਆਈ, ਬਾਂਹ ਪਕੜ ਹੋਈ ਸਹਾਈ।

7.

ਗੁਰਦੇਵ ਜੀ ਦੀ ਬਖ਼ਸ਼ ਮਹਾਨ, ਜਿਸ ਨੇ ਬਖ਼ਸ਼ੇ ਸਭ ਸਨਮਾਨ।
ਅੱਜ ਕਰਾਂ ਸਭ ਦਾ ਧੰਨਵਾਦ, ਮੇਰਾ ਮਨ ਪੂਰਨ ਅਹਿਲਾਦ।
ਗੁਰੂ ਦੇਵ ਮੇਰਾ ਜਗਜੀਤ, ਦੀਨ ਦੁੱਖੀ ਸਭ ਦਾ ਜੋ ਮੀਤ।
ਮੰਗਾਂ ਉਸ ਤੋਂ ਨਾਮ ਅਾਧਾਰ, ਚਰਨ ਕੰਵਲ ਤੋਂ ਸਦ ਬਲਿਹਾਰ।



Sri Satguru Jagjit Singh Ji eLibrary NamdhariElibrary@gmail.com

# ਪ੍ਰੋ. ਕਿਰਪਾਲ ਸਿੰਘ ਕਸੇਲ ਦੀਆਂ ਸਾਹਿਤਕ ਰਚਨਾਵਾਂ ਦਾ ਵੇਰਵਾ

1. ਸਾਹਿਤ ਦੇ ਰੂਪ
2. ਚੰਡੀ ਦੀ ਵਾਰ ਸਟੀਕ
3. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ
4. ਸਾਹਿਤ ਪ੍ਰਕਾਸ਼
   (ਉਪਰੋਕਤ ਪੁਸਤਕਾਂ ਵਿਚ ਡਾ. ਪਰਮਿੰਦਰ ਸਿੰਘ ਸਹਿਯੋਗੀ ਲੇਖਕ ਹਨ)
5. ਆਧੁਨਿਕ ਗੱਦਕਾਰ
6. ਪੰਜਾਬੀ ਸਾਹਿਤ ਦਾ ਇਤਿਹਾਸ (1947-1960) ਭਾਸ਼ਾ ਵਿਭਾਗ ਲਈ
7. ਹਿਮਾਲਾ ਦੀ ਵਾਰ - ਹਰਿੰਦਰ ਸਿੰਘ ਰੂਪ-ਸੰਪਾਦਨ
8. ਕਾਵਿ ਸਾਗਰ-ਬਾਵਾ ਬਲਵੰਤ-ਸੰਪਾਦਨ
9. ਰਾਜਨੀਤੀ ਸ਼ਾਸਤਰ ਦੇ ਮੁਢਲੇ ਸਿਧਾਂਤ- ਪ੍ਰੋ. ਵਰਿਆਮ ਸਿੰਘ-ਅਨੁਵਾਦ
10. ਮਨੋਵਿਗਿਆਨ ਦੀ ਰੂਪ ਰੇਖਾ ਨਿਤਿਆ ਨੰਦ ਪਟੇਲ-ਅਨੁਵਾਦ
11. ਟੈਗੋਰ ਦੇ ਚੋਣਵੇਂ ਨਿਬੰਧ - ਅਨੁਵਾਦ
12. ਅਨੰਤ ਦਰਸ਼ਨ - ਆਰ. ਡਬਲਿਊ. ਟਰਾਇਨ - ਅਨੁਵਾਦ
    (ਨੇਤਰਹੀਣ ਹੋਣ ਪਿਛੋਂ)
13. ਛੱਤੀ ਅੰਮ੍ਰਿਤ - ਕਵਿਤਾ



Sri Satguru Jagjit Singh Ji eLibrary NamdhariElibrary@gmail.com

14. ਇੰਦਰ ਧਨੁਸ਼ - ਨਿਬੰਧ (ਸੰਗ੍ਰਹਿ)
15. ਵਾਰਡ ਨੰ: ਦਸ - ਨਾਵਲ
16. ਪੁਸ਼ਪਬਨ - ਨਾਵਲ
17. ਆਦਰਸ਼ ਸਕੂਲ - ਲਘੂ ਨਾਵਲ ਬੱਚਿਆਂ ਲਈ
18. ਆਦਰਸ਼ ਬੱਚਾ - ਲਘੂ ਨਾਵਲ ਬੱਚਿਆਂ ਲਈ
19. ਪੰਜਾਬੀ ਸਾਹਿਤ ਦੇ ਇਤਿਹਾਸ ਦੀ ਰੂਪ ਰੇਖਾ
20. ਆਧੁਨਿਕ ਪੰਜਾਬੀ ਸਾਹਿਤ ਦਾ ਵਿਕਾਸ
21. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1 ਅਤੇ 2) ਸੰਪਾਦਨ - ਭਾਸ਼ਾ ਵਿਭਾਗ ਪੰਜਾਬ
22. ਸ਼ਬਦਾਰਥ ਬਾਣੀ ਸ਼੍ਰੀ ਗੁਰੂ ਨਾਨਕ ਦੇਵ ਜੀ
23. ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ - ਸ਼ਾਹ ਮੁਹੰਮਦ - ਸੰਪਾਦਨ
24. ਨਾਮਦੇਵ ਜੀਵਨ ਤੇ ਦਰਸ਼ਨ
25. ਭਾਈ ਵੀਰ ਸਿੰਘ ਦੀ ਕਵਿਤਾ - ਸੰਪਾਦਨ
26. ਪੰਜਾਬ ਦੇ ਸਨਮਾਨਿਤ ਸਾਹਿਤਕਾਰ
27. ਤਿੰਨ ਭੈਣਾਂ (ਨਾਟਕ) ਚੈਖ਼ਵ-ਅਨੁਵਾਦ
28. ਪੂਰਬੀ ਕਵਿਤਾ ਦੀ ਆਤਮਾ - ਪ੍ਰੋ. ਪੂਰਨ ਸਿੰਘ - ਅਨੁਵਾਦ
29. ਸਵਾਮੀ ਰਾਮ ਤੀਰਥ ਦੀ ਜੀਵਨ ਕਥਾ - ਪ੍ਰੋ. ਪੂਰਨ ਸਿੰਘ - ਅਨੁਵਾਦ
30. ਤ੍ਰਿੰਞਣ ਸਖੀਆਂ - ਪੰਜਾਬੀ ਕਾਵਿ ਰੂਪਾਂਤਰਣ - ਪ੍ਰੋ. ਪੂਰਨ ਸਿੰਘ
31. ਮਾਲਾ ਮਣਕੇ - ਪੰਜਾਬੀ ਕਾਵਿ ਰੂਪਾਂਤਰਣ - ਪ੍ਰੋ. ਪੂਰਨ ਸਿੰਘ
32. ਗੱਦ-ਕਾਵਿ ਦੀਆਂ ਸੱਤ ਖਾਰੀਆਂ - ਪੰਜਾਬੀ ਕਾਵਿ ਰੂਪਾਂਤਰਣ - ਪ੍ਰੋ. ਪੂਰਨ ਸਿੰਘ
33. ਅਰਸ਼ੀ ਲਾੜੀ - ਪੰਜਾਬੀ ਕਾਵਿ ਰੂਪਾਂਤਰਣ - ਪ੍ਰੋ. ਪੂਰਨ ਸਿੰਘ
34. ਜਗਦੀਆਂ ਜੋਤਾਂ - ਪੰਜਾਬੀ ਕਾਵਿ ਰੂਪਾਂਤਰਣ - ਪ੍ਰੋ. ਪੂਰਨ ਸਿੰਘ .
35. ਬਾਬਾ ਫ਼ਰੀਦ ਦੀ ਸਾਹਿਤ ਪ੍ਰਤਿਭਾ
36. ਪ੍ਰੋ. ਪੂਰਨ ਸਿੰਘ ਦੀ ਸਾਹਿਤ ਪ੍ਰਤਿਭਾ
37. ਅਨੀਲਕਾ - ਪੂਰਨ ਸਿੰਘ
38. ਗੀਤ ਗੋਵਿੰਦ - ਪੂਰਨ ਸਿੰਘ (ਮੂਲ ਲੇਖਕ - ਜੈਦੇਵ)
39. ਅਲਿਫ਼ ਅੱਖਰ - ਪੂਰਨ ਸਿੰਘ (ਮੂਲ ਲੇਖਕ - ਸਵਾਮੀ ਰਾਮ ਤੀਰਥ)
40. ਤੂੰਬੀ ਦੀ ਤਾਰ - ਕਵਿਤਾ - ਲਾਲ ਚੰਦ ਯਮਲਾ ਜੱਟ - ਸੰਪਾਦਨ



Sri Satguru Jagjit Singh Ji eLibrary NamdhariElibrary@gmail.com

41. ਤੂੰਬੀ ਦੀ ਪੁਕਾਰ – ਕਵਿਤਾ – ਲਾਲ ਚੰਦ ਯਮਲਾ ਜੱਟ – ਸੰਪਾਦਨ
42. ਪੂਰਨ ਸਿੰਘ
43. ਲਾਲਾ ਕਿਰਪਾ ਸਾਗਰ
44. ਰਾਜ ਹੰਸ – ਜੀਵਨੀ – ਪ੍ਰੋ. ਪੂਰਨ ਸਿੰਘ
45. ਚਰਨ ਛੁਹ – ਪੰਜਾਬੀ ਕਾਵਿ ਰੂਪਾਂਤਰਣ
46. ਲੋੌਢੇ ਪਹਿਰ ਦਾ ਆਤਮ ਚਿੰਤਨ – ਪੰਜਾਬੀ ਕਾਵਿ ਰੂਪਾਂਤਰਣ
47. ਦਸ ਗੁਰੂ ਦਰਸ਼ਨ – ਪ੍ਰੋ. ਪੂਰਨ ਸਿੰਘ
48. ਪੰਜਾਬ ਜਿਊਂਦਾ ਗੁਰੂ ਦੇ ਨਾਂ 'ਤੇ –
ਪੰਜਾਬੀ ਕਾਵਿ ਰੂਪਾਂਤਰਣ – ਪੂਰਨ ਸਿੰਘ
49. ਕਰਨਾ ਖਿੜਿਆ ਵਿਚ ਪੰਜਾਬ –
ਪੰਜਾਬੀ ਕਾਵਿ ਰੂਪਾਂਤਰਣ – ਪੂਰਨ ਸਿੰਘ
50. ਝੂਲਦਾ ਰਹੇ ਨਿਸ਼ਾਨ ਗੁਰੂ ਦਾ – ਕਵਿਤਾ –
ਲਾਲ ਚੰਦ ਯਮਲਾ ਜੱਟ – ਸੰਪਾਦਨ
51. ਸਿੱਖੀ ਦੀ ਆਤਮਾ – ਭਾਗ 1 ਅਨੁਵਾਦ – ਪ੍ਰੋ. ਪੂਰਨ ਸਿੰਘ
52. ਸਿੱਖੀ ਦੀ ਆਤਮਾ – ਭਾਗ 2 ਅਨੁਵਾਦ – ਪ੍ਰੋ. ਪੂਰਨ ਸਿੰਘ
53. ਸਿੱਖੀ ਦੀ ਆਤਮਾ – ਭਾਗ 3 ਅਨੁਵਾਦ – ਪ੍ਰੋ. ਪੂਰਨ ਸਿੰਘ
54. ਵਾਲਟ ਵਿਟਮੈਨ ਸਿੱਖੀ ਦਾ ਪ੍ਰੇਰਨਾ ਸ੍ਰੋਤ – ਅਨੁਵਾਦ – ਪ੍ਰੋ. ਪੂਰਨ ਸਿੰਘ
55. ਜੈਸਾ ਸਤਿਗੁਰੂ ਸੁਣੀਂਦਾ (ਪ੍ਰਬੰਧ ਕਾਵਿ)
56. ਚਾਲੀਸਾ – ਸ਼੍ਰੀ ਸਤਿਗੁਰੂ ਜਗਜੀਤ ਸਿੰਘ
57. ਗੁਰੂ ਬਾਬਾ ਨਾਨਕ – ਅਨੁਵਾਦ – ਪ੍ਰੋ. ਪੂਰਨ ਸਿੰਘ
58. ਪੰਜਾਬ ਦਾ ਟੈਗੋਰ – ਪ੍ਰੋ. ਪੂਰਨ ਸਿੰਘ
59. ਗੁਰ-ਸ਼ਬਦ ਵਿਸਮਾਦ-ਬੋਧ – ਪੂਰਨ ਸਿੰਘ
60. ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਕਵਿਤਾ – ਸੰਖੇਪ ਜਾਣ-ਪਛਾਣ
61. ਸਿੱਖੀ ਦੀ ਆਤਮਾ (ਤਿੰਨ ਭਾਗ ਸੰਯੁਕਤ ਰੂਪ ਵਿਚ)
62. ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ
63. ਪੌਣੀ ਸਦੀ ਦਾ ਸਫ਼ਰ (ਸ੍ਵੈ-ਜੀਵਨੀ)



Sri Satguru Jagjit Singh Ji eLibrary NamdhariElibrary@gmail.com


ਅੱਜ ਮਿਤੀ ੬ ਚੇਤਰ ੨੦੫੯
ਨੂੰ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਨੇ
ਆਪਣੇ ਕਰ ਕਮਲਾਂ ਨਾਲ
ਪ੍ਰੋ. ਕਿਰਪਾਲ ਸਿੰਘ ਜੀ ਕਸੇਲ
ਨੂੰ
ਸਾਹਿਤ - ਰਤਨ
ਪੁਰਸਕਾਰ ਨਾਲ ਸਨਮਾਨਿਤ ਕੀਤਾ
19 ਮਾਰਚ 2003
ਸ੍ਰੀ ਭੈਣੀ ਸਾਹਿਬ
ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ
ਸ੍ਰੀ ਭੈਣੀ ਸਾਹਿਬ